27-OCT-PAGE-1.qxd 10/26/2024 10:19 PM Page 1

ਐਤਵਾਰ, 27 ਅਕਤੂਬਰ, 2024

11 ਕੱਤਕ { ਨਾਨਕਸ਼ਾਹੀ 556
ਬਿਕਰਮੀ 2081

ਜਿਲਦ/VOL. : 73
ਅੰਕ/NO. : 147

# ਨਵਾਂ ਜ਼ਮਾਨਾ

DAILY NAWAN ZAMANA • SUNDAY, 27 OCTOBER, 2024

ਜਲੰਧਰ


nawan zamana TV

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-(00068/57 E-mail : nawanzamana@gmail.com www.nawanzamana.in ਸਫ਼ੇ 10+6=16

# ਈਰਾਨ ਦੇ 20 ਟਿਕਾਣਿਆਂ 'ਤੇ ਹਵਾਈ ਹਮਲੇ



**ਦੁਬਈ** : ਈਰਾਨੀ ਸੈਨਾ ਨੇ ਸ਼ਨਿੱਚਰਵਾਰ ਕਿਹਾ ਕਿ ਇਜ਼ਰਾਈਲ ਨੇ ਸ਼ੁੱਕਰਵਾਰ ਰਾਤ ਉਸ ਦੇ ਇਲਾਮ, ਖੁਜ਼ਸਤਾਨ ਅਤੇ ਤਹਿਰਾਨ ਸੂਬੇ ਵਿਚ ਸੈਨਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ, ਜਿਸ ਵਿਚ ਸੀਮਤ ਨੁਕਸਾਨ ਹੋਇਆ ਹੈ। ਈਰਾਨ ਦੇ ਹਥਿਆਰਬੰਦ ਬਲਾਂ ਦਾ ਇਹ ਬਿਆਨ ਸਰਕਾਰੀ ਟੈਲੀਵਿਜ਼ਨ ਚੈਨਲ 'ਤੇ ਪੜ੍ਹਿਆ ਗਿਆ, ਪਰ ਇਸ ਦੌਰਾਨ ਹਮਲਿਆਂ 'ਚ ਹੋਏ ਨੁਕਸਾਨ ਨਾਲ ਸੰਬੰਧਤ ਕੋਈ ਤਸਵੀਰ ਨਹੀਂ ਦਿਖਾਈ ਗਈ।

ਈਰਾਨ ਦੀ ਸੈਨਾ ਨੇ ਦਾਅਵਾ ਕੀਤਾ ਕਿ ਉਸ ਦੀ ਹਵਾਈ ਸੁਰੱਖਿਆ ਪ੍ਰਣਾਲੀ ਨੇ ਹਮਲਿਆਂ ਨਾਲ ਹੋਣ ਵਾਲੇ ਨੁਕਸਾਨ ਨੂੰ ਸੀਮਤ ਕਰ ਦਿੱਤਾ, ਹਾਲਾਂਕਿ ਉਸ ਨੇ ਇਸ ਸੰਬੰਧੀ ਕੋਈ ਸਬੂਤ ਨਹੀਂ ਦਿੱਤਾ। ਉਧਰ, ਇਜ਼ਰਾਈਲ ਨੇ ਕਿਹਾ ਕਿ ਉਸ ਨੇ ਮਿਜ਼ਾਈਲ ਨਿਰਮਾਣ ਪਲਾਂਟਾਂ ਅਤੇ ਹੋਰ ਸਾਈਟਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਹਨ। ਉਸ ਦੇ ਜਹਾਜ਼ ਈਰਾਨ ਵਿਚ ਹਮਲੇ ਕਰਨ ਤੋਂ ਬਾਅਦ ਸੁਰੱਖਿਅਤ ਪਰਤ ਆਏ।

ਉੱਜ, ਈਰਾਨ ਨੇ ਮੰਨਿਆ ਹੈ ਕਿ ਹਮਲੇ ਵਿਚ ਦੋ ਫੌਜੀਆਂ ਦੀ ਜਾਨ ਗਈ ਹੈ।

ਈਰਾਨ ਨੇ ਕਿਹਾ ਹੈ ਕਿ ਈਰਾਨ ਖੁਦ ਦੀ ਰਾਖੀ ਕਰਨ ਦਾ ਹੱਕਦਾਰ ਤੇ ਪਾਬੰਦ ਹੈ। ਇਜ਼ਰਾਈਲੀ ਹਮਲੇ ਨੂੰ ਕੌਮਾਂਤਰੀ ਕਾਨੂੰਨ ਦੀ ਭਾਰੀ ਉਲੰਘਣਾ ਕਰਾਰ ਦਿੰਦਿਆਂ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਈਰਾਨ ਖਿੱਤੇ ਦੇ ਅਮਨ ਤੇ ਸਲਾਮਤੀ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦਾ ਹੈ।

'ਨਿਊ ਯਾਰਕ ਟਾਈਮਜ਼' ਮੁਤਾਬਕ ਇਜ਼ਰਾਈਲ ਨੇ ਤਿੰਨ ਘੰਟਿਆਂ 'ਚ 20 ਟਿਕਾਣਿਆਂ 'ਤੇ ਹਮਲੇ ਕੀਤੇ। ਇਨ੍ਹਾਂ ਵਿਚ ਇਕ ਮਿਜ਼ਾਈਲ ਫੈਕਟਰੀ ਤੇ ਫੌਜੀ ਅੱਡੇ ਸ਼ਾਮਲ ਹਨ। ਤਹਿਰਾਨ ਦੇ ਇਮਾਮ ਖੋਮੀਨੀ ਇੰਟਰਨੈਸ਼ਨਲ ਏਅਰਪੋਰਟ ਦੇ ਕੋਲ ਵੀ ਹਮਲਾ ਹੋਇਆ। ਇਹ ਹਮਲੇ ਵੱਡੇ ਤੜਕੇ 2 ਵੱਜ ਕੇ 15 ਮਿੰਟ ਤੋਂ ਲੈ ਕੇ 5 ਵਜੇ ਤੱਕ ਕੀਤੇ ਗਏ। 'ਯੇਰੂਸ਼ਲਮ ਪੋਸਟ' ਅਖ਼ਬਾਰ ਮੁਤਾਬਕ ਇਜ਼ਰਾਈਲ ਨੇ 100 ਤੋਂ ਵੱਧ ਫਾਈਟਰ ਜੈੱਟਾਂ ਦੀ ਵਰਤੋਂ ਕੀਤੀ। ਉਸ ਨੇ ਪਹਿਲਾਂ ਸੀਰੀਆ ਵਿਚ ਰਾਡਾਰ ਟਿਕਾਣਿਆਂ 'ਤੇ ਹਮਲਾ ਕੀਤਾ ਤੇ ਫਿਰ ਈਰਾਨ ਦੇ ਡਿਫੈਂਸ ਸਿਸਟਮ ਤੇ ਰਾਡਾਰਾਂ 'ਤੇ ਹਮਲੇ ਕੀਤੇ। 'ਸਕਾਈ ਨਿਊਜ਼ ਅਰਬੀਆ' ਮੁਤਾਬਕ ਰੂਸ ਨੇ ਹਮਲੇ ਤੋਂ ਕੁਝ ਘੰਟੇ ਪਹਿਲਾਂ ਈਰਾਨ ਨੂੰ ਖਬਰਦਾਰ ਕਰ ਦਿੱਤਾ ਸੀ। ਹਿਜ਼ਬੁੱਲ੍ਹਾ ਨੇ ਕਿਹਾ ਹੈ ਕਿ ਈਰਾਨ ਉੱਤੇ ਹਮਲੇ ਤੋਂ ਬਾਅਦ ਉਸ ਨੇ ਉੱਤਰੀ ਇਜ਼ਰਾਈਲ ਦੇ ਸਾਫੇਦ ਸ਼ਹਿਰ ਨੇੜੇ ਉਸ ਦੇ ਇੰਟੈਲੀਜੈਂਸ ਬੇਸ 'ਤੇ ਡਰੋਨਾਂ ਨਾਲ ਹਮਲਾ ਕੀਤਾ। ਅਮਰੀਕਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਹਮਲਿਆਂ ਦਾ ਹਿਸਾਬ ਬਰਾਬਰ ਹੋ ਚੁੱਕਿਆ ਹੈ, ਹੁਣ ਦੋਹਾਂ ਦੇਸ਼ਾਂ ਵੱਲੋਂ ਸੈਨਿਕ ਹਮਲੇ ਬੰਦ ਹੋਣੇ ਚਾਹੀਦੇ ਹਨ। ਅਮਰੀਕਾ ਨੇ ਈਰਾਨ ਨੂੰ ਇਜ਼ਰਾਈਲ 'ਤੇ ਜਵਾਬੀ ਹਮਲਾ ਕਰਨ 'ਤੇ ਅੰਜਾਮ ਭੁਗਤਣ ਦੀ ਚੇਤਾਵਨੀ ਦਿੱਤੀ ਹੈ।

ਪਾਕਿਸਤਾਨ ਨੇ ਈਰਾਨ 'ਤੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਮੱਧ ਪੂਰਬ ਵਿਚ ਟਕਰਾਅ ਵਧਣ ਲਈ ਇਜ਼ਰਾਈਲ ਹੀ ਜ਼ਿੰਮੇਵਾਰ ਹੈ। ਸੰਯੁਕਤ ਅਰਬ ਅਮੀਰਾਤ ਨੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਹਾਲਾਤ ਵਿਗੜਨੋਂ ਰੋਕਣ ਲਈ ਵੱਧ ਤੋਂ ਵੱਧ ਸੰਜਮ ਵਰਤਿਆ ਜਾਵੇ। ਸਾਊਦੀ ਅਰਬ ਨੇ ਇਜ਼ਰਾਈਲ ਦਾ ਨਾਂਅ ਲਏ ਬਿਨਾਂ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਈਰਾਨ ਦੀ ਪ੍ਰਭੂਸੱਤਾ ਤੇ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੈ।

## ਜਮਨਾ 'ਚ ਵੜ ਕੇ ਭਾਜਪਾ ਆਗੂ ਨੇ ਖੁਰਕ ਸਹੇੜ ਲਈ



**ਨਵੀਂ ਦਿੱਲੀ** : ਜ਼ਹਿਰੀਲੀ ਜਮਨਾ ਦੇ ਆਈ ਟੀ ਓ ਨੇੜਲੇ ਘਾਟ ਵਿਚ ਵੀਰਵਾਰ ਨਹਾਉਣ ਤੋਂ ਬਾਅਦ ਭਾਜਪਾ ਦੇ ਦਿੱਲੀ ਪ੍ਰਧਾਨ ਵੀਰੇਂਦਰ ਸਚਦੇਵਾ ਨੂੰ ਔਖੇ ਸਾਹ ਆਉਣ ਤੇ ਖੁਜਲੀ ਹੋਣ ਕਾਰਨ ਰਾਮ ਮਨੋਹਰ ਲੋਹੀਆ ਹਸਪਤਾਲ ਤੋਂ ਇਲਾਜ ਕਰਾਉਣਾ ਪਿਆ। ਡਾਕਟਰਾਂ ਨੇ ਉਨ੍ਹਾ ਨੂੰ ਤਿੰਨ ਦਿਨ ਦੀ ਦਵਾਈ ਲਿਖੀ ਹੈ। ਭਾਜਪਾ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 2025 ਤੱਕ ਜਮਨਾ ਨੂੰ ਸਵੱਛ ਬਣਾਉਣ ਦਾ ਵਾਅਦਾ ਪੂਰਾ ਕਰਨ 'ਚ ਨਾਕਾਮ ਰਹੇ ਹਨ। ਸਚਦੇਵਾ ਇਹ ਦਿਖਾਉਣ ਲਈ ਜਮਨਾ ਵਿਚ ਵੜੇ ਸਨ ਕਿ ਆਪ ਸਰਕਾਰ ਨੇ ਜਮਨਾ ਨੂੰ ਸਵੱਛ ਕਰਨ ਲਈ ਰੱਖਿਆ ਫੰਡ ਛਕ-ਛਕਾ ਲਿਆ।

ਉਨ੍ਹਾ ਦੀ ਮੰਗ ਹੈ ਕਿ ਆਪ ਸਰਕਾਰ ਜਮਨਾ ਸਵੱਛ ਕਰਨ ਲਈ ਕੇਂਦਰ ਤੋਂ ਮਿਲੇ 8500 ਕਰੋੜ ਦਾ ਹਿਸਾਬ-ਕਿਤਾਬ ਦੇਵੇ। ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਕਿਹਾ ਸੀ ਕਿ ਭਾਜਪਾ ਡਰਾਮਾ ਕਰ ਕੇ ਦਿੱਲੀ 'ਚ ਵਧਦੇ ਪ੍ਰਦੂਸ਼ਣ ਨੂੰ ਮੁੱਦਾ ਬਣਾ ਰਹੀ ਹੈ।

## ਸੈਣੀ ਪ੍ਰਧਾਨ ਮੰਤਰੀ ਨੂੰ ਮਿਲੇ



**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਕਈ ਮੁੱਦਿਆਂ ਉਤੇ ਚਰਚਾ ਵੀ ਕੀਤੀ ਹੈ। ਇਸ ਦੇ ਨਾਲ ਹੀ ਸੈਣੀ ਨੇ ਪ੍ਰਧਾਨ ਮੰਤਰੀ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਵਾਹਨ ਉਲਟਣ ਨਾਲ ਫੌਜੀ ਦੀ ਮੌਤ, 13 ਜ਼ਖਮੀ

**ਸ੍ਰੀਨਗਰ** : ਕੁਲਗਾਮ ਜ਼ਿਲ੍ਹੇ ਵਿਚ ਸੈਨਾ ਦਾ ਵਾਹਨ ਬੇਕਾਬੂ ਹੋ ਕੇ ਉਲਟ ਜਾਣ ਕਾਰਨ ਇਕ ਫੌਜੀ ਜਵਾਨ ਦੀ ਮੌਤ ਹੋ ਗਈ ਅਤੇ ਨੌਂ ਹੋਰ ਜਵਾਨਾਂ ਸਣੇ 13 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚ ਚਾਰ ਆਮ ਨਾਗਰਿਕ ਹਨ। ਸਾਰੇ ਜ਼ਖ਼ਮੀਆਂ ਦੀ ਹਾਲਤ ਸਥਿਰ ਦੱਸੀ ਗਈ ਹੈ। ਫੌਜ ਦੀ ਸ੍ਰੀਨਗਰ ਆਧਾਰਤ 15 ਕੋਰ, ਜਿਸ ਨੂੰ ਚਿਨਾਰ ਕੋਰ ਵੀ ਆਖਿਆ ਜਾਂਦਾ ਹੈ, ਦੇ ਅਧਿਕਾਰੀਆਂ ਨੇ ਦੱਸਿਆ ਕਿ ਹਾਦਸਾ ਸ਼ੁੱਕਰਵਾਰ ਰਾਤ ਡੀ ਐੱਚ ਪੋਰਾ ਇਲਾਕੇ ਵਿਚ ਫੌਜ ਦੀ ਅਪਰੇਸ਼ਨਲ ਹਿੱਲਜੁੱਲ ਦੌਰਾਨ ਵਾਪਰਿਆ।

## ਭੀੜ-ਭੜੱਕੇ ਤੋਂ ਦੂਰ ਰਹਿਣ ਦੀ ਸਲਾਹ

**ਨਵੀਂ ਦਿੱਲੀ** : ਤਿਉਹਾਰੀ ਸੀਜ਼ਨ ਦੌਰਾਨ ਕਈ ਸ਼ਹਿਰਾਂ 'ਚ ਵਧਦੇ ਹਵਾ ਪ੍ਰਦੂਸ਼ਣ ਤੋਂ ਚਿੰਤਤ ਕੇਂਦਰੀ ਸਿਹਤ ਮੰਤਰਾਲੇ ਨੇ ਆਮ ਲੋਕਾਂ, ਖਾਸ ਤੌਰ 'ਤੇ ਬੱਚਿਆਂ ਤੇ ਬਜ਼ੁਰਗਾਂ ਨੂੰ ਸਾਵਧਾਨ ਰਹਿਣ ਤੇ ਖੁੱਲ੍ਹੀ ਹਵਾ 'ਚ ਨਾ ਜਾਣ ਦੀ ਸਲਾਹ ਦਿੱਤੀ ਹੈ। ਮੰਤਰਾਲੇ ਨੇ ਲੋਕਾਂ ਨੂੰ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਪ੍ਰਦੂਸ਼ਣ ਹੋਰ ਵਧਣ ਦਾ ਖਦਸ਼ਾ ਹੈ।

# ਅਮਰੀਕੀ ਰਾਸ਼ਟਰਪਤੀ ਲਈ ਗਹਿਗੱਚ ਮੁਕਾਬਲਾ



**ਨਿਊਯਾਰਕ** : ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਨੂੰ ਹੁਣ ਭਾਵੇਂ ਦੋ ਹਫਤਿਆਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਦੋਹਾਂ ਉਮੀਦਵਾਰਾਂ ਉਪ-ਰਾਸ਼ਟਰਪਤੀ ਤੇ ਡੈਮੋਕਰੇਟ ਕਮਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਤੇ ਰਿਪਬਲਿਕਨ ਡੋਨਾਲਡ ਟਰੰਪ ਦਰਮਿਆਨ ਫਸਵੀਂ ਟੱਕਰ ਦਿਖਾਈ ਦੇ ਰਹੀ ਹੈ। ਸ਼ੁੱਕਰਵਾਰ ਜਾਰੀ ਦੋ ਸਰਵੇਖਣਾਂ ਵਿਚ ਦੋਵਾਂ ਉਮੀਦਵਾਰਾਂ ਦਰਮਿਆਨ ਟਾਈ (ਬਰਾਬਰ ਵੋਟਾਂ ਵਾਲੀ ਸਥਿਤੀ) ਸਾਹਮਣੇ ਆਈ ਹੈ।

ਇਹ ਸਰਵੇਖਣ ਨਿਊਯਾਰਕ ਟਾਈਮਜ਼ ਅਤੇ ਸੀ ਐੱਨ ਐੱਨ ਨੇ ਜਾਰੀ ਕੀਤੇ ਹਨ। ਇਸ ਦੇ ਮੱਦੇਨਜ਼ਰ ਮੁਲਕ ਦੇ ਦੋ ਵੱਡੇ ਅਖ਼ਬਾਰਾਂ ਵਾਸ਼ਿੰਗਟਨ ਪੋਸਟ ਤੇ ਲਾਸ ਏਂਜਲਸ ਟਾਈਮਜ਼ ਨੇ ਲੀਕ ਤੋਂ ਹਟ ਕੇ ਕਿਸੇ ਵੀ ਉਮੀਦਵਾਰ ਦੀ ਹਮਾਇਤ ਨਾ ਕਰਨ ਦਾ ਫੈਸਲਾ ਕੀਤਾ ਹੈ। ਟਾਈਮਜ਼ ਦੇ ਸਰਵੇਖਣ ਵਿਚ ਦੋਵੇਂ ਉਮੀਦਵਾਰਾਂ ਨੂੰ 48 ਫੀਸਦੀ ਉਤੇ ਬਰਾਬਰੀ 'ਤੇ ਦਿਖਾਇਆ ਗਿਆ ਹੈ, ਜਿਸ ਮੁਤਾਬਕ ਇਸ ਮਹੀਨੇ ਦੇ ਸ਼ੁਰੂ ਵਿਚ ਹੈਰਿਸ ਨੂੰ ਜੋ 3 ਫੀਸਦੀ ਦੀ ਲੀਡ ਹਾਸਲ ਸੀ, ਉਹ ਹੁਣ ਖਤਮ ਹੋ ਗਈ ਹੈ, ਹਾਲਾਂਕਿ ਇਸ ਫਰਕ ਨੂੰ ਗਲਤੀ ਦੀ ਹੱਦ ਦੇ ਅੰਦਰ ਦੱਸਿਆ ਗਿਆ ਹੈ। ਸਰਵੇਖਣ ਦਾ ਵਿਸ਼ਲੇਸ਼ਣ ਕਰਦਿਆਂ ਅਖ਼ਬਾਰ ਨੇ ਲਿਖਿਆ ਹੈ—ਹੁਣ ਜਦੋਂ ਲੱਖਾਂ ਅਮਰੀਕੀ ਪਹਿਲਾਂ ਹੀ ਵੋਟਾਂ ਪਾ ਚੁੱਕੇ ਹਨ, ਤਾਂ ਚੋਣਾਂ ਦੇ ਦੋ ਹਫਤਿਆਂ ਤੋਂ ਵੀ ਘੱਟ ਸਮੇਂ ਦੌਰਾਨ ਆਉਣ ਵਾਲੇ ਨਤੀਜੇ ਬੀਬੀ ਹੈਰਿਸ ਦਾ ਹੌਸਲਾ ਵਧਾਉਣ ਵਾਲੇ ਨਹੀਂ ਹਨ।

ਸੀ ਐੱਨ ਐੱਨ ਦੇ ਸਰਵੇਖਣ ਵਿਚ ਦੋਹਾਂ ਉਮੀਦਵਾਰਾਂ ਦੀ 47 ਫੀਸਦੀ ਉਤੇ ਟਾਈ ਦਿਖਾਈ ਗਈ ਹੈ। ਇਸ ਮੁਤਾਬਕ ਹੈਰਿਸ ਨੂੰ 1 ਅਕਤੂਬਰ ਨੂੰ ਜਿਹੜੀ ਦੋ ਫੀਸਦੀ ਦੀ ਲੀਡ ਹਾਸਲ ਸੀ, ਉਸ ਵਿਚ ਕਮੀ ਆਈ ਹੈ। ਇਸੇ ਦੌਰਾਨ ਦੋਹਾਂ ਉਮੀਦਵਾਰਾਂ ਵੱਲੋਂ ਇਕ-ਦੂਜੇ ਉਤੇ ਤਿੱਖੇ ਦੋਸ਼ ਲਾਉਣ ਦਾ ਸਿਲਸਿਲਾ ਜਾਰੀ ਹੈ।

## ਲਾਰੈਂਸ ਦੀ ਇੰਟਰਵਿਊ ਦੇ ਚੱਕਰ 'ਚ ਦੋ ਡੀ ਐੱਸ ਪੀਜ਼ ਸਣੇ 7 ਮੁਲਾਜ਼ਮ ਮੁਅੱਤਲ



**ਚੰਡੀਗੜ੍ਹ** : ਖਰੜ ਸੀ ਆਈ ਏ ਸਟੇਸ਼ਨ 'ਚ ਪੰਜਾਬ ਪੁਲਸ ਦੀ ਗ੍ਰਿਫਤ ਦੌਰਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਟੀ ਵੀ ਇੰਟਰਵਿਊ ਲਈ ਕਥਿਤ ਸਹੂਲਤ ਦੇਣ ਸੰਬੰਧੀ ਦੋ ਡੀ ਐੱਸ ਪੀਜ਼ ਸਮੇਤ ਸੱਤ ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਲਾਰੈਂਸ ਬਿਸ਼ਨੋਈ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਮੁਲਜ਼ਮ ਹੈ ਅਤੇ ਮੁੰਬਈ 'ਚ ਬਾਬਾ ਸਿੱਦੀਕੀ ਕਤਲ ਕੇਸ 'ਚ ਸ਼ੱਕੀ ਸਾਜ਼ਿਸ਼ਕਰਤਾ ਵੀ ਹੈ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਨੇ ਉਸ 'ਤੇ ਜੂਨ 2023 ਦੇ ਹਰਦੀਪ ਨਿੱਝਰ ਕਤਲ ਕੇਸ 'ਚ ਭਾਰਤ ਦੇ ਏਜੰਟ ਵਜੋਂ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ। ਗ੍ਰਹਿ ਵਿਭਾਗ ਪੰਜਾਬ ਨੇ ਸ਼ੁੱਕਰਵਾਰ ਡਿਪਟੀ ਸੁਪਰਡੈਂਟ ਰੈਂਕ ਦੇ ਅਧਿਕਾਰੀਆਂ ਗੁਰਸ਼ੇਰ ਸਿੰਘ ਸੰਧੂ ਤੇ ਸਮਰ ਵਨੀਤ ਤੋਂ ਇਲਾਵਾ ਸਬ-ਇੰਸਪੈਕਟਰ ਰੀਨਾ, ਜਗਤਪਾਲ ਜਾਂਗੂ ਤੇ ਸ਼ਗਨਜੀਤ ਸਿੰਘ, ਏ ਐੱਸ ਆਈ ਮੁਖਤਿਆਰ ਸਿੰਘ ਅਤੇ ਹੈੱਡ ਕਾਂਸਟੇਬਲ ਓਮ ਪ੍ਰਕਾਸ਼ ਦੀ ਮੁਅੱਤਲੀ ਦੇ ਹੁਕਮ ਜਾਰੀ ਕੀਤੇ। ਬਿਸ਼ਨੋਈ ਦੇ ਦੋ ਇੰਟਰਵਿਊ ਮਾਰਚ 2023 'ਚ ਇੱਕ ਟੀ ਵੀ ਚੈਨਲ ਵੱਲੋਂ ਪ੍ਰਸਾਰਤ ਕੀਤੇ ਗਏ ਸਨ, ਜਦੋਂ ਉਹ ਪੰਜਾਬ ਅਤੇ ਰਾਜਸਥਾਨ ਪੁਲਸ ਦੀ ਹਿਰਾਸਤ 'ਚ ਸੀ।

## ਪੁਰਾਣੇ ਵਕੀਲ ਸਿਖਾਂਦਰੂਆਂ ਨੂੰ ਬਣਦੀ ਤਨਖਾਹ ਦੇਣ : ਚੀਫ ਜਸਟਿਸ



**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਹੈ ਕਿ ਵਕੀਲਾਂ ਨੂੰ ਉਨ੍ਹਾਂ ਨੌਜਵਾਨਾਂ ਨੂੰ ਸਹੀ ਤਨਖਾਹ ਅਤੇ ਤਨਖਾਹ ਦੇਣਾ ਸਿੱਖਣਾ ਚਾਹੀਦਾ ਹੈ, ਜੋ ਸਿੱਖਣ ਲਈ ਆਉਂਦੇ ਹਨ। ਆਲ ਇੰਡੀਆ ਰੇਡੀਓ ਨਾਲ ਇੱਕ ਇੰਟਰਵਿਊ 'ਚ ਚੰਦਰਚੂੜ ਨੇ ਕਿਹਾ ਕਿ ਕਾਨੂੰਨੀ ਪੇਸ਼ਾ ਇੱਕ ਮੁਸ਼ਕਲ ਪੇਸ਼ਾ ਹੈ, ਜਿੱਥੇ ਸ਼ੁਰੂਆਤੀ ਸਾਲਾਂ 'ਚ ਰੱਖੀ ਗਈ ਨੀਂਹ ਨੌਜਵਾਨ ਵਕੀਲਾਂ ਨੂੰ ਆਪਣੇ ਕਰੀਅਰ ਦੌਰਾਨ ਚੰਗੀ ਸਥਿਤੀ 'ਚ ਰੱਖਦੀ ਹੈ। ਉਨ੍ਹਾ ਕਿਹਾ ਕਿ ਕਿਸੇ ਪੇਸ਼ੇ 'ਚ ਹਮੇਸ਼ਾ ਉਤਰਾਅ-ਚੜ੍ਹਾਅ ਆਉਂਦੇ ਹਨ। ਸ਼ੁਰੂਆਤੀ ਤੌਰ 'ਤੇ ਕਾਨੂੰਨੀ ਪੇਸ਼ੇ 'ਚ ਤੁਹਾਡੇ ਪਹਿਲੇ ਮਹੀਨੇ ਦੇ ਅੰਤ 'ਚ ਤੁਹਾਡੀ ਕਮਾਈ ਬਹੁਤ ਜ਼ਿਆਦਾ ਨਹੀਂ ਹੋ ਸਕਦੀ ਹੈ। ਉਨ੍ਹਾ ਕਿਹਾ ਕਿ ਵਕੀਲਾਂ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਚੈਂਬਰਾਂ 'ਚ ਦਾਖਲ ਹੋਣ ਵਾਲੇ ਨੌਜਵਾਨ ਵਕੀਲਾਂ ਨੂੰ ਉਚਿਤ ਤਨਖਾਹ ਅਤੇ ਭੱਤੇ ਕਿਵੇਂ ਦੇਣੇ ਹਨ। ਉਨ੍ਹਾ ਅੱਗੇ ਕਿਹਾ ਕਿ ਨੌਜਵਾਨ ਚੈਂਬਰਾਂ 'ਚ ਸਿੱਖਣ ਲਈ ਆਉਂਦੇ ਹਨ। ਉਨ੍ਹਾਂ ਕੋਲ ਸਾਂਝਾ ਕਰਨ ਲਈ ਬਹੁਤ ਕੁਝ ਹੁੰਦਾ ਹੈ, ਇਸ ਲਈ ਇਹ ਦੋ-ਪੱਖੀ ਪ੍ਰਕਿਰਿਆ ਹੈ, ਜੋ ਸਾਨੂੰ ਨੌਜਵਾਨ ਵਕੀਲਾਂ ਨੂੰ ਪ੍ਰਦਾਨ ਕਰਨੀ ਪੈਂਦੀ ਹੈ।

ਚੰਦਰਚੂੜ ਨੇ ਦਿੱਲੀ 'ਚ ਆਪਣੇ ਕਾਲਜ ਦੇ ਦਿਨਾਂ ਦੌਰਾਨ ਆਲ ਇੰਡੀਆ ਰੇਡੀਓ 'ਚ ਪੇਸ਼ਕਾਰ ਵਜੋਂ ਆਪਣੇ ਦਿਨਾਂ ਨੂੰ ਵੀ ਯਾਦ ਕੀਤਾ। ਇਸ ਦੌਰਾਨ ਉਨ੍ਹਾ ਦੱਸਿਆ ਕਿ ਉਨ੍ਹਾ ਦੀ ਮਾਤਾ ਇੱਕ ਕਲਾਸੀਕਲ ਸੰਗੀਤਕਾਰ ਸੀ ਅਤੇ ਉਸ ਨੂੰ ਅਕਸਰ ਮੁੰਬਈ ਦੇ ਆਲ ਇੰਡੀਆ ਰੇਡੀਓ ਦੇ ਸਟੂਡੀਓ 'ਚ ਲੈ ਜਾਂਦੀ ਸੀ। ਬਾਅਦ 'ਚ 1975 'ਚ ਦਿੱਲੀ ਜਾਣ ਤੋਂ ਬਾਅਦ ਉਨ੍ਹਾ ਆਕਾਸ਼ਵਾਣੀ ਲਈ ਆਡੀਸ਼ਨ ਦਿੱਤਾ ਅਤੇ ਹਿੰਦੀ ਤੇ ਅੰਗਰੇਜ਼ੀ 'ਚ ਪ੍ਰੋਗਰਾਮਾਂ ਦੀ ਮੇਜ਼ਬਾਨੀ ਸ਼ੁਰੂ ਕੀਤੀ।

## ਦਿਲਜੀਤ ਦੋਸਾਂਝ ਦੇ ਸ਼ੋਅ ਦੀਆਂ ਟਿਕਟਾਂ ਬਲੈਕ ਕਰਨ ਵਾਲਿਆਂ 'ਤੇ ਛਾਪੇਮਾਰੀ



**ਨਵੀਂ ਦਿੱਲੀ** : ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ਨਿੱਚਰਵਾਰ ਕਿਹਾ ਕਿ ਉਨ੍ਹਾਂ ਦਿਲਜੀਤ ਦੋਸਾਂਝ ਦੇ ਕੋਲਡਪਲੇਅ ਅਤੇ ਦਿਲ-ਲੁਮਿਨਾਟੀ ਸ਼ੋਅ ਲਈ ਟਿਕਟਾਂ ਦੀ ਬਲੈਕ ਮਾਰਕੀਟਿੰਗ ਵਿੱਚ ਮਨੀ ਲਾਂਡਰਿੰਗ ਦੀ ਜਾਂਚ ਸੰਬੰਧੀ ਛਾਪੇਮਾਰੀ ਕਰਨ ਤੋਂ ਬਾਅਦ ਕਥਿਤ ਬੇਨਿਯਮੀਆਂ ਦਾ ਪਤਾ ਲਗਾਇਆ ਹੈ। ਇਸ ਸੰਬੰਧੀ ਸ਼ੁੱਕਰਵਾਰ ਦਿੱਲੀ, ਮੁੰਬਈ, ਜੈਪੁਰ, ਬੇਂਗਲੁਰੂ ਅਤੇ ਚੰਡੀਗੜ੍ਹ ਦੇ 13 ਸਥਾਨਾਂ 'ਤੇ ਛਾਪੇਮਾਰੀ ਕੀਤੀ ਗਈ। ਫੈਡਰਲ ਏਜੰਸੀ ਨੇ ਕਿਹਾ ਕਿ ਆਮ ਤੌਰ 'ਤੇ ਟਿਕਟਾਂ ਜ਼ੋਮੈਟੋ, ਬੁੱਕ ਮਾਈ ਸ਼ੋਅ ਅਤੇ ਹੋਰਾਂ ਪਲੇਟਫਾਰਮਾਂ 'ਤੇ ਉਪਲੱਬਧ ਹੁੰਦੀਆਂ ਹਨ ਪਰ ਜਦੋਂ ਮੰਗ ਬਹੁਤ ਜ਼ਿਆਦਾ ਹੁੰਦੀ ਹੈ, ਤਾਂ ਇਹ ਟਿਕਟਾਂ ਤੇਜ਼ੀ ਨਾਲ ਵਿਕ ਜਾਂਦੀਆਂ ਹਨ ਅਤੇ ਫਿਰ ਲੋਕ ਵਿਕਲਪਕ ਸਰੋਤਾਂ ਦੀ ਭਾਲ ਕਰਦੇ ਹਨ।

ਈ ਡੀ ਨੇ ਬਿਆਨ 'ਚ ਕਿਹਾ ਕਿ ਉਨ੍ਹਾਂ ਵੱਲੋਂ ਕੀਤੀ ਗਈ ਖੋਜ ਅਤੇ ਜਾਂਚ 'ਚ ਇੰਸਟਾਗ੍ਰਾਮ, ਵਟਸਐਪ ਅਤੇ ਟੈਲੀਗ੍ਰਾਮ ਦੀ ਵਰਤੋਂ ਕਰਦਿਆਂ ਸੋਸ਼ਲ ਮੀਡੀਆ ਰਾਹੀਂ ਜਾਅਲੀ ਟਿਕਟਾਂ ਸਮੇਤ ਅਜਿਹੀਆਂ ਟਿਕਟਾਂ ਪ੍ਰਦਾਨ ਕਰਨ ਲਈ ਜਾਣੇ ਜਾਂਦੇ ਕਈ ਵਿਅਕਤੀਆਂ ਬਾਰੇ ਜਾਣਕਾਰੀ ਸਾਹਮਣੇ ਆਈ ਹੈ। ਟਿਕਟਾਂ ਦੀ ਵਿਕਰੀ ਘਪਲੇ 'ਚ ਵਰਤੇ ਗਏ ਮੋਬਾਈਲ ਫੋਨ, ਲੈਪਟਾਪ, ਸਿਮ ਕਾਰਡ ਸਮੇਤ ਹੋਰ ਸਮੱਗਰੀ ਜ਼ਬਤ ਕੀਤੀ ਗਈ ਹੈ। ਈ ਡੀ ਨੇ ਕਿਹਾ ਕਿ ਛਾਪੇਮਾਰੀ ਦਾ ਉਦੇਸ਼ ਟਿਕਟਾਂ ਦੀ ਗੈਰ-ਕਾਨੂੰਨੀ ਵਿਕਰੀ, ਇਨ੍ਹਾਂ ਘੁਟਾਲਿਆਂ ਦਾ ਸਹਿਯੋਗ ਕਰਨ ਵਾਲੇ ਵਿੱਤੀ ਨੈੱਟਵਰਕ ਦੀ ਜਾਂਚ ਕਰਨਾ ਅਤੇ ਅਜਿਹੀਆਂ ਗੈਰਕਾਨੂੰਨੀ ਗਤੀਵਿਧੀਆਂ ਤੋਂ ਪੈਦਾ ਹੋਏ ਅਪਰਾਧ ਦੀ ਕਮਾਈ ਬਾਰੇ ਪਤਾ ਲਗਾਉਣਾ ਸੀ।

## ਛਾ ਗਈ ਕੁੜੀ ਜਲੰਧਰ ਦੀ




**ਜਲੰਧਰ** : ਸ਼ਹਿਰ ਜਲੰਧਰ ਦੀ 20 ਸਾਲਾ ਰੇਚਲ ਗੁਪਤਾ 25 ਅਕਤੂਬਰ ਨੂੰ ਥਾਈਲੈਂਡ ਦੇ ਬੈਂਕਾਕ 'ਚ ਐੱਮ ਜੀ ਆਈ ਹੈੱਡਕੁਆਰਟਰ ਵਿਚ ਇੱਕ ਸਮਾਗਮ 'ਚ ਮਿਸ ਗ੍ਰੈਂਡ ਇੰਟਰਨੈਸ਼ਨਲ-2024 ਦਾ ਤਾਜ ਪਹਿਨਣ ਵਾਲੀ ਪਹਿਲੀ ਭਾਰਤੀ ਬਣ ਗਈ। ਮਿਸ ਗ੍ਰੈਂਡ ਇੰਟਰਨੈਸ਼ਨਲ ਨੂੰ ਵਿਸ਼ਵ ਦੇ ਪ੍ਰਮੁੱਖ ਸੁੰਦਰਤਾ ਮੁਕਾਬਲਿਆਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਪੰਜਾਹ ਲੱਖ ਤੋਂ ਵੱਧ ਫਾਲੋਅਰਜ਼ ਹਨ।

ਸਾਬਕਾ ਮਿਸ ਸੁਪਰ ਟੇਲੈਂਟ ਆਫ ਦਿ ਵਰਲਡ-2022 ਰੇਚਲ ਨੇ ਅਗਸਤ 'ਚ ਜੈਪੁਰ 'ਚ ਆਯੋਜਤ ਇੱਕ ਕੌਮਾਂਤਰੀ ਮੁਕਾਬਲੇ 'ਚ ਮਿਸ ਗ੍ਰੈਂਡ ਇੰਡੀਆ ਦਾ ਖਿਤਾਬ ਜਿੱਤ ਕੇ ਕੌਮਾਂਤਰੀ ਮੰਚ 'ਤੇ ਉਪਰੋਕਤ ਸਨਮਾਨ ਪ੍ਰਾਪਤ ਕੀਤਾ। 70 ਤੋਂ ਵੱਧ ਦੇਸ਼ਾਂ ਦੇ ਭਾਗੀਦਾਰਾਂ ਦੇ ਵਿਰੁੱਧ ਮੁਕਾਬਲਾ ਕਰਦੇ ਹੋਏ ਰੇਚਲ ਪੂਰੇ ਮੁਕਾਬਲੇ ਦੌਰਾਨ ਚੋਟੀ ਦੇ ਦਾਅਵੇਦਾਰਾਂ ਵਿੱਚੋਂ ਇੱਕ ਰਹੀ। ਉਸ ਨੇ ਗ੍ਰੈਂਡ ਪੇਜੈਂਟਸ ਚੁਆਇਸ ਐਵਾਰਡ-2024 ਵੀ ਜਿੱਤਿਆ। ਇੰਸਟਾਗ੍ਰਾਮ 'ਤੇ 10 ਲੱਖ ਤੋਂ ਵੱਧ ਫਾਲੋਅਰਜ਼ ਦੇ ਨਾਲ ਰੇਚਲ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਉਹ ਹੁਣ ਵਿਸ਼ਵ ਭਰ 'ਚ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਤ ਕਰਦੇ ਹੋਏ ਐੱਮ ਜੀ ਆਈ ਲਈ ਗਲੋਬਲ ਅੰਬੈਸਡਰ ਵਜੋਂ ਸੇਵਾ ਕਰੇਗੀ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਤਰਸੇਮ ਸਿੰਘ ਸਾਧਪੁਰ
ਤਰਸਿੱਕਾ
99882-03163


ਹਰਬਿੰਦਰ ਸਿੰਘ ਰਾਣਾ
ਵੇਰਕਾ (ਅੰਮ੍ਰਿਤਸਰ)
98881-45991


ਕ੍ਰਿਸ਼ਨ ਗਰਗ
ਚੰਡੀਗੜ੍ਹ
94175-93500


ਹਰਭਜਨ ਢਿੱਲੋਂ
(ਭਲਾਣ)
94638-21648


ਡਾ. ਰਮਨ
(ਫਗਵਾੜਾ)
88378-31314

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਬਾਹਰਲਿਆਂ ਨੇ ਪੈਸੇ ਕਢਾ ਕੇ ਬਾਜ਼ਾਰ ਡੋਬਿਆ

**ਨਵੀਂ ਦਿੱਲੀ** : ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਇਸ ਹਫਤੇ ਇਕੱਲੇ ਭਾਰਤੀ ਇਕੁਇਟੀ ਤੋਂ 20,024 ਕਰੋੜ ਰੁਪਏ ਕੱਢ ਲਏ, ਜਿਸ ਦੇ ਨਤੀਜੇ ਵਜੋਂ ਮੁੱਖ ਸਟਾਕ ਸੂਚਕ ਅੰਕਾਂ ਨਿਫਟੀ ਅਤੇ ਸੈਂਸੈਕਸ 'ਚ ਲੱਗਭੱਗ 2.5 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਨੈਸ਼ਨਲ ਸਟਾਕ ਐਕਸਚੇਂਜ ਦੇ ਅੰਕੜੇ ਦਰਸਾਉਂਦੇ ਹਨ ਕਿ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਭਾਰਤੀ ਬਾਜ਼ਾਰਾਂ 'ਚ ਆਪਣੇ ਐਕਸਪੋਜ਼ਰ ਨੂੰ ਕਾਫੀ ਘਟਾ ਰਹੇ ਹਨ, ਅਕਤੂਬਰ ਦਾ ਇਹ ਰੁਝਾਨ ਹਾਲ ਹੀ ਦੇ ਸਾਲਾਂ 'ਚ ਸਭ ਤੋਂ ਵੱਧ ਬਿਕਵਾਲੀ ਵਾਲੇ ਰੁਝਾਨਾਂ ਵਿੱਚੋਂ ਇੱਕ ਹੈ।

ਅਕਤੂਬਰ 21 ਤੋਂ 25 ਅਕਤੂਬਰ ਤੱਕ ਵਿਦੇਸ਼ੀ ਨਿਵੇਸ਼ਕਾਂ ਨੇ 20,024 ਕਰੋੜ ਰੁਪਏ ਦੀਆਂ ਇਕੁਇਟੀ ਵੇਚੀਆਂ, ਜਿਸ ਨਾਲ ਅਕਤੂਬਰ ਦੌਰਾਨ ਦੇਖੇ ਗਏ ਤਿੱਖੇ ਆਊਟਫਲੋ ਰੁਝਾਨ 'ਚ ਵਾਧਾ ਹੋਇਆ।

## ਭਾਰਤ 12 ਸਾਲਾਂ ਬਾਅਦ ਆਪਣੀ ਧਰਤੀ 'ਤੇ ਟੈੱਸਟ ਲੜੀ ਹਾਰਿਆ



**ਪੁਣੇ** : ਭਾਰਤ ਸ਼ਨਿੱਚਰਵਾਰ 12 ਸਾਲਾਂ ਬਾਅਦ ਆਪਣੀ ਧਰਤੀ ਉਤੇ ਪਹਿਲੀ ਕ੍ਰਿਕਟ ਟੈੱਸਟ ਲੜੀ ਹਾਰ ਗਿਆ, ਜਦੋਂ ਉਸ ਨੂੰ ਨਿਊ ਜ਼ੀਲੈਂਡ ਹੱਥੋਂ ਦੂਜੇ ਟੈਸਟ ਵਿਚ 113 ਦੌੜਾਂ ਦੀ ਹਾਰ ਖਾਣੀ ਪਈ। ਨਿਊ ਜ਼ੀਲੈਂਡ ਨੇ ਮਿਸ਼ੇਲ ਸੈਂਟਨਰ ਵੱਲੋਂ ਪੂਰੇ ਮੈਚ ਦੌਰਾਨ 13 ਵਿਕਟ ਝਟਕਾਏ ਜਾਣ ਸਦਕਾ ਜ਼ੋਰਦਾਰ ਜਿੱਤ ਦਰਜ ਕਰਦਿਆਂ ਤਿੰਨ ਮੈਚਾਂ ਦੀ ਲੜੀ ਵਿਚ 2-0 ਦੀ ਅਜੇਤੂ ਲੀਡ ਬਣਾ ਲਈ ਹੈ। ਇਸ ਤੋਂ ਪਹਿਲਾਂ ਭਾਰਤ ਨੂੰ 2012-13 ਦੌਰਾਨ ਇੰਗਲੈਂਡ ਨੇ 2-1 ਨਾਲ ਹਰਾਇਆ ਸੀ। ਭਾਰਤੀ ਟੀਮ ਜਿੱਤਣ ਲਈ 359 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਦੂਜੀ ਪਾਰੀ ਵਿਚ 245 ਦੌੜਾਂ ਉਤੇ ਹੀ ਆਊਟ ਹੋ ਗਈ।

ਨਿਊ ਜ਼ੀਲੈਂਡ ਨੇ ਪਹਿਲੇ ਟੈੱਸਟ ਮੈਚ ਵਿਚ ਭਾਰਤ ਨੂੰ 8 ਵਿਕਟਾਂ ਨਾਲ ਮਾਤ ਦਿੱਤੀ ਸੀ ਅਤੇ ਉਸ ਨੇ 1955-56 ਵਿਚ ਦੋਵਾਂ ਮੁਲਕਾਂ ਦੀਆਂ ਟੈੱਸਟ ਲੜੀਆਂ ਸ਼ੁਰੂ ਹੋਣ ਤੋਂ ਬਾਅਦ ਭਾਰਤੀ ਸਰਜ਼ਮੀਨ ਉਤੇ ਪਹਿਲੀ ਲੜੀ ਜਿੱਤੀ ਹੈ। ਸੈਂਟਨਰ ਨੇ ਭਾਰਤ ਦੀ ਦੂਜੀ ਪਾਰੀ ਦੌਰਾਨ 104 ਦੌੜਾਂ ਦੇ ਕੇ 6 ਵਿਕਟਾਂ ਲਈਆਂ।

## ਅੱਜ-ਨਾਮਾ

ਜ਼ੋਨਲ ਕੌਂਸਲ ਦੀ ਬੈਠਕ ਸੀ ਕੱਲ੍ਹ ਹੋਈ,
ਮਸਲੇ ਕਈਆਂ ਦੀ ਚੱਲੀ ਸੀ ਗੱਲ ਬੇਲੀ।
ਚਰਚਾ ਆਣ ਕੇ ਟਿਕੀ ਜਦ ਪਾਣੀਆਂ 'ਤੇ,
ਟਿਕੀ ਸਭ ਨਜ਼ਰ ਪੰਜਾਬ ਦੇ ਵੱਲ ਬੇਲੀ।
ਨੁਕਤੇ ਉਹੀਉ ਪੁਰਾਣੇ ਸਨ ਪੇਸ਼ ਹੋ ਗਏ,
ਸਾਰਿਆਂ ਕਿਹਾ ਜੀ, ਕਰੋ ਕੁਝ ਹੱਲ ਬੇਲੀ।
ਆਈ ਸੀ ਬਾਤ ਜਾਂ ਮਾਨ ਭਗਵੰਤ ਮੂਹਰੇ,
ਪੇਪਰ ਨਵਾਂ ਉਸ ਲਿਆ ਫਿਰ ਥੱਲ ਬੇਲੀ।
ਕਹਿੰਦਾ ਸਤਲੁਜ ਦੇ ਪਾਣੀ ਦੀ ਬਾਤ ਛੱਡੋ,
ਇਸ ਨੂੰ ਲਿਖਤ ਦੇ ਵਿੱਚ ਨਾ ਗਿਣੋ ਬੇਲੀ।
ਪਾਣੀ ਯਮਨਾ ਦਾ ਸਾਡੇ ਲਈ ਛੱਡਣਾ ਕੀ,
ਵਗਦਾ ਪਾਣੀ ਦਾ ਵਹਿਣ ਤਾਂ ਮਿਣੋ ਬੇਲੀ।

-ਤੀਸ ਮਾਰ ਖਾਂ

## ਸੰਗਰੂਰ ਜ਼ੋਨਲ ਰੈਲੀ ਦੀ ਤਿਆਰੀ ਲਈ ਉਤਸ਼ਾਹਜਨਕ ਮੀਟਿੰਗ




**ਸੰਗਰੂਰ (ਪ੍ਰਵੀਨ ਸਿੰਘ)**

ਜ਼ੋਨਲ ਰੈਲੀ ਦੇ ਸੰਬੰਧ ਵਿੱਚ ਸੀ ਪੀ ਆਈ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਸੁਤੰਤਰ ਭਵਨ ਸੰਗਰੂਰ ਵਿਖੇ ਗੁਰਦਿਆਲ ਨਿਰਮਾਣ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕੌਂਸਲ ਦੇ ਮੈਂਬਰਾਂ ਤੋਂ ਇਲਾਵਾ ਸਰਗਰਮ ਵਰਕਰਾਂ ਅਤੇ ਟਰੇਡ ਯੂਨੀਅਨ ਦੇ ਸਾਥੀਆਂ ਨੇ ਵੀ ਭਾਗ ਲਿਆ। ਜ਼ੋਨਲ ਰੈਲੀ ਬਾਰੇ ਰਿਪੋਰਟਿੰਗ ਕਰਦਿਆਂ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਨੇ ਫੈਸਲਾ ਕੀਤਾ ਕਿ 29 ਨਵੰਬਰ ਨੂੰ ਕੀਤੀ ਜਾ ਰਹੀ ਜ਼ੋਨਲ ਰੈਲੀ ਵਿੱਚ ਸੰਗਰੂਰ ਵਿੱਚ ਘੱਟੋ-ਘੱਟ 1200 ਤੋਂ ਵੱਧ ਸਾਥੀ ਜ਼ਿਲ੍ਹਾ ਪਾਰਟੀ ਵੱਲੋਂ ਸ਼ਾਮਲ ਹੋਣਗੇ। ਇਸ ਦੀ ਤਿਆਰੀ ਵਿੱਚ ਜ਼ਿਲ੍ਹੇ ਵੱਲੋਂ ਆਪਣੇ ਤੌਰ 'ਤੇ ਇੱਕ ਪੋਸਟਰ ਕੱਢਿਆ ਜਾਵੇਗਾ। 25 ਮਾਟੋ ਜ਼ਿਲ੍ਹੇ ਅੰਦਰ ਮੰਗਾਂ ਦਾ ਜ਼ਿਕਰ ਕਰਦੇ ਹੋਏ ਸੀ ਪੀ ਆਈ ਵੱਲੋਂ ਲਾਏ ਜਾਣਗੇ। ਰੈਲੀ ਦੇ ਖਰਚਿਆਂ ਤੇ ਸਾਥੀਆਂ ਨੂੰ ਸ਼ਾਮਲ ਕਰਾਉਣ ਲਈ ਤਹਿਸੀਲ ਮੀਟਿੰਗਾਂ ਅਤੇ ਬਰਾਂਚ ਮੀਟਿੰਗਾਂ ਕੀਤੀਆਂ ਜਾਣਗੀਆਂ। ਵਰਕਰਾਂ ਨੂੰ ਸ਼ਾਮਲ ਕਰਾਉਣ ਲਈ ਵਹੀਕਲਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਸਾਥੀ ਸ਼ਰਮਾ ਦੀ ਅਗਵਾਈ ਵਿੱਚ ਸਮੁੱਚੀ ਕਾਰਜਕਾਰਨੀ ਨੂੰ ਤਿਆਰੀ ਕਮੇਟੀ ਵੱਲੋਂ ਨਾਮਜ਼ਦ ਕੀਤਾ ਗਿਆ। ਇਸ ਸਮੇਂ ਪੈਪਸੀਕੋ ਵਰਕਰ ਯੂਨੀਅਨ ਤੋਂ ਹਰਵਿੰਦਰ ਸਿੰਘ ਜਨਰਲ ਸਕੱਤਰ, ਰੰਕ ਤੇ ਸਟੋਰਮ ਵੱਲੋਂ ਕੁਲਦੀਪ ਸਿੰਘ, ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਮੇਲਾ ਸਿੰਘ ਤੇ ਸੀਤਾ ਰਾਮ ਸ਼ਰਮਾ, ਬਿਜਲੀ ਮੁਲਾਜ਼ਮਾਂ ਵੱਲੋਂ ਜੀਵਨ ਸਿੰਘ ਤੇ ਗੁਰਮੁਖ ਸਿੰਘ ਨੇ ਤਿਆਰੀ ਸੰਬੰਧੀ ਆਪਣੀ ਰਾਇ ਰੱਖੀ ਅਤੇ ਪੂਰਾ ਵਿਸ਼ਵਾਸ ਦਿਵਾਇਆ ਉਪਰੋਕਤ ਤੋਂ ਇਲਾਵਾ ਭਰਪੂਰ ਸਿੰਘ ਬੁੱਲਾਪੁਰ, ਹਰਦੇਵ ਸਿੰਘ ਬਖਸ਼ੀਵਾਲਾ, ਨਿਰਮਲ ਸਿੰਘ ਬਟੜਿਆਣਾ, ਸੰਪੂਰਨ ਸਿੰਘ ਐਡਵੋਕੇਟ ਅਤੇ ਸਤਵੰਤ ਸਿੰਘ ਖੰਡੇਬਾਦ, ਮੁਹੰਮਦ ਖਲੀਲ, ਸੁਰਿੰਦਰ ਭੈਣੀ, ਡਾਕਟਰ ਮਨਿੰਦਰ ਧਾਲੀਵਾਲ, ਜਗਦੇਵ ਸਿੰਘ ਬਾਹੀਆ, ਨਵਜੀਤ ਸਿੰਘ ਸੰਗਰੂਰ, ਬਲਵਿੰਦਰ ਸਿੰਘ ਤੇ ਗੁਰਮੀਤ ਸਿੰਘ ਤੇ ਨੀਲੇ ਖਾਂ ਨੇ ਵੀ ਸੰਬੋਧਨ ਕੀਤਾ। ਪੰਜਾਬ ਦੇ ਲੋਕਾਂ ਦੀਆਂ ਮੰਗਾਂ, ਫਸਲਾਂ ਲਈ ਐੱਮ ਐੱਸ ਪੀ ਦਾ ਕਾਨੂੰਨ ਬਣਾਉਣਾ, ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਹੱਲ ਕਰਨਾ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਅਤੇ ਘੱਟੋ-ਘੱਟ ਉਜਰਤਾਂ ਦੇ ਹੱਲ, ਬੇਰੁਜ਼ਗਾਰੀ ਦੇ ਹੱਲ, ਵਿਦਿਆ ਹਰੇਕ ਲਈ ਮੁਫ਼ਤ ਤੇ ਜ਼ਰੂਰੀ ਤੋਂ ਇਲਾਵਾ ਮੁਲਾਜ਼ਮਾਂ ਦੀਆਂ ਮੰਗਾਂ, ਆਊਟਸੋਰਸ ਦੇ ਕਾਮਿਆਂ ਨੂੰ ਪੱਕੇ ਕਰਾਉਣ ਲਈ ਆਦਿ ਮੰਗਾਂ 'ਤੇ ਲੜਿਆ ਜਾਵੇਗਾ।

ਅੰਤ ਵਿੱਚ ਗੁਰਦਿਆਲ ਨਿਰਮਾਣ ਤੇ ਸੁਖਦੇਵ ਸ਼ਰਮਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਵਿੱਚ ਅੱਜ ਤੋਂ ਲੈ ਕੇ 29 ਨਵੰਬਰ ਤੱਕ ਕੋਈ ਸਮਾਂ ਵੀ ਵਿਹਲਾ ਨਾ ਰੱਖਦੇ ਹੋਏ ਰੈਲੀ ਦੀ ਤਿਆਰੀ ਵਿੱਚ ਜੁੱਟ ਜਾਣਾ ਚਾਹੀਦਾ ਹੈ। ਇਹ ਜ਼ੋਨਲ ਰੈਲੀ ਜ਼ਿਲਾ ਸੰਗਰੂਰ ਅਤੇ ਕਮਿਊਨਿਸਟ ਪਾਰਟੀ ਪੰਜਾਬ ਲਈ ਇੱਕ ਮੀਲ ਪੱਥਰ ਦਾ ਕੰਮ ਕਰੇਗੀ ਤੇ ਲੋਕਾਂ ਨੂੰ ਲੜਾਈ ਲਈ ਤਿਆਰ ਕਰੇਗੀ। ਅੰਤ ਵਿੱਚ ਸਾਥੀ ਸ਼ਰਮਾ ਨੇ ਕਿਹਾ ਕਿ ਰੈਲੀ ਲਈ ਮੀਟਿੰਗ ਦੌਰਾਨ ਵਰਕਰਾਂ ਵਿੱਚ ਬਹੁਤ ਜ਼ਿਆਦਾ ਉਤਸ਼ਾਹ ਸੀ, ਜੋ ਬਿਆਨ ਕਰਨਾ ਵੀ ਮੁਸ਼ਕਲ ਹੈ।

## ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਦੇ ਪਰਵਾਰ ਦਾ ਸਨਮਾਨ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ (ਹੁਸ਼ਿਆਰਪੁਰ) ਦੇ ਪੋਤਰੇ ਅਮਰਜੀਤ ਸਿੰਘ ਢਿੱਲੋਂ, ਉਹਨਾ ਦੀ ਜੀਵਨ ਸਾਥਣ ਰਾਜ ਢਿੱਲੋਂ ਅਤੇ ਉਹਨਾਂ ਨਾਲ਼ ਲੱਖਾ ਸਿੰਘ ਝਿੰਗੜ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਉਨ੍ਹਾ ਦੇ ਸਨਮਾਨ ਵਿੱਚ ਕਮੇਟੀ ਵੱਲੋਂ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ।

ਇਸ ਮੌਕੇ ਪਰਵਾਸ ਹੰਢਾਅ ਰਹੇ ਨੌਜਵਾਨਾਂ, ਪੰਜਾਬ ਦੇ ਕਿਰਤੀ ਕਿਸਾਨਾਂ ਅਤੇ ਔਰਤਾਂ ਦੀਆਂ ਵਧ ਰਹੀਆਂ ਚੌਤਰਫੀਆਂ ਤੰਗੀਆਂ ਬਾਰੇ ਚਰਚਾ ਕੀਤੀ। ਗ਼ਦਰੀ ਬਾਬਿਆਂ ਦੇ ਮੇਲੇ ਦੇ ਪ੍ਰਭਾਵ ਅਤੇ ਕੈਨੇਡਾ ਵਿਚ ਇਸ ਦੀ ਚਰਚਾ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ 'ਤੇ ਲੋਕਾਂ ਨੂੰ ਮਾਣ ਹੈ ਅਤੇ ਲੋਕਾਂ ਵਿਚ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਆਉਣ ਦਾ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਮਾੜੀਮੇਘਾ ਨੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਕਮੇਟੀ ਇਹ ਸਮਝਦੀ ਹੈ ਕਿ ਇਹ ਇਤਿਹਾਸਕ ਵਿਰਾਸਤ ਦੀ ਧਰੋਹਰ ਲੋਕਾਂ ਦੀ ਹੈ ਅਤੇ ਲੋਕਾਂ ਨੇ ਹੀ ਇਸ ਦੀ ਹਰ ਪੱਖੋਂ ਸਾਂਭ-ਸੰਭਾਲ ਕਰਨੀ ਹੈ।ਕਮੇਟੀ ਮੈਂਬਰ

ਬਾਕੀ ਸਫ਼ਾ 2 'ਤੇ

## ਬਾਬਾ ਆਕਲ ਸਿੰਘ ਦੀ ਯਾਦ 'ਚ ਧਾਰਮਿਕ ਸਮਾਗਮ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸ਼ਹੀਦ ਬਾਬਾ ਆਕਲ ਸਿੰਘ ਦੀ ਯਾਦ 'ਚ ਸਾਲਾਨਾ ਧਾਰਮਿਕ ਸਮਾਗਮ ਗੁਰਦੁਆਰਾ ਸਾਹਿਬ ਛਾਪਾ ਵਿਖੇ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਭਾਈ ਮੋਹਨ ਸਿੰਘ ਛਾਪਾ, ਭਾਈ ਸੁਰਿੰਦਰ ਸਿੰਘ ਮਹਿਲ ਕਲਾਂ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਮਤਿ ਵਿਚਾਰਾਂ 'ਚ ਪ੍ਰਪੱਕ ਹੋਣ ਦੀ ਅਪੀਲ ਕੀਤੀ।ਇਸ ਮੌਕੇ ਸਰਪੰਚ ਗੁਰਦੀਪ ਸਿੰਘ ਬਾਬਾ, ਉਜਾਗਰ ਸਿੰਘ ਦਿਉਲ, ਭੋਲਾ ਸਿੰਘ, ਭਜਨ ਸਿੰਘ, ਸੁਖਵਿੰਦਰ ਸਿੰਘ ਭੋਲਾ, ਬਲਦੇਵ ਸਿੰਘ ਪੰਚ, ਪੰਚ ਮਹਿੰਦਰ ਸਿੰਘ, ਸਵਰਨ ਸਿੰਘ, ਪੰਚ ਬਹਾਦਰ ਸਿੰਘ, ਰਾਜਵਿੰਦਰ ਕੌਰ, ਗੁਰਜੀਤ ਕੌਰ, ਕਰਮਜੀਤ ਕੌਰ, ਗੁਰਦੀਪ ਸਿੰਘ ਕਾਲਾ, ਭਿੰਦਰ ਸਿੰਘ ਨਾਮਧਾਰੀ, ਮੁਖਤਿਆਰ ਸਿੰਘ ਛਾਪਾ, ਬੂਟਾ ਸਿੰਘ ਛਾਪਾ, ਗੁਰਚਰਨ ਸਿੰਘ, ਤਰਨੀ ਬਾਜਵਾ, ਗੁਰਬਚਨ ਸਿੰਘ, ਦਵਿੰਦਰ ਸਿੰਘ ਨਾਮਧਾਰੀ, ਅਮਨ ਸੋਢਾ, ਨਿਸ਼ਾਨ ਸਿੰਘ ਲੋਹਗੜ੍ਹ, ਕਰਮਜੀਤ ਸਿੰਘ ਸੋਢਾ ਤੇ ਪ੍ਰਿਥੀ ਸਿੰਘ ਦਿਉਲ ਆਦਿ ਹਾਜ਼ਰ ਸਨ।

# ਨਗਰ ਕੌਂਸਲ ਦਫ਼ਤਰ 'ਚ ਚੱਕਰ ਕੱਟਣ ਲਈ ਮਜਬੂਰ ਅਪਾਹਜ ਔਰਤ



ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਆਖਰੀ ਕਿਸ਼ਤ ਲੈਣ ਲਈ ਫ਼ਾਜ਼ਿਲਕਾ ਦੀ ਰਾਧਾ ਸਵਾਮੀ ਨਿਵਾਸੀ ਅਪਾਹਜ ਔਰਤ ਨਗਰ ਕੌਂਸਲ ਫ਼ਾਜ਼ਿਲਕਾ ਦਫ਼ਤਰ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੀ ਹੈ।ਸ਼ੁੱਕਰਵਾਰ ਦੁਪਹਿਰ ਨਗਰ ਕੌਂਸਲ ਦਫ਼ਤਰ ਦੇ ਅਧਿਕਾਰੀਆਂ ਤੇ ਅਹੁਦੇਦਾਰਾਂ ਨੂੰ ਗੁਹਾਰ ਲਗਾਉਣ ਦਫ਼ਤਰ ਪੁੱਜੀ ਅਪਾਹਜ ਔਰਤ ਨੇ ਦੱਸਿਆ ਕਿ ਉਹ ਦੋਵੇਂ ਪਤੀ ਪਤਨੀ ਅਪਾਹਜ ਹਨ ਅਤੇ ਮੰਗ ਕੇ ਗੁਜ਼ਾਰਾ ਕਰਦੇ ਹਨ।ਉਨ੍ਹਾਂ ਨੂੰ ਆਪਣੇ ਮਕਾਨ ਬਣਾਉਣ ਲਈ ਜਾਰੀ ਪ੍ਰਧਾਨ ਮੰਤਰੀ ਅਵਾਸ ਯੋਜਨਾ ਦੀ ਆਖਰੀ ਕਿਸ਼ਤ ਨਹੀਂ ਮਿਲ ਰਹੀ ਹੈ, ਜਿਸ ਕਾਰਨ ਉਹ ਵਾਰ ਵਾਰ ਨਗਰ ਕੌਂਸਲ ਦਫ਼ਤਰ ਫ਼ਾਜ਼ਿਲਕਾ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੀ ਹੈ।ਇਸ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਮਿਲਣ ਤੋਂ ਬਾਅਦ ਵੀ ਉਸ ਨੂੰ ਮਾਯੂਸ ਹੋ ਕੇ ਵਾਪਸ ਪਰਤਣਾ ਪੈ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਰੇਸ਼ਮਾ ਰਾਣੀ ਪਤਨੀ ਮਾਦੀ ਰਾਮ ਨਿਵਾਸੀ ਗਲੀ ਨੰਬਰ 2 ਰਾਧਾ ਸੁਆਮੀ ਕਲੋਨੀ ਨੇ ਦੱਸਿਆ ਕਿ ਉਹ ਦੋਵੇਂ ਪਤੀ-ਪਤਨੀ ਅਪਾਹਜ ਹਨ।ਉਨ੍ਹਾਂ ਕੋਲ ਉਨ੍ਹਾਂ ਦੇ ਰਹਿਣ ਯੋਗ ਪੱਕਾ ਮਕਾਨ ਨਹੀਂ ਸੀ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਜਾਰੀ ਮਕਾਨਾਂ ਦੀ ਸੂਚੀ ਵਿੱਚ ਉਨ੍ਹਾਂ ਦਾ ਨਾਮ ਸ਼ਾਮਲ ਸੀ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਨਗਰ ਕੌਂਸਲ ਦਫ਼ਤਰ ਫ਼ਾਜ਼ਿਲਕਾ ਦੇ ਕਈ ਵਾਰ ਚੱਕਰ ਕੱਟਣ ਤੇ ਉਨ੍ਹਾਂ ਨੂੰ 50-50 ਹਜ਼ਾਰ ਰੁਪਏ ਦੋ ਕਿਸ਼ਤਾਂ ਰਾਹੀਂ ਮਿਲ ਗਏ।ਇਸ ਤੋਂ ਬਾਅਦ ਫਿਰ ਵਾਰ ਵਾਰ ਸਬੰਧਤ ਅਧਿਕਾਰੀਆਂ ਦੇ ਦਫਤਰਾਂ ਦੇ ਚੱਕਰ ਕੱਟਣ 'ਤੇ ਕੁੱਝ ਰਕਮ ਹੋਰ ਵੀ ਮਿਲ ਗਈ, ਜਿਸ ਨਾਲ ਉਨ੍ਹਾਂ ਦੇ ਇੱਕ ਮਕਾਨ ਤੇ ਰਸੋਈ ਦੀਆਂ ਦੀਵਾਰਾਂ ਦੀ ਉਸਾਰੀ ਮੁਕੰਮਲ ਹੋ ਗਈ, ਪਰ ਰਸੋਈ ਦੀ ਛੱਤ ਅਧੂਰੀ ਰਹਿ ਗਈ।ਇਸ ਦੌਰਾਨ ਉਸਾਰੀ ਮਜ਼ਦੂਰਾਂ ਤੇ ਮਿਸਤਰੀਆਂ ਨੂੰ ਦੇਣ ਵਾਲਾ ਬਕਾਇਆ ਵੀ ਪੂਰਾ ਨਹੀਂ ਦਿੱਤਾ ਜਾ ਸਕਿਆ, ਜਿਸ ਤੋਂ ਬਾਅਦ ਮਜ਼ਦੂਰ ਤੇ ਮਿਸਤਰੀ ਵੀ ਉਨ੍ਹਾਂ ਦਾ ਅੱਗੇ ਕੰਮ ਕਰਨ ਤੋਂ ਮਨ੍ਹਾਂ ਕਰ ਗਏ। ਪੀੜਤ ਔਰਤ ਨੇ ਕਿਹਾ ਕਿ ਇਸ ਸਬੰਧੀ ਜਦੋਂ ਉਹ ਨਗਰ ਕੌਂਸਲ ਦਫ਼ਤਰ ਫ਼ਾਜ਼ਿਲਕਾ 'ਚ ਸਬੰਧਤ ਅਧਿਕਾਰੀਆਂ ਨੂੰ ਮਿਲਣ ਲਈ ਆਉਂਦੀ ਹੈ ਤਾਂ ਉਨ੍ਹਾਂ ਨੂੰ ਆਪਣੇ ਮਕਾਨ ਦੀ ਉਸਾਰੀ ਪੂਰੀ ਕਰਨ ਦੀ ਗੱਲ ਕਹੀ ਜਾਂਦੀ ਹੈ।ਉਨ੍ਹਾਂ ਵੱਲੋਂ ਕਿਹਾ ਜਾਂਦਾ ਹੈ ਕਿ ਮਕਾਨ ਦੀ ਉਸਾਰੀ ਪੂਰੀ ਕਰਨ ਉਪਰੰਤ ਹੀ ਬਾਕੀ 30000 ਰੁਪਏ ਦੀ ਬਾਕੀ ਰਹਿੰਦੀ ਕਿਸ਼ਤ ਦਿੱਤੀ ਜਾਵੇਗੀ, ਜਿਸ ਕਾਰਨ ਉਹ ਵਾਰ ਵਾਰ ਨਗਰ ਕੌਂਸਲ ਦਫ਼ਤਰ ਫ਼ਾਜ਼ਿਲਕਾ ਦੇ ਸਬੰਧਤ ਅਧਿਕਾਰੀਆਂ ਤੇ ਅਹੁਦੇਦਾਰਾਂ ਨੂੰ ਮਿਲ ਕੇ ਗੁਹਾਰ ਲਗਾਈ ਜਾ ਰਹੀ ਹੈ। ਇਸ ਦੇ ਬਾਵਜੂਦ ਉਸ ਨੂੰ ਮਾਯੂਸ ਹੋ ਕੇ ਵਾਪਸ ਪਰਤਣਾ ਪੈ ਰਿਹਾ ਹੈ।ਇਸੇ ਤਰ੍ਹਾਂ ਉਹ ਨਗਰ ਕੌਂਸਲ ਫ਼ਾਜ਼ਿਲਕਾ ਦੇ ਪ੍ਰਧਾਨ ਸਚਦੇਵਾ ਨੂੰ ਮਿਲਣ ਲਈ ਉਨ੍ਹਾਂ ਦੇ ਦਫਤਰ ਪੁੱਜੀ, ਪਰ ਉਥੋਂ ਵੀ ਉਸਨੂੰ ਮਾਯੂਸ ਹੋਕੇ ਵਾਪਸ ਪਰਤਣਾ ਪਿਆ।ਪੀੜਤ ਔਰਤ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਜਲਦੀ ਹੀ ਉਨ੍ਹਾਂ ਦੇ ਮਕਾਨ ਦੀ ਰਹਿੰਦੀ ਆਖਰੀ ਕਿਸ਼ਤ ਦਿੱਤੀ ਜਾਵੇ ਤੇ ਉਨ੍ਹਾਂ ਦਾ ਅਧੂਰਾ ਮਕਾਨ ਪੂਰਾ ਕਰਵਾਇਆ ਜਾਵੇ।

## ਗੁਰਤਾਗੱਦੀ ਦਿਵਸ ਨੂੰ ਸਮਰਪਤ ਚਾਰ ਰੋਜ਼ਾ ਧਾਰਮਕ ਦੀਵਾਨ 4 ਤੋਂ



ਮੋਗਾ (ਇਕਬਾਲ ਸਿੰਘ ਖਹਿਰਾ)-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੀ ਖੁਸ਼ੀ ਵਿੱਚ ਚਾਰ ਰੋਜ਼ਾ 39ਵੇਂ ਧਾਰਮਿਕ ਦੀਵਾਨ 4 ਨਵੰਬਰ ਤੋਂ 7 ਨਵੰਬਰ ਤੱਕ ਗੁਰੂ ਨਾਨਕ ਕਾਲਜ ਮੋਗਾ ਵਿਖੇ ਸਜਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਆਨੰਦ ਈਸ਼ਵਰ ਦਰਬਾਰ (ਨਾਨਕਸਰ) ਠਾਠ ਦੇ ਮੁਖੀ ਪੂਰਨ ਮਹਾਂਪੁਰਖ ਬੱਧਨੀ ਕਲਾਂ ਵਾਲੇ ਬਾਬਾ ਜੀ ਵੱਲੋਂ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਕਥਾ ਕੀਰਤਨ ਹੋਵੇਗਾ ਤੇ ਮਹਾਪੁਰਖਾਂ ਵੱਲੋਂ ਰਾਤ ਦੇ ਦੀਵਾਨ ਸਜਾਏ ਜਾਣਗੇ। ਇਸ ਦੌਰਾਨ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦੀ ਲੜੀ ਚੱਲੇਗੀ। ਇਸ ਸਮੇਂ ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀਵਾਨਾਂ ਨੂੰ 39 ਸਾਲ ਤੋਂ ਲਗਾਤਾਰ ਸੰਗਤਾ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਹਨ। ਇਸ ਸਮਾਗਮ ਵਿੱਚ ਬਾਬਾ ਗੁਰਬਖ਼ਸ਼ ਸਿੰਘ, ਬਾਬਾ ਜਗਤਾਰ ਸਿੰਘ ਤੋਂ ਇਲਾਵਾ ਨਾਨਕਸਰ ਤੇ ਹੋਰ ਵੀ ਸੰਪਰਦਾਇ ਦੇ ਸੰਤ ਮਹਾਪੁਰਖ ਪਹੁੰਚਣਗੇ। ਉਹਨਾਂ ਦੱਸਿਆ ਕਿ 7 ਨਵੰਬਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ, ਜਿਸ ਵਿੱਚ ਸੰਗਤਾਂ ਨਾਮ ਲਿਖਵਾ ਕੇ ਗੁਰੂ ਦੀਆਂ ਦਾਤਾਂ ਪ੍ਰਾਪਤ ਕਰ ਸਕਦੀਆਂ ਹਨ। ਇਸ ਸਮੇਂ ਦਰਸ਼ਨ ਸਿੰਘ ਚੰਦਾਂ ਵਾਲੇ, ਮਾਸਟਰ ਸੁਖਦੇਵ ਸਿੰਘ, ਸਤਿੰਦਰਪਾਲ ਸਿੰਘ, ਅਵਤਾਰ ਸਿੰਘ ਆਹੂਤੀਏ, ਡਾ. ਬਲਵਿੰਦਰ ਸਿੰਘ, ਡਾ. ਅਵਤਾਰ ਸਿੰਘ ਦੇਵਗਨ, ਭਗਵਾਨ ਸਿੰਘ ਪ੍ਰਿੰਸੀਪਲ, ਅਰਸ਼ਦੀਪ ਸਿੰਘ, ਪਰਮਜੀਤ ਸਿੰਘ ਬਿੱਟੂ, ਹਰਪ੍ਰੀਤ ਸਿੰਘ, ਰਵਿੰਦਰ ਸਿੰਘ ਬੰਟੀ, ਅਮਨਦੀਪ ਸਿੰਘ, ਜਸਬੀਰ ਸਿੰਘ, ਪ੍ਰੀਤਮ ਸਿੰਘ ਐਡਵੋਕੇਟ, ਰੂਪ ਸਿੰਘ ਆਰੇ ਵਾਲੇ, ਤਜਿੰਦਰ ਸਿੰਘ, ਜਗਰਾਜ ਸਿੰਘ, ਸੁਖਮੰਦਰ ਸਿੰਘ, ਕੁਲਵੰਤ ਸਿੰਘ, ਚਰਨਕਮਲ ਸਿੰਘ, ਬਲਵਿੰਦਰ ਸਿੰਘ ਟੈਨੀ ਆਦਿ ਹਾਜ਼ਰ ਸਨ।

## ਨਗਰ ਕੌਂਸਲ ਵੱਲੋਂ ਸਵੱਛਤਾ ਪੰਦਰਵਾੜੇ ਦੀ ਸ਼ੁਰੂਆਤ



ਜੈਤੋ (ਸਤੀਸ਼ ਕੁਮਾਰ ਭੀਰੀ)-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਦੇਣ ਲਈ ਕੀਤੇ ਜਾ ਰਹੇ ਪ੍ਰਯਤਨਾਂ ਤਹਿਤ ਨਗਰ ਕੌਂਸਲ ਵੱਲੋਂ ਸੈਨਟਰੀ ਇੰਸਪੈਕਟਰ ਰੁਸਤਮ ਸੇਰ ਸੋਢੀ ਦੀ ਅਗਵਾਈ ਹੇਠ ਸਫ਼ਾਈ ਪੰਦਰਵਾੜੇ ਦੀ ਸ਼ੁਰੂਆਤ ਕੀਤੀ ਗਈ।ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਮਨਿੰਦਰਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਚਲਾਏ ਜਾ ਰਹੇ ਇਸ ਸਵੱਛਤਾ ਅਭਿਆਨ ਦਾ ਮੁੱਖ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਤੇ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਰੱਖਣ ਲਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਕੂੜਾ ਇੱਧਰ ਉੱਧਰ ਸੁੱਟਣ ਦੀ ਥਾਂ ਤੇ ਸਫ਼ਾਈ ਕਰਮਚਾਰੀ ਨੂੰ ਹੀ ਦਿੱਤਾ ਜਾਵੇ।

## ਲਾਡੀ ਢੋਸ ਦੀ ਅਗਵਾਈ ਹੇਠ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਇਆ ਜਾ ਰਿਹੈ : ਬਿੱਲਾ ਸ਼ਰਮਾ



ਕੋਟ ਈਸੇ ਖਾਂ (ਅਰੋੜਾ)-ਨਗਰ ਪੰਚਾਇਤ ਕੋਟ ਈਸੇ ਖਾਂ ਦੇ ਵਾਰਡ ਨੰ. 11 ਤੋਂ ਕੌਂਸਲਰ ਸਿਮਰਨਜੀਤ ਕੌਰ ਤੇ ਉਨ੍ਹਾਂ ਦੇ ਪਤੀ ਤੇ ਯੂਥ ਆਗੂ ਬਿਕਰਮਜੀਤ ਸ਼ਰਮਾ (ਬਿੱਲਾ) ਆਪਣੇ ਵਾਰਡ ਨੂੰ ਲੈ ਕੇ ਹਰ ਵਕਤ ਸਰਗਰਮ ਰਹਿੰਦੇ ਹਨ ਤੇ ਹਰ ਸਮੇਂ ਵਾਰਡ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ। ਇਨ੍ਹਾਂ ਨੇ ਵਾਰਡ ਵਾਸੀਆਂ ਦੀਆਂ ਬੁਢਾਪਾ ਪੈਨਸ਼ਨਾਂ, ਵਿਧਵਾ ਪੈਨਸ਼ਨਾਂ ਲਗਾਉਣ, ਰੱਦ ਹੋਏ ਲੋੜਵੰਦਾਂ ਦੇ ਨੀਲੇ ਕਾਰਡਾਂ ਨੂੰ ਚਾਲੂ ਕਰਵਾਉਣ, ਲਿਜਾਣ ਵਾਲੇ ਕਾਰਡ ਬਣਾਉਣ ਤੋਂ ਇਲਾਵਾ ਵਾਰਡ ਵਿੱਚ ਉਹ ਸਾਰੇ ਕੰਮ ਕਰਵਾਏ, ਜਿਨ੍ਹਾਂ ਨਾਲ ਵਾਰਡ ਵਾਸੀਆਂ ਨੂੰ ਸਹੂਲਤਾਂ ਮਿਲ ਸਕਣ। ਇਸ ਸਬੰਧੀ ਬਿਕਰਮਜੀਤ ਸ਼ਰਮਾ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਰਹਿਨੁਮਾਈ ਹੇਠ ਅਸੀ ਵਾਰਡ ਵਿੱਚ ਵਿਕਾਸ ਦੇ ਕੰਮ ਕਰਵਾਏ ਹਨ ਤੇ ਅਸੀਂ ਵਾਰਡ ਵਾਸੀਆਂ ਦੀ ਹਰ ਮੁਸ਼ਕਲ ਦਾ ਹੱਲ ਕਰ ਰਹੇ ਹਾਂ ਅਤੇ ਮੈਂ ਨੇਤਾ ਨਹੀਂ ਬੇਟਾ ਬਣ ਕੇ ਲੋਕਾਂ ਦੀ ਸੇਵਾ ਕਰ ਰਿਹਾ ਹਾਂ ਅਤੇ ਭਵਿੱਖ ਵਿੱਚ ਵੀ ਮੈਨੂੰ ਪੂਰੀ ਉਮੀਦ ਹੈ ਕਿ ਲੋਕ ਮੇਰਾ ਸਾਥ ਦਿੰਦੇ ਰਹਿਣਗੇ ਤੇ ਮੈ ਹਮੇਸ਼ਾ ਉਨ੍ਹਾਂ ਦੀ ਸੇਵਾ ਕਰਦਾ ਰਹਾਂਗਾ। ਉਨ੍ਹਾ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕੋਈ ਵੀ ਮੁਸ਼ਕਲ ਆਉਂਦੀ ਹੈ ਤਾਂ ਸਾਡੇ ਨਾਲ ਸੰਪਰਕ ਕੀਤਾ ਜਾਵੇ, ਵਿਧਾਇਕ ਲਾਡੀ ਢੋਸ ਦੀ ਅਗਵਾਈ ਹੇਠ ਉਨ੍ਹਾ ਦੀ ਮੁਸ਼ਕਲ ਨੂੰ ਹੱਲ ਕੀਤਾ ਜਾਵੇਗਾ ਤੇ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਰਾਜੇ ਦੇ ਮਹਿਲਾਂ ਅੱਗੇ ਕਿਸਾਨ ਯੂਨੀਅਨ ਦਾ ਧਰਨਾ ਜਾਰੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਪਟਿਆਲਾ ਨੇ ਬੀਜੇਪੀ ਦੀ ਆਗੂ ਪ੍ਰਨੀਤ ਕੌਰ ਦੇ ਘਰ ਅੱਗੇ ਪੱਕਾ ਮੋਰਚਾ ਅੱਜ ਅੱਠਵੇਂ ਦਿਨ ਵਿੱਚ ਚਲਾ ਗਿਆ। ਅੱਜ ਦੇ ਧਰਨੇ ਦੀ ਅਗਵਾਈ ਜ਼ਿਲ੍ਹੇ ਦੇ ਸਗੰਠਨ ਸਕੱਤਰ ਬਲਰਾਜ ਜੋਸ਼ੀ ਨੇ ਕੀਤੀ। ਉਨ੍ਹਾ ਕਿਹਾ ਕਿ ਇਹ ਵੱਡੇ ਵੱਡੇ ਮੌਲ ਉਨ੍ਹਾਂ ਕਾਰਪੋਰੇਟ ਗਿਰਝਾਂ ਦੇ ਹਨ, ਜਿਨ੍ਹਾਂ ਨੇ ਖੇਤੀ ਸੈਕਟਰ ਉੱਤੇ ਅੱਖ ਰੱਖੀ ਹੋਈ ਹੈ। ਖੇਤੀ ਸੈਕਟਰ ਦੇ ਨਾਲ ਨਾਲ ਇਨ੍ਹਾਂ ਮੌਲਾਂ ਨੇ ਸ਼ਹਿਰਾਂ ਦੀ ਛੋਟੀ ਦੁਕਾਨਦਾਰੀ ਨੂੰ ਵੀ ਨਿਗਲ ਲੈਣਾ ਹੈ, ਝੋਨੇ ਦੀ ਖਰੀਦ ਤੇ ਡੀ ਏ ਪੀ ਖਾਦ ਅਤੇ ਪਰਾਲੀ 'ਤੇ ਪਾਏ ਜਾ ਰਹੇ ਪਰਚਿਆਂ ਤੋਂ ਕਿਸਾਨ ਬਹੁਤ ਹੀ ਪ੍ਰੇਸ਼ਾਨ ਹਨ। ਕਿਸਾਨਾਂ ਨੂੰ ਜਾਣ-ਬੁੱਝ ਕੇ ਖਜਲ ਖੁਆਰ ਕੀਤਾ ਜਾ ਰਿਹਾ ਹੈ, ਜਿਸ ਨੂੰ ਦੇਖਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਹਿਲਾਂ ਤੋਂ ਹੀ 51 ਥਾਵਾਂ 'ਤੇ ਪੱਕੇ ਮੋਰਚੇ ਲੱਗੇ ਹੋਏ ਹਨ, ਜਿਨ੍ਹਾਂ ਵਿੱਚ ਟੋਲ ਪਲਾਜੇ ਆਪ ਤੇ ਭਾਜਪਾ ਦੇ ਮੰਤਰੀਆਂ ਦੇ ਘਰਾਂ ਅੱਗੇ ਚੱਲ ਰਹੇ ਹਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਤਾਂ ਸੰਘਰਸ਼ ਹੋਰ ਤਿੱਖੇ ਕੀਤੇ ਜਾਣਗੇ। ਇਸ ਧਰਨੇ ਵਿੱਚ ਬਲਾਕ ਆਗੂ ਹਰਦੀਪ ਡਰੋਲੀ, ਸਾਹਿਬ ਸਿੰਘ ਬਨੇਰਾ ਕਲਾਂ, ਗੁਰਦਰਸ਼ਨ ਸਿੰਘ ਸੈਣੀਮਾਜਰਾ, ਭਰਭੂਰ ਸਿੰਘ ਗਾਜੇਵਾਸ਼, ਨਿਸ਼ਾਨ ਸਿੰਘ ਤਲਵੰਡੀ, ਬਲਦੇਵ ਕੌਰ ਗੱਜੂਮਾਜਰਾ ਆਦਿ ਹਾਜ਼ਰ ਸਨ।

## ਮਾਰਕਿਟ ਕਮੇਟੀ ਦੇ ਚੇਅਰਮੈਨ ਵੱਲੋਂ ਬੂਰਵਾਲਾ ਮੰਡੀ ਦਾ ਦੌਰਾ



ਜਲਾਲਾਬਾਦ (ਜੀਤ ਕੁਮਾਰ)-ਵਰਤਮਾਨ ਸਮੇਂ ਚੱਲ ਰਹੇ ਝੋਨੇ ਦੇ ਸੀਜ਼ਨ ਨੂੰ ਲੈ ਕੇ ਜਿੱਥੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫਸਲ ਨੂੰ ਲੈ ਕੇ ਦਾਅਵੇ ਕੀਤੇ ਜਾ ਰਹੇ ਹਨ, ਉਥੇ ਹੀ ਹਲਕਾ ਜਲਾਲਾਬਾਦ ਅਧੀਨ ਆਉਂਦੀ ਮੁੱਖ ਮੰਡੀ ਤੇ ਫੋਕਲ ਪੁਆਇਟਾਂ ਵਿੱਚ ਝੋਨੇ ਦੀ ਫਸਲ ਦੀ ਆਮਦ ਸ਼ੁਰੂ ਹੋ ਚੁੱਕੀ ਹੈ ਅਤੇ ਮੰਡੀਆਂ ਵਿੱਚ ਝੋਨੇ ਦੀ ਫਸਲ ਵੇਚਣ ਲਈ ਆ ਰਹੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਲਈ ਜਲਾਲਾਬਾਦ ਮਾਰਕਿਟ ਕਮੇਟੀ ਦੇ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਸ਼ੁੱਕਰਵਾਰ ਪਿੰਡ ਬੂਰ ਵਾਲਾ ਅਨਾਜ ਮੰਡੀ ਦਾ ਦੌਰਾ ਕੀਤਾ ਤੇ ਜਾਇਜ਼ਾ ਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਾਰਕਿਟ ਕਮੇਟੀ ਦੇ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਫਸਲ ਦੀ ਮੰਡੀਆਂ ਵਿੱਚ ਆਮਦ ਨੂੰ ਲੈ ਕੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਫਸਲ ਵੇਚਣ ਲਈ ਆਉਣ ਵਾਲੇ ਕਿਸਾਨਾਂ ਦੀ ਸਹੂਲਤ ਲਈ ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫਸਲ, ਜੋਕਿ ਮੰਡੀਆਂ ਵਿੱਚ ਵੇਚਣ ਸਮੇਂ ਆਉਣ 'ਤੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪਿੰਡ ਬੂਰਵਾਲਾ ਦੇ ਸਰਪੰਚ ਗੁਰਸ਼ਰਨ ਸਿੰਘ ਚਾਵਲਾ, ਮਨਜੋਤ ਸਿੰਘ ਬੋਲੀ ਕਲਰਕ ਹਾਜ਼ਰ ਸਨ।

**ਭੋਗ 'ਤੇ ਵਿਸ਼ੇਸ਼**

# ਉੱਚੀ ਤੇ ਸੁੱਚੀ ਸ਼ਖਸੀਅਤ ਦੇ ਮਾਲਕ ਸਨ ਐਕਸੀਅਨ ਗੁਰਤੇਜ ਸਿੰਘ ਸਿੱਧੂ



ਆਪਣਾ ਜੀਵਨ ਪੰਧ ਗੁਜ਼ਾਰਨ ਉਪਰੰਤ ਜਿਹੜਾ ਵਿਅਕਤੀ ਪਿੱਛੇ ਸਮਾਜ ਲਈ ਕੁੱਝ ਚੰਗਾ ਛੱਡ ਜਾਵੇ ਤਾਂ ਲੋਕਾਂ ਦੇ ਮਨਾਂ 'ਤੇ ਉਸ ਦੇ ਵਿਅਕਤੀਤੱਵ ਦੀ ਗਹਿਰੀ ਛਾਪ ਦੇਰ ਤੱਕ ਮਹਿਸੂਸ ਕੀਤੀ ਜਾਂਦੀ ਹੈ।ਪਾਵਰਕਾਮ ਤੋਂ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਸੇਵਾ ਮੁਕਤ ਹੋਏ ਸ੍ਰ. ਗੁਰਤੇਜ ਸਿੰਘ ਸਿੱਧੂ ਬੀਤੇ ਦਿਨ ਸੰਖੇਪ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਏ।ਉਹ ਆਪਣੇ ਪਿੱਛੇ ਪਤਨੀ ਪਰਮਜੀਤ ਕੌਰ ਸਿੱਧੂ ਸਮੇਤ ਇੱਕ ਭਰਿਆ ਪੂਰਾ ਪਰਿਵਾਰ ਛੱਡ ਗਏ, ਜਿਨ੍ਹਾਂ ਵਿਚ ਇੰਜੀਨੀਅਰ, ਵਕੀਲ ਤੇ ਡਾਕਟਰ ਹਨ। ਉਨ੍ਹਾਂ ਦਾ ਬੇਟਾ ਇੰਜੀ. ਕੰਵਲਪ੍ਰੀਤ ਸਿੰਘ ਸਿੱਧੂ ਪਾਵਰਕਾਮ ਦੀ ਸਮਰਾਲਾ ਡਵੀਜ਼ਨ ਵਿੱਚ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਤੈਨਾਤ ਹੈ।ਸ੍ਰ. ਗੁਰਤੇਜ ਸਿੰਘ ਸਿੱਧੂ ਸਾਦਾ ਜੀਵਨ ਜਿਊਣ ਨੂੰ ਤਰਜੀਹ ਦਿੰਦੇ ਸਨ।ਉਹ ਧਾਰਮਿਕ ਵਿਚਾਰਾਂ ਨਾਲ ਲਬਰੇਜ਼ ਸਨ।ਉਨ੍ਹਾਂ ਵਿੱਚ ਹਰ ਕਿਸੇ ਨੂੰ ਆਪਣਾ ਬਣਾਉਣ ਦੀ ਮਿਕਨਾਤੀਸੀ ਖਿੱਚ ਸੀ।ਉਨ੍ਹਾਂ ਦਾ ਜਨਮ ਅਪ੍ਰੈਲ 1944 ਵਿੱਚ ਪਾਕਿਸਤਾਨ ਵਿੱਚ ਹੋਇਆ।ਉਨ੍ਹਾਂ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸਜ਼ ਰਾਂਚੀ ਤੋਂ ਇਲੈਕਟਰੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ।ਉਹ ਸਾਲ 1973 ਵਿੱਚ ਬਿਜਲੀ ਬੋਰਡ ਵਿੱਚ ਬਤੌਰ ਐੱਸ ਡੀ ਓ ਲੱਗੇ ਤੇ 1994 ਵਿੱਚ ਐਕਸੀਅਨ ਵਜੋਂ ਤਰੱਕੀ ਹੋਈ ਅਤੇ ਸਾਲ 2002 ਬਤੌਰ ਵਧੀਕ ਨਿਗਰਾਨ ਇੰਜੀਨੀਅਰ ਸੇਵਾ ਮੁਕਤ ਹੋਏ।ਸ੍ਰ. ਗੁਰਤੇਜ ਸਿੰਘ ਸਿੱਧੂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਤੇ ਪਾਠ ਦੇ ਭੋਗ ਅੱਜ 27 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਸਰਾਭਾ ਨਗਰ ਲੁਧਿਆਣਾ ਵਿਖੇ ਪਾਏ ਜਾਣਗੇ।

*-ਸੁਰਜੀਤ ਸਿੰਘ, ਸਮਰਾਲਾ*

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੇਂਦਰੀ ਜੇਲ੍ਹ 'ਚ ਸੈਮੀਨਾਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵੀਰਇੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਵੱਲੋਂ ਕੇਂਦਰੀ ਜੇਲ੍ਹ ਵਿੱਚ ਕੈਦੀਆਂ/ਹਵਾਲਾਤੀਆਂ ਦੇ ਵੋਕੇਸ਼ਨਲ ਕੋਰਸ ਕਰਵਾਏ ਗਏ, ਜਿਸ ਦੌਰਾਨ ਕੈਦੀਆਂ ਨੂੰ ਦੀਵੇ, ਮੋਮਬੱਤੀਆਂ, ਕਾਗਜ਼ ਦੇ ਲਿਫਾਫੇ ਬਣਵਾਉਣ ਸਬੰਧੀ ਟ੍ਰੇਨਿੰਗ ਦਿਵਾਈ ਗਈ। ਇਸ ਨਾਲ ਕੈਦੀਆਂ ਦੁਆਰਾ ਤਿਆਰ ਕੀਤੇ ਗਏ ਦੀਵੇ, ਮੋਮਬੱਤੀਆਂ, ਕਾਗਜ਼ ਦੇ ਲਿਫਾਫੇ, ਲੱਡੂ ਤੇ ਵੇਸਣ ਮਿਠਾਈਆਂ ਦੀ ਪ੍ਰਦਰਸ਼ਨੀ ਕੇਂਦਰੀ ਜੇਲ੍ਹ ਵਿੱਚ ਲਗਵਾਈ ਗਈ।ਇਸ ਦੇ ਇਲਾਵਾ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਇੱਕ ਜਾਗਰੂਕਤਾ ਪ੍ਰੋਗਰਾਮ ਵੀ ਕੀਤਾ ਗਿਆ, ਜਿਸ ਵਿੱਚ ਡਾ. ਸਤਿੰਦਰ ਸਿੰਘ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ, ਫਿਰੋਜ਼ਪੁਰ, ਸਤਨਾਮ ਸਿੰਘ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵੱਲੋਂ ਕੈਦੀਆਂ ਨੂੰ ਜਾਗਰੂਕ ਕੀਤਾ ਗਿਆ।ਇਸ ਦੇ ਨਾਲ ਹੀ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਵੱਲੋਂ ਵੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤੇ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

## ਬੀਬੀ ਬਰਾੜ ਦਾ ਪਰਵਾਰ ਦੀ ਰਾਜਸੀ ਤੇ ਸਮਾਜਿਕ ਤਰੱਕੀ 'ਚ ਅਹਿਮ ਯੋਗਦਾਨ : ਬਾਜਵਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਦੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਧਰਮ ਪਤਨੀ ਤੇ ਨੌਜਵਾਨ ਆਗੂ ਕਮਲਜੀਤ ਸਿੰਘ ਬਰਾੜ ਅਤੇ ਗੁਰਜੰਟ ਸਿੰਘ ਬਰਾੜ ਦੇ ਮਾਤਾ ਸਰਦਾਰਨੀ ਅਮਰਜੀਤ ਕੌਰ ਬਰਾੜ ਸਾਬਕਾ ਸਰਪੰਚ ਪਿੰਡ ਖੋਟੇ, ਜੋ ਬੀਤੇ ਦਿਨ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਅੱਜ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਮੌਕੇ ਉਨ੍ਹਾਂ ਬਰਾੜ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਉਨ੍ਹਾਂ ਦੇ ਦਹਾਕਿਆਂ ਪੁਰਾਣੇ ਮਿੱਤਰ ਹਨ, ਅਸੀਂ ਲੰਮੇ ਸਮੇਂ ਤੋਂ ਇਕੱਠੇ ਕੰਮ ਕਰਦੇ ਹੋਣ ਕਰ ਕੇ ਇਸ ਪਰਵਾਰ ਨਾਲ ਉਨ੍ਹਾਂ ਦੀ ਨਿੱਜੀ ਨੇੜਤਾ ਹੈ।ਉਨ੍ਹਾਂ ਕਿਹਾ ਕਿ ਸਰਦਾਰਨੀ ਬਰਾੜ ਦੇ ਦੇਹਾਂਤ ਨਾਲ ਸਾਨੂੰ ਸਭ ਨੂੰ ਗਹਿਰਾ ਸਦਮਾ ਪੁੱਜਾ ਹੈ।ਉਨ੍ਹਾਂ ਕਿਹਾ ਕਿ ਸਰਦਾਰਨੀ ਬਰਾੜ ਇੱਕ ਨਿੱਡਰ ਮਹਿਲਾ ਸਨ, ਜਿਨ੍ਹਾਂ ਨੇ ਹਮੇਸ਼ਾ ਹਰ ਚਣੌਤੀ ਦਾ ਅਡੋਲ ਹੋ ਕੇ ਸਾਹਮਣਾ ਕੀਤਾ ਅਤੇ ਸ੍ਰ. ਦਰਸ਼ਨ ਸਿੰਘ ਬਰਾੜ ਦਾ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ ਤਾਂ ਹੀ ਅੱਜ ਬਰਾੜ ਪਰਵਾਰ ਨੇ ਰਾਜਸੀ ਤੇ ਸਮਾਜਿਕ ਖ਼ੇਤਰ ਵਿੱਚ ਅਹਿਮ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ, ਸਵਰਨ ਸਿੰਘ ਅਜੀਤਵਾਲ ਕਾਂਗਰਸੀ ਆਗੂ, ਸਾਬਕਾ ਜ਼ਿਲ੍ਹਾ ਪ੍ਰਧਾਨ ਬੀਬੀ ਜਗਦਰਸ਼ਨ ਕੌਰ, ਸਾਬਕਾ ਚੇਅਰਮੈਨ ਭਜਨ ਸਿੰਘ ਜੈਦ, ਬਲਜੀਤ ਸਿੰਘ ਸਾਬਕਾ ਸਰਪੰਚ ਦੀਨਾ, ਕਾਲੂ ਰਾਮ ਪ੍ਰਧਾਨ, ਦਿਲਬਾਗ ਸਿੰਘ ਸਾਬਕਾ ਸਰਪੰਚ ਸੰਗਤਪੁਰਾ, ਡਾ. ਦਵਿੰਦਰ ਸਿੰਘ ਗਿੱਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਾਜਸੀ, ਸਮਾਜਿਕ ਸ਼ਖ਼ਸੀਅਤਾਂ ਹਾਜ਼ਰ ਸਨ।

## ਸਫ਼ਾਈ ਸੇਵਕਾਂ ਵੱਲੋਂ ਭਲਕ ਤੋਂ ਅਣਮਿੱਥੇ ਸਮੇਂ ਲਈ ਹੜਤਾਲ

ਮੋਗਾ (ਇਕਬਾਲ ਸਿੰਘ ਖਹਿਰਾ)-ਕਰੀਬ ਤਿੰਨ ਮਹੀਨੇ ਪਹਿਲਾਂ ਬਾਘਾ ਪੁਰਾਣਾ ਦੇ ਸਰਮਾਏਦਾਰ, ਜਿਸ ਦਾ ਨਾਮ ਹਰੀ ਭੂਸ਼ਨ ਵਾਸੀ ਸ਼ਿਵਾ ਇਨਕਲੇਵ ਕਲੋਨੀ ਮੋਗਾ ਰੋਡ ਬਾਘਾ ਪੁਰਾਣਾ ਵੱਲੋਂ ਹਰਜਿੰਦਰ ਸਿੰਘ ਵਾਸੀ ਬਾਘਾ ਪੁਰਾਣਾ ਦੇ ਵਿਰੁੱਧ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਗਈ। ਇਸ ਸਬੰਧੀ ਐੱਸ.ਐੱਸ.ਪੀ. ਮੋਗਾ ਨੂੰ ਸ਼ਿਕਾਇਤ ਵੀ ਦਰਜ ਕਰਵਾਈ ਗਈ ਹੈ, ਪਰ ਇਸ ਸ਼ਿਕਾਇਤ 'ਤੇ ਅਜੇ ਤੱਕ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਸ਼ਿਕਾਇਤ ਨੂੰ ਲੈ ਕੇ ਸਫ਼ਾਈ ਸੇਵਕ ਯੂਨੀਅਨ ਦੇ ਪੰਜਾਬ ਪ੍ਰਧਾਨ ਤੇ ਸਫ਼ਾਈ ਸੇਵਕ ਯੂਨੀਅਨ ਨਗਰ ਨਿਗਮ ਮੋਗਾ ਦੇ ਪ੍ਰਧਾਨ ਸੁਖਪਾਲ ਸੌਦਾ ਤੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਗੰਗੂ ਅਤੇ ਮੋਗਾ ਜ਼ਿਲ੍ਹਾ ਦੀਆਂ ਵੱਖ-ਵੱਖ ਕਮੇਟੀਆਂ ਦੇ ਪ੍ਰਧਾਨ ਤੇ ਸੈਕਟਰੀ ਅਤੇ ਮੈਂਬਰ ਸਾਹਿਬਾਨ ਕਈ ਵਾਰ ਐਸ.ਐਸ.ਪੀ., ਮੋਗਾ ਨੂੰ ਮਿਲ ਚੁੱਕੇ ਹਨ, ਪਰ ਉਨ੍ਹਾਂ ਵੱਲੋਂ ਹਰ ਵਾਰ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ ਜਾਂਦਾ ਰਿਹਾ ਹੈ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਪੁਲਸ ਦੀ ਕਾਰਗੁਜ਼ਾਰੀ ਤੋਂ ਨਾਖ਼ੁਸ਼ ਹੋ ਕੇ ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਪ੍ਰਧਾਨ ਅਸ਼ੋਕ ਸਾਰਵਾਨ ਵੱਲੋਂ ਫ਼ੈਸਲਾ ਲਿਆ ਗਿਆ ਹੈ ਕਿ ਜੇਕਰ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਪਹਿਲਾਂ ਜ਼ਿਲ੍ਹਾ ਪੱਧਰ 'ਤੇ ਅਤੇ ਬਾਅਦ ਵਿੱਚ ਪੰਜਾਬ ਪੱਧਰ 'ਤੇ ਹੜਤਾਲ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਜੇਕਰ ਹਰੀ ਭੂਸ਼ਨ ਖ਼ਿਲਾਫ਼ ਜਾਤੀ ਸੂਚਕ ਸ਼ਬਦ ਬੋਲਣ ਵਿਰੁੱਧ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ ਸਫ਼ਾਈ ਸੇਵਕ ਯੂਨੀਅਨ ਨਗਰ ਨਿਗਮ ਮੋਗਾ ਵੱਲੋਂ 28 ਅਕਤੂਬਰ 2024 ਤੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ, ਜਿਸ ਦੀ ਸਾਰੀ ਜ਼ੁੰਮੇਵਾਰੀ ਪੁਲਸ ਪ੍ਰਸ਼ਾਸਨ ਦੀ ਹੋਵੇਗੀ।

# ਕਿਰਤੀ ਕਾਲਜ ਵੱਲੋਂ ਖੇਤਰੀ ਯੁਵਕ ਮੇਲੇ 'ਚ ਸ਼ਾਨਦਾਰ ਪ੍ਰਦਰਸ਼ਨ

**ਦੂਜੀ ਵਾਰ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਤੀ ਮਾਈਮ ਟਰਾਫੀ**



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਗਏ ਸੰਗਰੂਰ ਜ਼ੋਨ ਦੇ ਖੇਤਰੀ ਯੁਵਕ ਮੇਲੇ ਦੌਰਾਨ ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਦੇ ਵਿਦਿਆਰਥੀਆਂ ਨੇ ਕਾਲਜ ਦੇ ਪ੍ਰਿੰਸੀਪਲ ਗੁਰਵੀਨ ਕੌਰ ਦੀ ਰਹਿਨੁਮਾਈ ਤਹਿਤ ਵੱਧ ਚੜ੍ਹ ਕੇ ਭਾਗ ਲਿਆ।

ਖੇਤਰੀ ਯੁਵਕ ਮੇਲੇ, ਜੋ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਹੋਇਆ, ਵਿੱਚ ਵੀ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਲਜ ਦੀ ਮਾਈਮ ਵੰਨਗੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਟਰਾਫੀ ਜਿੱਤੀ ਤੇ ਨਾਟਕ ਵੰਨਗੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਲਾਕੇ ਦਾ ਨਾਂ ਰੋਸ਼ਨ ਕੀਤਾ।ਯੁਵਕ ਮੇਲੇ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਸੰਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਨੇ ਦੱਸਿਆ ਕਿ ਕਾਲਜ ਦੇ ਬਹੁਤ ਸਾਰੇ ਵਿਦਿਆਰਥੀਆਂ ਦੇ ਹੁਨਰ ਨੂੰ ਪਹਿਚਾਣ ਕੇ ਉਨ੍ਹਾਂ ਨੂੰ ਅਗਲੀਆਂ ਮੰਜ਼ਲਾਂ ਤੇ ਵੱਡੀਆਂ ਸਟੇਜਾਂ ਉੱਪਰ ਪੇਸ਼ਕਾਰੀਆਂ ਕਰਨ ਦੇ ਕਾਬਲ ਬਣਾਉਣਾ ਮੁੱਢਲਾ ਫਰਜ਼ ਹੈ ਤਾਂ ਕਿ ਉਹ ਵਿਦਿਆਰਥੀ ਆਪਣਾ, ਆਪਣੇ ਮਾਤਾ-ਪਿਤਾ, ਇਲਾਕੇ ਦਾ ਤੇ ਕਾਲਜ ਦਾ ਨਾਂ ਰੌਸ਼ਨ ਕਰ ਸਕਣ।ਇਸ ਖੇਤਰੀ ਯੁਵਕ ਮੇਲੇ ਵਿੱਚ ਜੇਤੂ ਵਿਦਿਆਰਥੀਆਂ ਨੇ ਆਪਣੀ ਟਰਾਫੀ ਤੇ ਮੈਡਲ ਪ੍ਰਿੰਸੀਪਲ ਮੈਡਮ ਦੇ ਸਪੁਰਦ ਕੀਤੇ ਅਤੇ ਪ੍ਰਿੰਸੀਪਲ ਗੁਰਵੀਨ ਕੌਰ ਵੱਲੋਂ ਹਿੱਸਾ ਲੈਣ ਵਾਲੇ ਤੇ ਜੇਤੂ ਵਿਦਿਆਰਥੀਆਂ ਨੂੰ ਸਮੇਤ ਸਮੂਹ ਵੰਨਗੀ ਇੰਚਾਰਜਾਂ ਨੂੰ ਵਧਾਈ ਦਿੰਦਿਆਂ ਅੱਗੇ ਹੋਰ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਪ੍ਰੋ. ਜਗਦੀਸ਼ ਸਿੰਘ, ਡਾ. ਜਤਿੰਦਰ ਸਿੰਘ ਤੇ ਪ੍ਰੋ. ਸੰਦੀਪ ਕੌਰ ਆਦਿ ਹਾਜ਼ਰ ਸਨ।

## ਅੰਨਦਾਤਾ ਨੂੰ ਸਨਮਾਨਤ ਕਰਨ ਦੀ ਬਜਾਏ ਮੰਡੀਆਂ 'ਚ ਰੋਲਿਆ ਜਾ ਰਿਹੈ : ਕਿਸਾਨ ਆਗੂ



ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਮਾਰਕੀਟ ਕਮੇਟੀ ਵਿੱਚ ਗੁਰਦਰਸ਼ਨ ਸਿੰਘ ਗਿੱਲ ਸੂਬਾ ਕਮੇਟੀ ਮੈਂਬਰ, ਬਲਦੇਵ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਦਰਸ਼ਨ ਸਿੰਘ ਗਿੱਲ ਕਮੇਟੀ ਮੈਂਬਰ, ਰਾਜਵਿੰਦਰ ਤਰਮਾਲਾ, ਰਘੁਬੀਰ ਸਿੰਘ ਬਿੱਟੂ ਤਰਮਾਲਾ, ਪਰਬਦੀਪ ਸਿੰਘ ਮਿੱਡਾ ਵੱਲੋਂ ਮੀਟਿੰਗ ਕਰਨ ਉਪਰੰਤ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਪਰਾਲੀ ਨਾ ਸਾੜਨ ਸਬੰਧੀ ਸਰਕਾਰ ਨੇ ਐੱਸ.ਐੱਚ.ਓ. ਦੀ ਡਿਊਟੀ ਲਗਾਈ ਕਿ ਜਿਹੜਾ ਕਿਸਾਨ ਪਰਾਲੀ ਸਾੜਦਾ ਹੈ ਤਾਂ ਉਸ 'ਤੇ ਪਰਚਾ ਦਿੱਤਾ ਜਾਵੇ। ਉਸੇ ਤਰ੍ਹਾਂ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜੇਕਰ ਉਸ ਥਾਣੇ ਦੇ ਅੰਦਰ ਕਿਸੇ ਤਰ੍ਹਾਂ ਦੇ ਨਸ਼ੇ ਨਾਲ ਕਿਸੇ ਦੀ ਮੌਤ ਹੁੰਦੀ ਹੈ ਤੇ ਨਸ਼ੇ ਦੀ ਰੋਕਥਾਮ ਨਹੀਂ ਹੁੰਦੀ ਤਾਂ ਉਹ ਪਰਚਾ ਫਿਰ ਸਰਕਾਰ ਉਸ ਏਰੀਏ ਦੇ ਅਫ਼ਸਰ 'ਤੇ ਦੇਵੇਗੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿਹੜਾ ਅੰਨਦਾਤਾ, ਜਿਸ ਨੂੰ ਸਨਮਾਨਤ ਕਰਨਾ ਚਾਹੀਦਾ, ਉਸ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ, ਇਹ ਸਰਕਾਰਾਂ ਨੂੰ ਨਜ਼ਰ ਨਹੀਂ ਆਉਂਦਾ। ਇਸ ਮੌਕੇ ਭਗਵੰਤ ਸਿੰਘ ਮਿੱਡਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਕੁਲਦੀਪ ਸਿੰਘ ਨੇਤਾ ਮਾਨ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਅਰਸ਼ਦੀਪ ਸਿੰਘ ਸੋਢੀ ਬਲਾਕ ਯੂਥ ਪ੍ਰਧਾਨ ਮਲੋਟ, ਕਰਨਪ੍ਰੀਤ ਸਿੰਘ ਜਰਨਲ ਸਕੱਤਰ ਮਲੋਟ ਬਲਾਕ, ਬਲਜਿੰਦਰ ਸਿੰਘ ਬਲਾਕ ਪ੍ਰਧਾਨ ਲੰਬੀ ਆਦਿ ਹਾਜ਼ਰ ਸਨ।

## ਸਰਪੰਚ ਲਖਮੀਰਵਾਲਾ ਦੇ ਪਿਤਾ ਦਾ ਦੇਹਾਂਤ



ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)-ਪਿੰਡ ਲਖਮੀਰਵਾਲਾ ਤੋਂ ਸਰਪੰਚ ਸ. ਮਨਿੰਦਰ ਸਿੰਘ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਕਿ ਉਨ੍ਹਾਂ ਦੇ ਪਿਤਾ ਅੱਜ ਸਵੇਰੇ ਤੜਕਸਾਰ ਸਾਰ ਸਰਦਾਰ ਗਿਆਨ ਸਿੰਘ ਜੀ ਇਸ ਦੁਨੀਆ ਨੂੰ ਛੱਡ ਕੇ ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦੀ ਉਮਰ ਤਕਰੀਬਨ 77 ਸਾਲ ਦੱਸੀ ਜਾਂਦੀ ਹੈ। ਸ੍ਰ. ਗਿਆਨ ਸਿੰਘ ਦਾ ਜੀਵਨ ਬਹੁਤ ਹੀ ਸਾਦਾ ਰਿਹਾ, ਜਿਨ੍ਹਾਂ ਨੇ ਹਮੇਸ਼ਾ ਹੀ ਗਰੀਬ ਦੇ ਹੱਕ ਦੀ ਗੱਲ ਰੱਖੀ ਤੇ ਗੱਲ ਸੁਣਦੇ ਹੀ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਸਸਕਾਰ ਮੌਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਪਹੁੰਚੇ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ, ਸੁਨਾਮ ਹਲਕਾ ਇੰਚਾਰਜ ਰਾਜਿੰਦਰ ਦੀਪਾ ਰਾਜਾ ਵੀਰ ਕਲਾਂ, ਜਥੇਦਾਰ ਗੁਰਪ੍ਰੀਤ ਸਿੰਘ ਲਖਮੀਰਵਾਲਾ, ਡੀ ਐੱਸ ਪੀ ਦੀਪਿੰਦਰ ਸਿੰਘ ਜੇਜੀ ਲਹਿਰਾ ਤੇ ਸਮੂਹ ਬਲਾਕ ਦੇ ਸਰਪੰਚ ਸਾਹਿਬਾਨ ਅਤੇ ਸਮੂਹ ਧਾਲੀਵਾਲ ਪਰਿਵਾਰ ਤੇ ਨਗਰ ਵਾਸੀ ਹਾਜ਼ਰ ਸਨ।

# ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਨੇ ਐਥਲੈਟਿਕਸ ਮੁਕਾਬਲਿਆਂ 'ਚ ਬਾਜ਼ੀ ਮਾਰੀ



ਬਠਿੰਡਾ (ਰਾਜੀਵ ਗੋਇਲ)

ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦੇ ਐਥਲੈਟਿਕਸ ਖਿਡਾਰੀਆਂ ਨੇ ਸਰਕਾਰੀ ਸੀਨੀ: ਸੈਕੰ: ਸਕੂਲ ਘਲੋਟੀ ਮੋਗਾ ਵਿਖੇ ਹੋਈ 27ਵੀਂ ਜ਼ਿਲ੍ਹਾ ਪੱਧਰੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਐਥਲੈਟਿਕ ਮੀਟ ਦੇ ਐਥਲੈਟਿਕਸ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਗੋਲਡ ਮੈਡਲ ਤੇ ਸਿਲਵਰ ਮੈਡਲ ਜਿੱਤੇ।ਇਸ ਐਥਲੈਟਿਕ ਮੀਟ ਵਿੱਚ ਅੰਡਰ-19 ਅਰਸ਼ਦੀਪ ਸਿੰਘ ਨੇ 200 ਮੀਟਰ ਦੌੜ ਵਿੱਚ ਕਾਂਸੇ ਦਾ ਤਮਗ਼ਾ, ਹਰਕੀਰਤ ਸਿੰਘ ਨੇ 200 ਮੀਟਰ ਦੌੜ ਵਿੱਚ ਚਾਂਦੀ ਦਾ ਤੇ 110 ਮੀਟਰ ਹਰਡਲਜ਼ ਦੌੜ ਵਿੱਚ ਗੋਲਡ ਮੈਡਲ ਜਿੱਤਿਆ, 100 ਮੀਟਰ ਦੌੜ ਵਿੱਚ ਅਰਸ਼ਦੀਪ ਸਿੰਘ ਨੇ ਗੋਲਡ ਮੈਡਲ ਤੇ ਕਰਨਦੀਪ ਸਿੰਘ ਨੇ ਚਾਂਦੀ ਦਾ ਤਮਗ਼ਾ ਜਿੱਤਿਆ।ਇਸ ਤੋਂ ਇਲਾਵਾ 4×100 ਮੀਟਰ ਰਿਲੇਅ ਰੇਸ ਵਿੱਚੋਂ ਗੋਲਡ ਮੈਡਲ ਲਏ, 4×400 ਮੀਟਰ ਰਿਲੇਅ ਰੇਸ ਵਿੱਚੋਂ ਚਾਂਦੀ ਦਾ ਤਮਗ਼ਾ ਪ੍ਰਾਪਤ ਕੀਤਾ।14 ਸਾਲ ਦੇ ਲੜਕੇ ਅਭੀਜੀਤ ਸਿੰਘ ਨੇ 80 ਮੀਟਰ ਹਰਡਲਜ਼ ਦੌੜ ਵਿੱਚ ਗੋਲਡ ਮੈਡਲ ਤੇ ਉੱਚੀ ਛਾਲ ਵਿੱਚ ਕਾਂਸੇ ਦਾ ਤਮਗ਼ਾ ਹਾਸਲ ਕੀਤਾ।ਇਨ੍ਹਾਂ ਖਿਡਾਰੀਆਂ ਨੇ ਐਥਲੈਟਿਕਸ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਦਾ ਨਾਂ ਚਮਕਾਇਆ। ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਨਿੱਘ ਸੁਆਗਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ ਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਜੇਤੂ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਬੇਅੰਤ ਸਿੰਘ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਹਾਊਸ ਕੁਆਰਡੀਨੇਟਰ ਅੰਜੇ ਕੁਮਾਰ, ਲਖਵਿੰਦਰ ਸਿੰਘ ਕ੍ਰਿਕਟ ਕੋਚ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ, ਐਗਜ਼ਾਮੀਨੇਸ਼ਨ ਇੰਚਾਰਜ ਦਮਨਜੋਤ ਕੌਰ, ਜੂਨੀ/ਸੀਨੀਅਰ ਕੁਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੁਆਰਡੀਨੇਟਰ ਕਰਮਜੀਤ ਕੌਰ, ਕਿੰਡਰਗਾਰਟਨ ਕੁਆਰਡੀਨੇਟਰ ਮੋਨਿਕਾ ਚਾਲਾਨਾ, ਆਈ ਵਿਭਾਗ ਦੇ ਮੁਖੀ ਗੁਰਵਿੰਦਰ ਸੋਨੂੰ, ਮਨਦੀਪ ਸਿੰਘ ਹਾਕੀ ਕੋਚ, ਡੀ ਪੀ ਈ ਸੰਦੀਪ ਕੌਰ, ਕਬੱਡੀ ਕੋਚ ਅਮਾਨਤ ਅਲੀ, ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ




ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਥਾਨਕ ਕਸਬਾ ਲੌਂਗੋਵਾਲ ਦੇ ਹੋਣਹਾਰ ਨੌਜਵਾਨ ਕੁਲਦੀਪ ਸਿੰਘ ਚੁੰਬਰ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ।ਜਾਣਕਾਰੀ ਦਿੰਦਿਆਂ ਗੁਰਮੇਲ ਸਿੰਘ ਚੋਟੀਆਂ ਨੇ ਦੱਸਿਆ ਕਿ ਕੁਲਦੀਪ ਸਿੰਘ ਆਪਣੀ ਪਤਨੀ ਨਾਲ ਸੰਗਰੂਰ ਤੋਂ ਆਪਣੇ ਪਿੰਡ ਲੌਂਗੋਵਾਲ ਵੱਲ ਆ ਰਿਹਾ ਸੀ, ਜਦੋਂ ਉਹ ਪੁਲਸ ਲਾਈਨ ਸੰਗਰੂਰ ਦੇ ਨਾਲ ਲੰਘਦੇ ਸੂਏ ਵਾਲੇ ਪਾਸੇ ਤੋਂ ਬਰਨਾਲਾ ਰੋਡ ਵੱਲ ਨੂੰ ਮੋਟਰਸਾਈਕਲ ਰਾਹੀਂ ਸੜਕ ਉੱਪਰ ਚਾੜ੍ਹਿਆ ਤਾਂ ਉਹ ਮੋੜ ਮੁੜਦਿਆਂ ਪਿੱਛੋਂ ਆ ਰਹੇ ਟਰੈਕਟਰ ਟਰਾਲੀ ਨਾਲ ਉਸਦਾ ਐਕਸੀਡੈਂਟ ਹੋ ਗਿਆ।ਉਪਰੰਤ ਸੰਗਰੂਰ ਦੇ ਸਰਕਾਰੀ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ, ਜਦਕਿ ਉਸ ਦੀ ਪਤਨੀ ਦਾ ਬਚਾਅ ਰਿਹਾ ਅਤੇ ਮ੍ਰਿਤਕ ਵਿਅਕਤੀ ਦੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ।ਇਸ ਨੌਜਵਾਨ ਦੀ ਮੌਤ 'ਤੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

## ਗੁਰੂ ਨਾਨਕ ਕਾਲਜ ਦੀ ਫੁੱਟਬਾਲ ਟੀਮ ਨੇ ਕਾਂਸੀ ਦਾ ਤਮਗ਼ਾ ਜਿੱਤਿਆ



ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਲੜਕਿਆਂ ਦੀ ਫੁੱਟਬਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਦੁਆਰਾ ਕਰਵਾਏ ਗਏ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਨਿਰਲੇਪ ਕੌਰ ਨੇ ਦੱਸਿਆ ਕਿ 23 ਤੇ 24 ਅਕਤੂਬਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਏ ਲੜਕਿਆਂ ਦੇ ਅੰਤਰ ਕਾਲਜ ਫੁੱਟਬਾਲ ਮੁਕਾਬਲਿਆਂ ਵਿੱਚ ਕੁੱਲ 6 ਟੀਮਾਂ ਨੇ ਭਾਗ ਲਿਆ ਤੇ ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੀ ਟੀਮ ਨੇ ਕਾਂਸੀ ਦਾ ਤਮਗ਼ਾ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਟੀਮ ਤਿਆਰ ਕਰਨ ਵਿੱਚ ਸਰੀਰਕ ਸਿੱਖਿਆ ਵਿਭਾਗ ਵੱਲੋਂ ਟੀਮ ਇੰਚਾਰਜ ਡਾ. ਕਰਮਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਸ਼ਾਨਦਾਰ ਪ੍ਰਾਪਤੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਰੀਰਕ ਸਿੱਖਿਆ ਵਿਭਾਗ ਦੇ ਆਧਿਆਪਕਾਂ ਤੇ ਖਿਡਾਰੀ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

## ਸਖ਼ਤ ਮਿਹਨਤ ਨਾਲ ਕਿਸੇ ਵੀ ਮੰਜ਼ਲ ਨੂੰ ਸਰ ਕੀਤਾ ਜਾ ਸਕਦੈ : ਡੀ ਸੀ



ਮਾਨਸਾ (ਆਤਮਾ ਸਿੰਘ ਪਮਾਰ)-ਜਦੋਂ ਅਸੀਂ ਸਖ਼ਤ ਮਿਹਨਤ ਕਰਦੇ ਹਾਂ ਤਾਂ ਅਸੀਂ ਕੋਈ ਵੀ ਮੰਜ਼ਲ ਨੂੰ ਸਰ ਕਰ ਸਕਦੇ ਹਾਂ ਅਤੇ ਕੋਈ ਵੀ ਮੁਕਾਮ ਹਾਸਲ ਕਰਨ ਦੇ ਸਮਰੱਥ ਬਣਦੇ ਹਾਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਕੁਲਵੰਤ ਸਿੰਘ ਆਈ.ਏ.ਐੱਸ. ਨੇ ਏਸ਼ੀਅਨ ਡਰੈਗਨ ਬੋਟ ਚੈਂਪੀਅਨਸ਼ਿਪ 2024 ਵਿੱਚ 200 ਮੀਟਰ ਤੇ 500 ਮੀਟਰ ਵਿੱਚ 2 ਕਾਂਸੇ ਦੇ ਤਮਗੇ ਪ੍ਰਾਪਤ ਕਰਨ ਵਾਲੀ ਪਿੰਡ ਖੈਰਾ ਖੁਰਦ ਦੀ ਵਸਨੀਕ ਕੋਮਲ ਰਾਣੀ ਵਰਮਾ ਪੁੱਤਰੀ ਸ੍ਰੀ ਵਿਜੈ ਪਾਲ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਸਰਦੂਲਗੜ੍ਹ ਸ੍ਰੀ ਨਿਤੇਸ਼ ਜੈਨ, ਕੋਚ ਸ੍ਰੀ ਗੁਰਪ੍ਰੀਤ ਸਿੰਘ ਤੇ ਸ੍ਰੀ ਸੁਭਾਸ਼ ਰਾਮ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਾਂਗਕਾਂਗ (ਚੀਨ) ਵਿੱਚ ਹੋਈ ਇਸ ਚੈਂਪੀਅਨਸ਼ਿਪ ਵਿੱਚ ਤਮਗਾ ਹਾਸਲ ਕਰਨਾ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ।ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਕੋਮਲ ਰਾਣੀ ਵਰਗੇ ਖਿਡਾਰੀਆਂ ਤੋਂ ਪ੍ਰੇਰਣਾ ਲੈ ਕੇ ਵੱਧ ਤੋਂ ਵੱਧ ਖੇਡਾਂ ਵੱਲ ਦਿਲਚਸਪੀ ਲੈਣੀ ਚਾਹੀਦੀ ਹੈ ਤੇ ਆਪਣੇ ਜ਼ਿਲ੍ਹੇ, ਸੂਬੇ ਤੇ ਦੇਸ਼ ਦਾ ਨਾਮ ਦੁਨੀਆ ਭਰ ਵਿੱਚ ਉੱਚਾ ਕਰਨਾ ਚਾਹੀਦਾ ਹੈ।

## ਅੰਮ੍ਰਿਤਾ ਵੜਿੰਗ ਨੂੰ ਵੱਡਾ ਹੁਲਾਰਾ, ਸੈਂਕੜੇ ਪਰਵਾਰ ਕਾਂਗਰਸ 'ਚ ਸ਼ਾਮਲ, ਦਰਜਨ ਪਿੰਡਾਂ ਦਾ ਤੂਫਾਨੀ ਦੌਰਾ



ਦੋਦਾ (ਵਕੀਲ ਸਿੰਘ ਬਰਾੜ)-ਵਿਧਾਨ ਸਭਾ ਹਲਕਾ ਤੋਂ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਅੰਮ੍ਰਿਤਾ ਵੜਿੰਗ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦ ਉਨ੍ਹਾਂ ਦੇ ਪਤੀ ਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪਿੰਡ ਖਿੜਕੀਆਂਵਾਲਾ, ਭੁੱਟੀਵਾਲਾ, ਦੋਦਾ, ਗਿਲਜੇਵਾਲਾ, ਮਨੀਆਂਵਾਲਾ, ਸ਼ੇਖ, ਮਧੀਰ, ਬੁੱਟਰ ਬਖੂਹਾ, ਹੁਸਨਰ ਆਦਿ ਪਿੰਡਾਂ ਵਿੱਚ ਤੂਫਾਨੀ ਦੌਰਾ ਕੀਤਾ। ਹਰੇਕ ਪਿੰਡ ਵਿੱਚ ਤਿੰਨ ਜਾਂ ਚਾਰ ਚਾਰ ਥਾਂਵਾਂ ਉੱਤੇ ਮੀਟਿੰਗਾਂ ਕੀਤੀਆਂ, ਜਿਸ ਦੌਰਾਨ ਸਮੂਹ ਪ੍ਰੋਗਰਾਮਾਂ ਦੌਰਾਨ ਸੈਕੜੇ ਪਰਿਵਾਰਾਂ ਨੇ ਦੂਜੀਆਂ ਪਾਰਟੀਆਂ ਤੋਂ ਕਿਨਾਰਾ ਕਰਦਿਆਂ ਕਾਂਗਰਸ ਪਾਰਟੀ ਦਾ ਹੱਥ ਫੜਿਆ। ਇਸ ਮੌਕੇ ਉਨ੍ਹਾਂ ਨਾਲ ਹਲਕੇ ਦੇ ਆਗੂ ਮੌਜੂਦ ਰਹੇ।

...ਸਫ਼ਾ 1 ਦਾ ਬਾਕੀ

### ਗ਼ਦਰੀ ਬਾਬਾ ਨਿਰੰਜਨ...

ਸੁਰਿੰਦਰ ਕੁਮਾਰੀ ਕੋਛੜ ਨੇ ਪਰਵਾਰ ਨੂੰ ਮਿਊਜ਼ੀਅਮ ਅਤੇ ਦੇਸ਼ ਭਗਤ ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ ਦਿਖਾਇਆ ਅਤੇ ਇਸ ਤੋਂ ਪ੍ਰੇਰਨਾ ਲੈ ਰਹੇ ਨੌਜਵਾਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪਰਵਾਰ ਨੂੰ ਜੀ ਆਇਆਂ ਕਹਿਣ ਵਾਲਿਆਂ ਵਿਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੈਂਬਰ ਗੁਰਮੀਤ ਸਿੰਘ, ਹਰਵਿੰਦਰ ਭੰਡਾਲ, ਡਾ. ਹਰਜੀਤ ਸਿੰਘ ਦਰਦ, ਭੁਵਨ, ਰਾਮਜੀ ਵੀ ਹਾਜ਼ਰ ਸਨ।

# ਪ੍ਰਸ਼ਾਸਨਿਕ ਅਧਿਕਾਰੀਆਂ ਨੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)

ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਤੇ ਤੁਸ਼ਾਰ ਗੁਪਤਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਅਨਾਜ ਮੰਡੀ ਸ੍ਰੀ ਮੁਕਤਸਰ ਸਾਹਿਬ ਤੇ ਦੋਦਾ ਦਾ ਦੌਰਾ ਕੀਤਾ।ਇਸ ਮੌਕੇ ਚੱਲ ਰਹੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਤੇ ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਝੋਨੇ ਦੀ ਖਰੀਦ ਤੇਜ਼ੀ ਨਾਲ ਕੀਤੀ ਜਾਵੇ ਤੇ ਅਦਾਇਗੀ ਵੀ ਨਾਲੋ ਨਾਲ ਕਾਰਵਾਈ ਜਾਵੇ।ਮੰਡੀਆਂ ਦੇ ਦੌਰੇ ਦੌਰਾਨ ਉਨ੍ਹਾਂ ਕਿਹਾ ਕਿ ਅਧਿਕਾਰੀਆਂ ਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਜਿਵੇਂ ਹੀ ਕਿਸਾਨ ਫਸਲ ਮੰਡੀ ਵਿਖੇ ਲੈ ਕੇ ਆਉਂਦਾ ਹੈ ਤਾਂ ਨਾਲੋਂ-ਨਾਲ ਖਰੀਦ ਪ੍ਰਕਿਰਿਆ ਅਰੰਭੀ ਜਾਵੇ।ਉਨ੍ਹਾਂ ਨੇ ਇਸ ਸਬੰਧੀ ਅਧਿਕਾਰੀਆਂ ਨੂੰ ਤੇਜ਼ੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਰਾਜੇਸ਼ ਤ੍ਰਿਪਾਠੀ ਤੇ ਤੁਸ਼ਾਰ ਗੁਪਤਾ ਨੇ ਕਿਸਾਨਾਂ ਨੂੰ ਅਪੀਲ ਕਰਦਿਆ ਕਿਹਾ ਕਿ ਫਸਲ ਦੀ ਕਟਾਈ ਉਪਰੰਤ ਝੋਨੇ ਦੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਸਗੋਂ ਇਸ ਦੀ ਖਾਦ ਦੇ ਰੂਪ ਵਿੱਚ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਜ਼ਮੀਨ ਵਿੱਚ ਹੀ ਵਾਹਿਆ ਜਾਵੇ ਤੇ ਫਸਲ ਦੀ ਬਜਾਈ ਕੀਤੀ ਜਾਵੇ, ਜਿਸ ਨਾਲ ਅਗਲੇਰੀ ਫਸਲ ਦੀ ਉਪਜ ਵਿੱਚ ਫਾਇਦਾ ਮਿਲਦਾ ਹੈ ਅਤੇ ਝਾੜ ਵੀ ਵੱਧ ਪ੍ਰਾਪਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦੀ ਸੁਚੱਜੀ ਵਰਤੋਂ ਕਰਕੇ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਤੋਂ ਬਚਾ ਸਕਦੇ ਹਾਂ, ਉੱਥੇ ਆਪਣੀ ਜਮੀਨੀ ਤਾਕਤ ਨੂੰ ਵੀ ਕਾਇਮ ਰੱਖਦੇ ਹਾਂ।ਇਸ ਮੌਕੇ ਸ੍ਰੀਮਤੀ ਬਲਜੀਤ ਕੌਰ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ, ਜ਼ਿਲ੍ਹਾ ਮੰਡੀ ਅਫਸਰ ਅਜੇਪਾਲ ਸਿੰਘ ਬਰਾੜ, ਮਾਰਕਿਟ ਕਮੇਟੀ ਦੇ ਸਕੱਤਰ ਆਦਿ ਮੌਜੂਦ ਸਨ।

## ਮਾਤਾ ਦਿਆਵੰਤੀ ਨਮਿੱਤ ਪਾਠ ਦਾ ਭੋਗ ਅੱਜ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਪਿਛਲੇ ਦਿਨੀਂ ਗੋਬਿੰਦ ਕਾਲੋਨੀ ਵਾਸੀ ਰਾਧਾ ਸੁਆਮੀ ਤੇ ਗਰਗ ਪਰਵਾਰ ਦੇ ਜੀਵਨ ਲਾਲ ਗਰਗ, ਵਕੀਲ ਚੰਦ ਗਰਗ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੀ ਮਾਤਾ ਦਿਆਵੰਤੀ ਦਾ ਦਿਹਾਂਤ ਹੋ ਗਿਆ।ਇਸ ਮੌਤ 'ਤੇ ਸਾਬਕਾ ਰਾਜ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸੰਜੇ ਕੁਮਾਰ ਗਰਗ, ਵਿੱਕੀ ਵਸ਼ਿਸ਼ਟ, ਬਲਵਿੰਦਰ ਸਿੰਘ ਢਿੱਲੋਂ, ਹਰਮੇਸ਼ ਸ਼ਰਮਾ, ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿਆਨੀ, ਵਿਜੇ ਗੋਇਲ, ਕਾਲਾ ਮਿੱਤਲ, ਸੰਜੇ ਜੈਨ, ਮੇਲਾ ਸਿੰਘ ਸੂਬੇਦਾਰ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਰਵਾਰ ਵੱਲੋਂ ਰੱਖੇ ਗਏ ਸ੍ਰੀ ਗਰੁੜ ਪੁਰਾਣ ਜੀ ਦੇ ਪਾਠ ਦੇ ਭੋਗ 27 ਅਕਤੂਬਰ ਨੂੰ ਕਿੰਗਜ਼ ਰਿਜ਼ੋਰਟ ਮੈਰਿਜ ਪੈਲੇਸ ਬਡਬਰ ਰੋਡ ਲੌਂਗੋਵਾਲ ਵਿਖੇ ਪਾਏ ਜਾਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

27-Oct-PAGE-3.qxd 10/26/2024 10:48 PM Page 1



# ਕਿਸਾਨਾਂ ਨੇ ਨੈਸ਼ਨਲ ਹਾਈਵੇ 'ਤੇ ਧਰਨਾ ਦੇ ਕੇ ਸੜਕ ਕੀਤੀ ਜਾਮ



**ਪਠਾਨਕੋਟ (ਦਵਿੰਦਰ ਸਿੰਘ)**-ਸ਼ੁੱਕਰਵਾਰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਨੈਸ਼ਨਲ ਹਾਈਵੇ ਜਾਮ ਕੀਤਾ ਗਿਆ। ਇਸ ਧਰਨੇ ਦੀ ਪ੍ਰਧਾਨਗੀ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪਰਸ਼ੋਤਮ ਕੁਮਾਰ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਸਿੰਘ, ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਘੋਹ ਨੇ ਕੀਤੀ। ਇਹ ਧਰਨਾ ਸਵੇਰੇ 11 ਵਜੇ ਤੋਂ 3 ਵਜੇ ਤੱਕ ਰਿਹਾ। ਇਸ ਧਰਨੇ ਨੂੰ ਬਲਬੀਰ ਸਿੰਘ, ਨਰੰਜਨ ਸਿੰਘ, ਜਵਾਲਾ ਸਿੰਘ, ਮੁਖਤਾਰ ਸਿੰਘ, ਅਮਰ ਕ੍ਰਾਂਤੀ ਹਰਜੀਤ ਸਿੰਘ, ਗੁਰਬਾਜ ਸਿੰਘ, ਅਮੀਰ ਸਿੰਘ, ਪ੍ਰੇਮ ਸਿੰਘ, ਸੁਰਿੰਦਰ ਸਹਿਗਲ, ਕੇਵਲ ਕਾਲੀਆ, ਨੇਤਰ ਸਿੰਘ ਅਤੇ ਅਵਿਨਾਸ਼ ਕੁਮਾਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਪੁੱਤਾਂ ਵਾਂਗ ਪਾਲੀ ਕਿਸਾਨਾਂ ਦੀ ਝੋਨੇ ਦੀ ਫਸਲ ਰੁਲ ਰਹੀ ਹੈ, ਖਰੀਦ ਨਹੀ ਹੋ ਰਹੀ। ਕਿਸਾਨ ਬਹੁਤ ਦਿਨਾਂ ਤੋਂ ਮੰਡੀ ਵਿਚ ਖੱਜਲ ਖੁਆਰ ਹੋ ਰਹੇ ਹਨ। ਜੇਕਰ ਫਸਲ ਖਰੀਦੀ ਵੀ ਜਾ ਰਹੀ ਹੈ ਤਾਂ ਪੂਰਾ ਰੇਟ ਨਹੀਂ ਦਿੱਤਾ ਜਾ ਰਿਹਾ। ਕਿਸਾਨਾਂ ਦੀ ਫਸਲ ਵਿੱਚੋਂ ਕਟੌਤੀ ਕੀਤੀ ਜਾ ਰਹੀ ਹੈ। ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਜਾਣਬੁੱਝ ਕੇ ਖੱਜਲ ਕੀਤਾ ਜਾ ਰਿਹਾ ਹੈ। ਗੁਦਾਮਾਂ ਨੂੰ ਖਾਲੀ ਨਹੀਂ ਕੀਤਾ ਗਿਆ। ਮੰਡੀਆਂ ਵਿੱਚ ਝੋਨੇ ਦੇ ਢੇਰ ਲੱਗੇ ਹੋਏ ਹਨ। ਕਿਸਾਨੀ ਦੀ ਲੁੱਟ ਹੋ ਰਹੀ ਹੈ। ਕਿਸਾਨ ਵਿਰੋਧੀ ਨੀਤੀਆਂ ਕਰਕੇ ਸਰਕਾਰ ਖੇਤੀ ਨੂੰ ਲਾਭਦਾਇਕ ਕਿੱਤਾ ਨਹੀਂ ਰਹਿਣ ਦੇਵੇਗੀ। ਦਿੱਲੀ ਮੋਰਚੇ ਦੇ ਫੈਸਲੇ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਸਵਾਮੀਨਾਥਨ ਕਮਿਸ਼ਨ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਪੰਜਾਬ ਸਰਕਾਰ ਨੇ ਵੀ ਵੇਲੇ ਸਿਰ ਖਰੀਦ ਦਾ ਪ੍ਰਬੰਧ ਨਹੀਂ ਕੀਤਾ। ਗੁਦਾਮ ਖਾਲੀ ਕਰਨ ਲਈ ਦਬਾ ਨਹੀਂ ਬਣਾਇਆ। ਬਾਰਦਾਨੇ ਤੇ ਹੋਰ ਪ੍ਰਬੰਧ ਨਹੀਂ ਕੀਤੇ। ਚੁਕਾਈ ਦਾ ਪ੍ਰਬੰਧ ਨਹੀਂ ਕੀਤਾ। ਜਿਸ ਦੇ ਸਿੱਟੇ ਵਜੋਂ ਕਿਸਾਨੀ ਨੂੰ ਸੜਕਾਂ 'ਤੇ ਬੈਠਣਾ ਪਿਆ। ਜੇਕਰ ਫਸਲ ਦੀ ਖਰੀਦ ਸ਼ੁਰੂ ਨਾ ਕੀਤੀ ਤਾਂ 29 ਅਕਤੂਬਰ ਨੂੰ ਡੀ ਸੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ।

# ਝੋਨੇ ਦੀ ਖਰੀਦ ਸ਼ੁਰੂ ਕਰਾਉਣ ਲਈ ਕਿਸਾਨਾਂ-ਮਜ਼ਦੂਰਾਂ ਨੇ ਬੱਬਰੀ ਚੌਕ ਹਾਈਵੇ ਕੀਤਾ ਜਾਮ

## 29 ਨੂੰ ਡੀ ਸੀ ਦਫਤਰ ਦਾ ਮੁਕੰਮਲ ਘਿਰਾਓ ਹੋਵੇਗਾ



**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)**-ਗੁਰਦਾਸਪੁਰ ਦੇ ਬੱਬਰੀ ਚੌਕ ਵਿਖੇ ਕਿਸਾਨਾਂ ਨੇ ਨੈਸ਼ਨਲ ਹਾਈਵੇ ਨੂੰ 11 ਤੋਂ 3 ਵਜੇ ਤੱਕ ਚਾਰ ਘੰਟੇ ਲਈ ਜਾਮ ਕਰ ਦਿੱਤਾ। ਵੱਡੀ ਗਿਣਤੀ ਵਿੱਚ ਕਿਸਾਨ ਤੇ ਮਜ਼ਦੂਰ ਚੌਕ ਵਿੱਚ ਇਕੱਤਰ ਹੋਏ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਹਰੇ ਬੁਲੰਦ ਕੀਤੇ। ਸੰਯੁਕਤ ਕਿਸਾਨ ਮੋਰਚੇ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਇਸ ਦੀ ਪ੍ਰਧਾਨਗੀ ਕਸ਼ਮੀਰ ਸਿੰਘ ਤੁਗਲਵਾਲ, ਹਰਜੀਤ ਸਿੰਘ ਕਾਹਲੋਂ, ਮੱਖਣ ਸਿੰਘ ਕੁਹਾੜ, ਤਰਲੋਕ ਸਿੰਘ ਬਹਿਰਾਮਪੁਰ, ਗੁਰਵਿੰਦਰ ਸਿੰਘ ਜੀਵਨਚੱਕ, ਜਸਬੀਰ ਸਿੰਘ ਕੱਤੋਵਾਲ, ਸੁਖਦੇਵ ਸਿੰਘ ਭਾਗੋਕਾਵਾਂ, ਸਤਬੀਰ ਸਿੰਘ ਸੁਲਤਾਨੀ, ਕਰਨੈਲ ਸਿੰਘ ਸ਼ੇਰਪੁਰ, ਸੁਰਿੰਦਰ ਸਿੰਘ ਕੋਠੇ, ਪਲਵਿੰਦਰ ਸਿੰਘ ਮਠੋਲਾ ਅਤੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਐਸ ਪੀ ਸਿੰਘ ਗੋਸਲ ਪ੍ਰਧਾਨਗੀ ਮੰਡਲ ਤੋਂ ਇਲਾਵਾ ਅਜੀਤ ਸਿੰਘ ਹੁੰਦਲ, ਗੁਰਦੀਪ ਸਿੰਘ ਮੁਸਤਫਾਵਾਦ, ਸਰਪੰਚ ਸੁਖਦੇਵ ਸਿੰਘ ਛਿਛਰਾ, ਮੰਗਤ ਸਿੰਘ ਜੀਵਨਚੱਕ, ਚੰਨਣ ਸਿੰਘ ਦੋਰਾਂਗਲਾ, ਬਲਬੀਰ ਸਿੰਘ ਕੱਤੋਵਾਲ, ਬਲਬੀਰ ਸਿੰਘ ਬੈਂਸ, ਬਲਬੀਰ ਸਿੰਘ ਉੱਚਾ ਧਕਾਲਾ, ਦਲਬੀਰ ਸਿੰਘ ਡੁਗਰੀ, ਬਲਜਿੰਦਰ ਸਿੰਘ, ਸਰਦੂਲ ਸਿੰਘ ਬਰੀਲਾ, ਗਗਨਦੀਪ ਸਿੰਘ, ਮਾਸਟਰ ਕਰਮ ਸਿੰਘ, ਬਲਦੇਵ ਸਿੰਘ ਕਲੇਰ ਅਤੇ ਮਜ਼ਦੂਰ ਆਗੂਆਂ ਰਾਜਕੁਮਾਰ ਭੰਡੋਰੀ, ਵਿਜੇ ਸੋਹਲ, ਸੁਭਾਸ਼ ਕੈਰੇ, ਪਲਵਿੰਦਰ ਸਿੰਘ, ਸੁਖਦੇਵ ਰਾਜ ਬਹਿਰਾਮਪੁਰ, ਕੁਲਵਿਨਦੇਰ ਸਿੰਘ ਤਿੱਬੜ, ਜਗਜੀਤ ਸਿੰਘ ਜੱਜ ਤੇ ਸਵਾਮੀ ਬਾਊਪੁਰ ਆਦਿ ਨੇ ਸੰਬੋਧਨ ਕੀਤਾ। ਕਿਸਾਨ ਮੰਗ ਕਰ ਰਹੇ ਸਨ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਕਈ ਦਿਨ ਤੋਂ ਰੁਲ ਰਿਹਾ ਹੈ। 17% ਨਮੀਂ ਹੋਣ 'ਤੇ ਵੀ ਪੂਰਾ ਰੇਟ ਨਹੀਂ ਲੱਗ ਰਿਹਾ। ਸਰਕਾਰ ਖਰੀਦ ਨਹੀਂ ਕਰ ਰਹੀ ਅਤੇ ਸ਼ੈਲਰਾਂ ਵਾਲੇ ਤੇ ਹੋਰ 200-300 ਰੁਪਏ ਕੁਇੰਟਲ ਦੇ ਘਾਟੇ 'ਤੇ ਖਰੀਦ ਰਹੇ ਹਨ। ਨਮੀਂ ਦੇ ਬਹਾਨੇ ਕੱਟ ਲਗਾ ਰਹੇ ਹਨ। ਕਈ ਨਮੀਂ ਚੈੱਕ ਕਰਨ ਵਾਲੀਆਂ ਮਸ਼ੀਨਾਂ ਵਿੱਚ ਵੀ ਫਰਕ ਹੈ। ਕਿਸਾਨ ਮਜ਼ਦੂਰ ਆਗੂਆਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਮਿੱਲਾਂ ਵਿੱਚੋਂ ਪਿਛਲੇ ਸਾਲ ਦੇ ਚੌਲ ਨਹੀਂ ਚੁੱਕ ਰਹੀ ਤੇ ਉਨ੍ਹਾਂ ਨੂੰ ਕਰੋੜਾਂ ਦਾ ਘਾਟਾ ਪੈ ਰਿਹਾ ਹੈ। ਆੜ੍ਹਤੀਆਂ ਦਾ ਕਮਿਸ਼ਨ ਵੀ ਘੱਟ ਕਰ ਦਿੱਤਾ ਹੈ ਅਤੇ ਮੰਡੀ ਮਜ਼ਦੂਰਾਂ ਦਾ ਵੀ ਮਿਹਨਤਾਨਾ ਨਹੀਂ ਵਧਾਇਆ। ਕੇਂਦਰ ਵੱਲੋਂ ਲਿਫਟਿੰਗ ਨਾ ਹੋਣ ਕਾਰਨ ਖਰੀਦ ਨਹੀਂ ਹੋ ਰਹੀ। ਕੇਂਦਰ ਪੰਜਾਬ ਵਿਰੁੱਧ ਬਦਲਾ ਲਊ ਭਾਵਨਾ ਨਾਲ ਕੰਮ ਕਰ ਰਹੀ ਹੈ ਅਤੇ ਪੰਜਾਬ ਦਾ ਮੰਡੀ ਢਾਂਚਾ ਤਬਾਹ ਕਰਕੇ ਕਾਰਪੋਰੇਟ ਅਡਾਨੀਆਂ ਅੰਬਾਨੀਆਂ ਨੂੰ ਖਰੀਦ ਦਾ ਕੰਮ ਦੇਣਾ ਚਾਹੁੰਦੀ ਹੈ। ਦੂਜੇ ਪਾਸੇ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਵਿੱਚ ਪੰਜਾਬ ਦੀ ਸਰਕਾਰ ਬਰਾਬਰ ਦੀ ਦੋਸ਼ੀ ਹੈ। ਆਗੂਆਂ ਨੇ ਕਿਹਾ ਕਿ ਕਿਸਾਨ ਰਸਤੇ ਰੋਕ ਕੇ ਲੋਕਾਂ ਨੂੰ ਖਰਾਬ ਨਹੀਂ ਕਰਨਾ ਚਾਹੁੰਦੇ ਪਰ ਉਨ੍ਹਾਂ ਕੋਲ ਹੋਰ ਕੋਈ ਚਾਰਾਜੋਈ ਨਹੀਂ ਹੈ। ਪੰਜਾਬ ਦੀਆਂ ਸੜਕਾਂ ਜਾਮ ਹੋਣ ਦੀ ਦੋਸ਼ੀ ਕੇਂਦਰ ਅਤੇ ਪੰਜਾਬ ਸਰਕਾਰ ਹੈ।ਆਗੂਆਂ ਐਲਾਨ ਕੀਤਾ ਕਿ 29 ਅਕਤੂਬਰ ਨੂੰ ਡੀ ਸੀ ਦਫਤਰ ਦਾ ਮੁਕੰਮਲ ਘਿਰਾਓ ਕੀਤਾ ਜਾਵੇਗਾ। ਅਗਰ ਫਿਰ ਵੀ ਮਸਲੇ ਹੱਲ ਨਾ ਹੋਏ ਤਾਂ ਅਗਲਾ ਵੱਡਾ ਐਕਸ਼ਨ ਉਲੀਕਿਆ ਜਾਵੇਗਾ।

# ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਬਖਸ਼ੇ ਨਹੀਂ ਜਾਣਗੇ : ਵਧੀਕ ਡਿਪਟੀ ਕਮਿਸ਼ਨਰ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਅੱਜ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਫੂਡ ਸੇਫਟੀ ਟੀਮ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਤਿਉਹਾਰਾਂ ਦੇ ਦਿਨਾਂ ਨੂੰ ਮੁੱਖ ਰੱਖਦਿਆਂ ਮੀਟਿੰਗ ਕੀਤੀ ਗਈ ਹੈ। ਮੀਟਿੰਗ ਦੌਰਾਨ ਉਨ੍ਹਾਂ ਫੂਡ ਸੇਫਟੀ ਟੀਮ ਨੂੰ ਹਦਾਇਤ ਕਰਦਿਆਂ ਕਿਹਾ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਖਾਣ ਪੀਣ ਦੀਆਂ ਵਸਤੂਆਂ 'ਤੇ ਸਖਤ ਨਿਗਰਾਨੀ ਰੱਖੀ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨੇ ਫੂਡ ਸੇਫਟੀ ਟੀਮਾਂ ਨੂੰ ਕਿਹਾ ਕਿ ਉਹ ਖਾਣ ਪੀਣ ਦਾ ਕਾਰੋਬਾਰ ਕਰਨ ਵਾਲਾ ਦੁਕਾਨਦਾਰਾਂ 'ਤੇ ਨਿਰੰਤਰ ਚੈਕਿੰਗ ਕਰਨ ਤਾਂ ਜੋ ਕੋਈ ਵੀ ਮਾੜੀ ਚੀਜ਼ ਆਮ ਲੋਕਾਂ ਨੂੰ ਨਾ ਵੇਚੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਦੁਕਾਨਦਾਰ ਕੋਈ ਮਾੜੀ ਚੀਜ਼ ਵੇਚਦਾ ਪਾਇਆ ਜਾਂਦਾ ਹੈ ਤਾਂ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਅਧੀਨ ਉਹਨਾਂ 'ਤੇ ਕਾਰਵਾਈ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਦੁਕਾਨਦਾਰਾਂ ਨੂੰ ਜਿਵੇਂ ਹਲਵਾਈ, ਡੇਅਰੀ, ਬੇਕਰੀ ਆਦਿ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਹਦਾਇਤ ਕੀਤੀ ਕਿ ਉਹ ਚੰਗਾ ਤੇ ਵਧੀਆ ਖਾਣ ਪੀਣ ਦਾ ਸਮਾਨ ਲੋਕਾਂ ਨੂੰ ਵੇਚਣ ਤਾਂ ਜੋ ਲੋਕ ਆਪਣੇ ਘਰਾਂ ਵਿੱਚ ਚੰਗੀ ਤਰ੍ਹਾਂ ਤਿਉਹਾਰ ਮਨਾ ਸਕਣ ਤੇ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਨਾ ਪਵੇ। ਇਸ ਮੌਕੇ ਡਾ.ਜੀ ਐਸ ਪੰਨੂ ਸਹਾਇਕ ਕਮਿਸ਼ਨਰ ਫੂਡ ਨੇ ਦੱਸਿਆ ਕਿ ਸਾਡੇ ਫੂਡ ਸੇਫਟੀ ਵਿੰਗ ਵੱਲੋਂ ਲਗਾਤਾਰ ਖਾਣ ਪੀਣ ਦੀਆਂ ਵਸਤੂਆਂ ਦੀ ਚੈਕਿੰਗ ਸੈਂਪਲਿੰਗ ਕੀਤੀ ਜਾ ਰਹੀ ਹੈ। ਦੁਕਾਨਦਾਰਾਂ ਨੂੰ ਚੰਗਾ ਸਮਾਨ ਵੇਚਣ, ਚੀਜ਼ਾਂ ਢਕ ਕੇ ਰੱਖਣਾ ਤੇ ਮਠਿਆਈਆਂ ਵਿੱਚ ਰੰਗਾਂ ਦੀ ਮਾਤਰਾ ਘੱਟ ਰੱਖਣ ਅਤੇ ਫੂਡ ਕਲਰ ਹੀ ਵਰਤਣ ਸਬੰਧੀ ਹਦਾਇਤਾਂ ਕੀਤੀਆਂ ਜਾ ਰਹੀਆਂ ਹਨ। ਫੂਡ ਸੇਫਟੀ ਆਨ ਵੈਲਸ ਵੈਨ ਜੋ ਕਿ ਜਿਲਾ ਗੁਰਦਾਸਪੁਰ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ। ਇਸ ਮੌਕੇ ਫੂਡ ਸੇਫਟੀ ਅਫਸਰ ਰਮਨ ਬਿਰਦੀ ਅਤੇ ਸਿਮਰਤ ਕੌਰ ਵੀ ਹਾਜ਼ਰ ਸਨ।

# ਬੇਟੀ ਦੇ ਕੈਨੇਡਾ ਤੋਂ ਆਉਣ 'ਤੇ ਪੱਤਰਕਾਰ ਗੋਪਾਲ ਸਿੰਘ ਮਨਜੋਤਰਾ ਦਾ ਅੰਤਮ ਸੰਸਕਾਰ

## ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 30 ਨੂੰ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- 21 ਅਕਤੂਬਰ ਨੂੰ ਜੰਡਿਆਲਾ ਗੁਰੂ ਤੋਂ ਪੱਤਰਕਾਰ ਗੋਪਾਲ ਸਿੰਘ ਮਨਜੋਤਰਾ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਜਿਨ੍ਹਾਂ ਦੇ ਜਾਣ ਨਾਲ ਮਨਜੋਤਰਾ ਪਰਵਾਰ ਨੂੰ ਗਹਿਰਾ ਸਦਮਾ ਲੱਗਾ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ। 23 ਅਕਤੂਬਰ ਨੂੰ ਗੋਪਾਲ ਸਿੰਘ ਮਨਜੋਤਰਾ ਦੀ ਬੇਟੀ ਕੈਨੇਡਾ ਤੋਂ ਆਪਣੇ ਪਿਤਾ ਦੇ ਆਖ਼ਰੀ ਦਰਸ਼ਨ ਕਰਨ ਭਾਰਤ ਪਹੁੰਚੀ ਅਤੇ ਬੇਟੀ ਦੇ ਆਉਣ 'ਤੇ ਗੋਪਾਲ ਸਿੰਘ ਮਨਜੋਤਰਾ ਦੇ ਮ੍ਰਿਤਕ ਸਰੀਰ ਦਾ ਗੁਰ ਮਰਯਾਦਾ ਅਨੁਸਾਰ ਸ਼ਿਵਪੁਰੀ ਗਊਸ਼ਾਲਾ ਰੋਡ ਜੰਡਿਆਲਾ ਗੁਰੂ ਵਿਖੇ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆਂ, ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਭਰਾ ਸਤਿੰਦਰ ਸਿੰਘ, ਆਮ ਆਦਮੀ ਪਾਰਟੀ ਤੋਂ ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ, ਸ਼੍ਰੋਮਣੀ ਪ੍ਰਚਾਰਕ ਗਿਆਨੀ ਹਰਪ੍ਰੀਤ ਸਿੰਘ ਅਤੇ ਵੱਖ ਵੱਖ ਅਖ਼ਬਾਰਾਂ ਤੇ ਟੀ ਵੀ ਚੈਨਲਾਂ ਤੋਂ ਪੱਤਰਕਾਰ ਭਾਈਚਾਰਾ ਅਤੇ ਹੋਰ ਸਿਆਸੀ ਧਾਰਮਿਕ ਸ਼ਖ਼ਸੀਅਤਾਂ ਨੇ ਮਨਜੋਤਰਾ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਗੋਪਾਲ ਸਿੰਘ ਮਨਜੋਤਰਾ ਮਿਠਬੋਲੜੇ ਸੁਭਾਅ ਦੇ ਮਾਲਕ ਸਨ ਜਿਨ੍ਹਾਂ ਦੇ ਜਾਣ ਦਾ ਪੱਤਰਕਾਰ ਭਾਈਚਾਰੇ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਪਹੁੰਚੀਆਂ ਸ਼ਖ਼ਸੀਅਤਾਂ ਨੇ ਨਮ ਅੱਖਾਂ ਨਾਲ ਮਨਜੋਤਰਾ ਦੇ ਆਖਰੀ ਦਰਸ਼ਨ ਕਰਕੇ ਵਿਦਾਇਗੀ ਦਿੱਤੀ। ਗੋਪਾਲ ਸਿੰਘ ਮਨਜੋਤਰਾ ਦੀ ਰੂਹ ਕਲਿਆਣ ਲਈ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 30 ਅਕਤੂਬਰ ਦਿਨ ਬੁੱਧਵਾਰ ਗੁਰਦੁਆਰਾ ਮਲੀਆਣਾ ਜੰਡਿਆਲਾ ਗੁਰੂ ਵਿਖੇ ਹੋਵੇਗੀ।

# ਹੁਣ ਵਿਕਾਸ ਕਰਵਾ ਕੇ ਪਿੰਡਾਂ ਦੀ ਨੁਹਾਰ ਬਦਲਾਂਗੇ : ਈ ਟੀ ਓ

## ਬਿਨਾਂ ਪੱਖਪਾਤ ਹੋਵੇਗਾ ਪਿੰਡਾਂ ਦਾ ਸਰਬਪੱਖੀ ਵਿਕਾਸ : ਕੈਬਨਿਟ ਮੰਤਰੀ

**ਜੰਡਿਆਲਾ ਗੁਰੂ (ਨਰਿੰਦਰ ਜੀਤ ਸਿੰਘ)**- ਹਰਭਜਨ ਸਿੰਘ ਈ ਟੀ ਓ ਕੈਬਨਿਟ ਮੰਤਰੀ ਪੰਜਾਬ ਨੇ ਨਵੀਆਂ ਚੁਣੀਆਂ ਪੰਚਾਇਤਾਂ ਦੇ ਪੰਚਾਂ, ਸਰਪੰਚਾਂ ਨੂੰ ਕਿਹਾ ਕਿ ਉਹ ਬਿਨਾਂ ਭੇਦਭਾਵ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾਉਣ ਅਤੇ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਦੇਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰਨ। ਪੰਚਾਇਤੀ ਚੋਣਾਂ 2024 ਵਿੱਚ ਲੋਕਾਂ ਨੇ ਜਿਨ੍ਹਾਂ ਪੰਚਾਇਤਾਂ ਦੀ ਚੋਣ ਕੀਤੀ ਹੈ, ਉਹ ਹੁਣ ਪਿੰਡਾਂ ਦੇ ਵਿਕਾਸ ਦੀਆਂ ਗਵਾਹ ਬਣਨਗੀਆਂ।ਲੋਕਾਂ ਵੱਲੋਂ ਲਏ ਗਏ ਫੈਸਲੇ ਲਈ ਪੰਚਾਇਤਾਂ ਨੂੰ ਸਨਮਾਨ ਅਤੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕੈਬਨਿਟ ਮੰਤਰੀ ਈ ਟੀ ਓ ਨੇ ਆਪਣੇ ਦੌਰੇ ਦੌਰਾਨ ਪਿੰਡਾਂ ਦੇ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਪੰਜਾਬ ਵਿਚ ਹੁਣ ਪਿੰਡਾਂ ਦੇ ਵਿਕਾਸ ਦਾ ਖਾਕਾ ਤਿਆਰ ਹੋ ਗਿਆ ਹੈ, ਪਿੰਡਾਂ ਵਿੱਚ ਹੁਣ ਪੱਕੀਆਂ ਗਲੀਆਂ, ਨਾਲੀਆਂ, ਸੀਵਰੇਜ, ਜਲ ਸਪਲਾਈ, ਰੋਸ਼ਨੀ, ਪੀਣ ਵਾਲਾ ਸਾਫ ਪਾਣੀ, ਗੰਦੇ ਪਾਣੀ ਦੀ ਨਿਕਾਸੀ, ਛੱਪੜਾਂ ਦੀ ਸਫਾਈ, ਕਮਿਊਨਿਟੀ ਸੈਂਟਰਾਂ ਦਾ ਨਿਰਮਾਣ ਤੇ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਨੂੰ ਚੌੜਾ ਕਰਨ ਤੋਂ ਇਲਾਵਾ ਵੀ ਹੋਰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਪਿੰਡਾਂ ਦੇ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ, ਆਮ ਆਦਮੀ ਕਲੀਨਿਕ ਲੋਕਾਂ ਦੇ ਘਰਾਂ ਨੇੜੇ ਮਿਆਰੀ ਮੁਢਲੀਆਂ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੇ ਹਨ। ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਲਈ ਟ੍ਰਾਂਸਪੋਰਟ ਸੁਵਿਧਾਂ ਉਪਲੱਬਧ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਚੋਣਾਂ ਵਿਚ ਲੋਕਾਂ ਨੇ ਅਮਨ ਪੂਰਵਕ ਵੋਟਾਂ ਪਾ ਕੇ ਆਪਸੀ ਭਾਈਚਾਰਕ ਤੇ ਸਦਭਾਵਨਾ ਨੂੰ ਕਾਇਮ ਰੱਖਿਆ ਹੈ, ਹੁਣ ਰਾਜਨੀਤੀ ਕਰਨ ਦਾ ਨਹੀ ਸਗੋਂ ਵਿਕਾਸ ਕਰਨ ਦਾ ਸਮਾਂ ਆ ਗਿਆ ਹੈ। ਸਾਡੇ ਧੰਨਵਾਦੀ ਦੌਰੇ ਦੌਰਾਨ ਲੋਕਾਂ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ ਕਿ ਕਿਹੜੇ ਕੰਮ ਪ੍ਰਮੁੱਖਤਾ 'ਤੇ ਕਰਵਾਏ ਜਾਣ ।ਉਨ੍ਹਾਂ ਕਿਹਾ ਕਿ ਪੰਚਾਇਤਾਂ ਦਾ ਇਹ ਵੀ ਇਹ ਫਰਜ਼ ਹੈ ਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਪੱਖਪਾਤ ਤੋਂ ਪਿੰਡਾਂ ਦੇ ਵਿਕਾਸ ਕਰਵਾਉਣ। ਕੈਬਨਿਟ ਮੰਤਰੀ ਈ ਟੀ ਓ ਨੇ ਨਵੀਂ ਚੁਣੀ ਗਈ ਪੰਚਾਇਤ ਪਿੰਡ ਖੱਬੇ ਰਾਜਪੂਤਾਂ ਵਲੋਂ ਕਰਵਾਏ ਗਏ ਸ਼ੁਕਰਾਨਾ ਸਮਾਗਮ ਵਿੱਚ ਹਾਜ਼ਰੀ ਲਗਵਾਈ ਅਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਦੇ ਨਾਲ ਹੀ ਸਰਪੰਚ ਅਜੈ ਗਾਂਧੀ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ ਅਤੇ ਇਲਾਕਾ ਵਾਸੀਆਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਰਹਿਣ ਲਈ ਪ੍ਰੇਰਿਤ ਕੀਤਾ। ਕੈਬਨਿਟ ਮੰਤਰੀ ਨੇ ਪਿੰਡ ਗੁੰਨੋਵਾਲ, ਗਿੱਲ, ਸਰਜਾ, ਜੋਗਾ ਸਿੰਘ ਵਾਲਾ, ਕਸਬਾ ਮਹਿਤਾ ਚੌਂਕ ਅਤੇ ਪਿੰਡ ਖੱਬੇ ਰਾਜਪੂਤਾਂ ਦੀਆਂ ਪੰਚਾਇਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪਰਮਜੀਤ ਸਿੰਘ, ਸਵਿੰਦਰ ਕੌਰ, ਸਰਪੰਚ ਗੁਰਮੁਖ ਸਿੰਘ ਸਰਜਾ, ਲਖਬੀਰ ਕੌਰ ਅਤੇ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।



# ਅਕਾਲੀ ਦਲ ਦਾ ਜ਼ਿਮਨੀ ਚੋਣ ਤੋਂ ਪਿੱਛੇ ਹਟਣਾ ਮੰਦਭਾਗਾ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੋਣ ਵਾਲੀਆਂ ਮੌਜੂਦਾ ਜ਼ਿਮਨੀ ਚੋਣਾਂ ਦੇ ਮੈਦਾਨ ਵਿਚੋਂ ਆਪਣੇ ਆਪ ਨੂੰ ਪਿੱਛੇ ਹਟਾਉਣ ਸਬੰਧੀ ਲਿਆ ਫੈਸਲਾ ਅਕਾਲੀ ਦਲ ਲਈ ਸ਼ੁੱਭ ਸੰਕੇਤ ਨਹੀਂ। ਰਾਜਸੀ ਧਿਰ ਨੂੰ ਆਪਣਾ ਪਲੇਟਫਾਰਮ ਖਾਲੀ ਨਹੀਂ ਛੱਡਣਾ ਚਾਹੀਦਾ। ਇਹ ਨਿਰਾਸ਼ਾਜਨਕ ਤੇ ਮਯੂਸੀ ਵਾਲਾ ਫੈਸਲਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਚੋਣਾਂ ਸਬੰਧੀ ਦਿਤੀ ਖੁੱਲ੍ਹ ਨੂੰ ਨਜ਼ਰਅੰਦਾਜ਼ ਕਰਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਹ ਫੈਸਲਾ ਲੈਣਾ ਉਚਿਤ ਨਹੀਂ ਹੈ, ਇਹ ਤਾਂ ਵਿਰੋਧੀ ਧਿਰਾਂ ਨੂੰ ਮੈਦਾਨ ਸਾਫ ਕਰ ਕੇ ਦੇਣ ਵਾਲੀ ਚਿੰਤਾਜਨਕ ਤੇ ਅਫਸੋਸ ਵਾਲੀ ਗੱਲ ਹੈ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਰਾਜਸੀ ਦਲ ਵੱਲੋਂ ਲਏ ਗਏ ਵੱਖੋਂ ਵੱਖਰੇ ਫੈਸਲੇ ਤੇ ਪ੍ਰਤੀਕਰਮ ਦੇਂਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਵਿਚ ਸ਼ਿਰਕਤ ਕਰਨ, ਉਮੀਦਵਾਰ ਖੜ੍ਹੇ ਕਰਨ ਅਤੇ ਆਪਣੇ ਤਰੀਕੇ ਨਾਲ ਜ਼ੋਰਦਾਰ ਪ੍ਰਚਾਰ ਕਰਨ ਦੀ ਦਿੱਤੀ ਖੁੱਲ੍ਹ ਇਕ ਚੰਗਾ ਤੇ ਪ੍ਰਸੰਸਾਜਨਕ ਫੈਸਲਾ ਹੈ। ਉਨ੍ਹਾਂ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਅੱਜ ਜਾਰੀ ਕੀਤੀ ਗਈ ਵੀਡੀਓ ਰਾਹੀਂ ਸਿੰਘ ਸਾਹਿਬ ਨੇ ਸਪੱਸ਼ਟ ਕਿਹਾ ਹੈ ਕਿ ਸਿੱਖੀ ਪਰੰਪਰਾਵਾਂ, ਗੁਰਮਤਿ ਰਹੁਰੀਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਅਨੁਸਾਰ ਤਨਖਾਹੀਆਂ ਕਰਾਰ ਦਿੱਤੇ ਕਿਸੇ ਵੀ ਸਿੱਖ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਹ ਫੈਸਲਾ ਗੁਰਮਤਿ ਦੀ ਰੋਸ਼ਨੀ ਅਤੇ ਪੁਰਾਤਨ ਪੰਥਕ ਪਰੰਪਰਾਵਾਂ ਅਨੁਸਾਰ ਬਿਲਕੁਲ ਦਰੁਸਤ ਹੈ। ਹਰ ਸਿੱਖ ਨੂੰ ਇਸ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਪਰ ਅਕਾਲੀ ਦਲ ਵੱਲੋਂ ਦੂਜੇ ਪਾਸੇ ਇਹ ਹੈਰਾਨੀਜਨਕ ਤੇ ਦੁਖਦਾਈ ਫੈਸਲਾ ਲਿਆ ਗਿਆ ਹੈ।

ਇਸ ਫੈਸਲੇ ਨਾਲ ਪਾਰਟੀ ਹੋਰ ਗਿਰਾਵਟ 'ਚ ਚਲੀ ਜਾਵੇਗੀ। ਇਕ ਵਿਸ਼ੇਸ਼ ਵਿਅਕਤੀ ਕਰਕੇ ਚੋਣਾਂ ਲੜਨੀਆਂ ਮੁਲਤਵੀ ਕਰ ਦੇਣੀਆਂ ਸਲਾਹੁਣਯੋਗ ਨਹੀਂ ਸਗੋਂ ਦਿਸ਼ਾਹੀਣ ਫੈਸਲਾ ਹੈ।

# ਸਿੱਖ ਕੌਮ ਦਾ ਭਵਿੱਖ ਤੇ ਸਮਾਂ ਬਰਬਾਦ ਨਾ ਕੀਤਾ ਜਾਵੇ : ਭਾਈ ਰਣਜੀਤ ਸਿੰਘ

## ਪੰਜਾਬ 'ਚ ਭਾਜਪਾ ਨੇ ਬਾਦਲਾਂ ਤੋਂ ਉਧਾਰੇ ਉਮੀਦਵਾਰ ਲੈ ਕੇ ਖੜ੍ਹੇ ਕੀਤੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਥਕ ਅਕਾਲੀ ਲਹਿਰ ਦੀ ਅੰਮ੍ਰਿਤਸਰ ਵਿਖੇ ਹੋਈ ਤਿੰਨ ਜ਼ਿਲ੍ਹਿਆਂ ਦੀ ਗੁਰਦੁਆਰਾ ਪਾਤਸ਼ਾਹੀ ਛੇਵੀ ਰਣਜੀਤ ਐਵੀਨਿਊ ਵਿਖੇ ਵਿਸ਼ਾਲ ਪੰਥਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਪੰਥਕ ਅਕਾਲੀ ਲਹਿਰ ਦੇ ਪ੍ਰਧਾਨ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਗੰਥੀਆਂ ਨੂੰ ਬਾਦਲ ਦਲੀਆਂ ਨੇ ਇਹ ਕਹਿ ਕੇ ਚੈਲੰਜ ਕਰ ਦਿੱਤਾ ਹੈ ਕਿ ਜੈ ਸਾਡਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਚੋਣ ਨਹੀਂ ਲੜ ਸਕਦਾ ਤਾਂ ਅਕਾਲੀ ਦਲ ਬਾਦਲ ਚਾਰ ਜ਼ਿਮਨੀ ਚੋਣਾਂ ਪੰਜਾਬ ਦੀਆਂ ਨਹੀਂ ਲੜੇਗਾ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪੰਜੇ ਗ੍ਰੰਥੀ ਸਿੱਖ ਕੌਮ ਦਾ ਭਵਿੱਖ ਤੇ ਸਮਾਂ ਬਰਬਾਦ ਨਾ ਕਰਨ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਪੰਥਕ ਰਹੁ ਰੀਤਾਂ ਦੀ ਰਾਖੀ ਕਰਦੇ ਹੋਏ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਨ। ਭਾਈ ਸਾਹਿਬ ਨੇ ਕਿਹਾ ਕਿ ਭਾਜਪਾ ਤੇ ਬਾਦਲ ਦਲ ਵਾਲੇ ਮਿਲ ਕੇ ਖੇਡ ਖੇਡ ਰਹੇ ਹਨ ਅਤੇ ਭਾਜਪਾ ਨੇ ਬਾਦਲ ਤੋਂ ਉਧਾਰੇ ਲੈ ਕੇ ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ ਵਿੱਚ ਉਮੀਦਵਾਰ ਖੜ੍ਹੇ ਕੀਤੇ ਹਨ ਅਤੇ ਬਾਦਲ ਦਲ ਅਕਾਲ ਤਖ਼ਤ ਦੇ ਗ੍ਰੰਥੀਆਂ ਨੂੰ ਚੈਲੰਜ ਕਰਕੇ ਚੋਣਾਂ ਲੜਨ ਤੋਂ ਭੱਜ ਗਿਆ ਹੈ। ਭਾਈ ਸਾਹਿਬ ਨੇ ਗ੍ਰੰਥੀ ਗਿਆਨੀ ਹਰਪ੍ਰੀਤ ਸਿੰਘ ਦਮਦਮਾ ਸਾਹਿਬ ਨੂੰ ਵੀ ਆੜੇ ਹੱਥੀਂ ਲਿਆ ਕਿ ਉਨ੍ਹਾ ਨੇ ਆਪਣੇ ਯਾਰ ਦੀ ਅਗਵਾਈ ਵਿੱਚ 328 ਸਰੂਪਾਂ ਦੇ ਗਾਇਬ ਹੋਣ ਲਈ ਬਣਾਏ ਕਮਿਸ਼ਨ ਦੀ ਰਿਪੋਰਟ ਵੀ ਲਾਗੂ ਨਹੀ ਕਰਵਾਈ। ਭਾਈ ਰਣਜੀਤ ਸਿੰਘ ਨੇ ਸਿੱਖੀ 'ਚ ਆ ਰਹੇ ਨਿਘਾਰ ਲਈ ਸ਼੍ਰੋਮਣੀ ਕਮੇਟੀ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਗੁਰੂ ਰਾਮਦਾਸ ਮੈਡੀਕਲ ਕਾਲਜ ਵਿੱਚ ਐਮ ਬੀ ਬੀ ਐਸ ਦੀ ਪੜ੍ਹਾਈ 85 ਲੱਖ 'ਚ ਜਦੋਂ ਕਿ ਕਰਿਸ਼ਚਨਾਂ ਦੇ ਸੀ ਐਮ ਸੀ 'ਚ ਇਹ ਪੜ੍ਹਾਈ 45 ਲੱਖ 'ਚ ਹੋ ਰਹੀ ਹੈ, ਅਸੀ ਸਿੱਖ ਬੱਚੇ ਕਦੋਂ ਡਾਕਟਰ ਬਣਾ ਪਾਵਾਂਗੇ। ਸ਼੍ਰੋਮਣੀ ਕਮੇਟੀ ਦਾ ਬਜਟ 1500 ਕ੍ਰੋੜ ਦਾ ਹੈ ਜਿਹੜਾ ਕਿ ਬਾਦਲ ਦਲੀਆਂ ਦੀਆਂ ਜੇਬਾਂ ਭਰਦਾ ਹੀ ਨਜ਼ਰ ਆ ਰਿਹਾ ਹੈ। ਉਨ੍ਹਾਂ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀ ਪੰਥਕ ਅਕਾਲੀ ਲਹਿਰ ਸਿਰਫ ਧਾਰਮਿਕ ਸੰਸਥਾ ਹੈ ਜਿਸ ਦਾ ਮਕਸਦ ਧਰਮ ਦੇ ਖੇਤਰ ਵਿੱਚ ਆਏ ਨਿਘਾਰ ਨੂੰ ਮਿਟਾ ਕੇ ਸਿੱਖ ਬੱਚਿਆਂ ਨੂੰ ਪੜ੍ਹਾਉਣਾ ਤੇ ਸਿੱਖੀ ਸਿਧਾਂਤਾਂ ਦੀ ਪਹਿਰੇਦਾਰੀ ਕਰਨਾ ਹੈ। ਉਨ੍ਹਾ ਵਰਕਰਾਂ ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਬੂਥ ਕਮੇਟੀ ਬਣਾਉਣ ਤਾਂ ਜੋ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਜਿੱਤ ਕੇ ਪੰਥਕ ਰਹੁ ਰੀਤਾਂ ਨੂੰ ਕਾਇਮ ਕੀਤਾ ਜਾ ਸਕੇ। ਇਸ ਮੌਕੇ ਪੰਥਕ ਅਕਾਲੀ ਲਹਿਰ ਦੇ ਸਰਪ੍ਰਸਤ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅੱਜ ਸਾਡੇ ਆਪਣੇ ਸਿਧਾਂਤਹੀਣ ਅਖੌਤੀ ਪੰਥਕ ਲੀਡਰ ਹਮਲੇ ਕਰਕੇ ਸਿੱਖੀ ਨੂੰ ਕਮਜੋਰ ਕਰ ਰਹੇ ਹਨ। ਬਾਬਾ ਬੇਦੀ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਕੌਮ ਦੀ ਵਿਗੜੀ ਹਾਲਤ ਨੂੰ ਸੁਧਾਰਨ। ਪੰਥਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪੰਥਕ ਅਕਾਲੀ ਲਹਿਰ ਦੇ ਮੁੱਖ ਬੁਲਾਰੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਦੀ ਪੰਥਕ ਸਥਿਤੀ ਬਾਰੇ ਜੋ ਬਿਆਨਬਾਜ਼ੀ ਹੋ ਰਹੀ ਹੈ ਉਹ ਬਹੁਤ ਹੀ ਦੁਖਦਾਈ ਹੈ।

# ਆਰੀਆ ਸਮਾਜ ਮੰਦਰ ਨੇ ਕੱਢੀ ਸ਼ੋਭਾ ਯਾਤਰਾ



**ਦੀਨਾਨਗਰ (ਸੰਜੀਵ)**-ਆਰੀਆ ਸਮਾਜ ਮੰਦਰ ਦੀਨਾਨਗਰ ਵੱਲੋਂ ਮਹਾਰਿਸ਼ੀ ਦਯਾਨੰਦ ਸਰਸਵਤੀ ਵੈਦਿਅਕ ਉਤਸਵ ਅਤੇ ਸਵਾਮੀ ਸਰਵਾਨੰਦ ਨਿਰਵਾਣ ਉਤਸਵ ਦੇ ਮੌਕੇ ਦੀਨਾਨਗਰ ਦੇ ਦਯਾਨੰਦ ਮੱਠ ਦੇ ਪ੍ਰਧਾਨ ਸਵਾਮੀ ਸਦਾਨੰਦ ਦੀ ਪ੍ਰਧਾਨਗੀ ਹੇਠ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਪ੍ਰਿੰਸੀਪਲ ਅਜਮੇਰ ਸਿੰਘ ਅਤੇ ਆਰੀਆ ਸਮਾਜ ਦੇ ਮੁਖੀ ਈਸ਼ਵਰ ਭੱਲਾ ਦੀ ਅਗਵਾਈ ਹੇਠ ਦੁਸਹਿਰਾ ਗਰਾਊਂਡ ਤੋਂ ਸ਼ੁਰੂ ਹੋ ਕੇ ਰੇਲਵੇ ਰੋਡ ਅਤੇ ਜੀ. ਟੀ ਰੋਡ ਤੋਂ ਹੋ ਕੇ ਸਵਾਮੀ ਸਰਵਾਨੰਦ ਗਰੁੱਪ ਆਫ ਇੰਸਟੀਚਿਊਟ ਵਿਖੇ ਸਮਾਪਤ ਹੋਈ।ਸ਼ੋਭਾ ਯਾਤਰਾ ਦੀ ਸ਼ੁਰੂਆਤ ਦਯਾਨੰਦ ਮੱਠ ਦੀਨਾਨਗਰ ਦੇ ਵਿਆਚਾਰੀਆਂ ਵੱਲੋਂ ਹਵਨ ਯੱਗ ਨਾਲ ਕੀਤੀ ਗਈ। ਉਪਰੰਤ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਤੋਂ ਪਹੁੰਚੇ ਵੱਖ-ਵੱਖ ਆਰੀਆ ਸੰਸਥਾਵਾਂ ਦੇ ਪ੍ਰਿੰਸੀਪਲਾਂ, ਅਧਿਕਾਰੀਆਂ ਅਤੇ ਆਰੀਆ ਸਮਾਜ ਦੇ ਅਹੁਦੇਦਾਰਾਂ ਨੂੰ ਦਯਾਨੰਦ ਮੱਠ ਦੀਨਾਨਗਰ ਦੇ ਮੈਨੇਜਰ ਡਾ. ਬਲਵਿੰਦਰ ਸ਼ਾਸਤਰੀ, ਪ੍ਰਿੰਸੀਪਲ ਈਸ਼ਵਰ ਭੱਲਾ, ਜਨਰਲ ਸਕੱਤਰ ਅਰੁਣ ਵਿੱਜ ਅਤੇ ਖਜ਼ਾਨਚੀ ਰਾਜੇਸ਼ ਨੇ ਸਨਮਾਨਤ ਕੀਤਾ । ਐੱਸ. ਐੱਸ. ਐਮ.ਸਕੂਲ ਝੰਗੀ ਸਰੂਪ ਦਾਸ ਦੀ ਪ੍ਰਿੰਸੀਪਲ ਸੁਸ਼ੀਲਾ ਸ਼ਰਮਾ ਵੱਲੋਂ ਰੀਬਨ ਕੱਟ ਕੇ ਅਤੇ ਐੱਸ. ਐੱਸ. ਐਮ.ਕਾਲਜ ਦੇ ਪ੍ਰਿੰਸੀਪਲ ਆਰ. ਕੇ ਤੁਲੀ ਨੇ ਗੁਬਾਰੇ ਛੱਡ ਕੇ ਹਰੀ ਝੰਡੀ ਦੇ ਕੇ ਸ਼ੋਭਾ ਯਾਤਰਾ ਨੂੰ ਰਵਾਨਾ ਕੀਤਾ। ਇਹ ਯਾਤਰਾ ਰੇਲਵੇ ਰੋਡ ਤੋਂ ਹੁੰਦੀ ਹੋਈ ਬੱਸ ਸਟੈਂਡ ਤੋਂ ਜੀ. ਟੀ.ਰੋਡ ਦੇ ਰਸਤੇ ਸਵਾਮੀ ਸਰਵਾਨੰਦ ਗਰੁੱਪ ਆਫ ਇੰਸਟੀਚਿਊਟ ਵਿਖੇ ਸਮਾਪਤ ਹੋਈ।ਸਵਾਮੀ ਸਰਵਾਨੰਦ ਗਰੁੱਪ ਆਫ਼ ਇੰਸਟੀਚਿਊਟ ਦੀ ਤਰਫੋਂ ਰਿਸ਼ੀ ਲੰਗਰ ਦਾ ਪ੍ਰਬੰਧ ਕੀਤਾ ਗਿਆ।

# ਪੋਲਿੰਗ ਸਟੇਸ਼ਨਾਂ 'ਤੇ ਵੋਟਰਾਂ ਦੀ ਸਹੂਲਤ ਲਈ ਕੀਤੇ ਜਾਣਗੇ ਵਿਸ਼ੇਸ਼ ਪ੍ਰਬੰਧ : ਵਧੀਕ ਜ਼ਿਲ੍ਹਾ ਚੋਣ ਅਧਿਕਾਰੀ

**ਗੁਰਦਾਸਪੁਰ (ਜਨਕ ਮਹਾਜਨ)**- 13 ਨਵੰਬਰ ਨੂੰ ਹੋ ਰਹੀ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਨੂੰ ਧਿਆਨ ਵਿੱਚ ਰੱਖਦੇ ਹੋਏ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ- ਕਮ-ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਹਰ ਪੋਲਿੰਗ ਸਟੇਸ਼ਨ 'ਤੇ ਚੋਣ ਅਮਲੇ ਅਤੇ ਵੋਟਰਾਂ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਲਈ ਪਿੰਕ, ਗਰੀਨ, ਯੂਥ ਅਤੇ ਪੀ.ਡਬਲਿਊ.ਡੀ. ਪੋਲਿੰਗ ਸਟੇਸ਼ਨ ਵੀ ਸਥਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 87- ਸਰਕਾਰੀ ਮਿਡਲ ਸਕੂਲ, ਹਰੂਵਾਲ ਪਿੰਕ ਬੂਥ ਬਣਾਇਆ ਜਾਵੇਗਾ, ਜਿਥੇ ਸਾਰਾ ਸਟਾਫ ਔਰਤਾਂ ਦਾ ਹੋਵੇਗਾ। 46- ਸਰਕਾਰੀ ਪ੍ਰਾਇਮਰੀ ਸਕੂਲ ਅਬਦਾਲ ਵਿਖੇ ਯੂਥ ਪੋਲਿੰਗ ਸਟੇਸ਼ਨ ਸਥਾਪਤ ਕੀਤਾ ਜਾਵੇਗਾ ਜਿੱਥੇ ਸਾਰਾ ਸਟਾਫ਼ ਨੌਜਵਾਨ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੀ.ਡਬਲਿਊ.ਡੀ. ਪੋਲਿੰਗ ਸਟੇਸ਼ਨ -189 ਸਰਕਾਰੀ ਐਲੀਮੈਂਟਰੀ ਸਕੂਲ ਅਰਲੀਭੰਨ ਵਿਖੇ ਸਥਾਪਤ ਕੀਤਾ ਜਾਵੇਗਾ ਇਸ ਬੂਥ ਨੂੰ ਪੀ.ਡਬਲਿਊ.ਡੀ. ਕਰਮਚਾਰੀਆਂ ਵੱਲੋਂ ਚਲਾਇਆ ਜਾਵੇਗਾ। ਇਸ ਤਰ੍ਹਾਂ -179 ਸਰਕਾਰੀ ਪ੍ਰਾਇਮਰੀ ਸਕੂਲ ਨੜਾਂਵਾਲੀ ਗ੍ਰੀਨ ਪੋਲਿੰਗ ਸਟੇਸ਼ਨ ਬਣਾਇਆ ਜਾਵੇਗਾ, ਜਿਥੇ ਈਕੋ ਗ੍ਰੀਨ ਆਦਿ ਦੇ ਵਿਵਸਥਾ ਕੀਤੀ ਜਾਵੇਗੀ। ਇਸ ਤਰ੍ਹਾਂ ਮਾਡਲ ਪੋਲਿੰਗ ਸਟੇਸ਼ਨ ਵੀ ਬਣਾਏ ਦਾ ਰਹੇ ਹਨ, ਜਿਥੇ ਬੁਨਿਆਦੀ ਸਹੂਲਤਾਂ ਤੋਂ ਇਲਾਵਾ ਹੋਰ ਵਿਸ਼ੇਸ਼ ਹੋਰ ਸਹੂਲਤਾਂ ਮੁਹਾਈਆਂ ਕਰਵਾਈਆਂ ਜਾਣਗੀਆਂ। ਇਹ ਪੋਲਿੰਗ ਸਟੇਸ਼ਨ 54-ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਗਰਲਜ਼ (ਵੈਸਟ ਸਾਈਡ), ਡੇਰਾ ਬਾਬਾ ਨਾਨਕ, 55- ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਗਰਲਜ਼ (ਈਸਟ ਸਾਈਡ), ਡੇਰਾ ਬਾਬਾ ਨਾਨਕ, 56- ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਗਰਲਜ਼ (ਨਾਰਥ ਸਾਈਡ ), ਡੇਰਾ ਬਾਬਾ ਨਾਨਕ, 111- ਸ੍ਰੀ ਬਾਵਾ ਲਾਲ ਜੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ (ਈਸਟ ਸਾਈਡ) ਧਿਆਨਪੁਰ ਅਤੇ 112- ਸ੍ਰੀ ਬਾਵਾ ਲਾਲ ਜੀ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ (ਵੈਸਟ ਸਾਈਡ), ਧਿਆਨਪੁਰ।

# ਅਮਰ ਕਾਲੋਨੀ ਦੀ ਗਲੀ ਦੀ ਹਾਲਤ ਬਣੀ ਤਰਸਯੋਗ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੀਨਾਨਗਰ ਦੀ ਵਾਰਡ ਨੰਬਰ 3 'ਚ ਪੈਂਦੀ ਅਮਰ ਕਲੋਨੀ ਦੀ ਇੱਕ ਗਲੀ ਦੀ ਹਾਲਤ ਅੱਤ ਦੀ ਤਰਸਯੋਗ ਬਣੀ ਹੋਈ ਹੈ ਜਿਸ ਕਾਰਨ ਇਸ ਗਲੀ 'ਚ ਕਦੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਕਲੋਨੀ ਵਾਸੀਆਂ ਸੁੱਖ ਰਾਣੀ, ਨੇਹਾ, ਰਚਨਾ, ਆਸ਼ਾ ਰਾਣੀ, ਕਵਿਤਾ, ਸੁਨੀਤਾ, ਸੁਲੱਕਸ਼ਣਾ, ਪੂਜਾ, ਅਸ਼ੋਕ ਕੁਮਾਰ ਅਤੇ ਜੋਨੀ ਠਾਕੁਰ ਨੇ ਦੱਸਿਆ ਕਿ ਸਾਡੇ ਘਰਾਂ ਅੱਗੇ ਪੈਂਦੀ ਗਲੀ ਕਾਫੀ ਡੂੰਘੀ ਹੈ, ਜਿਸ ਕਰਕੇ ਅਸੀਂ ਸਮੂਹ ਕਲੋਨੀ ਵਾਸੀ ਇਸ ਗਲੀ ਨੂੰ ਬਣਾਉਣ ਲਈ ਕਈ ਵਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਗੁਹਾਰ ਲਗਾ ਚੁੱਕੇ ਹਾਂ ਪਰ ਵਾਰ ਵਾਰ ਕਹਿਣ ਦੇ ਬਾਵਜੂਦ ਸਾਡੀ ਕੋਈ ਸੁਣਵਾਈ ਨਹੀਂ ਹੋਈ, ਜਿਸ ਕਰਕੇ ਸਾਨੂੰ ਮਜਬੂਰਨ ਅੱਜ ਮੀਡੀਆ ਦਾ ਸਹਾਰਾ ਲੈਣਾ ਪਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਸਮੂਹ ਕਲੋਨੀ ਵਾਸੀਆਂ ਨੇ ਅੱਜ ਖੁਦ ਪੈਸੇ ਖਰਚ ਕੇ ਆਪਣੇ ਕੋਲੋਂ ਗਲੀ 'ਚ ਮਿੱਟੀ ਪੁਆ ਕੇ ਗਲੀ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਨਗਰ ਕੌਂਸਲ ਨੂੰ ਅਪੀਲ ਕੀਤੀ ਹੈ ਕਿ ਜਲਦੀ ਤੋਂ ਜਲਦੀ ਇਸ ਗਲੀ ਤੇ ਕੰਕਰੀਟ ਲਗਾ ਕੇ ਇਸ ਨੂੰ ਮੁਕੰਮਲ ਕੀਤਾ ਜਾਵੇ। ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੌਹਾਨ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਮੀਡੀਆ ਥਰੂ ਹੀ ਮੇਰੇ ਧਿਆਨ ਵਿਚ ਇਹ ਮਾਮਲਾ ਆਇਆ ਹੈ, ਬਹੁਤ ਜਲਦ ਇਸ ਗਲੀ ਨੂੰ ਬਣਾ ਕੇ ਤਿਆਰ ਕਰ ਦਿੱਤਾ ਜਾਵੇਗਾ।

# ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਐੱਮ ਸੀ ਐੱਮ ਸੀ ਸੈੱਲ ਦਾ ਦੌਰਾ

## ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਤੇ ਝੂਠੀਆਂ ਖ਼ਬਰਾਂ 'ਤੇ ਰੱਖੀ ਜਾ ਰਹੀ ਹੈ ਤਿੱਖੀ ਨਜ਼ਰ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਐੱਮ.ਸੀ.ਐੱਮ.ਸੀ. ਸੈੱਲ ਦੀ ਟੀਮ ਨੂੰ ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਖ਼ਬਰਾਂ ਅਤੇ ਝੂਠੀਆਂ ਖ਼ਬਰਾਂ 'ਤੇ ਤਿੱਖੀ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਇਸ ਮੌਕੇ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ), ਮਨਜਿੰਦਰ ਸਿੰਘ, ਚੋਣ ਤਹਿਸੀਲਦਾਰ, ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦੇ ਮੈਂਬਰ ਸਕੱਤਰ ਡੀ.ਪੀ.ਆਰ.ਓ. ਹਰਜਿੰਦਰ ਸਿੰਘ ਕਲਸੀ ਤੋਂ ਇਲਾਵਾ ਐੱਮ.ਸੀ.ਐੱਮ.ਸੀ. ਟੀਮ ਦੇ ਕਰਮਚਾਰੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਜ਼ਿਮਨੀ ਚੋਣ-10 ਡੇਰਾ ਬਾਬਾ ਨਾਨਕ -2024 ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ 'ਤੇ ਬਣੀ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਚੋਣਾਂ ਨਾਲ ਸਬੰਧਤ ਸਾਰੀਆਂ ਖ਼ਬਰਾਂ ਨੂੰ ਬਰੀਕੀ ਨਾਲ ਵਾਚਿਆ ਜਾ ਰਿਹਾ ਹੈ ਤਾਂ ਜੋ ਪੇਡ ਨਿਊਜ਼ ਨੂੰ ਰੋਕਿਆ ਜਾ ਸਕੇ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਬਲਕ ਐੱਸ.ਐੱਮ.ਐੱਸ ਤੇ ਵਾਈਸ ਮੈਸੇਜ, ਇਲੈਕਟਰੋਨਿਕ ਮੀਡੀਆ ਟੀ.ਵੀ. ਤੇ ਕੇਬਲ ਚੈਨਲ, ਜਨਤਕ ਥਾਵਾਂ 'ਤੇ ਆਡੀਓ-ਵੀਜ਼ੂਅਲ ਰਾਜਨੀਤਿਕ ਮੁਹਿੰਮ, ਇੰਟਰਨੈੱਟ ਅਤੇ ਸੋਸ਼ਲ ਮੀਡੀਆ, ਰੇਡੀਓ, ਈ-ਪੇਪਰ, ਸਿਨੇਮਾ ਹਾਲ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ। ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ। ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਇਲੈਕਟਰੋਨਿਕ ਮੀਡੀਆ, ਸੋਸ਼ਲ ਮੀਡੀਆ, ਬਲਕ ਐੱਸ.ਐੱਮ.ਐੱਸ, ਈ-ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਐੱਮ.ਸੀ.ਐੱਮ.ਸੀ. ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਲਗਾਇਆ ਜਾਵੇ।

# ਡੇਂਗੂ 'ਤੇ ਵਾਰ ਤਹਿਤ ਸਰਕਾਰੀ ਸਕੂਲ ਫਤਿਆਬਾਦ ਵਿਖੇ ਡੇਂਗੂ ਬਾਰੇ ਕੀਤਾ ਜਾਗਰੂਕ

**ਚੋਹਲਾ ਸਾਹਿਬ (ਰਮਨ ਚੱਢਾ)**-ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ, ਸਹਾਇਕ ਸਿਵਲ ਸਰਜਨ ਤਰਨ ਤਾਰਨ ਡਾਕਟਰ ਜਤਿੰਦਰ ਸਿੰਘ ਗਿੱਲ ਅਤੇ ਜਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਕਰਨਵੀਰ ਸਿੰਘ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਕੰਨਿਆਂ ਫਤਿਆਬਾਦ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਡੇਅਰਾ ਸਾਹਿਬ ਵਿਖੇ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਤਹਿਤ ਡੇਂਗੂ ਬਾਰੇ ਸਕੂਲੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਮੇਂ ਐਸ ਆਈ ਹਰਮੀਤ ਸਿੰਘ ਅਤੇ ਐਸ ਆਈ ਦੀਨ ਦਿਆਲ ਨੇ ਬੱਚਿਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਹਮੇਸ਼ਾਂ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਘਰਾਂ ਦੀਆਂ ਛੱਤਾਂ ਤੇ ਟੁੱਟੇ ਗਮਲਿਆਂ ਅਤੇ ਟੁੱਟੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣ ਚਾਹੀਦਾ ਅਤੇ ਹਫਤੇ ਵਿੱਚ ਇੱਕ ਵਾਰ ਆਪਣੇ ਕੂਲਰ ਦਾ ਪਾਣੀ ਬਦਲਣਾ ਚਾਹੀਦਾ ਹੈ ਅਤੇ ਸਾਫ ਕਰਨਾ ਚਾਹੀਦਾ ਹੈ। ਇਸ ਸਮੇਂ ਹੈਲਥ ਵਰਕਰ ਅਮਨਦੀਪ ਸਿੰਘ ਫਤਿਹਾਬਾਦ ਅਤੇ ਹੈਲਥ ਵਰਕਰ ਗੁਰਦਿਆਲ ਸਿੰਘ ਨੇ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਆਪਣੇ ਨਜਦੀਦੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਜਾਂਚ ਕਰਵਾਓ ਤਾਂ ਕਿ ਸਮੇਂ ਸਿਰ ਇਲਾਜ ਕੀਤਾ ਜਾ ਸਕੇ ਉਹਨਾਂ ਦੱਸਿਆ ਕਿ ਸਾਨੂੰ ਰਾਤ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਜੇਕਰ ਸਾਨੂੰ ਸਰੀਰ ਵਿੱਚ ਕਮਜੋਰੀ ਮਹਿਸੂਸ ਹੋਵੇ ਤਾਂ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਜਾਂਚ ਕਰਵਾਓ। ਇਸ ਸਮੇਂ ਮਨਜੀਤ ਸਿੰਘ ਹੈਡ ਟੀਚਰ,ਪਰਮਜੀਤ ਕੌਰ, ਗੁਰਜੀਤ ਕੌਰ, ਤਨਜੀਤ ਕੌਰ, ਸਤਿਦਰਜੀਤ ਕੌਰ, ਕਵਲਜੀਤ ਕੌਰ, ਨਿਰਮਲਜੀਤ ਕੌਰ ਏ ਐਨ ਐਮ ਆਦਿ ਹਾਜ਼ਰ ਸਨ।

# ਦਾਜ ਦਹੇਜ ਦੀ ਮੰਗ ਕਰਨ ਵਾਲੇ ਪਤੀ ਤੇ ਸੱਸ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਦਾਜ ਦਹੇਜ ਦੀ ਮੰਗ ਕਰਨ ਵਾਲੇ ਪਤੀ ਅਤੇ ਸੱਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੀੜਤ ਵਲੋਂ ਦਿੱਤੀ ਗਈ ਸ਼ਿਕਾਇਤ 'ਤੇ ਜਾਂਚ ਪੜਤਾਲ ਦੌਰਾਨ ਪੁਲਸ ਨੇ ਪਾਇਆ ਕਿ ਪੀੜਤ ਦਾ ਵਿਆਹ 31 ਜਨਵਰੀ 2024 ਨੂੰ ਸੰਨੀ ਅੰਗੁਰਾਲ ਪੁੱਤਰ ਪਰਵੀਨ ਕੁਮਾਰ ਅੰਗੁਰਾਲ ਵਾਸੀ ਜਲੰਧਰ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਪੀੜਤ ਦਾ ਪਤੀ ਸੰਨੀ ਅੰਗੁਰਾਲ ਅਤੇ ਸੱਸ ਦਹੇਜ ਦੀ ਖਾਤਰ ਪੀੜਤਾ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਦਹੇਜ ਦੀ ਮੰਗ ਕਰਦੇ ਸਨ। ਦਹੇਜ ਦੀ ਮੰਗ ਪੂਰੀ ਨਾ ਹੋਣ 'ਤੇ ਉਨ੍ਹਾਂ ਨੇ 13 ਦਸੰਬਰ 2023 ਨੂੰ ਪੀੜਤਾ ਨੀਤੂ ਦੀ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ ਜੋ ਹੁਣ ਆਪਣੇ ਪੇਕੇ ਘਰ ਰਹਿ ਰਹੀ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਜਾਂਚ ਪੜਤਾਲ ਕਰਨ ਤੋਂ ਬਾਅਦ ਪੀੜਤਾ ਦੇ ਪਤੀ ਅਤੇ ਸੱਸ ਖ਼ਿਲਾਫ਼ ਜ਼ੇਰੇ ਧਾਰਾ 498 ਏ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

# ਤਰਕਸ਼ੀਲ ਸੁਸਾਇਟੀ ਨੇ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੂਬਾਈ ਪੱਧਰ 'ਤੇ ਉਲੀਕੇ ਪ੍ਰੋਗਰਾਮ ਤਹਿਤ ਅੰਮ੍ਰਿਤਸਰ ਇਕਾਈ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਅਤੇ ਉਨ੍ਹਾਂ ਨੂੰ ਵਹਿਮਾਂ ਭਰਮਾਂ, ਅੰਧ ਵਿਸ਼ਵਾਸਾਂ ਅਤੇ ਸਮਾਜਿਕ ਬੁਰਾਈਆਂ ਦੇ ਹਨੇਰਿਆਂ 'ਚੋਂ ਬਾਹਰ ਕੱਢਣ ਲਈ ਅੰਮ੍ਰਿਤਸਰ ਸ਼ਹਿਰ ਦੇ ਸਕੂਲਾਂ ਵਿੱਚ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ ਅਤੇ ਸਮੁੱਚੇ ਪੰਜਾਬ ਵਿੱਚ ਕੁੱਲ 26735 ਵਿਦਿਆਰਥੀਆਂ ਨੇ ਭਾਗ ਲਿਆ। ਇਕਾਈ ਦੇ ਜੱਥੇਬੰਦਕ ਮੁਖੀ ਜਸਪਾਲ ਬਾਸਰਕੇ, ਵਿੱਤ ਮੁਖੀ ਪ੍ਰਿੰਸੀਪਲ ਮੇਲਾ ਰਾਮ ਅਤੇ ਸੂਬਾਈ ਮੀਡੀਆ ਆਗੂ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਪ੍ਰੀਖਿਆ ਲਈ ਅੰਮ੍ਰਿਤਸਰ ਸ਼ਹਿਰ ਦੇ 7 ਸਕੂਲਾਂ, ਸਕੂਲ ਆਫ ਐਮੀਨੈਂਸ ਛੇਹਰਟਾ, ਸਕੂਲ ਆਫ ਐਮੀਨੈਂਸ ਮਾਲ ਰੋਡ, ਸਰਕਾਰੀ ਹਾਈ ਸਕੂਲ ਮਕਬੂਲਪੁਰਾ, ਸਾਰਾਗੜ੍ਹੀ ਸਕੂਲ ਆਫ ਐਮੀਨੈਂਸ ਮਕਬੂਲਪੁਰਾ, ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਛੇਹਰਟਾ, ਡੀ ਆਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਖੰਡਵਾਲਾ ਅਤੇ ਰਾਸ਼ਟਰੀ ਬਾਲ ਸਿਖਸ਼ਾ ਕੇਂਦਰ, ਕਿਸ਼ਨ ਕੋਟ ਵਿੱਚ ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਸਨ ਜਿਸ ਵਿੱਚ ਮਿਡਲ ਅਤੇ ਸੈਕੰਡਰੀ ਗਰੁੱਪ ਦੇ 358 ਵਿਦਿਆਰਥੀਆਂ ਨੇ ਭਾਗ ਲਿਆ।ਤਰਕਸ਼ੀਲ਼ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਨੂੰ ਪੂਰੇ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਉਨ੍ਹਾਂ ਸਮੇਤ ਅੰਮ੍ਰਿਤਸਰ ਇਕਾਈ ਦੇ ਤਰਕਸ਼ੀਲ ਕਾਰਕੁਨਾਂ ਮਾਸਟਰ ਬਲਦੇਵ ਰਾਜ ਵੇਰਕਾ,ਮਾਸਟਰ ਕੁਲਜੀਤ ਵੇਰਕਾ, ਰਾਜ ਕੁਮਾਰ ਵੇਰਕਾ, ਪਰਮਜੀਤ ਸਿੰਘ, ਸੁਖਮੀਤ ਸਿੰਘ, ਬਨਾਰਸੀ ਦਾਸ, ਐਡਵੋਕੇਟ ਅਮਰਜੀਤ ਬਾਈ, ਹਰਜਿੰਦਰ ਜਲਾਲਪੁਰ, ਰਮੇਸ਼ ਜੈਨ, ਅਨਮੋਲ ਸਿੰਘ, ਦਮਨਜੀਤ ਕੌਰ, ਬਲਜੀਤ ਕੌਰ ਅਤੇ ਨਵਰੀਤ ਵੱਲੋਂ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ।ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਅਗਲੇ ਮਹੀਨੇ ਐਲਾਨਿਆ ਜਾਵੇਗਾ ਅਤੇ ਸੂਬੇ, ਜ਼ੋਨ ਅਤੇ ਇਕਾਈ ਪੱਧਰ 'ਤੇ ਮੈਰਿਟ ਵਿਚ ਆਉਣ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ ਵੱਖ ਵੱਖ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ਼ ਕਿਤਾਬਾਂ, ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ।ਇਸ ਪ੍ਰੀਖਿਆ ਸੰਬੰਧੀ ਉਪਰੋਕਤ ਸਕੂਲਾਂ ਦੇ ਪ੍ਰਿੰਸੀਪਲਾਂ ਮਨਮੀਤ ਕੌਰ , ਪ੍ਰਿੰਸੀਪਲ ਮਨਦੀਪ ਕੌਰ, ਪ੍ਰਿੰਸੀਪਲ ਵਿਕਾਸ ਕੁਮਾਰ, ਪ੍ਰਿੰਸੀਪਲ ਰਾਜੇਸ਼ ਪ੍ਰਭਾਕਰ, ਪ੍ਰਿੰਸੀਪਲ ਦਿਨੇਸ਼ ਕਪੂਰ, ਪ੍ਰਿੰਸੀਪਲ ਰਵਿੰਦਰ ਪਠਾਣੀਆਂ ਅਤੇ ਪ੍ਰਿੰਸੀਪਲ ਦੀਪਿਕਾ ਡੀਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿੱਦਿਅਕ ਅਦਾਰਿਆਂ ਵਿੱਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀਲ਼ ਸੁਸਾਇਟੀ ਵੱਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿਚ ਨਿਭਾਈ ਜਾ ਰਹੀ ਭੂਮਿਕਾ ਬੇਹੱਦ ਸ਼ਲਾਘਾਯੋਗ ਹੈ।ਤਰਕਸ਼ੀਲ਼ ਸੁਸਾਇਟੀ ਨੇ ਸੰਬੰਧਤ ਸਕੂਲਾਂ ਦੇ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਵੱਲੋਂ ਦਿੱਤੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**- ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਸ਼ੁਕਰਵਾਰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਕੂਲ ਦੇ ਸਾਰੇ ਬੱਚਿਆਂ ਅਤੇ ਸਟਾਫ ਨੇ ਮਿਲ ਕਰਕੇ ਸੰਗਤ ਰੂਪ ਵਿੱਚ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ, ਉਪਰੰਤ ਸਕੂਲ ਦੇ ਬੱਚਿਆਂ ਨੇ ਮਨੋਹਰ ਕੀਰਤਨ ਦੁਆਰਾ ਸਭ ਨੂੰ ਨਿਹਾਲ ਕੀਤਾ । ਉਪਰੰਤ ਆਨੰਦ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਸਕੂਲ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਵੱਲੋਂ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਲਈ ਕਿਹਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਦਾ ਸਟਾਫ਼ ਅਤੇ ਬੱਚੇ ਹਾਜ਼ਰ ਸਨ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਰਪੰਚੀ ਦੀ ਖੁਸ਼ੀ 'ਚ ਸ਼ੁਕਰਾਨੇ ਵਜੋਂ ਚੇਅਰਮੈਨ ਰਮਨ ਕੁਮਾਰ ਨੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਸਬਾ ਝਬਾਲ ਦੀ ਗ੍ਰਾਮ ਪੰਚਾਇਤ ਝਬਾਲ ਪੁਖਤਾ ਵਿੱਚੋਂ ਭਾਰੀ ਬਹੁਮਤ ਨਾਲ ਪੰਚਾਇਤ ਵੱਲੋਂ ਜਿੱਤ ਪ੍ਰਾਪਤ ਕਰਕੇ ਨਵੀਂ ਪੰਚਾਇਤ ਬਣਨ ਤੇ ਚੈਅਰਮੈਨ ਰਮਨ ਕੁਮਾਰ ਝਬਾਲ ਵੱਲੋਂ ਸ਼ੁਕਰਾਨੇ ਵਜੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਚੇਅਰਮੈਨ ਰਮਨ ਕੁਮਾਰ ਝਬਾਲ ਦੇ ਅੰਮ੍ਰਿਤਸਰ ਰੋਡ ਅੱਡਾ ਝਬਾਲ ਵਿਖੇ ਸਥਿਤ ਗ੍ਰਹਿ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਅਤੇ ਵੱਲੋਂ ਬੀੜ ਬਾਬਾ ਬੁੱਢਾ ਜੀ ਦੇ ਹਜ਼ੂਰੀ ਰਾਗੀ ਭਾਈ ਗੁਲਜ਼ਾਰ ਸਿੰਘ ਵੱਲੋਂ ਸ਼ਬਦ ਕੀਰਤਨ ਕੀਤੇ ਜਾਣ ਉਪਰੰਤ ਸਨਮਾਨ ਸਮਾਗਮ ਦੌਰਾਨ ਬੀਬੀ ਕਵਿਤਾ ਸ਼ਰਮਾ ਸਰਪੰਚ ਝਬਾਲ ਪੁਖਤਾ, ਮੈਂਬਰ ਪੰਚਾਇਤ ਗੁਰਜੰਟ ਸਿੰਘ ਰਾਜੂ, ਪ੍ਰਗਟ ਸਿੰਘ, ਸਵਰਣ ਸਿੰਘ, ਸੋਨੂੰ, ਬੂਟਾ ਸਿੰਘ, ਜਿੰਦਰ ਕੌਰ ਪਤਨੀ ਦਿਲਬਾਗ ਸਿੰਘ, ਮਧੂ ਬਾਲਾ, ਸੋਨੂੰ ਸਿੰਘ ਜੱਟੀ, ਬੀਬੀ ਸੁਖਰਾਜ ਕੌਰ, ਬੀਬੀ ਬਲਵਿੰਦਰ ਕੌਰ ਸਮੇਤ ਪੂਰੀ ਪੰਚਾਇਤ ਨੂੰ ਚੇਅਰਮੈਨ ਰਮਨ ਕੁਮਾਰ ਝਬਾਲ, ਰਾਜਬੀਰ ਸਿੰਘ ਭੁੱਲਰ, ਭਾਈ ਮਨਜੀਤ ਸਿੰਘ ਝਬਾਲ, ਬਾਬਾ ਵਰਿਆਮ ਸਿੰਘ ਝਬਾਲ, ਨਿੱਪੀ ਸੂਦ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਕਾਮਰੇਡ ਅਸ਼ੋਕ ਕੁਮਾਰ ਝਬਾਲ, ਮੱਖਣ ਮਨੋਜ, ਹਰਜਿੰਦਰ ਸਿੰਘ ਲਾਲਾ ਵੱਲੋਂ ਨੋਟਾਂ ਦੇ ਹਾਰ ਅਤੇ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।ਜਦਕਿ ਸਰਪੰਚ ਬੀਬੀ ਕਵਿਤਾ ਸ਼ਰਮਾ ਨੇ ਮੋਹਤਬਰ ਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੁੱਚੀ ਪੰਚਾਇਤ ਨੂੰ ਨਾਲ ਲੈ ਕੇ ਚੱਲਦਿਆਂ ਪਿੰਡ ਝਬਾਲ ਪੁਖਤਾ ਦੇ ਸਰਵਪੱਖੀ ਵਿਕਾਸ ਕਰਵਾਉਣ ਲਈ ਹਮੇਸ਼ਾ ਤਤਪਰ ਰਹਿਣਗੇ।

ਉਪ੍ਰੰਤ ਕੋਹਿਨੂਰ ਰਿਜ਼ੋਰਟ ਵਿੱਚ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ, ਸਾਬਕਾ ਸਰਪੰਚ ਸੁਖਜਿੰਦਰ ਸਿੰਘ ਸੁੱਖ, ਨਰਿੰਦਰ ਕੁਮਾਰ ਪੱਪਾ, ਵਿਕਰਮ ਸਿੰਘ ਢਿੱਲੋਂ, ਕਿਸਾਨ ਕਾਂਗਰਸ ਦੇ ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਸਵਰਗਾਂ ਪੁਰੀ, ਗੁਰਪਿੰਦਰ ਸਿੰਘ ਨਾਥੂ,ਬਲਾਕ ਪ੍ਰਧਾਨ ਸੋਨੂੰ ਦੋਦੇ, ਰਾਣਾ ਡਿਆਲ, ਸਾਬਕਾ ਸਰਪੰਚ ਪ੍ਰਗਟ ਸਿੰਘ ਮਲਵਈ, ਜਸਬੀਰ ਸਿੰਘ ਸਵਰਗਾਪੁਰੀ, ਗੁਰਵਿੰਦਰ ਸਿੰਘ ਬਾਬਾ ਲੰਗਾਹ, ਗੁਰਦੀਪ ਸਿੰਘ ਝਬਾਲ, ਰਾਣਾ ਆਧੀ, ਸ਼ੈਲੀ ਸੋਹਲ,ਗੁਰਭਾਗ ਸਿੰਘ ਸੋਹਲ,ਬਿੰਦਰ ਸੋਹਲ, ਬੌਬੀ ਝਬਾਲ, ਸੁਰਜਨ ਸਿੰਘ ਝਬਾਲ, ਜਿੰਦਰ ਛੀਨਾ, ਸੁਰਿੰਦਰ ਕੁਮਾਰ ਕਾਲੂ, ਬਿੱਲਾ ਖੂਹ ਵਾਲੇ, ਰਕੇਸ਼ ਕੁਮਾਰ ਕਾਲਾ, ਭੂਸ਼ਨ ਕੁਮਾਰ, ਭੋਲਾ ਕਰਿਆਨਾ ਸਟੋਰ ਵਾਲੇ, ਆੜ੍ਹਤੀ ਗੁਰਦਿਆਲ ਸਿੰਘ ਝਬਾਲ, ਪਿੰਕਾ ਝਬਾਲ, ਗੋਰਾ ਸੂਦ, ਪੰਮਾ ਸਪੇਅਰ ਪਾਰਟਸ, ਕੁਸ਼ਲ ਸ਼ਰਮਾ, ਨੁਕਲ ਕੌਰਪਾਲ, ਸ਼ਰਮਾ ਗਾਰਮੈਂਟਸ, ਸਾਹਿਲ ਮੱਖਣ, ਨਰਿੰਦਰ ਸਿੰਘ ਘੋਨਾ, ਸਿਮਰਨ ਧੁਨਾ, ਬਲਜਿੰਦਰ ਸਿੰਘ ਸੋਨੂੰ, ਦਰਸ਼ਨ ਸਿੰਘ ਡੀ ਐਸ ਟੇਲਰ ਝਬਾਲ, ਬਿੱਟੂ ਹਲਵਾਈ ਝਬਾਲ, ਮਾਜੀ, ਹੀਰਾ ਸਿੰਘ, ਕੁਲਦੀਪ ਨਿੱਕੂ ਨੰਦਾ, ਬਲਵਿੰਦਰ ਸਿੰਘ ਮਿੰਟੂ ਝਬਾਲ, ਹੈਪੀ ਕਸੇਲ ਸਮੇਤ ਵੱਡੀ ਗਿਣਤੀ ਵਿੱਚ ਝਬਾਲ ਵਾਸੀ ਹਾਜ਼ਰ ਸਨ।

27-OCT-PAGE-4.qxd 10/26/2024 10:25 PM Page 1



## ਸਹਿਜੜਾ 'ਚ ਨੌਜਵਾਨਾਂ ਨੂੰ ਖੇਡ ਕਿੱਟ ਭੇਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਸਹਿਜੜਾ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਭੇਜੀ ਗਈ ਖੇਡ ਕਿੱਟ ਬਲਾਕ ਪ੍ਰਧਾਨ ਗੁਰਜੀਤ ਸਿੰਘ ਧਾਲੀਵਾਲ ਵੱਲੋਂ ਨੌਜਵਾਨਾਂ ਨੂੰ ਸੌਂਪੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਆਗੂ ਮਨਜੀਤ ਸਿੰਘ ਸਹਿਜੜਾ ਨੇ ਦੱਸਿਆ ਕਿ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਸੋਚ ਹਲਕੇ ਦੇ ਨੌਜਵਾਨਾਂ ਨੂੰ ਖੇਡ ਗਰਾਊਂਡਾਂ ਨਾਲ ਜੋੜਨ ਦੀ ਹੈ।ਉਨ੍ਹਾਂ ਵੱਲੋਂ ਪਿੰਡ-ਪਿੰਡ ਖੇਡ ਕਿੱਟਾਂ ਮੁਹੱਈਆ ਕਰਵਾਉਣ ਦੇ ਨਾਲ ਨਾਲ ਖੇਡ ਸਟੇਡੀਅਮ, ਐਥਲੈਟਿਕ ਟਰੈਕ, ਖੇਡ ਗਰਾਊਂਡਾਂ ਦਾ ਨਿਰਮਾਣ ਵੱਡੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਸਮੂਹ ਖਿਡਾਰੀਆਂ ਨੇ ਵਿਧਾਇਕ ਪੰਡੋਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਸ਼ਹੀਦ ਊਧਮ ਸਿੰਘ ਯੂਥ ਕਲੱਬ ਪ੍ਰਧਾਨ ਜਗਜੀਵਨ ਸਿੰਘ, ਨੇਕ ਦਰਸ਼ਨ ਸਿੰਘ, ਚਮਕੌਰ ਸਿੰਘ ਅਮਨਦੀਪ, ਕਰਨੈਲ ਸਿੰਘ ਗਾਂਧੀ, ਪ੍ਰਧਾਨ ਤਰਨਜੀਤ ਸਿੰਘ, ਡਾਕਟਰ ਬਲਵਿੰਦਰ ਸਿੰਘ, ਕੇਵਲ ਸਿੰਘ, ਧਾਰਵਿੰਦਰ ਸਿੰਘ, ਕ੍ਰਿਕਟ ਟੀਮ ਸਹਿਜੜਾ ਦੇ ਬੂਟਾ ਸਿੰਘ ਹਾਜ਼ਰ ਸਨ।

## ਦੇਸ਼ ਭਗਤ ਗਲੋਬਲ ਸਕੂਲ ਦੀ ਫੁੱਟਬਾਲ ਟੀਮ ਨੇ ਸੈਂਟਰ ਖੇਡਾਂ 'ਚ ਮਾਰੀ ਬਾਜ਼ੀ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ, ਪਰਮਜੀਤ ਸਿੰਘ)**-ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾਕਟਰ ਜੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਦੀ ਫੁਟਬਾਲ ਟੀਮ ਨੇ ਸੈਂਟਰ ਸਕੂਲ ਖੇਡਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਤੇ ਜ਼ਿਲ੍ਹੇ ਦੀਆਂ ਖੇਡਾਂ ਵਿੱਚ ਆਪਣੀ ਥਾਂ ਪੱਕੀ ਕੀਤੀ।ਡੀ ਪੀ ਈ ਅਮਨਦੀਪ ਸਿੰਘ ਨੇ ਦੱਸਿਆ ਕਿ ਅੰਡਰ 11 ਸਾਲ ਬੱਚਿਆਂ ਨੇ ਫੁੱਟਬਾਲ ਵਿੱਚ ਜਿੱਤ ਹਾਸਲ ਕੀਤੀ।ਇਸ ਤੋਂ ਪਹਿਲਾਂ ਬੱਚਿਆਂ ਨੇ ਬਲਾਕ ਪੱਧਰੀ ਖੇਡਾਂ ਵਿੱਚ ਨਿਰੋਲ ਜਿੱਤ ਪ੍ਰਾਪਤ ਕੀਤੀ ਸੀ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਬੱਚਿਆਂ ਨੇ ਜਿਹੜਾ ਸੈਂਟਰ ਸਕੂਲ ਦੀਆਂ ਖੇਡਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਸਕੂਲ ਦਾ, ਮਾਪਿਆਂ ਦਾ, ਸਮੂਹ ਸਟਾਫ਼ ਦਾ ਮਾਣ ਵਧਾਇਆ ਹੈ। ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਇਹੋ ਜਿਹੀਆਂ ਖੇਡਾਂ ਵਿੱਚ ਭਾਗ ਲੈ ਕੇ ਬੱਚਿਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ, ਜਿਸ ਨਾਲ ਉਹ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਦੇ ਹਨ।ਉਨ੍ਹਾਂ ਫੁੱਟਬਾਲ ਟੀਮ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਨਾਲ ਹੀ ਬੱਚਿਆਂ ਵਿੱਚ ਆਤਮ ਸਨਮਾਨ ਜਿਹੀ ਪ੍ਰਵਿਰਤੀ ਪੈਦਾ ਹੁੰਦੀ ਹੈ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਨੇ ਪਹਿਲੀ ਵਾਰ ਖੇਡਾਂ ਵਿੱਚ ਭਾਗ ਲੈ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਤੇ ਜ਼ਿਲ੍ਹੇ ਵਿੱਚ ਆਪਣੀ ਥਾਂ ਪੱਕੀ ਕੀਤੀ, ਜਿਸ ਕਰਕੇ ਉਹ ਵਧਾਈ ਦੇ ਪਾਤਰ ਹਨ।

## ਸਰਪੰਚ ਨੇ ਪਿੰਡ ਵਾਸੀਆਂ ਨੂੰ ਕਰਵਾਏ ਹਰਿਮੰਦਰ ਸਾਹਿਬ ਦੇ ਦਰਸ਼ਨ



**ਬਠਿੰਡਾ (ਰਾਜੀਵ ਗੋਇਲ)**-ਇਸ ਵਾਰ ਪੰਚਾਇਤੀ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਾਲੇ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਸਲਾਬਤਪੁਰਾ ਤੋਂ ਨਵੇਂ ਚੁਣੇ ਗਏ ਸਰਪੰਚ ਅਮਨਦੀਪ ਸਿੰਘ ਅਮਨਾ ਵੱਲੋਂ ਨਿਵੇਕਲੀ ਪਹਿਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਰਪੰਚ ਚੁਣੇ ਜਾਣ ਦੀ ਖੁਸ਼ੀ ਵਿੱਚ ਅਤੇ ਪਿੰਡ ਦੇ ਵਿਕਾਸ ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵਿਚਾਰ ਬਣਾਇਆ ਗਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕੀਤੇ ਜਾਣ ਅਤੇ ਬਾਅਦ 'ਚ ਹੀ ਸਰਪੰਚ ਚੁਣੇ ਜਾਣ ਦਾ ਫਰਜ਼ ਅਦਾ ਕੀਤਾ ਜਾਵੇ, ਜਿਸ ਦੇ ਤਹਿਤ ਉਨ੍ਹਾਂ ਵੱਲੋਂ ਆਪਣੇ ਨਿੱਜੀ ਖਰਚੇ 'ਤੇ ਪਿੰਡ ਵਾਸੀਆਂ ਦੀਆਂ ਕਰੀਬ ਚਾਰ ਬੱਸਾਂ ਮੁਫਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਕੀਤੀਆਂ ਗਈਆਂ। ਉਧਰ ਦੂਜੇ ਪਾਸੇ ਨੌਜਵਾਨ ਸਰਪੰਚ ਅਮਨਦੀਪ ਸਿੰਘ ਦੀ ਇਸ ਪਹਿਲਕਦਮੀ ਦੀ ਇਲਾਕੇ ਅੰਦਰ ਚਰਚਾ ਜ਼ੋਰਾਂ 'ਤੇ ਹੈ। ਇਸ ਮੌਕੇ ਰਾਜ ਕੁਮਾਰ ਪੰਚ, ਗੁਰਮੀਤ ਕੌਰ ਪੰਚ, ਕੇਵਲ ਸਿੰਘ ਪੰਚ, ਗੁਰਤੇਜ ਸਿੰਘ ਪੰਚ, ਹਰਜੀਤ ਸਿੰਘ ਪੰਚ, ਬਲਰਾਜ ਸਿੰਘ ਪੰਚ, ਸੁਖਦੇਵ ਕੌਰ ਪੰਚ ਸਮੇਤ ਖੁਸ਼ਪ੍ਰੀਤ ਸਿੰਘ, ਸੁਖਜੋਤ ਸਿੰਘ, ਜਗਪ੍ਰੀਤ ਸਿੰਘ, ਰਾਜਦੀਪ ਸਿੰਘ, ਪਵਿੱਤਰ ਸਿੰਘ, ਗੁਰਦਿਆਲ ਸਿੰਘ, ਮਨਦੀਪ ਸਿੰਘ, ਹਰਨੇਕ ਸਿੰਘ, ਲਵਪ੍ਰੀਤ ਸਿੰਘ, ਗੁਰਤੇਜ ਸਿੰਘ, ਜਗਦੀਪ ਸਿੰਘ, ਬੂਟਾ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ ਤੇ ਨਗਰ ਦੀ ਸਮੂਹ ਸੰਗਤ ਹਾਜ਼ਰ ਸੀ।

## ਸਰਕਾਰੀ ਸਕੂਲ ਬੁਗਰਾ ਦੀਆਂ ਬੱਚੀਆਂ ਨੇ ਮਾਰੀਆਂ ਮੱਲਾਂ




**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਹਾਈ ਸਕੂਲ ਬੁਗਰੇ ਦੀ ਇਲਾਕੇ ਵਿੱਚ ਵਧੀਆ ਪੜ੍ਹਾਈ ਲਈ ਤਾਂ ਤੂਤੀ ਬੋਲਦੀ ਹੀ ਸੀ, ਪਰ ਉਦੋਂ ਇਸ ਦੇ ਨਾਮ ਨੂੰ ਹੋਰ ਵੀ ਚਾਰ ਚੰਨ ਲੱਗ ਗਏ, ਜਦੋਂ ਸਕੂਲ ਦੀ ਲੜਕੀਆਂ ਦੀ ਫੁੱਟਬਾਲ ਟੀਮ ਨੇ ਸਕੂਲੀ ਖੇਡਾਂ ਵਿੱਚ ਜ਼ਿਲ੍ਹੇ ਵਿੱਚੋਂ ਸਕੂਲ ਲਈ ਥਾਂ ਬਣਾਇਆ ਅਤੇ ਸਕੂਲ ਦੀਆਂ ਪੰਜ ਬੱਚੀਆਂ ਕ੍ਰਮਵਾਰ ਬੁਨੀਤਾ ਸ਼ਰਮਾ, ਕੋਮਲ ਪ੍ਰੀਤ ਕੌਰ, ਸੀਰਤ ਕੌਰ, ਸੁਮਨ ਦੀਪ ਕੌਰ ਤੇ ਹੁਸਨ ਦੀਪ ਕੌਰ ਨੇ ਸਟੇਟ ਪੱਧਰੀ ਟੂਰਨਾਮੈਂਟ ਖੇਡਦਿਆਂ ਸੰਗਰੂਰ ਜ਼ਿਲ੍ਹੇ ਦੀ ਪ੍ਰਤੀਨਿਧਤਾ ਕੀਤੀ ਅਤੇ ਸਟੇਟ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਨ ਦਾ ਗੌਰਵ ਪ੍ਰਾਪਤ ਕੀਤਾ। ਇਸ ਸ਼ਾਨਾਮੱਤੀ ਪ੍ਰਾਪਤੀ ਦਾ ਸਿਹਰਾ ਜਿੱਥੇ ਮਿਹਨਤੀ ਬੱਚੀਆਂ ਨੂੰ ਜਾਂਦਾ ਹੈ, ਉੱਥੇ ਹੀ ਸਕੂਲ ਹੈੱਡ ਮਿਸਟਰੈੱਸ ਸ੍ਰੀਮਤੀ ਕਮਲਪ੍ਰੀਤ ਕੌਰ ਸੱਗੂ, ਡੀ ਪੀ ਸ੍ਰੀਮਤੀ ਕੰਵਲਜੀਤ ਕੌਰ, ਮਾਸਟਰ ਜੁਝਾਰ ਸਿੰਘ ਤੇ ਸਮੁੱਚਾ ਸਟਾਫ ਵਧਾਈ ਦਾ ਹੱਕਦਾਰ ਹੈ।

## ਮੂਨ ਲਾਈਟ ਸਕੂਲ ਦੇ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮੂਨ ਲਾਈਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹੇਡੋਂ ਬੇਟ ਦੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰੀ ਕਰਵਾਏ ਗਏ ਐਥਲੈਟਿਕਸ ਮੁਕਾਬਲਿਆਂ 'ਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 300 ਮੀਟਰ ਤੇ ਮੁਸਕਾਨਦੀਪ ਕੌਰ ਨੇ 800 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਏਕਮਪ੍ਰੀਤ ਸਿੰਘ ਤੇ ਅਨਮੋਲਪ੍ਰੀਤ ਕੌਰ ਨੇ 300 ਮੀਟਰ ਤੇ 3000 ਮੀਟਰ ਵਾਕ ਵਿੱਚ ਕ੍ਰਮਵਾਰ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀਆਂ 400 ਤੇ 1600 ਮੀਟਰ ਰਿਲੇਅ ਦੌੜ 'ਚ ਸਕੂਲ ਵਿਦਿਆਰਥਣਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹੇ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਸਕੂਲ ਵਿਦਿਆਰਥਣ ਖੁਸ਼ਪ੍ਰੀਤ ਕੌਰ, ਮੁਸਕਾਨਦੀਪ ਕੌਰ, ਅਨਮੋਲਪ੍ਰੀਤ ਕੌਰ ਤੇ ਏਕਮਪ੍ਰੀਤ ਸਿੰਘ ਨੂੰ ਸੂਬਾ ਪੱਧਰੀ ਖੇਡ ਮੁਕਾਬਲਿਆਂ ਲਈ ਚੁਣ ਲਿਆ ਗਿਆ। ਸਕੂਲ ਪ੍ਰਿੰਸੀਪਲ ਸੁਰਜੀਤ ਸਿੰਘ ਬਾਜਵਾ ਨੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ।

## ਖੱਤਰੀ ਮਹਾਂਸਭਾ ਦੇ ਸੀਨੀਅਰ ਮੀਤ ਪ੍ਰਧਾਨ ਨੂੰ ਕੀਤਾ ਸਨਮਾਨਤ




**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਖੱਤਰੀ ਭਾਈਚਾਰੇ ਵਿੱਚ ਆਪਣੀ ਬੁਲੰਦ ਆਵਾਜ਼ ਲਈ ਮਸ਼ਹੂਰ ਸਾਬਕਾ ਡੀ.ਐੱਸ.ਪੀ. ਰਾਜਿੰਦਰਪਾਲ ਆਨੰਦ ਐਡਵੋਕੇਟ ਸੂਬਾ ਸੀਨੀਅਰ ਮੀਤ ਪ੍ਰਧਾਨ ਖੱਤਰੀ ਮਹਾਸਭਾ ਪੰਜਾਬ ਬੀਤੇ ਦਿਨ ਖੱਤਰੀ ਭਵਨ ਮੋਗਾ ਦੇ ਮੁੱਖ ਦਫ਼ਤਰ ਵਿਖੇ ਪਹੁੰਚੇ, ਜਿੱਥੇ ਖੱਤਰੀ ਸਭਾ ਮੋਗਾ ਦੇ ਚੇਅਰਮੈਨ ਤੇ ਖੱਤਰੀ ਮਹਾਸਭਾ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਵਿਜੇ ਧੀਰ, ਪ੍ਰਧਾਨ ਡਾ. ਐੱਮ. ਐੱਲ. ਜੈਦਕਾ, ਜ਼ਿਲ੍ਹਾ ਪ੍ਰਧਾਨ ਮਹਾਸਭਾ ਨਰੋਤਮ ਪੁਰੀ, ਸੀਨੀਅਰ ਮੀਤ ਪ੍ਰਧਾਨ ਨਿਸ਼ੀ ਰਾਕੇਸ਼ ਵਿਜ, ਪ੍ਰਦੀਪ ਭੰਡਾਰੀ, ਮੁੱਖ ਸਲਾਹਕਾਰ ਸੁਮਨਕਾਂਤ ਵਿਜ, ਸਲਾਹਕਾਰ ਕਮਲ ਨੈਨ ਸੱਚਰ, ਨਰੇਸ਼ ਮਹਿੰਦੀਰੱਤਾ, ਸ਼੍ਰੀ ਬ੍ਰਾਹਮਣ ਸਭਾ ਪੰਜਾਬ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ, ਯੂਥ ਖੱਤਰੀ ਸਭਾ ਦੇ ਚੇਅਰਮੈਨ ਜਗਜੀਵ ਧੀਰ, ਸੀਨੀਅਰ ਮੀਤ ਪ੍ਰਧਾਨ ਆਦੇਸ਼ ਇੰਦਰ ਸਿੰਘ ਸਹਿਗਲ, ਸਲਾਹਕਾਰ ਸੁਭਾਸ਼ ਪਲਤਾ ਨੇ ਰਜਿੰਦਰਪਾਲ ਆਨੰਦ ਨੂੰ ਸਨਮਾਨਤ ਕੀਤਾ। ਇਸ ਮੌਕੇ ਖੱਤਰੀ ਸਭਾ ਵੱਲੋਂ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਪਾਲ ਆਨੰਦ ਨੂੰ ਦੁਸ਼ਾਲਾ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ। ਇਸ ਮੌਕੇ ਖੱਤਰੀ ਮਹਾਸਭਾ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਵਿਜੇ ਧੀਰ ਨੇ ਰਜਿੰਦਰ ਪਾਲ ਆਨੰਦ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।

# ਐੱਫ-ਐੱਫ ਨੈਸ਼ਨਲ ਹਾਈਵੇ 'ਤੇ ਕਿਸਾਨਾਂ ਵੱਲੋਂ ਚਾਰ ਘੰਟੇ ਚੱਕਾ ਜਾਮ



**ਜਲਾਲਾਬਾਦ (ਜੀਤ ਕੁਮਾਰ)**
ਸੰਯੁਕਤ ਕਿਸਾਨ ਮੋਰਚਾ ਦੇ ਸੂਬਾ ਪੱਧਰੀ ਸੱਦੇ ਤੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਵੱਲੋਂ ਜਲਾਲਾਬਾਦ ਵਿਖੇ ਐੱਫ-ਐੱਫ ਨੈਸ਼ਨਲ ਹਾਈਵੇ ਨੂੰ ਸਥਾਨਕ ਦਾਣਾ ਮੰਡੀ ਦੇ ਕੋਲ ਸਵੇਰੇ 11 ਵਜੇ ਤੋਂ 3 ਵਜੇ ਤੱਕ ਚੱਕਾ ਜਾਮ ਕਰਕੇ ਰੋਹ ਭਰਪੂਰ ਧਰਨਾ ਦਿੱਤਾ ਗਿਆ, ਜਿਸ 'ਚ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਨੇ ਸ਼ਿਰਕਤ ਕੀਤੀ।

ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰੇਸ਼ਮ ਮਿੱਡਾ, ਬੀਕੇਯੂ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਢਾਬਾਂ, ਬੀਕੇਯੂ ਕਾਦੀਆਂ ਦੇ ਸੂਬਾ ਮੀਤ ਪ੍ਰਧਾਨ ਮਨਪ੍ਰੀਤ ਸਿੰਘ, ਬੀਕੇਯੂ (ਬੁਰਜ ਗਿੱਲ) ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਦਿਖਾਏ ਗਏ ਭਰੋਸੇ ਦੇ ਬਾਵਜੂਦ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇ ਲਿਫਟਿੰਗ ਦੇ ਸੰਕਟ ਦੇ ਮਸਲੇ ਜਿਉਂ ਦੇ ਤਿਉਂ ਬਰਕਰਾਰ ਹਨ। ਕਿਸਾਨ ਮੰਡੀਆਂ ਵਿੱਚ ਰੁਲ ਰਿਹਾ ਹੈ। ਫਸਲ ਕੱਟ ਲਾ ਕੇ ਐੱਮ ਐੱਸ ਪੀ ਤੋਂ ਘੱਟ ਵੇਚਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਕਿਸਾਨਾਂ ਦੇ ਮੰਡੀਆਂ ਵਿੱਚ ਰੁਲਣ ਲਈ ਪੰਜਾਬ ਸਰਕਾਰ ਦੇ ਨਾਲ ਨਾਲ ਕੇਂਦਰ ਦੀ ਭਾਜਪਾ ਸਰਕਾਰ ਨੂੰ ਵੀ ਕਟਹਿਰੇ ਵਿੱਚ ਖੜਾ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਇਸ ਐਕਸ਼ਨ ਤੋਂ ਬਾਅਦ ਵੀ ਜੇਕਰ ਫਿਰ ਵੀ ਮਸਲਾ ਹੱਲ ਨਾ ਹੋਇਆ ਤਾਂ 29 ਅਕਤੂਬਰ 2024 ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਮੁਕੰਮਲ ਘਿਰਾਓ ਕੀਤੇ ਜਾਣਗੇ।

ਮੋਰਚੇ ਨੇ ਮੰਡੀਆਂ ਵਿੱਚ ਆਉਣ ਤੇ ਆਪ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਅਧਿਕਾਰੀਆਂ ਦੇ ਕਾਲੇ ਝੰਡਿਆਂ ਨਾਲ ਘੇਰਾਓ ਕਰਨ ਤੇ ਸੂਬੇ ਭਰ ਵਿੱਚ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਕਾਲੇ ਝੰਡੇ ਦਿਖਾਉਣ ਦਾ ਐਲਾਨ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਮਸਲਾ ਹੱਲ ਨਾ ਹੋਇਆ ਤਾਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਵਿਰੋਧ ਦਾ ਸੱਦਾ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਧਰਨੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮਨਦੀਪ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਕ੍ਰਿਸ਼ਨ ਧਰਮੂਵਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ, ਬੀ ਕੇ ਯੂ ਕਾਦੀਆਂ ਦੇ ਆਗੂ ਸ਼ਿੰਗਾਰ ਸਿੰਘ ਆਦਿ ਨੇ ਸੰਬੋਧਨ ਕੀਤਾ ਅਤੇ ਸਟੇਜ ਸੈਕਟਰੀ ਦੀ ਭੂਮਿਕਾ ਬੀ ਕੇ ਯੂ ਡਕੌਂਦਾ (ਧਨੇਰ) ਦੇ ਬਲਾਕ ਪ੍ਰਧਾਨ ਪ੍ਰਵੀਨ ਮੌਲਵੀਵਾਲਾ ਨੇ ਨਿਭਾਈ।

# ਜੰਗਲਾਤ ਵਰਕਰਾਂ ਵੱਲੋਂ ਵਣ ਮੰਡਲ ਅਧਿਕਾਰੀ ਦੇ ਦਫ਼ਤਰ ਦਾ ਘਿਰਾਓ

### ਜੰਗਲਾਤ ਅਧਿਕਾਰੀ ਵਰਕਰਾਂ ਨੂੰ ਕਾਲੀ ਦੀਵਾਲੀ ਮਨਾਉਣ ਲਈ ਕਰ ਰਹੇ ਨੇ ਮਜਬੂਰ : ਉਡਤ



**ਮਾਨਸਾ (ਆਤਮਾ ਸਿੰਘ ਪਮਾਰ)**-ਜੰਗਲਾਤ ਵਿਭਾਗ ਫੀਲਡ ਵਰਕਰ ਯੂਨੀਅਨ ਜ਼ਿਲ੍ਹਾ ਮਾਨਸਾ ਵੱਲੋਂ ਵਣ ਮੰਡਲ ਅਫਸਰ ਮਾਨਸਾ ਦੇ ਦਫਤਰ ਦਾ ਘਿਰਾਓ ਕੀਤਾ ਗਿਆ।ਵਰਕਰਾਂ ਨੇ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਰਹਿੰਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ, ਸੀਨੀਆਰਤਾ ਸੂਚੀ ਸੋਧ ਕੇ ਬਣਾਈ ਜਾਵੇ, ਰਹਿੰਦਾ ਏਰੀਅਰ ਦਿੱਤਾ ਜਾਵੇ, ਲੋੜੀਂਦੇ ਸੰਦ, ਬੂਟ ਤੇ ਵਰਦੀਆਂ ਦਿੱਤੀਆਂ ਜਾਣ।ਇਸ ਮੌਕੇ ਸੰਬੋਧਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉਡਤ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਜਟ ਆ ਜਾਣ ਦੇ ਬਾਵਜੂਦ ਵਰਕਰਾਂ ਨੂੰ ਤਨਖਾਹਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ।ਜਾਪਦਾ ਹੈ ਕਿ ਅਫਸਰਸ਼ਾਹੀ ਵਰਕਰਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਕਰ ਰਹੀ ਹੈ।

ਜੰਗਲਾਤ ਵਿਭਾਗ ਫੀਲਡ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਲਾ ਖਾਂ ਭੰਮੇ ਤੇ ਜ਼ਿਲ੍ਹਾ ਸਕੱਤਰ ਸਾਥੀ ਨਿਰਮਲ ਸਿੰਘ ਬੱਪੀਆਣਾ ਨੇ ਕਿਹਾ ਕਿ ਅਫਸਰਾਂ ਨੂੰ ਵਾਰ ਵਾਰ ਮਿਲ ਕੇ ਮੰਗਾਂ ਪੂਰੀਆਂ ਕਰਨ ਦੀਆਂ ਅਪੀਲਾਂ ਕਰ ਚੁੱਕੇ ਹਾਂ, ਪ੍ਰੰਤੂ ਅਫ਼ਸਰਸ਼ਾਹੀ ਦੇ ਕੰਨ ਤੋਂ ਜੂੰਅ ਨਹੀਂ ਸਰਕ ਰਹੀ, ਮਜਬੂਰ ਹੋ ਕੇ ਜਥੇਬੰਦੀ ਨੂੰ ਦਫਤਰ ਦਾ ਘਿਰਾਓ ਕਰਨਾ ਪਿਆ।ਅਖੀਰ ਵਿੱਚ ਵਣ ਮੰਡਲ ਅਫ਼ਸਰ ਮਾਨਸਾ ਨੇ ਧਰਨੇ 'ਚ ਆ ਕੇ ਦੋ ਦਿਨਾਂ ਵਿੱਚ ਵਰਕਰਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿੱਤਾ ਤਾਂ ਜਥੇਬੰਦੀ ਵੱਲੋਂ ਪ੍ਰਦਰਸ਼ਨ ਦੀ ਸਮਾਪਤੀ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਟਾ ਖਾਂ ਕੋਟਧਰਮੂ, ਗੁਰਜਿੰਦਰ ਸਿੰਘ ਜੋਗਾ, ਜਗਤਾਰ ਤਾਰਾ, ਸੁਖਦੇਵ ਸਿੰਘ ਦਲੇਲ ਵਾਲਾ, ਪੱਪੂ ਬੁਰਜ ਰਾਠੀ, ਕਰਮਜੀਤ ਭੈਣੀਬਾਘਾ, ਬਲਦੇਵ ਸਿੰਘ ਬੁਰਜ ਰਾਠੀ, ਮੱਖਣ ਸਿੰਘ ਰਾਮਾਨੰਦੀ, ਬੱਬੂ ਭੀਖੀ, ਰਾਜਿੰਦਰ ਸਿੰਘ ਝੁਨੀਰ, ਕੇਵਲ ਸਿੰਘ ਚਾਹਿਲਾਂਵਾਲੀ, ਅਜੀਤ ਸਿੰਘ ਜਟਾਣਾ, ਮਨਪ੍ਰੀਤ ਸਿੰਘ ਸਰਦੂਲਗੜ੍ਹ, ਕ੍ਰਿਸ਼ਨ ਮਾਖਾ ਤੇ ਨਿਰਦੇਵ ਰੱਲਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

# ਸੂਬੇ ਦਾ ਕਿਸਾਨ ਜੇ ਦੇਸ਼ ਦਾ ਅੰਨਦਾਤਾ ਬਣ ਸਕਦੈ ਤਾਂ ਅੰਨ ਦਾ ਸੰਕਟ ਵੀ ਪੈਦਾ ਕਰ ਸਕਦੈ : ਰਾਜੇਵਾਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਅੱਜ ਮਾਛੀਵਾੜਾ-ਨਵਾਂਸ਼ਹਿਰ ਮਾਰਗ 'ਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਨਾ ਹੋਣ ਕਾਰਨ ਚੱਕਾ ਜਾਮ ਕਰ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਪੁੱਜੇ, ਜਿਨ੍ਹਾਂ ਪ੍ਰੈੱਸ ਨਾਲ ਗੱਲ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸੂਬੇ ਦੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰ ਦੇਣ ਨਹੀਂ ਤਾਂ ਜੋ ਕਿਸਾਨ ਦੇਸ਼ ਦਾ ਅੰਨਦਾਤਾ ਬਣ ਸਕਦਾ ਹੈ, ਉਹ ਅੰਨ ਦਾ ਸੰਕਟ ਵੀ ਪੈਦਾ ਕਰ ਸਕਦਾ ਹੈ। ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਅੰਦੋਲਨ ਦੀ ਕਿੜ ਕੱਢ ਰਹੀ ਹੈ ਤੇ ਅੱਜ ਜੋ ਵੀ ਝੋਨੇ ਦੀ ਖਰੀਦ ਸਬੰਧੀ ਸਮੱਸਿਆਵਾਂ ਹਨ, ਉਸ ਦਾ ਕੋਈ ਵੀ ਹੱਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅੱਜ ਕਿਸਾਨ, ਆੜ੍ਹਤੀ, ਸ਼ੈਲਰ ਮਾਲਕ, ਮਜ਼ਦੂਰ ਪਿਛਲੇ 25 ਦਿਨਾਂ ਤੋਂ ਲਗਾਤਾਰ ਮੰਡੀਆਂ ਵਿੱਚ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਝੋਨਾ ਨਾ ਵਿਕਣ ਕਾਰਨ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡੀ ਢਾਹ ਲੱਗ ਰਹੀ ਹੈ। ਰਾਜੇਵਾਲ ਨੇ ਕਿਹਾ ਕਿ ਕਿਸਾਨ ਯੂਨੀਅਨਾਂ ਲਗਾਤਾਰ ਝੋਨੇ ਦੀ ਖਰੀਦ ਸਬੰਧੀ ਜੋ ਮੰਗਾਂ ਹਨ, ਉਨ੍ਹਾਂ ਨੂੰ ਮੰਨਵਾਉਣ ਲਈ ਯਤਨਸ਼ੀਲ ਹੈ, ਪਰ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕੇਵਲ ਲਾਰੇ ਹੀ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅੱਜ ਵੱਡੇ ਸੰਘਰਸ਼ ਦੇ ਬਾਵਜੂਦ ਮੰਗਾਂ ਨਾ ਮੰਨੀਆਂ ਤਾਂ ਪੰਜਾਬ ਬਰਬਾਦੀ ਵੱਲ ਤੁਰ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ ਦਾ ਗੁਦਾਮਾਂ ਵਿੱਚ ਪਿਆ ਅਨਾਜ ਨਹੀਂ ਚੁਕਵਾਇਆ ਤੇ ਪੰਜਾਬ ਸਰਕਾਰ ਨੇ ਇਸ ਪ੍ਰਤੀ ਵੀ ਕੋਈ ਗੰਭੀਰਤਾ ਨਹੀਂ ਦਿਖਾਈ, ਜਿਸ ਕਾਰਨ ਅੱਜ ਝੋਨੇ ਦੀ ਖਰੀਦ 'ਤੇ ਵੱਡੀ ਪ੍ਰੇਸ਼ਾਨੀ ਬਣੀ ਹੋਈ ਹੈ। ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜੇਕਰ ਝੋਨੇ ਦੀ ਖਰੀਦ ਜਲਦ ਸੁਚਾਰੂ ਢੰਗ ਨਾਲ ਨਾ ਚਲਾਈ ਗਈ ਤਾਂ ਉਹ 29 ਅਕਤੂਬਰ ਨੂੰ ਸੂਬੇ ਦੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਨੂੰ ਤਾਲ਼ੇ ਲਗਾਉਣਗੇ। ਉਨ੍ਹਾਂ ਕਿਹਾ ਕਿ ਉਹ ਸੂਬੇ ਦੇ ਲੋਕਾਂ ਤੋਂ ਮੁਆਫ਼ੀ ਮੰਗਦੇ ਹਨ ਕਿ ਜਿਨ੍ਹਾਂ ਨੂੰ ਰੋਸ ਧਰਨਿਆਂ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਕਿਸਾਨਾਂ ਕੋਲ ਆਪਣੀਆਂ ਮੰਗਾਂ ਮੰਨਵਾਉਣ ਲਈ ਹੋਰ ਕੋਈ ਹੱਲ ਨਹੀਂ ਦਿਖਾਈ ਦੇ ਰਿਹਾ। ਇਸ ਮੌਕੇ ਕਿਸਾਨ ਆਗੂ ਸੁਖਵਿੰਦਰ ਸਿੰਘ ਭੱਟੀਆਂ, ਮਾਛੀਵਾੜਾ ਆੜ੍ਹਤੀ ਐਸੋ. ਦੇ ਪ੍ਰਧਾਨ ਮੋਹਿਤ ਕੁੰਦਰਾ, ਤੇਜਿੰਦਰ ਸਿੰਘ ਕੂੰਨਰ, ਹਰਜਿੰਦਰ ਸਿੰਘ ਖੇੜਾ, ਟਹਿਲ ਸਿੰਘ ਔਜਲਾ (ਸਾਰੇ ਸਾਬਕਾ ਪ੍ਰਧਾਨ), ਗੁਰਨਾਮ ਸਿੰਘ ਨਾਗਰਾ, ਜਥੇਦਾਰ ਮਨਮੋਹਣ ਸਿੰਘ ਖੇੜਾ, ਕਪਿਲ ਆਨੰਦ, ਪਰਮਿੰਦਰ ਤਿਵਾੜੀ, ਅਰਵਿੰਦਰਪਾਲ ਸਿੰਘ ਵਿੱਕੀ, ਮੇਜਰ ਸਿੰਘ ਰਹੀਮਾਬਾਦ, ਹਰਦੀਪ ਸਿੰਘ ਟੋਨੀ, ਰਾਜਵਿੰਦਰ ਸਿੰਘ ਸੈਣੀ, ਹੈਪੀ ਗਿੱਲ, ਦਰਸ਼ਨ ਸਿੰਘ ਮਿੱਠੇਵਾਲ, ਭੁਪਿੰਦਰ ਸਿੰਘ ਹਿਯਾਤਪੁਰ, ਨਾਹਰ ਸਿੰਘ, ਮਨਰਾਜ ਸਿੰਘ ਲੁਬਾਣਗੜ੍ਹ, ਲਖਵੀਰ ਸਿੰਘ, ਰਣਧੀਰ ਸਿੰਘ ਸੈਣੀ, ਕਰਮਜੀਤ ਸਿੰਘ ਅਢਿਆਣਾ, ਜਤਿੰਦਰ ਸਿੰਘ ਬੱਬੀ, ਗੁਰਵਿੰਦਰ ਸਿੰਘ, ਕੁਲਦੀਪ ਸਿੰਘ ਪਵਾਤ, ਅਵਤਾਰ ਸਿੰਘ ਸ਼ੇਰੀਆਂ, ਪਰਮਜੀਤ ਸਿੰਘ ਮਿਲਕੋਵਾਲ, ਹਰਬੰਤ ਸਿੰਘ ਮੁੱਤੋਂ, ਕਰਮਜੀਤ ਸਿੰਘ, ਕਰਮਜੀਤ ਸਿੰਘ, ਮਨਜੀਤ ਸਿੰਘ ਪਵਾਤ, ਮਹਿੰਦਰ ਸਿੰਘ ਸੈਂਸੋਵਾਲ, ਮੋਹਣ ਸਿੰਘ ਮੌਜੂਦ ਸਨ।

## ਡਾ. ਸੰਦੀਪ ਕੌਰ ਨੇ ਅਹੁਦਾ ਸੰਭਾਲਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਸੰਦੀਪ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ ਦੇ ਮੁਖੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।

ਡਾ. ਸੰਦੀਪ ਕੌਰ ਇਤਿਹਾਸ ਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵਿੱਚ ਅਧਿਆਪਕ ਤੇ ਮੁਖੀ ਵਜੋਂ ਕਾਰਜਸ਼ੀਲ ਹਨ।ਉਨ੍ਹਾਂ ਵੱਲੋਂ ਅਹੁਦਾ ਸੰਭਾਲ਼ੇ ਜਾਣ ਮੌਕੇ ਇਸ ਚੇਅਰ ਦੇ ਸਾਬਕਾ ਮੁਖੀ ਡਾ. ਦਲਜੀਤ ਸਿੰਘ ਤੋਂ ਇਲਾਵਾ ਇਤਿਹਾਸ ਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਤੋਂ ਅਧਿਆਪਕ ਡਾ. ਮੁਹੰਮਦ ਇਦਰੀਸ, ਡਾ. ਪਰਨੀਤ ਕੌਰ ਢਿੱਲੋਂ, ਡਾ. ਕਰਮਜੀਤ ਮਲਹੋਤਰਾ, ਡਾ. ਕੁਲਬੀਰ ਸਿੰਘ ਬਾਦਲ ਆਦਿ ਮੌਜੂਦ ਰਹੇ।

## ਬੀ ਕੇ ਯੂ ਏਕਤ ਉਗਰਾਹਾਂ ਦੇ ਆਗੂਆਂ ਮੰਡੀ ਦਾ ਦੌਰਾ ਕਰ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ

**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਛਾਜਲੀ ਦੀ ਦਾਣਾ ਮੰਡੀ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤ ਉਗਰਾਹਾਂ ਦੇ ਇਕਾਈ ਛਾਜਲੀ ਦੇ ਆਗੂਆਂ ਨੇ ਆਪਣੀ ਟੀਮ ਨਾਲ ਦੌਰਾ ਕੀਤਾ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ। ਆਗੂਆਂ ਨੇ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਕਿਸਾਨਾਂ ਨੂੰ ਕਹਿ ਕੇ ਝੋਨੇ ਦੀ ਕਿਸਮ ਪੀ. ਆਰ. 126 ਲਵਾਈ, ਜਿਸ 'ਤੇ ਪਾਣੀ ਦੀ ਲਾਗਤ ਵੀ ਘੱਟ ਹੁੰਦੀ ਹੈ ਤੇ ਪੱਕਣ ਤੇ ਵੀ ਸਮਾਂ ਵੀ ਘੱਟ ਲੱਗਦਾ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਰਹੀ ਤੇ ਮੰਡੀਆਂ ਵਿੱਚ ਕਿਸਾਨਾਂ ਦੀ ਪੁੱਤਾਂ ਵਾਂਗ ਪਾਲ਼ੀ ਜਿਨਸ ਰੁਲ ਰਹੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਝੋਨੇ ਅੰਦਰ ਨਮੀਂ ਦੀ ਮਾਤਰਾ 17% ਰੱਖੀ ਹੈ, ਜਦੋਂ ਕਿ ਕਿਸਾਨ ਡਿੱਗੇ ਹੋਏ ਝੋਨੇ ਨੂੰ ਟਰਾਲੀ ਰਾਹੀਂ ਮੰਡੀ ਲਿਆਉਂਦਾ ਹੈ ਤਾਂ ਉਸ ਵਿੱਚ ਨਮੀਂ ਦੀ ਮਾਤਰਾ 20% ਆਉਂਦੀ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੀ ਝੋਨੇ ਦੀ ਫਸਲ ਮੰਡੀਆਂ ਵਿੱਚੋਂ ਜਲਦੀ ਤੋਂ ਜਲਦੀ ਚੁਕਾਈ ਜਾਵੇ ਤੇ ਨਾਲ ਹੀ ਡੀ.ਏ.ਪੀ. ਖਾਦ ਦਾ ਪ੍ਰਬੰਧ ਕਰਕੇ ਕਿਸਾਨਾਂ ਨੂੰ ਦਿੱਤਾ ਜਾਵੇ ਤਾਂ ਜੋ ਕਿਸਾਨ ਹਾੜ੍ਹੀ ਦੀ ਫਸਲ ਦੀ ਬਿਜਾਈ ਕਰ ਸਕਣ।



## ਭਲਕੇ ਫੂਕੀ ਜਾਵੇਗੀ ਪੰਜਾਬ ਸਰਕਾਰ ਦੀ ਅਰਥੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਮੀਟਿੰਗ ਦਾ ਸਮਾਂ ਦੇ ਕੇ ਵਾਰ ਵਾਰ ਮੀਟਿੰਗ ਮੁਲਤਵੀ ਕੀਤੀ ਜਾਂਦੀ ਰਹੀ ਹੈ। ਇੱਕ ਪਾਸੇ ਤਾਂ ਸਰਕਾਰ ਫੋਕੀ ਇਸ਼ਤਿਹਾਰਬਾਜ਼ੀ ਰਾਹੀਂ ਫਜ਼ੂਲ ਖਰਚੀਆਂ ਕਰਕੇ ਖਜ਼ਾਨੇ ਨੂੰ ਚੂਨਾ ਲਗਾਇਆ ਜਾ ਰਿਹਾ ਹੈ। ਮੰਤਰੀ ਵਿਧਾਇਕ ਆਪਣੀਆਂ ਤਨਖਾਹਾਂ ਤੇ ਭੱਤੇ ਲਗਾਤਾਰ ਵਧਾਈ ਜਾ ਰਹੇ ਹਨ। ਮਾਈਨਿੰਗ ਮਾਫ਼ੀਆ, ਕੇਬਲ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਉਸੇ ਤਰ੍ਹਾਂ ਸਰਗਰਮ ਹੈ। ਬਦਲਾਅ ਦੇ ਨਾਂ 'ਤੇ ਆਈ ਸਰਕਾਰ ਵਿੱਚ ਕੁੱਝ ਵੀ ਨਹੀਂ ਬਦਲਿਆ, ਸਗੋਂ ਕੁਰੱਪਸ਼ਨ ਦੇ ਰੇਟ ਦੁੱਗਣੇ ਹੋ ਗਏ ਹਨ। ਨਸ਼ਾ ਵੀ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। ਸਰਕਾਰ ਦੇ ਮੰਤਰੀ ਤੇ ਵਿਧਾਇਕਾਂ ਦੀ ਕੁਰੱਪਸ਼ਨ ਬਾਰੇ ਲੋਕ ਆਮ ਹੀ ਗੱਲਾਂ ਕਰਦੇ ਸੁਣੇ ਜਾਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੋਹਲਾ ਸਿੰਘ ਬਰਾੜ, ਭੂਪਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਹ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਤਾਂ ਮਖੌਲ ਹੀ ਕਰ ਰਹੀ ਹੈ। ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 28 ਅਕਤੂਬਰ ਨੂੰ ਮੋਗਾ ਦੇ ਮੁੱਖ ਚੌਕ ਵਿੱਚ ਪੁਲ ਦੇ ਹੇਠਾਂ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਦੱਸਿਆ ਜਾਵੇਗਾ ਕਿ ਹੁਣ ਇਹ ਸਰਕਾਰ ਮਰ ਚੁੱਕੀ ਹੈ। ਪੋਹਲਾ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੇ ਸਾਥੀ ਇਸ ਮੌਕੇ ਵਧ ਚੜ੍ਹ ਕੇ ਹਿੱਸਾ ਲੈਣਗੇ।

## ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਬੂਟੇ ਲਗਾਏ




**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਹਮੀਰਗੜ੍ਹ ਦੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਕਮੇਟੀ ਪ੍ਰਧਾਨ ਬਾਗਅਲੀ ਦੀ ਅਗਵਾਈ ਹੇਠ ਬੂਟੇ ਲਗਾਏ। ਜਾਣਕਾਰੀ ਦਿੰਦਿਆਂ ਪ੍ਰਧਾਨ ਬਾਗਅਲੀ ਨੇ ਦੱਸਿਆ ਕਿ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਨੇ ਕਬਰਸਤਾਨ ਵਿੱਚ ਬੂਟੇ ਲਗਾਏ ਗਏ ਗਏ ਹਨ। ਉਧਰ ਦੂਜੇ ਪਾਸੇ ਵਿਵੇਕ ਆਸ਼ਰਮ ਦੇ ਸੰਚਾਲਕ ਗੰਗਾ ਰਾਮ ਵੱਲੋਂ ਕਿਹਾ ਗਿਆ ਕਿ ਸਾਨੂੰ ਇਹ ਨਹੀਂ ਪਤਾ ਕਿ ਮੁਸਲਮਾਨ ਭਾਈਚਾਰੇ ਦੇ ਲੋਕਾਂ ਵੱਲੋਂ ਬੂਟੇ ਕਿਸ ਜਗ੍ਹਾ ਲਗਾਏ ਗਏ ਹਨ, ਪਰ ਇਨ੍ਹਾਂ ਨੂੰ ਕੁਝ ਜਗ੍ਹਾ ਕਬਰਸਤਾਨ ਲਈ ਜ਼ਰੂਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੈਂ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਹਾਂ ਤੇ ਮੇਰੇ ਪਹੁੰਚਣ 'ਤੇ ਹੀ ਪਤਾ ਲੱਗੇਗਾ ਕਿ ਕਮੇਟੀ ਵੱਲੋਂ ਇਹ ਬੂਟੇ ਨਿਸ਼ਚਿਤ ਜਗ੍ਹਾ 'ਤੇ ਹੀ ਲਗਾਏ ਗਏ ਹਨ।

## ਫੂਡ ਸੇਫਟੀ ਮਹਿਕਮੇ ਨੇ ਮਠਿਆਈ ਵੇਚਣ ਵਾਲਿਆਂ ਨੂੰ ਪਾਈਆਂ ਭਾਜੜਾਂ !



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਠਿੰਡਾ ਫੂਡ ਸੇਫਟੀ ਮਹਿਕਮੇ ਵੱਲੋਂ ਸ਼ਹਿਰ ਦੀਆਂ ਵੱਖ ਵੱਖ ਹਲਵਾਈਆਂ ਦੀਆਂ ਦੁਕਾਨਾਂ ਉੱਪਰ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਮਠਿਆਈਆਂ ਦੇ ਸੈਂਪਲ ਭਰੇ ਗਏ, ਉੱਥੇ ਹੀ ਫੂਡ ਸੇਫਟੀ ਵੈਨ ਵਿੱਚ ਤੁਰੰਤ ਚੈਕਿੰਗ ਵੀ ਕੀਤੀ ਗਈ। ਗਲਤ ਮਠਿਆਈਆਂ ਬਣਾਉਣ ਵਾਲੇ ਤੇ ਵੇਚਣ ਵਾਲਿਆਂ 'ਤੇ ਮਹਿਕਮੇ ਨੇ ਸਖਤ ਕਾਰਵਾਈ ਦੀ ਚੇਤਾਵਨੀ ਦਿੱਤੀ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਫੂਡ ਸੇਫਟੀ ਇੰਸਪੈਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਇੱਕ ਮਹੀਨੇ ਵਿੱਚ ਉਨ੍ਹਾਂ ਵੱਲੋਂ 72 ਦੇ ਕਰੀਬ ਸੈਂਪਲ ਭਰੇ ਗਏ ਹਨ, ਜਿਨ੍ਹਾਂ ਵਿੱਚ ਮਠਿਆਈਆਂ ਵੇਚਣ ਤੇ ਬਣਾਉਣ ਵਾਲੇ ਅਤੇ ਦੁੱਧ ਤੋਂ ਬਣਨ ਵਾਲੇ ਪ੍ਰੋਡਕਟ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕੁਝ ਚੀਜ਼ਾਂ ਦਾ ਅਸੀਂ ਫੂਡ ਸੇਫਟੀ ਵੈਨ ਰਾਹੀਂ ਤੁਰੰਤ ਚੈਕਿੰਗ ਕਰਦੇ ਹਾਂ ਤੇ ਸਿੰਪਲ ਫੇਲ੍ਹ ਹੋਣ 'ਤੇ ਜੁਰਮਾਨਾ ਵੀ ਕਰਦੇ ਹਾਂ। ਹੁਣ ਤੱਕ ਅਸੀਂ ਦੋ ਕੁਇੰਟਲ ਦੇ ਕਰੀਬ ਬਾਹਰਲਿਆਂ ਸੂਬਿਆਂ ਤੋਂ ਆਉਣ ਵਾਲੇ ਖੋਏ ਨੂੰ ਫੜਿਆ ਹੈ ਅਤੇ ਹੋਰ ਵੀ ਜੋ ਗਲਤ ਸਾਮਾਨ ਬਾਹਰੋਂ ਆਉਂਦਾ ਹੈ, ਉਸ ਲਈ ਅਸੀਂ ਲਗਾਤਾਰ ਚੈਕਿੰਗ ਕਰਦੇ ਰਹਿੰਦੇ ਹਾਂ। ਉਨ੍ਹਾਂ ਕਿਹਾ ਕਿ ਰੰਗਦਾਰ ਮਠਿਆਈਆਂ ਦੇ ਅੱਜ ਅਸੀਂ ਪੰਜ ਸੈਂਪਲ ਭਰੇ ਹਨ, ਜੋ ਵੱਖ ਵੱਖ ਦੁਕਾਨਦਾਰਾਂ ਤੋਂ ਲਏ ਹਨ, ਜੇਕਰ ਸੈਂਪਲ ਫੇਲ੍ਹ ਹੁੰਦੇ ਹਨ ਤਾਂ ਲੱਖਾਂ ਰੁਪਈਆਂ ਦਾ ਜੁਰਮਾਨਾ ਵੀ ਹੋਵੇਗਾ ਅਤੇ ਦੁਕਾਨ ਨੂੰ ਸੀਲ ਵੀ ਕੀਤਾ ਜਾਵੇਗਾ।

## ਆਖਿਰਕਾਰ ਕਿਉਂ ਨਹੀਂ ਰੁਕ ਰਿਹਾ ਤਹਿਸੀਲ 'ਚ ਭ੍ਰਿਸ਼ਟਾਚਾਰ ਦਾ ਕਾਰੋਬਾਰ ?

**ਬਰੇਟਾ (ਰੀਤਵਾਲ)**-ਪੰਜਾਬ 'ਚ ਅਨੇਕਾਂ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਬੇਖੌਫ ਚੱਲ ਰਿਹਾ ਹੈ।ਇਸ ਦੀ ਮਿਸਾਲ ਬਰੇਟਾ ਦੇ ਸਬ ਤਹਿਸੀਲ ਦਫਤਰ ਵਿੱਚੋਂ ਜਾਇਦਾਦਾਂ ਦੀਆਂ ਰਜਿਸਟਰੀਆਂ ਕਰਵਾ ਕੇ ਆਉਂਦੇ ਲੋਕਾਂ ਤੋਂ ਹੱਡਬੀਤੀ ਪੁੱਛ ਕੇ ਸਹਿਜੇ ਹੀ ਮਿਲ ਜਾਂਦੀ ਹੈ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸਬ ਤਹਿਸੀਲ ਨਾਲ ਸੰਬੰਧਤ ਜ਼ਮੀਨ-ਜਾਇਦਾਦਾਂ ਦੀਆਂ ਰਜਿਸਟਰੀਆਂ ਕਰਵਾਉਣ ਲਈ ਖ੍ਰੀਦਦਾਰਾਂ ਦੀ ਜੇਬ ਨੂੰ ਮੋਟਾ ਚੂਨਾ ਲੱਗਣ ਦਾ ਰੁਝਾਨ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਸਹੀ ਕਾਗਜ਼ਾਤ ਹੋਣ 'ਤੇ ਵੀ ਰਿਸ਼ਵਤ ਦਾ ਕੰਮ ਸ਼ੁਰੂ ਹੋ ਕੇ ਅਧੂਰੇ ਜਾਂ ਵਿਵਾਦਤ ਮਾਮਲਿਆਂ ਵਿੱਚ ਇਹ ਰੇਟ ਵਧਦੇ ਜਾਂਦੇ ਹਨ।ਰਿਸ਼ਵਤ ਦੇ ਪੈਸੇ ਅਖੌਤੀ ਏਜੰਟਾਂ ਰਾਹੀਂ ਅਧਿਕਾਰੀਆਂ ਦੇ ਨਾਂ 'ਤੇ ਵਸੂਲੇ ਜਾਂਦੇ ਹਨ।ਲੋਕਾਂ ਦਾ ਕਹਿਣਾ ਹੈ ਕਿ ਇਸ ਤਹਿਸੀਲ ਦਫਤਰ ਨੂੰ ਜ਼ਿਆਦਾਤਰ ਭ੍ਰਿਸ਼ਟ ਅਫਸਰ ਹੀ ਨਸੀਬ ਹੋਏ ਹਨ।ਇਸੇ ਕਰਕੇ ਇਹ ਦਫਤਰ ਪੂਰੇ ਸੂਬੇ 'ਚ ਬਦਨਾਮੀ ਦੇ ਨਾਮ 'ਤੇ ਪਹਿਲੇ, ਦੂਜੇ ਨੰਬਰ 'ਤੇ ਆਉਂਦਾ ਹੈ। ਇੱਥੇ ਇਹ ਗੱਲ ਵੀ ਬਹੁਤ ਹੀ ਹੈਰਾਨੀਜਨਕ ਹੈ ਕਿ ਇਸ ਚਲਦੇ ਗੋਰਖ-ਧੰਦੇ ਬਾਰੇ ਅਨੇਕਾਂ ਵਾਰ ਲੋਕਾਂ ਵੱਲੋਂ ਉੱਚ ਅਧਿਕਾਰੀਆਂ ਤੇ ਬਹੁਤ ਸਾਰੇ ਸਿਆਸੀ ਆਗੂਆਂ ਦੇ ਧਿਆਨ 'ਚ ਲਿਆਂਦਾ ਜਾ ਚੁੱਕਾ ਹੈ, ਪਰ ਫਿਰ ਵੀ ਭ੍ਰਿਸ਼ਟਾਚਾਰ ਦਾ ਧੰਦਾ ਬਰਕਰਾਰ ਹੈ।ਲੋੜ ਹੈ ਸਰਕਾਰ ਨੂੰ ਇਸ ਮਾਮਲੇ 'ਚ ਗੁਪਤ ਤੌਰ 'ਤੇ ਜਾਂਚ ਕਰਨ ਦੀ, ਤਾਂ ਜੋ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਸਕੇ।

## ਚੋਣ ਜ਼ਾਬਤੇ ਦਾ ਬਹਾਨਾ ਬਣਾ ਕੇ ਮਨਰੇਗਾ ਮਜ਼ਦੂਰਾਂ ਨੂੰ ਕੰਮ ਤੋਂ ਵਾਂਝੇ ਕੀਤਾ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿੱਚ ਸ਼ਾਮਲ ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਖੁਸ਼ੀਆ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਦੀ ਅਗਵਾਈ ਹੇਠ ਪਿੰਡ ਚੁਹਾਣਕੇ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਮਨਰੇਗਾ ਕਾਮਿਆਂ ਨੂੰ ਰੁਜ਼ਗਾਰ ਦਵਾਉਣ ਲਈ ਮੀਟਿੰਗ ਵਿੱਚ ਬੀ ਡੀ ਪੀ ਓ ਦਫਤਰ ਮਹਿਲ ਕਲਾਂ ਨੂੰ ਕੰਮ ਦਾ ਮਿਸਟੋਲ ਕਢਵਾਉਣ ਲਈ ਡਿਮਾਂਡ ਲਿਸਟ ਤਿਆਰ ਕੀਤੀ ਗਈ।ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪੰਚਾਇਤ ਵਿਭਾਗ, ਅਫਸਰਸ਼ਾਹੀ ਵੱਲੋਂ ਪਹਿਲਾਂ ਪੰਚਾਇਤੀ, ਹੁਣ ਜ਼ਿਮਨੀ ਚੋਣਾਂ ਕਾਰਨ ਲੱਗੇ ਚੋਣ ਜ਼ਾਬਤੇ ਦਾ ਬਹਾਨਾ ਬਣਾ ਕੇ ਜ਼ਿਲ੍ਹਾ ਭਰ ਦੇ ਸਾਰੇ ਪਿੰਡਾਂ 'ਚ ਮਨਰੇਗਾ ਮਜ਼ਦੂਰਾਂ ਨੂੰ ਮਸਟਰੋਲ ਕੱਢ ਕੇ ਕੰਮ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਮਨਰੇਗਾ ਮਜ਼ਦੂਰਾਂ ਨੂੰ ਦਿਵਾਲੀ ਦੇ ਤਿਉਹਾਰ ਦੇ ਮੌਕੇ ਆਪਣੇ ਬੱਚਿਆਂ ਨਾਲ ਖੁਸ਼ੀਆਂ ਮਨਾਉਣ ਤੋਂ ਨੂੰ ਵਾਂਝੇ ਕਰ ਦਿੱਤਾ ਗਿਆ ਹੈ।ਮਜ਼ਦੂਰ ਆਗੂਆਂ ਕਿਹਾ ਕਿ ਪੰਜਾਬ ਸਰਕਾਰ, ਪੰਚਾਇਤ ਵਿਭਾਗ, ਜ਼ਿਲ੍ਹਾ ਅਫ਼ਸਰ ਮਨਰੇਗਾ, ਨਰੇਗਾ ਕਨੂੰਨ ਦੇ ਨਿਯਮਾਂ ਨੂੰ ਲਾਗੂ ਕਰਨ ਕਾਨੂੰਨ ਮੁਤਾਬਕ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਲਈ ਪਿੰਡਾਂ ਦੀਆਂ ਲਿੰਕ ਸੜਕਾਂ, ਕੱਚੇ ਰਸਤਿਆਂ, ਪੁਲੀਆਂ ਤੇ ਸਾਂਝੀਆਂ ਸੰਸਥਾਵਾਂ ਦੀ ਸਫਾਈ ਕਰਨ ਦਾ ਕੰਮ ਕਰਵਾਉਣ ਤੋਂ ਭੱਜ ਰਹੀ ਹੈ।ਮਜ਼ਦੂਰ ਆਗੂਆਂ ਨੇ ਏ ਡੀ ਸੀ ਵਿਕਾਸ ਬਰਨਾਲਾ ਪਾਸੋਂ ਮੰਗ ਕੀਤੀ ਕਿ ਜ਼ਿਲ੍ਹੇ ਭਰ ਦੇ ਸਾਰੇ ਪਿੰਡਾਂ 'ਚ ਮਸਟਰੋਲ ਕੱਢ ਕੇ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ।ਮਜ਼ਦੂਰ ਆਗੂਆਂ ਚੇਤਾਵਨੀ ਸੁਰ ਵਿੱਚ ਕਿਹਾ ਕਿ ਜੇਕਰ ਇੱਕ ਹਫਤੇ ਅੰਦਰ ਮਸਟਰੋਲ ਕੱਢ ਕੇ ਮਜ਼ਦੂਰ ਨੂੰ ਰੁਜ਼ਗਾਰ ਨਾ ਦਿੱਤਾ ਗਿਆ ਤਾਂ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# 21ਵੇਂ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਸੰਬਧੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**
ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ (ਰਜਿ.) ਪਿੰਡ ਫ਼ਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ) ਵੱਲੋਂ ਸੱਚਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ 6 ਗ਼ਰੀਬ ਤੇ ਬੇਸਹਾਰਾ ਲੜਕੀਆਂ ਦੇ ਸਮੂਹਿਕ ਵਿਆਹ 8 ਦਸੰਬਰ ਨੂੰ ਪਿੰਡ ਫ਼ਿਰੋਜ਼ਸ਼ਾਹ ਵਿਖੇ ਕਰਨ ਲਈ ਹੋਣ ਵਾਲੇ 21ਵੇਂ ਸਾਲਾਨਾ ਧਾਰਮਿਕ ਸਮਾਗਮ ਦੇ ਸਬੰਧ ਵਿੱਚ ਡਾ. ਬਹਾਲ ਚੰਦ ਕਲੀਨਿਕ ਵਿਖੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫ਼ਿਰੋਜ਼ਸ਼ਾਹ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨਵਾਲਾ, ਸਾਬਕਾ ਸਰਪੰਚ ਸਤਨਾਮ ਸਿੰਘ ਫਲੀਆਂਵਾਲਾ, ਸੁਖਵਿੰਦਰ ਸਿੰਘ ਸਰਾਗੀ, ਮਨੂੰ ਛਾਬੜਾ, ਡਾ. ਸ਼ੀਰਾ ਚੱਕ ਸੈਦੋਕੇ, ਸੁਰਿੰਦਰ ਜ਼ੈਲਦਾਰ, ਯਸ਼ ਚੋਹਾਨ ਨੇ ਸ਼ਿਰਕਤ ਕੀਤੀ ਅਤੇ ਉਪਰੋਕਤ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨ ਵਾਲਾ ਨੇ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ ਹੈ, ਜਿਸ ਤਹਿਤ ਸੇਵਾਦਾਰ ਬਾਬਾ ਹਰਜਿੰਦਰ ਸਿੰਘ, ਜੋ ਪਿਛਲੇ 20 ਸਾਲਾਂ ਤੋਂ ਗਰੀਬ ਅਤੇ ਬੇਸਹਾਰਾ ਲੋੜਵੰਦ ਲੜਕੀਆਂ ਦੀਆਂ ਸ਼ਾਦੀਆਂ ਸੇਵਾ ਭਾਵਨਾ ਨਾਲ ਕਰ ਰਹੇ ਹਨ, ਇਹ ਵੀ ਇੱਕ ਸਭ ਤੋਂ ਉਤਮ ਸੇਵਾ ਹੈ, ਜਿਸ ਨੂੰ ਸਫ਼ਲ ਬਣਾਉਣ ਲਈ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇਗਾ। ਬਾਬਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਪਰੋਕਤ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਮਾਗਮ ਦੇ ਦੌਰਾਨ ਸਮੂਹਿਕ ਅਨੰਦ ਕਾਰਜ ਕਰਨ ਸਮੇਂ ਵਿਆਹ ਵਾਲੀਆਂ ਲੜਕੀਆਂ ਨੂੰ ਲੋੜੀਦਾ ਦਾਜ ਰੂਪੀ ਸਮਾਨ ਜਿਵੇਂ ਕਿ ਪੇਟੀ, ਬੈਂਡ, ਬਿਸਤਰੇ, ਕੁਰਸੀਆਂ, ਮੇਜ਼, ਮੰਜਿਆਂ ਦਾ ਜੋੜਾ, ਸਟੈਂਡ ਵਾਲਾ ਪੱਖਾ, ਲੜਕੇ ਨੂੰ ਘੜੀ, ਲੜਕੀ ਨੂੰ ਪਜੇਬਾਂ ਤੇ ਸੂਟ ਕੱਪੜੇ ਆਦਿ ਵੀ ਦਿੱਤੇ ਜਾਣਗੇ। ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਨੇ ਉਕਤ ਲੋੜਵੰਦ ਲੜਕੀਆਂ ਦੇ ਵਿਆਹ ਕਰਨ ਵਿੱਚ ਇਲਾਕਾ ਵਾਸੀਆਂ ਨੂੰ ਸਹਿਯੋਗ ਕਰਨ ਦਾ ਸੰਦੇਸ਼ ਦਿੱਤਾ ਤਾਂ ਜੋ ਇਸ ਧਾਰਮਿਕ ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ।

# ਝਾੜ ਸਾਹਿਬ ਕਾਲਜ 'ਚ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਕੈਂਪ



**ਸਮਰਾਲਾ (ਸੁਰਜੀਤ ਸਿੰਘ)**
ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਤੇ ਹੋਮ ਸਾਇੰਸ ਵਿਭਾਗ ਦੇ ਮੁਖੀ ਡਾ. ਰਣਜੀਤ ਕੌਰ ਦੀ ਅਗਵਾਈ ਹੇਠ ਪਰਾਲੀ ਦੀ ਸੁਚੱਜੇ ਢੰਗ ਨਾਲ ਸਾਂਭ-ਸੰਭਾਲ ਦੇ ਉਦੇਸ਼ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਵੱਲੋਂ ਝੋਨੇ ਦੀ ਪਰਾਲੀ ਨਾ ਜਲਾਉਣ ਸਬੰਧੀ ਪ੍ਰੋਜੈਕਟ ਅਧੀਨ ਇੱਕ ਦਿਨਾ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਝੋਨੇ ਦੀ ਪਰਾਲੀ ਨਾ ਸਾੜਨ ਸਬੰਧੀ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਭਾਗ ਲਿਆ।ਪੋਸਟਰ ਮੇਕਿੰਗ ਮੁਕਾਬਲੇ ਵਿੱਚ ਜਸਮੀਤ ਕੌਰ ਨੇ ਪਹਿਲਾ, ਜਸਪ੍ਰੀਤ ਕੌਰ ਨੇ ਦੂਸਰਾ ਤੇ ਜਸ਼ਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਪੁਨੀਤ ਕੌਰ, ਸਹਿਜਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਨੇ ਹੌਸਲਾ ਵਧਾਊ ਇਨਾਮ ਪ੍ਰਾਪਤ ਕੀਤਾ। ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕਾਲਜ ਵਿਦਿਆਰਥਣ ਸਿਮਰਨਜੀਤ ਕੌਰ ਨੇ ਭਾਸ਼ਣ ਤੇ ਜਸ਼ਨਪ੍ਰੀਤ ਕੌਰ ਨੇ ਕਵਿਤਾ ਪੇਸ਼ ਕੀਤੀ।

ਇਸ ਮੌਕੇ ਡਾ. ਕਰੁਨ ਸ਼ਰਮਾ (ਐੱਫ.ਐੱਮ. ਤੇ ਪੀ.ਈ.) ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਨੇ ਪਰਾਲੀ ਤੋਂ ਹੋਣ ਵਾਲੇ ਨੁਕਸਾਨ ਤੇ ਇਸ ਦੀ ਸਾਂਭ-ਸੰਭਾਲ ਬਾਰੇ ਤਕਨੀਕੀ ਜਾਣਕਾਰੀ ਵੀ ਦਿੱਤੀ ਅਤੇ ਪਰਾਲੀ ਨੂੰ ਯੂਰੀਆ ਨਾਲ ਸੋਧ ਕੇ ਪਸ਼ੂਆਂ ਦੀ ਖੁਰਾਕ ਵਿੱਚ ਵਰਤਣ ਦੇ ਤਰੀਕਿਆਂ ਬਾਰੇ ਦੱਸਿਆ।ਡਾ. ਹਰਸ਼ਨੀਤ ਸਿੰਘ (ਅਸਿ. ਪ੍ਰੋ. ਸੋਇਲ ਸਾਇੰਸ ਵਿਭਾਗ) ਨੇ ਕਿਹਾ ਕਿ ਕੀ ਧਰਤੀ ਦੀ ਕੁੱਖ 'ਚੋਂ ਪੈਦਾ ਹੋਏ ਅਨਾਜ ਨੂੰ ਸੰਭਾਲਨ ਤੋਂ ਬਾਅਦ ਅੱਗ ਦੇ ਭਾਂਬੜ ਬਾਲ ਕੇ ਇਸ ਨੂੰ ਲੂਹ ਸੁੱਟਣਾ, ਕੁਦਰਤੀ ਤੇ ਨੈਤਿਕ ਪੱਖ ਤੋਂ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।ਇਸ ਮੌਕੇ ਕਰਵਾਏ ਪੋਸਟਰ ਮੇਕਿੰਗ ਮੁਕਾਬਲੇ ਦੀਆਂ ਜੇਤੂ ਵਿਦਿਆਰਥਣਾਂ ਨੂੰ ਇਨਾਮ ਵੰਡੇ ਗਏ।ਪੋਸਟਰ ਮੇਕਿੰਗ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਡਾ. ਮਹੀਪਿੰਦਰ ਕੌਰ (ਮੁਖੀ, ਪੰਜਾਬੀ ਵਿਭਾਗ) ਤੇ ਮਿਸ ਸੁਖਦੀਪ ਕੌਰ (ਮੁਖੀ, ਕੰਪਿਊਟਰ ਸਾਇੰਸ ਵਿਭਾਗ) ਨੇ ਨਿਭਾਈ।ਇਸ ਮੌਕੇ ਮੈਡਮ ਪਰਵਿੰਦਰ ਕੌਰ (ਅਸਿ.ਪ੍ਰੋ.ਹੋਮ ਸਾਇੰਸ), ਡਾ. ਵੀਰਪ੍ਰਤਾਪ ਸਿੰਘ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰੋਗਰਾਮ ਦੇ ਅੰਤ ਵਿੱਚ ਡਾ. ਰਣਜੀਤ ਕੌਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਇਸ ਮੁਹਿੰਮ ਪ੍ਰਤੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਤਿਉਹਾਰ ਵਿਸ਼ੇਸ਼ ਰੇਲਗੱਡੀਆਂ–2024

ਦੀਵਾਲੀ ਅਤੇ ਛੱਠ ਪੂਜਾ ਤਿਉਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-

## ਉਤਰ ਰੇਲਵੇ ਨੈਟਵਰਕ ਨਾਲ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਆਵ੍ਰਿਤੀ/ਚਲਣ ਦੇ ਦਿਨ | | ਚਲਣ ਦੀ ਮਿਤੀ |
|---|---|---|---|---|---|---|---|
| 02252 | ਨਵੀਂ ਦਿੱਲੀ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 08:25 | ਪਟਨਾ ਜੰ. | 20:00 | ਸਪਤਾਹ ਵਿਚ 3 ਦਿਨ | ਬੁਧਵਾਰ, ਸ਼ੁਕਰਵਾਰ, ਐਤਵਾਰ | 30.10.24 ਤੋਂ 06.11.24 |
| 02251 | ਪਟਨਾ ਜੰ. | 07:30 | ਨਵੀਂ ਦਿੱਲੀ | 19:00 | | ਵੀਰਵਾਰ, ਸ਼ਨੀਵਾਰ, ਸੋਮਵਾਰ | 31.10.24 ਤੋਂ 07.11.24 |
| 02270 | ਲਖਨਊ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 14:15 | ਛਪਰਾ | 21:30 | ਸਪਤਾਹ ਵਿਚ 6 ਦਿਨ | ਮੰਗਲਵਾਰ ਨੂੰ ਛੱਡ ਕੇ | 08.11.24 ਤਕ |
| 02269 | ਛਪਰਾ | 23:00 | ਲਖਨਊ | 06:30 | | ਮੰਗਲਵਾਰ ਨੂੰ ਛੱਡ ਕੇ | 08.11.24 ਤਕ |
| 02248 | ਨਵੀਂ ਦਿੱਲੀ (ਤੇਜਸ ਤਿਉਹਾਰ ਵਿਸ਼ੇਸ਼) | 08:25 | ਪਟਨਾ ਜੰ. | 20:30 | ਸਪਤਾਹ ਵਿਚ 3 ਦਿਨ | ਮੰਗਲਵਾਰ, ਵੀਰਵਾਰ, ਸ਼ਨੀਵਾਰ | 29.10.24 ਤੋਂ 05.11.24 |
| 02247 | ਪਟਨਾ ਜੰ. | 07:30 | ਨਵੀਂ ਦਿੱਲੀ | 19:35 | | ਬੁਧਵਾਰ, ਸ਼ੁਕਰਵਾਰ, ਐਤਵਾਰ | 30.10.24 ਤੋਂ 06.11.24 |
| 04052 | ਨਵੀਂ ਦਿੱਲੀ | 14:20 | ਜਯਨਗਰ | 15:40 | ਤਾਰੀਕ ਵਾਰ | ਸ਼ਨੀ, ਮੰਗਲ, ਸ਼ੁਕਰ, ਸੋਮ | 29.10.24, 01 ਅਤੇ 04.11.24 |
| 04051 | ਜਯਨਗਰ | 18:00 | ਨਵੀਂ ਦਿੱਲੀ | 18:50 | | ਐਤ, ਬੁਧ, ਸ਼ਨੀ, ਮੰਗਲ | 27, 30.10.24, 02 ਅਤੇ 05.11.24 |
| 04054 | ਨਵੀਂ ਦਿੱਲੀ | 14:20 | ਬਰੌਨੀ ਜੰ. | 11:00 | ਤਾਰੀਕ ਵਾਰ | ਐਤ, ਬੁਧ, ਸ਼ਨੀ, ਮੰਗਲ | 27, 30.10.24, 02 ਅਤੇ 05.11.24 |
| 04053 | ਬਰੌਨੀ ਜੰ. | 12:30 | ਨਵੀਂ ਦਿੱਲੀ | 09:10 | | ਸੋਮ, ਵੀਰ, ਐਤ, ਬੁਧ | 28, 31.10.24, 03 ਅਤੇ 06.11.24 |
| 02250 | ਨਵੀਂ ਦਿੱਲੀ | 23:55 | ਪਟਨਾ ਜੰ. | 16:40 | ਸਪਤਾਹਿਕ | ਵੀਰਵਾਰ | 31.10.24 ਤਕ |
| 02249 | ਪਟਨਾ ਜੰ. | 17:50 | ਨਵੀਂ ਦਿੱਲੀ | 11:00 | | ਸ਼ੁਕਰਵਾਰ | 01.11.24 ਤਕ |
| 04075 | ਨਵੀਂ ਦਿੱਲੀ | 23:45 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:40 | ਸਪਤਾਹ ਵਿਚ 2 ਦਿਨ | ਬੁਧਵਾਰ, ਐਤਵਾਰ | 17.11.24 ਤਕ |
| 04076 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:20 | ਨਵੀਂ ਦਿੱਲੀ | 09:30 | | ਵੀਰਵਾਰ, ਸੋਮਵਾਰ | 18.11.24 ਤਕ |
| 04498 | ਆਨੰਦ ਵਿਹਾਰ ਟਰਮੀਨਲ | 19:30 | ਬਲਿਯਾ | 13:30 | ਸਪਤਾਹਿਕ | ਐਤਵਾਰ | 24.11.24 ਤਕ |
| 04497 | ਬਲਿਯਾ | 18:40 | ਆਨੰਦ ਵਿਹਾਰ ਟਰਮੀਨਲ | 14:25 | | ਸੋਮਵਾਰ | 25.11.24 ਤਕ |
| 04022 | ਆਨੰਦ ਵਿਹਾਰ ਟਰਮੀਨਲ | 11:40 | ਸੀਤਾਮੜੀ | 15:45 | ਸਪਤਾਹ ਵਿਚ 2 ਦਿਨ | ਬੁਧਵਾਰ, ਸ਼ੁਕਰਵਾਰ | 29.11.24 ਤਕ |
| 04021 | ਸੀਤਾਮੜੀ | 18:00 | ਆਨੰਦ ਵਿਹਾਰ ਟਰਮੀਨਲ | 18:05 | | ਵੀਰਵਾਰ, ਸ਼ਨੀਵਾਰ | 30.11.24 ਤਕ |
| 04032 | ਆਨੰਦ ਵਿਹਾਰ ਟਰਮੀਨਲ | 05:15 | ਸਹਰਸਾ ਜੰ. | 10:30 | ਸਪਤਾਹ ਵਿਚ ਪੰਜ ਦਿਨ | ਸੋਮ, ਮੰਗਲ, ਵੀਰ, ਸ਼ਨੀ, ਐਤ | 30.11.24 ਤਕ |
| 04031 | ਸਹਰਸਾ ਜੰ. | 13:00 | ਆਨੰਦ ਵਿਹਾਰ ਟਰਮੀਨਲ | 16:10 | | ਸੋਮ, ਮੰਗਲ, ਬੁਧ, ਸ਼ੁਕਰ, ਐਤ | 01.12.24 ਤਕ |
| 04624 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 23:45 | ਵਾਰਾਨਸੀ ਜੰ. | 23:55 | ਸਪਤਾਹਿਕ | ਐਤਵਾਰ | 17.11.24 ਤਕ |
| 04623 | ਵਾਰਾਨਸੀ ਜੰ. | 05:30 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:25 | | ਮੰਗਲਵਾਰ | 19.11.24 ਤਕ |
| 04080 | ਦਿੱਲੀ ਜੰ. | 19:30 | ਵਾਰਾਨਸੀ ਜੰ. | 09:45 | ਸਪਤਾਹ ਵਿਚ 3 ਦਿਨ | ਸੋਮਵਾਰ, ਵੀਰਵਾਰ, ਸ਼ਨੀਵਾਰ | 16.11.24 ਤਕ |
| 04079 | ਵਾਰਾਨਸੀ ਜੰ. | 18:25 | ਦਿੱਲੀ ਜੰ. | 08:50 | | ਮੰਗਲਵਾਰ, ਸ਼ੁਕਰਵਾਰ ਐਤਵਾਰ | 17.11.24 ਤਕ |
| 04530 | ਬਠਿੰਡਾ ਜੰ. | 20:50 | ਵਾਰਾਨਸੀ ਜੰ. | 17:30 | ਸਪਤਾਹ ਵਿਚ ਦੋ ਦਿਨ | ਸੋਮਵਾਰ, ਸ਼ੁਕਰਵਾਰ | 15.11.24 ਤਕ |
| 04529 | ਵਾਰਾਨਸੀ ਜੰ. | 20:40 | ਬਠਿੰਡਾ ਜੰ. | 17:00 | | ਮੰਗਲਵਾਰ, ਸ਼ਨੀਵਾਰ | 16.11.24 ਤਕ |
| 04096 | ਆਨੰਦ ਵਿਹਾਰ ਟਰਮੀਨਲ | 09:00 | ਅਯੁਧਿਆ ਕੈਂਟ | 22:00 | ਸਪਤਾਹ ਵਿਚ ਤਿੰਨ ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 18.11.24 ਤਕ |
| 04095 | ਅਯੁਧਿਆ ਕੈਂਟ | 09:00 | ਆਨੰਦ ਵਿਹਾਰ ਟਰਮੀਨਲ | 22:30 | | ਮੰਗਲਵਾਰ, ਵੀਰਵਾਰ, ਸ਼ਨੀਵਾਰ | 19.11.24 ਤਕ |
| 04518 | ਚੰਡੀਗੜ੍ਹ | 23:15 | ਗੋਰਖਪੁਰ | 18:20 | ਸਪਤਾਹਿਕ | ਵੀਰਵਾਰ | 14.11.24 ਤਕ |
| 04517 | ਗੋਰਖਪੁਰ | 22:05 | ਚੰਡੀਗੜ੍ਹ | 14:10 | | ਸ਼ੁਕਰਵਾਰ | 15.11.24 ਤਕ |
| 04060 | ਆਨੰਦ ਵਿਹਾਰ ਟਰਮੀਨਲ | 10:30 | ਜਯਨਗਰ | 15:15 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04059 | ਜਯਨਗਰ | 17:00 | ਆਨੰਦ ਵਿਹਾਰ ਟਰਮੀਨਲ | 19:55 | | ਬੁਧਵਾਰ, ਸ਼ਨੀਵਾਰ | 16.11.24 ਤਕ |
| 04068 | ਦਿੱਲੀ ਜੰ. | 19:30 | ਦਰਭੰਗਾ ਜੰ. | 16:30 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04067 | ਦਰਭੰਗਾ ਜੰ. | 18:00 | ਦਿੱਲੀ ਜੰ. | 16:35 | | ਬੁਧਵਾਰ, ਸ਼ਨੀਵਾਰ | 16.11.24 ਤਕ |
| 04044 | ਆਨੰਦ ਵਿਹਾਰ ਟਰਮੀਨਲ | 23:15 | ਗੋਰਖਪੁਰ | 14:00 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 26.11.24 ਤਕ |
| 04043 | ਗੋਰਖਪੁਰ | 17:25 | ਆਨੰਦ ਵਿਹਾਰ ਟਰਮੀਨਲ | 10:40 | | ਐਤਵਾਰ, ਬੁਧਵਾਰ | 27.10.24 ਤੋਂ 27.11.24 |
| 04217 | ਵਾਰਾਨਸੀ ਜੰ. | 06:25 | ਲਖਨਊ ਜੰ. | 11:45 | ਰੋਜਾਨਾ | ਸੋਮ, ਮੰਗਲ, ਬੁਧ ਵੀਰ, ਸ਼ੁਕਰ, ਸ਼ਨੀ, ਐਤ | 22.11.24 ਤਕ |
| 04218 | ਲਖਨਊ ਜੰ. | 16:30 | ਵਾਰਾਨਸੀ ਜੰ. | 21:50 | | | 22.11.24 ਤਕ |
| 04010 | ਆਨੰਦ ਵਿਹਾਰ ਟਰਮੀਨਲ | 23:45 | ਜੋਗਬਨੀ | 05:20 | ਸਪਤਾਹਿਕ | ਮੰਗਲਵਾਰ | 29.10.24 ਤੋਂ 12.11.24 |
| 04009 | ਜੋਗਬਨੀ | 09:00 | ਆਨੰਦ ਵਿਹਾਰ ਟਰਮੀਨਲ | 16:05 | | ਵੀਰਵਾਰ | 31.10.24 ਤੋਂ 14.11.24 |
| 04678 | ਫਿਰੋਜਪੁਰ ਕੈਂਟ ਜੰ. | 13:25 | ਪਟਨਾ ਜੰ. | 17:00 | ਸਪਤਾਹਿਕ | ਬੁਧਵਾਰ | 13.11.24 ਤਕ |
| 04677 | ਪਟਨਾ ਜੰ. | 18:45 | ਫਿਰੋਜਪੁਰ ਕੈਂਟ ਜੰ. | 22:40 | | ਵੀਰਵਾਰ | 14.11.24 ਤਕ |
| 04211 | ਵਾਰਾਨਸੀ ਜੰ. | 14:50 | ਚੰਡੀਗੜ੍ਹ | 07:45 | ਸਪਤਾਹਿਕ | ਸ਼ਨੀਵਾਰ | 16.11.24 ਤਕ |
| 04212 | ਚੰਡੀਗੜ੍ਹ | 09:30 | ਵਾਰਾਨਸੀ ਜੰ. | 01:20 | | ਐਤਵਾਰ | 27.10.24 ਤੋਂ 17.11.24 |
| 04553 | ਸਹਾਰਨਪੁਰ | 04:40 | ਅੰਬਾਲਾ ਕੈਂਟ ਜੰ. | 06:45 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ, ਐਤ | 30.11.24 ਤਕ |
| 04554 | ਅੰਬਾਲਾ ਕੈਂਟ ਜੰ. | 20:20 | ਸਹਾਰਨਪੁਰ | 22:30 | | | 30.11.24 ਤਕ |
| 04682 | ਜੰਮੂ ਤਵੀ | 23:20 | ਕੋਲਕਾਤਾ | 13:00 | ਸਪਤਾਹਿਕ | ਮੰਗਲਵਾਰ | 14.11.24 ਤਕ |
| 04681 | ਕੋਲਕਾਤਾ | 23:45 | ਜੰਮੂਤਵੀ | 12:30 | | ਵੀਰਵਾਰ | 14.11.24 ਤਕ |
| 04078 | ਆਨੰਦ ਵਿਹਾਰ ਟਰਮੀਨਲ | 23:55 | ਪਟਨਾ ਜੰ. | 16:25 | ਸਪਤਾਹਿਕ | ਸੋਮਵਾਰ | 18.11.24 ਤਕ |
| 04077 | ਪਟਨਾ ਜੰ. | 17:50 | ਆਨੰਦ ਵਿਹਾਰ ਟਰਮੀਨਲ | 11:00 | | ਮੰਗਲਵਾਰ | 19.11.24 ਤਕ |
| 04646 | ਜੰਮੂ ਤਵੀ | 05:45 | ਬਰੌਨੀ ਜੰ. | 12:10 | ਸਪਤਾਹਿਕ | ਵੀਰਵਾਰ | 14.11.24 ਤਕ |
| 04645 | ਬਰੌਨੀ ਜੰ. | 15:15 | ਜੰਮੂ ਤਵੀ | 22:30 | | ਸ਼ੁਕਰਵਾਰ | 15.11.24 ਤਕ |
| 04038 | ਦਿੱਲੀ ਜੰ. | 19:10 | ਆਜਮਗੜ੍ਹ | 11:30 | ਸਪਤਾਹਿਕ | ਐਤਵਾਰ | 27.10.24 ਤੋਂ 17.11.24 |
| 04037 | ਆਜਮਗੜ੍ਹ | 13:30 | ਦਿੱਲੀ ਜੰ. | 06:10 | | ਸੋਮਵਾਰ | 28.10.24 ਤੋਂ 18 11 24 |
| 04312 | ਹਰਿਦੁਆਰ ਜੰ. | 12:30 | ਹਾਵੜਾ ਜੰ. | 17:10 | ਸਪਤਾਹਿਕ | ਵੀਰਵਾਰ | 14.11.24 ਤਕ |
| 04311 | ਹਾਵੜਾ ਜੰ. | 19:00 | ਹਰਿਦੁਆਰ ਜੰ. | 23:30 | | ਸ਼ੁਕਰਵਾਰ | 15.11.24 ਤਕ |
| 04314 | ਹਰਿਦੁਆਰ ਜੰ. | 12:30 | ਮੁਜਫਰਪੁਰ ਜੰ. | 07:30 | ਸਪਤਾਹਿਕ | ਸ਼ੁਕਰਵਾਰ | 15.11.24 ਤਕ |
| 04313 | ਮੁਜਫਰਪੁਰ ਜੰ. | 09:00 | ਹਰਿਦੁਆਰ ਜੰ. | 05:30 | | ਸ਼ਨੀਵਾਰ | 16.11.24ਤਕ |
| 04058 | ਆਨੰਦ ਵਿਹਾਰ ਟਰਮੀਨਲ | 23:15 | ਮੁਜਫਰਪੁਰ ਜੰ. | 21:15 | ਸਪਤਾਹ ਵਿਚ ਦੋ ਦਿਨ | ਸੋਮਵਾਰ, ਵੀਰਵਾਰ | 14.11.24 ਤਕ |
| 04057 | ਮੁਜਫਰਪੁਰ ਜੰ. | 23:00 | ਆਨੰਦ ਵਿਹਾਰ ਟਰਮੀਨਲ | 23:30 | | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04062 | ਆਨੰਦ ਵਿਹਾਰ ਟਰਮੀਨਲ | 09:00 | ਬਰੌਨੀ ਜੰ. | 06:30 | ਸਪਤਾਹਿਕ | ਐਤਵਾਰ | 17.11.24 ਤਕ |
| 04061 | ਬਰੌਨੀ ਜੰ. | 08:00 | ਆਨੰਦ ਵਿਹਾਰ ਟਰਮੀਨਲ | 10:10 | | ਸੋਮਵਾਰ | 18.11.24 ਤਕ |
| 02246 | ਹਜ਼ਰਤ ਨਿਜਾਮੂਦੀਨ | 23:55 | ਪਟਨਾ ਜੰ. | 16:40 | ਸਪਤਾਹ ਵਿਚ ਦੋ ਦਿਨ | ਸੋਮਵਾਰ, ਬੁਧਵਾਰ | 27.11.24 ਤਕ |
| 02245 | ਪਟਨਾ ਜੰ. | 17:50 | ਹਜਰਤ ਨਿਜਾਮੂਦੀਨ | 10:50 | | ਮੰਗਲਵਾਰ, ਵੀਰਵਾਰ | 28.11.24 ਤਕ |
| 04526 | ਸਰਹਿੰਦ ਜੰ. | 11:25 | ਸਹਰਸਾ ਜੰ. | 17:00 | ਸਪਤਾਹਿਕ | ਸੋਮਵਾਰ | 18.11.24 ਤਕ |
| 04525 | ਸਹਰਸਾ ਜੰ. | 19:15 | ਅੰਬਾਲਾ ਕੈਂਟ ਜੰ. | 22:20 | | ਮੰਗਲਵਾਰ | 19.11.24 ਤਕ |
| 04006 | ਦਿੱਲੀ ਜੰ. | 23:05 | ਜਯਨਗਰ | 23:45 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 26.11.24 ਤਕ |
| 04005 | ਜਯਨਗਰ | 01:30 | ਦਿੱਲੀ ਜੰ. | 01:30 | | ਵੀਰਵਾਰ, ਐਤਵਾਰ | 28.11.24 ਤਕ |
| 04048 | ਆਨੰਦ ਵਿਹਾਰ ਟਰਮੀਨਲ | 15:20 | ਕਟਿਹਾਰ ਜੰ. | 15:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 26.11.24 ਤਕ |
| 04047 | ਕਟਿਹਾਰ ਜੰ. | 18:00 | ਆਨੰਦ ਵਿਹਾਰ ਟਰਮੀਨਲ | 17:50 | | ਬੁਧਵਾਰ, ਸ਼ਨੀਵਾਰ | 27.11.24 ਤਕ |
| 04070 | ਨਵੀਂ ਦਿੱਲੀ | 00:20 | ਰਾਜਗੀਰ | 21:00 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 30.11.24 ਤਕ |
| 04069 | ਰਾਜਗੀਰ | 22:50 | ਨਵੀਂ ਦਿੱਲੀ | 23:10 | | ਐਤਵਾਰ, ਬੁਧਵਾਰ | 30.11.24 ਤਕ |
| 02262 | ਨਵੀਂ ਦਿੱਲੀ | 00:20 | ਦਰਭੰਗਾ | 21:15 | ਸਪਤਾਹ ਵਿਚ ਦੋ ਦਿਨ | ਬੁਧਵਾਰ, ਐਤਵਾਰ | 27.11.24 ਤਕ |
| 02261 | ਦਰਭੰਗਾ ਜੰ. | 23:20 | ਨਵੀਂ ਦਿੱਲੀ | 20:15 | | ਬੁਧਵਾਰ,ਐਤਵਾਰ | 27.11.24 ਤਕ |
| 04608 | ਜੰਮੂ ਤਵੀ | 20:20 | ਹਾਵੜਾ ਜੰ. | 13:20 | ਮਿਤੀਵਾਰ | ਬੁਧਵਾਰ ਅਤੇ ਸੋਮਵਾਰ | 30.10.24ਅਤੇ04.11.24 |
| 04607 | ਹਾਵੜਾ ਜੰ. | 23:45 | ਜੰਮੂ ਤਵੀ | 15:20 | | ਸ਼ੁਕਰਵਾਰ ਅਤੇ ਬੁਧਵਾਰ | 01.11.24ਅਤੇ06.11.24 |
| 04680 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 18:40 | ਕਾਮਾਖਯਾ | 21:00 | ਮਿਤੀਵਾਰ | ਸੋਮਵਾਰ ਅਤੇ ਸ਼ਨੀਵਾਰ | 28.10.24 ਅਤੇ02.11.24 |
| 04679 | ਕਾਮਾਖਯਾ | 06:00 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:20 | | ਵੀਰਵਾਰ ਅਤੇ ਮੰਗਲਵਾਰ | 31.10.24 ਅਤੇ05.11.24 |
| 04662 | ਅੰਮ੍ਰਿਤਸਰ ਜੰ. | 20:10 | ਸਹਰਸਾ | 05:00 | ਮਿਤੀਵਾਰ | ਮੰਗਲਵਾਰ ਅਤੇ ਐਤਵਾਰ | 29.10.24ਅਤੇ03.11.24 |
| 04661 | ਸਹਰਸਾ | 10:00 | ਅੰਮ੍ਰਿਤਸਰ ਜੰ. | 18:20 | | ਵੀਰਵਾਰ ਅਤੇ ਮੰਗਲਵਾਰ | 31.10.24ਅਤੇ05.11.24 |
| 05001 | ਗੋਰਖਪੁਰ ਜੰ. | 19:30 | ਦਿੱਲੀ ਜੰ. | 13:15 | ਸਪਤਾਹਿਕ | ਐਤਵਾਰ | 27.10.24 ਤੋਂ10.11.24 |
| 05002 | ਦਿੱਲੀ ਜੰ. | 15:15 | ਗੋਰਖਪੁਰ ਜੰ. | 09:55 | | ਸੋਮਵਾਰ | 28.11.24 ਤੋਂ 11.11.24 |
| 05111 | ਛਪਰਾ ਜੰ. | 14:00 | ਨਵੀਂ ਦਿੱਲੀ | 11:50 | ਸਪਤਾਹਿਕ | ਸੋਮਵਾਰ | 28.10.24 ਤੋਂ 11.11.24 |
| 05112 | ਨਵੀਂ ਦਿੱਲੀ | 12:50 | ਛਪਰਾ ਜੰ. | 11:30 | | ਮੰਗਲਵਾਰ | 29.11.24 ਤੋਂ 12.11.24 |

## ਉਤਰ ਰੇਲਵੇ ਨੈਟਵਰਕ ਤੋਂ ਹੋ ਕੇ ਗੁਜਰਨ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਆਵ੍ਰਿਤੀ/ਚਲਣ ਦੇ ਦਿਨ | | ਚਲਣ ਦੀ ਮਿਤੀ |
|---|---|---|---|---|---|---|---|
| 03575 | ਆਸਨਸੋਲ ਜੰ. | 10:15 | ਆਨੰਦ ਵਿਹਾਰ ਟਰਮੀਨਲ | 08:05 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 03576 | ਆਨੰਦ ਵਿਹਾਰ ਟਰਮੀਨਲ | 10:15 | ਆਸਨਸੋਲ ਜੰ. | 10:20 | | ਸ਼ਨੀਵਾਰ | 30.11.24 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ ਟਰਮੀਨਲ | 14:10 | ਸਪਤਾਹਿਕ | ਸੋਮਵਾਰ | 25.11.24 ਤਕ |
| 03436 | ਆਨੰਦ ਵਿਹਾਰ ਟਰਮੀਨਲ | 15:45 | ਮਾਲਦਾ ਟਾਊਨ | 23:30 | | ਮੰਗਲਵਾਰ | 26.11.24 ਤਕ |
| 03255 | ਪਟਨਾ ਜੰ. | 22:20 | ਆਨੰਦ ਵਿਹਾਰ ਟਰਮੀਨਲ | 15:00 | ਸਪਤਾਹ ਵਿਚ ਦੋ ਦਿਨ | ਐਤਵਾਰ, ਵੀਰਵਾਰ | 14.11.24 ਤਕ |
| 03256 | ਆਨੰਦ ਵਿਹਾਰ ਟਰਮੀਨਲ | 23:20 | ਪਟਨਾ ਜੰ. | 17:20 | | ਸੋਮਵਾਰ, ਸ਼ੁਕਰਵਾਰ | 15.11.24 ਤਕ |
| 02391 | ਪਟਨਾ ਜੰ. | 22:20 | ਆਨੰਦ ਵਿਹਾਰ ਟਰਮੀਨਲ | 15:00 | ਸਪਤਾਹਿਕ | ਸ਼ਨੀਵਾਰ | 15.11.24 ਤਕ |
| 02392 | ਆਨੰਦ ਵਿਹਾਰ ਟਰਮੀਨਲ | 23:20 | ਪਟਨਾ ਜੰ. | 17:20 | | ਐਤਵਾਰ | 10.11.24 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ ਟਰਮੀਨਲ | 00:30 | ਸਪਤਾਹਿਕ | ਐਤਵਾਰ | 10.11.24 ਤਕ |
| 03258 | ਆਨੰਦ ਵਿਹਾਰ ਟਰਮੀਨਲ | 05:00 | ਦਾਨਾਪੁਰ | 20:45 | | ਸੋਮਵਾਰ | 11.11.24 ਤਕ |
| 05219 | ਮੁਜੱਫਰਪੁਰ ਜੰ. | 13:30 | ਆਨੰਦ ਵਿਹਾਰ ਟਰਮੀਨਲ | 06:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ, ਐਤ | 31.12.24 ਤਕ |
| 05220 | ਆਨੰਦ ਵਿਹਾਰ ਟਰਮੀਨਲ | 08:00 | ਮੁਜਫਰਪੁਰ ਜੰ. | 00:45 | | | 01.01.25 ਤਕ |
| 05109 | ਛਪਰਾ | 17:45 | ਆਨੰਦ ਵਿਹਾਰ ਟਰਮੀਨਲ | 11:50 | ਸਪਤਾਹਿਕ | ਬੁਧਵਾਰ | 27.11.24 ਤਕ |
| 05110 | ਆਨੰਦ ਵਿਹਾਰ ਟਰਮੀਨਲ | 12:55 | ਛਪਰਾ | 06:45 | | ਵੀਰਵਾਰ | 28.11.24 ਤਕ |
| 05023 | ਗੋਰਖਪੁਰ | 21:15 | ਆਨੰਦ ਵਿਹਾਰ ਟਰਮੀਨਲ | 13:15 | ਸਪਤਾਹਿਕ | ਐਤਵਾਰ | 24.11.24 ਤਕ |
| 05024 | ਆਨੰਦ ਵਿਹਾਰ ਟਰਮੀਨਲ | 15:15 | ਗੋਰਖਪੁਰ | 04:45 | | ਸੋਮਵਾਰ | 25.11.24 ਤਕ |
| 05301 | ਮਊ ਜੰ. | 04:00 | ਆਨੰਦ ਵਿਹਾਰ ਟਰਮੀਨਲ | 20:30 | ਸਪਤਾਹਿਕ | ਵੀਰਵਾਰ | 28.11.24 ਤਕ |
| 05302 | ਆਨੰਦ ਵਿਹਾਰ ਟਰਮੀਨਲ | 00:25 | ਮਊ ਜੰ. | 17:45 | | ਸ਼ੁਕਰਵਾਰ | 29.11.24 ਤਕ |
| 05005 | ਗੋਰਖਪੁਰ | 14:40 | ਅੰਮ੍ਰਿਤਸਰ ਜੰ. | 09:30 | ਸਪਤਾਹਿਕ | ਬੁਧਵਾਰ | 27.11.24 ਤਕ |
| 05006 | ਅੰਮ੍ਰਿਤਸਰ ਜੰ. | 12:45 | ਗੋਰਖਪੁਰ | 08:50 | | ਵੀਰਵਾਰ | 28.11.24 ਤਕ |
| 05049 | ਛਪਰਾ | 09:55 | ਅੰਮ੍ਰਿਤਸਰ ਜੰ. | 09:30 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 05050 | ਅੰਮ੍ਰਿਤਸਰ ਜੰ. | 12:45 | ਛਪਰਾ | 14:00 | | ਸ਼ਨੀਵਾਰ | 30.11.24 ਤਕ |
| 02525 | ਕਾਮਾਖਯਾ | 22:45 | ਆਨੰਦ ਵਿਹਾਰ ਟਰਮੀਨਲ | 08:50 | ਸਪਤਾਹਿਕ | ਸ਼ੁਕਰਵਾਰ | 29.11.24ਤਕ |
| 02526 | ਆਨੰਦ ਵਿਹਾਰ ਟਰਮੀਨਲ | 17:20 | ਕਾਮਾਖਯਾ | 03:40 | | ਐਤਵਾਰ | 01.12.24 ਤਕ |
| 05671 | ਗੁਹਾਟੀ | 15:00 | ਆਨੰਦ ਵਿਹਾਰ ਟਰਮੀਨਲ | 08:50 | ਸਪਤਾਹਿਕ | ਬੁਧਵਾਰ | 27.11.24ਤਕ |
| 05672 | ਆਨੰਦ ਵਿਹਾਰ ਟਰਮੀਨਲ | 23:45 | ਗੁਹਾਟੀ | 14:15 | | ਸ਼ੁਕਰਵਾਰ | 29.11.24 ਤਕ |
| 05734 | ਕਟਿਹਾਰ ਜੰ. | 11:40 | ਅੰਮ੍ਰਿਤਸਰ | 00:10 | ਸਪਤਾਹਿਕ | ਵੀਰਵਾਰ | 28.11.24 ਤਕ |
| 05733 | ਅੰਮ੍ਰਿਤਸਰ ਜੰ. | 04:25 | ਕਟਿਹਾਰ ਜੰ. | 15:00 | | ਸ਼ਨੀਵਾਰ | 30.11.24ਤਕ |
| 03413 | ਮਾਲਦਾ ਟਾਊਨ | 07:10 | ਨਵੀਂ ਦਿੱਲੀ | 07:30 | ਸਪਤਾਹ ਵਿਚ ਦੋ ਦਿਨ | ਵੀਰਵਾਰ, ਐਤਵਾਰ | 28.11.24 ਤਕ |
| 03414 | ਨਵੀਂ ਦਿੱਲੀ | 10:30 | ਮਾਲਦਾ ਟਾਊਨ | 07:55 | | ਸ਼ੁਕਰਵਾਰ, ਸੋਮਵਾਰ | 29.11.24ਤਕ |
| 03483 | ਭਾਗਲਪੁਰ | 11:00 | ਨਵੀਂ ਦਿੱਲੀ | 07:10 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 30.11.24 ਤਕ |
| 03484 | ਨਵੀਂ ਦਿੱਲੀ | 10:30 | ਭਾਗਲਪੁਰ | 04:10 | | ਐਤਵਾਰ, ਬੁਧਵਾਰ | 27.11.24ਤਕ |
| 05565 | ਸਹਰਸਾ ਜੰ. | 19:30 | ਸਰਹਿੰਦ ਜੰ. | 00:05 | ਸਪਤਾਹਿਕ | ਵੀਰਵਾਰ | 14.11.24 ਤੋਂ 26.12.24 |
| 05566 | ਸਰਹਿੰਦ ਜੰ. | 02:00 | ਸਹਰਸਾ ਜੰ. | 09:45 | | ਸ਼ਨੀਵਾਰ | 16.11.24 ਤੋਂ 28.12.24 |
| 03107 | ਸਿਆਲਦਾਹ | 00:10 | ਲਖਨਊ ਜੰ. | 00:10 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 03108 | ਲਖਨਊ ਜੰ. | 01:40 | ਸਿਆਲਦਾਹ | 23:50 | | ਐਤਵਾਰ | 01.12.24 ਤਕ |
| 09075 | ਮੁੰਬਈ ਸੈਂਟਰਲ (ਵਾਯਾ ਬਰੇਲੀ) | 11:00 | ਕਾਠਗੋਦਾਮ | 14:30 | ਸਪਤਾਹਿਕ | ਬੁਧਵਾਰ | 25.12.24 ਤਕ |
| 09076 | ਕਾਠਗੋਦਾਮ (ਵਾਯਾ ਬਰੇਲੀ) | 17:30 | ਮੁੰਬਈ ਸੈਂਟਰਲ | 20:55 | | ਵੀਰਵਾਰ | 26.12.24 ਤਕ |
| 07363 | ਹੁਬਲੀ ਜੰ. | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | 04.11.24 ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਲੀ ਜੰ. | 06:30 | | ਵੀਰਵਾਰ | 07.12.24 ਤਕ |
| 09657 | ਦੋਰਾਈ (ਵਾਯਾ ਬਾਰਾਬੰਕੀ ਜੰ.) | 15:00 | ਬੜਨੀ | 13:25 | ਸਪਤਾਹਿਕ | ਸ਼ਨੀਵਾਰ | 16.11.24 ਤਕ |
| 09658 | ਬੜਨੀ (ਵਾਯਾ ਬਾਰਾਬੰਕੀ ਜੰ.) | 19:15 | ਦੋਰਾਈ (ਵਾਯਾ ਬਾਰਾਬੰਕੀ ਜੰ.) | 19:20 | | ਐਤਵਾਰ | 17.11.24 ਤਕ |
| 03423 | ਭਾਗਲਪੁਰ | 13:55 | ਹਰਿਦੁਆਰ ਜੰ. | 17:55 | ਸਪਤਾਹਿਕ | ਸੋਮਵਾਰ | 25.11.24 ਤਕ |
| 03424 | ਹਰਿਦੁਆਰ ਜੰ. | 19:55 | ਭਾਗਲਪੁਰ | 21:20 | | ਮੰਗਲਵਾਰ | 26.11.24 ਤਕ |
| 05736 | ਕਟਿਹਾਰ ਜੰ. | 21:00 | ਅੰਮ੍ਰਿਤਸਰ ਜੰ. | 09:45 | ਸਪਤਾਹਿਕ | ਬੁਧਵਾਰ | 27.11.24 ਤਕ |
| 05735 | ਅੰਮ੍ਰਿਤਸਰ ਜੰ. | 13:25 | ਕਟਿਹਾਰ ਜੰ. | 23:45 | | ਸ਼ੁਕਰਵਾਰ | 29.11.24 ਤਕ |
| 05047 | ਬਨਾਰਸ | 22:00 | ਗਾਜੀਆਬਾਦ | 11:45 | ਸਪਤਾਹਿਕ | ਮੰਗਲਵਾਰ | 26.11.24 ਤਕ |
| 05048 | ਗਾਜੀਆਬਾਦ | 12:35 | ਬਨਾਰਸ | 05:35 | | ਬੁਧਵਾਰ | 27.11.24 ਤਕ |
| 02397 | ਗਯਾ ਜੰ. | 14:15 | ਆਨੰਦ ਵਿਹਾਰ ਟਰਮੀਨਲ | 07:10 | ਸਪਤਾਹ ਵਿਚ 6 ਦਿਨ | ਸ਼ਨੀਵਾਰ ਨੂੰ ਛੱਡ ਕੇ | 15.11.24 ਤਕ |
| 02398 | ਆਨੰਦ ਵਿਹਾਰ ਟਰਮੀਨਲ | 08:20 | ਗਯਾ ਜੰ. | 00:30 | | ਐਤਵਾਰ ਨੂੰ ਛੱਡ ਕੇ | 16.11.24 ਤਕ |
| 02393 | ਪਟਨਾ ਜੰ. | 20:10 | ਨਵੀਂ ਦਿੱਲੀ | 12:10 | ਸਪਤਾਹ ਵਿਚ 6 ਦਿਨ | ਵੀਰਵਾਰ ਨੂੰ ਛੱਡ ਕੇ | 30.10.24 ਤਕ |
| 02394 | ਨਵੀਂ ਦਿੱਲੀ | 13:20 | ਪਟਨਾ ਜੰ. | 07:00 | | ਸ਼ੁਕਰਵਾਰ ਨੂੰ ਛੱਡ ਕੇ | 31.10.24 ਤਕ |
| 04123 | ਪ੍ਰਯਾਗਰਾਜ ਜੰ. | 14:30 | ਹਜਰਤ ਨਿਜਾਮੂਦੀਨ | 11:10 | ਸਪਤਾਹ ਵਿਚ 2 ਦਿਨ | ਐਤਵਾਰ, ਬੁਧਵਾਰ | 27.11.24 ਤਕ |
| 04124 | ਹਜਰਤ ਨਿਜਾਮੂਦੀਨ | 15:50 | ਪ੍ਰਯਾਗਰਾਜ ਜੰ. | 09:00 | | ਸੋਮਵਾਰ, ਵੀਰਵਾਰ | 28.11.24 ਤਕ |
| 05193 | ਛਪਰਾ | 14:00 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 22:10 | ਸਪਤਾਹਿਕ | ਸ਼ਨੀਵਾਰ | 23.11.24 ਤਕ |
| 05194 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 00:05 | ਛਪਰਾ | 08:00 | | ਸੋਮਵਾਰ | 25.11.24 ਤਕ |
| 02417 | ਪ੍ਰਯਾਗਰਜ ਜੰ. | 21:30 | ਦਿੱਲੀ ਜੰ. | 08:55 | ਸਪਤਾਹਿਕ | ਸ਼ੁਕਰਵਾਰ | 15.11.24 ਤਕ |
| 02418 | ਦਿੱਲੀ ਜੰ. | 09:30 | ਪ੍ਰਯਾਗਰਜ ਜੰ. | 19:45 | | ਸ਼ਨੀਵਾਰ | 16.11.24 ਤਕ |
| 04145 | ਪ੍ਰਯਾਗਰਾਜ ਜੰ. | 21:30 | ਦਿੱਲੀ ਜੰ. | 08:55 | ਸਪਤਾਹਿਕ | ਵੀਰਵਾਰ | 14.11.24 ਤਕ |
| 04146 | ਦਿੱਲੀ ਜੰ. | 09:30 | ਪ੍ਰਯਾਗਰਾਜ ਜੰ. | 19:45 | | ਸ਼ੁਕਰਵਾਰ | 15.11.24 ਤਕ |
| 02421 | ਸੂਬੇਦਾਰਗੰਜ | 21:35 | ਦਿੱਲੀ ਜੰ. | 08:55 | ਸਪਤਾਹਿਕ | ਐਤਵਾਰ | 10.11.24 ਤਕ |
| 02422 | ਦਿੱਲੀ ਜੰ. | 09:30 | ਸੂਬੇਦਾਰਗੰਜ | 19:40 | | ਸੋਮਵਾਰ | 11.11.24 ਤਕ |
| 03309 | ਧਨਬਾਦ ਜੰ. | 10:10 | ਜੰਮੂ ਤਵੀ | 22:40 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ਨੀਵਾਰ | 30.11.24 ਤਕ |
| 03310 | ਜੰਮੂਤਵੀ | 23:25 | ਧਨਬਾਦ ਜੰ. | 14:00 | | ਬੁਧਵਾਰ, ਐਤਵਾਰ | 01.12.24 ਤਕ |
| 09195 | ਵੜੋਦਾ ਜੰ. (ਵਾਯਾ ਵਾਰਾਨਸੀ ਜੰ.) | 19:00 | ਮਊ ਜੰ. | 20:45 | ਸਪਤਾਹਿਕ | ਸ਼ਨੀਵਾਰ | 28.12.24 ਤਕ |
| 09196 | ਮਊ ਜੰ. (ਵਾਯਾ ਵਾਰਾਨਸੀ ਜੰ.) | 23:15 | ਵੜੋਦਾ ਜੰ. | 00:45 | | ਐਤਵਾਰ | 29.12.24 ਤਕ |
| 09417 | ਅਹਿਮਦਾਬਾਦ ਜੰ. (ਵਾਯਾ ਵਾਰਾਨਸੀ ਜੰ.) | 09:10 | ਦਾਨਾਪੁਰ | 20:30 | ਸਪਤਾਹਿਕ | ਸੋਮਵਾਰ | 30.12.24 ਤਕ |
| 09418 | ਦਾਨਾਪੁਰ (ਵਾਯਾ ਵਾਰਾਨਸੀ ਜੰ.) | 23:50 | ਅਹਿਮਦਾਬਾਦ ਜੰ. | 11:10 | | ਮੰਗਲਵਾਰ | 31.12.24 ਤਕ |
| 09405 | ਸਾਬਰਮਤੀ (ਵਾਯਾ ਲਖਨਊ) | 18:10 | ਪਟਨਾ ਜੰ. | 02:00 | ਸਪਤਾਹਿਕ | ਮੰਗਲਵਾਰ | 31.12.24 ਤਕ |
| 09406 | ਪਟਨਾ ਜੰ. (ਵਾਯਾ ਲਖਨਊ) | 05:00 | ਸਾਬਰਮਤੀ | 13:30 | | ਵੀਰਵਾਰ | 02.01.25 ਤਕ |
| 09525 | ਹਾਪਾ (ਵਾਯਾ ਵਾਰਾਨਸੀ ਜੰ.) | 00:40 | ਨਹਾਰਲਗੁਨ | 16:00 | ਸਪਤਾਹਿਕ | ਬੁਧਵਾਰ | 25.12.24 ਤਕ |
| 09526 | ਨਹਾਰਲਗੁਨ (ਵਾਯਾ ਵਾਰਾਨਸੀ ਜੰ.) | 10:00 | ਹਾਪਾ | 00:30 | | ਸ਼ਨੀਵਾਰ | 28.12.24 ਤਕ |
| 09183 | ਮੁੰਬਈ ਸੈਂਟਰਲ (ਵਾਯਾ ਲਖਨਊ) | 22:50 | ਬਨਾਰਸ | 10:30 | ਸਪਤਾਹਿਕ | ਬੁਧਵਾਰ | 25.12.24 ਤਕ |
| 09184 | ਬਨਾਰਸ (ਵਾਯਾ ਲਖਨਊਂ) | 14:30 | ਮੁੰਬਈ ਸੈਂਟਰਲ | 04:20 | | ਸ਼ੁਕਰਵਾਰ | 27.12.24 ਤਕ |
| 09189 | ਮੁੰਬਈ ਸੈਂਟਰਲ (ਵਾਯਾ ਲਖਨਊ) | 10:30 | ਕਟਿਹਾਰ ਜੰ. | 07:30 | ਸਪਤਾਹਿਕ | ਸ਼ਨੀਵਾਰ | 28.12.24 ਤਕ |
| 09190 | ਕਟਿਹਾਰ ਜੰ. (ਵਾਯਾ ਲਖਨਊ) | 00:15 | ਮੁੰਬਈ ਸੈਂਟਰਲ | 18:40 | | ਮੰਗਲਵਾਰ | 31.12.24 ਤਕ |
| 09111 | ਵੜੋਦਰਾ ਜੰ. (ਵਾਯਾ ਲਖਨਊ) | 19:00 | ਗੋਰਖਪੁਰ | 23:30 | ਸਪਤਾਹਿਕ | ਸੋਮਵਾਰ | 30.12.24 ਤਕ |
| 09041 | ਉਧਨਾ ਜੰ. (ਸੂਰਤ) | 11:15 | ਛਪਰਾ (ਵਾਯਾ ਲਖਨਊ) | 19:00 | ਸਪਤਾਹਿਕ | ਐਤਵਾਰ | 29.12.24 ਤਕ |
| 09042 | ਛਪਰਾ (ਵਾਯਾ ਲਖਨਊ) | 23:00 | ਉਧਨਾ ਜੰ. (ਸੂਰਤ) | 07:30 | | ਸੋਮਵਾਰ | 30.12.24 ਤਕ |
| 04815 | ਜੋਧਪੁਰ ਜੰ. (ਵਾਯਾ ਲਖਨਊ) | 17:30 | ਮਊ ਜੰ. | 23:20 | ਸਪਤਾਹਿਕ | ਐਤਵਾਰ | 24.11.24 ਤਕ |
| 04816 | ਮਊ ਜੰ. (ਵਾਯਾ ਲਖਨਊ) | 04:00 | ਜੋਧਪੁਰ ਜੰ. | 08:55 | | ਮੰਗਲਵਾਰ | 26.11.24 ਤਕ |
| 04823 | ਜੋਧਪੁਰ ਜੰ. (ਵਾਯਾ ਲਖਨਊ) | 17:30 | ਮਊ ਜੰ. | 23:20 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 04824 | ਮਊ ਜੰ. (ਵਾਯਾ ਲਖਨਊ) | 04:00 | ਜੋਧਪੁਰ ਜੰ. | 08:55 | | ਸੋਮਵਾਰ | 02.12.24 ਤਕ |
| 04137 | ਗਵਾਲੀਅਰ ਜੰ. (ਵਾਯਾ ਲਖਨਊ) | 07:10 | ਬਰੌਨੀ ਜੰ. | 08:00 | ਸਪਤਾਹ ਵਿਚ 2 ਦਿਨ | ਐਤਵਾਰ, ਬੁਧਵਾਰ | 29.12.24 ਤਕ |
| 04138 | ਬਰੌਨੀ ਜੰ. (ਵਾਯਾ ਲਖਨਊ) | 09:30 | ਗਵਾਲੀਅਰ ਜੰ. | 10:20 | | ਸੋਮਵਾਰ, ਵੀਰਵਾਰ | 30.12.24 ਤਕ |
| 09145 | ਮੁੰਬਈ ਸੈਂਟਰਲ (ਵਾਯਾ ਲਖਨਊ) | 10:30 | ਬਰੌਨੀ ਜੰ. | 04:00 | ਸਪਤਾਹਿਕ | ਸੋਮਵਾਰ | 11.11.24 ਤਕ |
| 09146 | ਬਰੌਨੀ ਜੰ. (ਵਾਯਾ ਲਖਨਊ) | 01:00 | ਮੁੰਬਈ ਸੈਂਟਰਲ | 18:40 | | ਵੀਰਵਾਰ | 14.11.24 ਤਕ |
| 09043 | ਬਾਂਦਰਾ ਟਰਮੀਨਸ (ਵਾਯਾ ਲਖਨਊ) | 00:05 | ਗੋਰਖਪੁਰ | 09:30 | ਸਪਤਾਹ ਵਿਚ 2 ਦਿਨ | ਐਤਵਾਰ, ਮੰਗਲਵਾਰ | 31.12.24 ਤਕ |
| 09044 | ਗੋਰਖਪੁਰ (ਵਾਯਾ ਲਖਨਊ) | 13:00 | ਬਾਂਦਰਾ ਟਰਮੀਨਸ | 22:30 | | ਸੋਮਵਾਰ, ਬੁਧਵਾਰ | 01.01.25 ਤਕ |
| 07651 | ਜਾਲਨਾ (ਵਾਯਾ ਵਾਰਾਨਸੀ ਜੰ.) | 23:30 | ਛਪਰਾ | 05:30 | ਸਪਤਾਹਿਕ | ਬੁਧਵਾਰ | 25.12.24 ਤਕ |
| 07652 | ਛਪਰਾ (ਵਾਯਾ ਵਾਰਾਨਸੀ ਜੰ.) | 22:15 | ਜਾਲਨਾ | 04:00 | | ਸ਼ੁਕਰਵਾਰ | 27.12.24 ਤਕ |
| 05069 | ਛਪਰਾ (ਵਾਯਾ ਵਾਰਾਨਸੀ ਜੰ.) | 13:15 | ਪਨਵੇਲ | 22:00 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 05070 | ਪਨਵੇਲ (ਵਾਯਾ ਵਾਰਾਨਸੀ ਜੰ.) | 23:20 | ਛਪਰਾ | 11:35 | | ਐਤਵਾਰ | 01.12.24 ਤਕ |
| 05325 | ਗੋਰਖਪੁਰ (ਵਾਯਾ ਲਖਨਊ) | 21:15 | ਲੋਕਮਾਨਯ ਤਿਲਕ | 07:25 | ਸਪਤਾਹ ਵਿਚ 2 ਦਿਨ | ਮੰਗਲਵਾਰ, ਵੀਰਵਾਰ | 28.11.24 ਤਕ |
| 05326 | ਲੋਕਮਾਨਯ ਤਿਲਕ (ਵਾਯਾ ਲਖਨਊ) | 10:25 | ਗੋਰਖਪੁਰ | 18:00 | | ਵੀਰਵਾਰ, ਸ਼ਨੀਵਾਰ | 30.11.24 ਤਕ |
| 01123 | ਲੋਕਮਾਨਯ ਤਿਲਕ (ਵਾਯਾ ਲਖਨਊ) | 12:15 | ਗੋਰਖਪੁਰ | 18:55 | ਸਪਤਾਹ ਵਿਚ ਦੋ ਦਿਨ | ਸ਼ੁਕਰਵਾਰ, ਐਤਵਾਰ | 03.11.24 ਤਕ |
| 01124 | ਗੋਰਖਪੁਰ (ਵਾਯਾ ਲਖਨਊ) | 21:15 | ਲੋਕਮਾਨਯ ਤਿਲਕ | 07:25 | | ਸ਼ਨੀਵਾਰ, ਸੋਮਵਾਰ | 04.11.24 ਤਕ |
| 01431 | ਪੁਣੇ (ਵਾਯਾ ਲਖਨਊ) | 16:15 | ਗੋਰਖਪੁਰ | 20:40 | ਸਪਤਾਹਿਕ | ਸ਼ੁਕਰਵਾਰ | 01.11.24 ਤਕ |
| 01432 | ਗੋਰਖਪੁਰ (ਵਾਯਾ ਲਖਨਊ) | 23:25 | ਪੁਣੇ | 06:25 | | ਸ਼ਨੀਵਾਰ | 02.11.24 ਤਕ |
| 01079 | ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ | 22:30 | ਗੋਰਖਪੁਰ (ਵਾਯਾ ਲਖਨਊ) | 10:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ, ਐਤ | 11.11.24 ਤਕ |
| 01080 | ਗੋਰਖਪੁਰ (ਵਾਯਾ ਲਖਨਊ) | 14:30 | ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ | 00:40 | | | 13.11.24 ਤਕ |
| 01415 | ਪੁਣੇ (ਵਾਯਾ ਲਖਨਊ) | 06:50 | ਗੋਰਖਪੁਰ | 16:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ, ਐਤ | 11.11.24 ਤਕ |
| 01416 | ਗੋਰਖਪੁਰ (ਵਾਯਾ ਲਖਨਊ) | 17:30 | ਪੁਣੇ | 03:15 | | | 12.11.24 ਤਕ |
| 01207 | ਨਾਗਪੁਰ (ਵਾਯਾ ਬਾਰਾਬੰਕੀ) | 10:40 | ਸਮਸਤੀਪੁਰ ਜੰ. | 23:45 | ਸਪਤਾਹਿਕ | ਬੁਧਵਾਰ | 30.10.24 ਤੋਂ 13.11.24 |
| 01208 | ਸਮਸਤੀਪੁਰ ਜੰ. (ਵਾਯਾ ਬਾਰਾਬੰਕੀ) | 07:00 | ਨਾਗਪੁਰ | 21:30 | | ਵੀਰਵਾਰ | 31.10.24 ਤੋਂ 14.11.24 |
| 05636 | ਗੁਵਾਹਾਟੀ (ਵਾਯਾ ਲਖਨਊ) | 18:15 | ਸ਼੍ਰੀਗੰਗਾਨਗਰ | 03:30 | ਸਪਤਾਹਿਕ | ਬੁਧਵਾਰ | 27.11.24 ਤਕ |
| 05637 | ਸ਼੍ਰੀਗੰਗਾਨਗਰ (ਵਾਯਾ ਲਖਨਊ) | 13:20 | ਗੁਹਾਟੀ | 00:25 | | ਐਤਵਾਰ | 01.12.24 ਤਕ |
| 05537 | ਦਰਭੰਗਾ ਜੰ. (ਵਾਯਾ ਸ਼ਾਹਜਹਾਪੁਰ) | 13:15 | ਦੋਰਾਈ | 22:30 | ਸਪਤਾਹਿਕ | ਸ਼ਨੀਵਾਰ | 09.11.24 ਤੋਂ 28.12.24 |
| 05538 | ਦੋਰਾਈ (ਵਾਯਾ ਸ਼ਾਹਜਹਾਪੁਰ) | 23:45 | ਦਰਭੰਗਾ ਜੰ. | 06:50 | | ਐਤਵਾਰ | 10.11.24 ਤੋਂ 29.12.24 |
| 04195 | ਆਗਰਾ ਕੈਂਟ (ਵਾਯਾ ਲਖਨਊ) | 05:00 | ਫਾਰਬਿਸਗੰਜ ਜੰ. | 15:15 | ਸਪਤਾਹਿਕ | ਸ਼ੁਕਰਵਾਰ | 22.11.24 ਤਕ |
| 04196 | ਫਾਰਬਿਸਗੰਜ ਜੰ. (ਵਾਯਾ ਲਖਨਊ) | 18:40 | ਆਗਰਾ ਕੈਂਟ | 07:10 | | ਸ਼ਨੀਵਾਰ | 23.11.24 ਤਕ |
| 09061 | ਉਧਨਾ ਜੰ. (ਸੂਰਤ) | 22:00 | ਗਾਜੀਪੁਰ ਸ਼ਹਿਰ (ਵਾਯਾ ਲਖਨਊ) | 06:30 | ਸਪਤਾਹਿਕ | ਬੁਧਵਾਰ | 06.11.24 ਤਕ |
| 09062 | ਗਾਜੀਪੁਰ ਸ਼ਹਿਰ (ਵਾਯਾ ਲਖਨਊ) | 09:30 | ਉਧਨਾ ਜੰ. (ਸੂਰਤ) | 18:00 | | ਸ਼ੁਕਰਵਾਰ | 08.11.24 ਤਕ |
| 04829 | ਜੋਧਪੁਰ ਜੰ. (ਵਾਯਾ ਦਿੱਲੀ) | 16:15 | ਗੋਰਖਪੁਰ | 20:50 | ਸਪਤਾਹਿਕ | ਵੀਰਵਾਰ | 28.11.24 ਤਕ |
| 04830 | ਗੋਰਖਪੁਰ (ਵਾਯਾ ਦਿੱਲੀ) | 23:25 | ਜੋਧਪੁਰ ਜੰ. | 04:00 | | ਸ਼ੁਕਰਵਾਰ | 29.11.24 ਤਕ |
| 01025 | ਦਾਦਰ (ਵਾਯਾ ਵਾਰਾਨਸੀ ਜੰ.) | 14:05 | ਬਲਿਯਾ | 01:45 | ਸਪਤਾਹ ਵਿਚ 3 ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 30.12.24 ਤਕ |
| 01026 | ਬਲਿਯਾ (ਵਾਯਾ ਵਾਰਾਨਸੀ ਜੰ.) | 15:15 | ਦਾਦਰ | 03:35 | | ਬੁਧਵਾਰ, ਸ਼ੁਕਰਵਾਰ, ਐਤਵਾਰ | 01.01.25 ਤਕ |
| 01027 | ਦਾਦਰ (ਵਾਯਾ ਵਾਰਾਨਸੀ ਜੰ.) | 14:05 | ਗੋਰਖਪੁਰ | 02:45 | ਸਪਤਾਹ ਵਿਚ 4 ਦਿਨ | ਮੰਗਲ, ਵੀਰ, ਸ਼ਨੀ, ਐਤ | 31.12.24 ਤਕ |
| 01028 | ਗੋਰਖਪੁਰ (ਵਾਯਾ ਵਾਰਾਨਸੀ ਜੰ.) | 14:25 | ਦਾਦਰ | 03:30 | | ਵੀਰ, ਸ਼ਨੀ, ਸੋਮ, ਮੰਗਲ | 02.01.25 ਤਕ |
| 09013 | ਉਧਨਾ ਜੰ. (ਸੂਰਤ) | 07:00 | ਛਪਰਾ (ਵਾਯਾ ਵਾਰਾਨਸੀ ਜੰ.) | 19:30 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 09014 | ਛਪਰਾ (ਵਾਯਾ ਵਾਰਾਨਸੀ ਜੰ.) | 22:30 | ਉਧਨਾ ਜੰ. (ਸੂਰਤ) | 08:15 | | ਐਤਵਾਰ | 01.12.24 ਤਕ |
| 09027 | ਬਾਂਦਰਾ ਟਰਮੀਨਸ (ਵਾਯਾ ਵਾਰਾਨਸੀ ਜੰ.) | 11:00 | ਮਾਲਦਾ ਟਾਊਨ | 16:30 | ਸਪਤਾਹਿਕ | ਬੁਧਵਾਰ | 27.11.24 ਤਕ |
| 09028 | ਮਾਲਦਾ ਟਾਊਨ (ਵਾਯਾ ਵਾਰਾਨਸੀ ਜੰ.) | 17:30 | ਬਾਂਦਰਾ ਟਰਮੀਨਸ | 18:15 | | ਸ਼ਨੀਵਾਰ | 30.11.24 ਤਕ |
| 09031 | ਬਾਂਦਰਾ ਟਰਮੀਨਸ | 12:15 | ਗੋਰਖਪੁਰ (ਵਾਯਾ ਲਖਨਊ) | 21:00 | ਸਪਤਾਹਿਕ | ਵੀਰਵਾਰ | 28.11.24 ਤਕ |
| 09032 | ਗੋਰਖਪੁਰ (ਵਾਯਾ ਲਖਨਊ) | 04:00 | ਦਹਾਨੂੰ ਰੋਡ | 12:25 | | ਸ਼ਨੀਵਾਰ | 30.11.24 ਤਕ |
| 09421 | ਸਾਬਰਮਤੀ (ਵਾਯਾ ਲਖਨਊ) | 19:45 | ਸੀਤਾਮੜੀ | 08:30 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 09422 | ਸੀਤਾਮੜੀ (ਵਾਯਾ ਲਖਨਊ) | 16:00 | ਸਾਬਰਮਤੀ | 06:00 | | ਸੋਮਵਾਰ | 02.12.24 ਤਕ |
| 09067 | ਉਧਨਾ ਜੰ. (ਸੂਰਤ) | 05:30 | ਬਰੌਨੀ ਜੰ. (ਵਾਯਾ ਵਾਰਾਨਸੀ ਜੰ.) | 22:15 | ਸਪਤਾਹਿਕ | ਵੀਰਵਾਰ | 28.11.24 ਤਕ |
| 09068 | ਬਰੌਨੀ ਜੰ. (ਵਾਯਾ ਵਾਰਾਨਸੀ ਜੰ.) | 23:45 | ਉਧਨਾ ਜੰ. (ਸੂਰਤ) | 14:30 | | ਸ਼ੁਕਰਵਾਰ | 29.11.24 ਤਕ |
| 09321 | ਡਾ. ਅੰਬੇਡਕਰ ਨਗਰ (ਵਾਯਾ ਨਵੀਂ ਦਿੱਲੀ) | 10:30 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 16:00 | ਸਪਤਾਹ ਵਿਚ 3 ਦਿਨ | ਸੋਮਵਾਰ, ਬੁਧਵਾਰ, ਸ਼ਨੀਵਾਰ | 30.11.24 ਤਕ |
| 09322 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 22:00 | ਡਾ. ਅੰਬੇਡਕਰ ਨਗਰ (ਵਾਯਾ ਨਵੀਂ ਦਿੱਲੀ) | 23:50 | | ਮੰਗਲਵਾਰ, ਵੀਰਵਾਰ, ਐਤਵਾਰ | 01.12.24 ਤਕ |
| 07031 | ਸਿਕੰਦਰਾਬਾਦ ਜੰ. | 20:45 | ਹਜਰਤ ਨਿਜਾਮੂਦੀਨ | 02:00 | ਸਪਤਾਹਿਕ | ਐਤਵਾਰ | 10.11.24 ਤਕ |
| 07032 | ਹਜ਼ਰਤ ਨਿਜਾਮੂਦੀਨ | 04:00 | ਸਿਕੰਦਰਾਬਾਦ ਜੰ. | 06:30 | | ਮੰਗਲਵਾਰ | 12.11.24 ਤਕ |
| 09639 | ਮੰਦਾਰ ਜੰ. | 04:30 | ਰੋਹਤਕ ਜੰ. | 12:50 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀ, ਐਤ | 31.12.24 ਤਕ |
| 09640 | ਰੋਹਤਕ ਜੰ. | 13:20 | ਮੰਦਾਰ ਜੰ. | 22:35 | | | 31.12.24 ਤਕ |
| 08475 | ਪੁਰੀ | 04:50 | ਹਜ਼ਰਤ ਨਿਜਾਮੂਦੀਨ | 19:15 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 08476 | ਹਜ਼ਰਤ ਨਿਜਾਮੂਦੀਨ | 22:30 | ਪੁਰੀ | 06:55 | | ਸ਼ਨੀਵਾਰ | 30.11.24 ਤਕ |
| 09425 | ਸਾਬਰਮਤੀ | 19:00 | ਹਰਿਦੁਆਰ ਜੰ. | 19:00 | ਸਪਤਾਹ ਵਿਚ 2 ਦਿਨ | ਸੋਮਵਾਰ, ਸ਼ੁਕਰਵਾਰ | 29.11.24 ਤਕ |
| 09426 | ਹਰਿਦੁਆਰ ਜੰ. | 21:45 | ਸਾਬਰਮਤੀ | 21:30 | | ਮੰਗਲਵਾਰ, ਸ਼ਨੀਵਾਰ | 30.11.24 ਤਕ |
| 09557 | ਭਾਵਨਗਰ ਟਰਮੀਨਲ | 15:15 | ਦਿੱਲੀ ਕੈਂਟ | 13:10 | ਸਪਤਾਹਿਕ | ਸ਼ੁਕਰਵਾਰ | 27.12.24 ਤਕ |
| 09558 | ਦਿੱਲੀ ਕੈਂਟ | 15:25 | ਭਾਵਨਗਰ ਟਰਮੀਨਲ | 12:25 | | ਸ਼ਨੀਵਾਰ | 28.12.24 ਤਕ |
| 09097 | ਬਾਂਦਰਾ ਟਰਮੀਨਸ | 21:50 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 10:00 | ਸਪਤਾਹਿਕ | ਐਤਵਾਰ | 29.12.24 ਤਕ |
| 09098 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:40 | ਬਾਂਦਰਾ ਟਰਮੀਨਸ | 10:10 | | ਮੰਗਲਵਾਰ | 31.12.24 ਤਕ |
| 09309 | ਇੰਦੌਰ ਜੰ. | 17:00 | ਹਜਰਤ ਨਿਜਾਮੂਦੀਨ | 04:30 | ਸਪਤਾਹ ਵਿਚ ਦੋ ਦਿਨ | ਸ਼ੁਕਰਵਾਰ, ਐਤਵਾਰ | 29.12.24 ਤਕ |
| 09310 | ਹਜਰਤ ਨਿਜਾਮੂਦੀਨ | 08:20 | ਇੰਦੌਰ ਜੰ. | 21:00 | | ਸ਼ਨੀਵਾਰ, ਸੋਮਵਾਰ | 30.12.24 ਤਕ |
| 09523 | ਓਖਾ | 10:00 | ਦਿੱਲੀ ਕੈਂਟ | 09:40 | ਸਪਤਾਹਿਕ | ਮੰਗਲਵਾਰ | 31.12.24 ਤਕ |
| 09524 | ਦਿੱਲੀ ਕੈਂਟ | 13:40 | ਓਖਾ | 13:50 | | ਬੁਧਵਾਰ | 01.01.25 ਤਕ |
| 04821 | ਭਗਤ ਕੀ ਕੋਠੀ | 08:30 | ਹਰਿਦੁਆਰ ਜੰ. | 03:40 | ਸਪਤਾਹਿਕ | ਵੀਰਵਾਰ | 28.11.24 ਤਕ |
| 04822 | ਹਰਿਦੁਆਰ ਜੰ. | 05:00 | ਭਗਤ ਕੀ ਕੋਠੀ | 23:55 | | ਸ਼ੁਕਰਵਾਰ | 29.11.24 ਤਕ |
| 01491 | ਪੂਣੇ | 17:30 | ਹਜਰਤ ਨਿਜਾਮੂਦੀਨ | 19:00 | ਸਪਤਾਹਿਕ | ਸ਼ੁਕਰਵਾਰ | 01.11.24 ਤਕ |
| 01492 | ਹਜਰਤ ਨਿਜਾਮੂਦੀਨ | 22:30 | ਪੂਣੇ | 22:30 | | ਸ਼ਨੀਵਾਰ | 02.11.24 ਤਕ |
| 06071 | ਕੋਚੂਵੇਲੀ | 14:15 | ਹਜਰਤ ਨਿਜਾਮੂਦੀਨ | 20:40 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 06072 | ਹਜਰਤ ਨਿਜਾਮੂਦੀਨ | 04:10 | ਕੋਚੂਵੇਲੀ | 14:15 | | ਸੋਮਵਾਰ | 02.12.24 Upto |
| 05447 | ਪੀਲੀਭੀਤ ਜੰ. | 12:10 | ਸ਼ਾਹਜਹਾਪੁਰ | 14:25 | ਰੋਜਾਨਾ | ਸੋਮ, ਮੰਗਲ, ਬੁਧ, ਵੀਰ ਸ਼ੁਕਰ, ਸ਼ਨੀ, ਐਤ | 31.12.24 ਤਕ |
| 05448 | ਸ਼ਾਹਜਹਾਪੁਰ | 15:15 | ਪੀਲੀਭੀਤ ਜੰ. | 16:30 | | | 31.12.24 ਤਕ |
| 09603 | ਉਦੈਪੁਰ ਸ਼ਹਿਰ | 01:50 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 05:50 | ਸਪਤਾਹਿਕ | ਬੁਧਵਾਰ | 13.11.24 ਤਕ |
| 09604 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 10:50 | ਉਦੈਪੁਰ ਸ਼ਹਿਰ | 13:55 | | ਵੀਰਵਾਰ | 14.11.24 ਤਕ |
| 05097 | ਟਨਕਪੁਰ (ਵਾਯਾ ਦਿਲੀ ਜੰ.) | 18:25 | ਦੋਰਈ | 13:40 | ਸਪਤਾਹ ਵਿਚ ਤਿੰਨ ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 29.11.24 ਤਕ |
| 05098 | ਦੋਰਈ (ਵਾਯਾ ਦਿਲੀ ਜੰ.) | 16:05 | ਟਨਕਪੁਰ | 09:35 | | ਮੰਗਲਵਾਰ, ਵੀਰਵਾਰ, ਸ਼ਨੀਵਾਰ | 30.11.24 ਤਕ |
| 05037 | ਬਨਾਰਸ | 19:20 | ਆਨੰਦ ਵਿਹਾਰ ਟਰਮੀਨਲ | 09:35 | ਸਪਤਾਹਿਕ | ਮੰਗਲਵਾਰ | 29.10.24 ਤੋਂ 12.11.24 |
| 05038 | ਆਨੰਦ ਵਿਹਾਰ ਟਰਮੀਨਲ | 11:10 | ਬਨਾਰਸ | 01:10 | | ਬੁਧਵਾਰ | 30.10.24 ਤੋਂ 13.11.24 |
| 05273 | ਦਰਭੰਗਾ ਜੰ. | 13:15 | ਦੋਰਾਈ | 22:30 | ਸਪਤਾਹਿਕ | ਸ਼ਨੀਵਾਰ | 02.11.24 ਨੂੰ |
| 05274 | ਦੋਰਾਈ | 23:45 | ਦਰਭੰਗਾ ਜੰ. | 06:50 | | ਐਤਵਾਰ | 27.10.24ਅਤੇ03.11.24 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਰਸਤੇ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਵਿਸਤ੍ਰਿਤ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

**ਉਤਰ ਰੇਲਵੇ**

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

'ਤੇ ਸਾਨੂੰ ਫਾਲੋ ਕਰੋ

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਹੇਰਾਫੇਰੀ ਕਰਦੇ ਕੰਡੇ ਫੜੇ



ਮਜੀਠਾ (ਸੋਇਮ ਆਨੰਦ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਸ਼ਨੀਵਾਰ ਮੰਡੀ ਮਜੀਠਾ ਵਿਖੇ ਆੜ੍ਹਤੀਆਂ ਵਲੋਂ ਕਥਿਤ ਤੌਰ 'ਤੇ ਝੋਨੇ ਦੀ ਤੁਲਾਈ ਵਿਚ ਹੇਰਾਫੇਰੀ ਕਰਦੇ ਕੰਡੇ ਫੜੇ ਅਤੇ ਆੜ੍ਹਤੀਆਂ ਦੀ ਇਸ ਹੇਰਾਫੇਰੀ ਅਤੇ ਕਿਸਾਨਾਂ ਦੀ ਕੀਤੀ ਜਾ ਰਹੀ ਕਥਿਤ ਲੁੱਟ ਖਸੁੱਟ ਖਿਲਾਫ ਨਾਅਰੇਬਾਜ਼ੀ ਕੀਤੀ।ਯੂਨੀਅਨ ਦੇ ਜ਼ਿਲ੍ਹਾ ਆਗੂ ਪਰਮਿੰਦਰ ਸਿੰਘ ਪੰਡੋਰੀ ਅਤੇ ਬਲਾਕ ਆਗੂ ਜਗਜੀਵਨ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਡੋਰੀ ਵੜੈਚ ਦਾ ਇੱਕ ਕਿਸਾਨ ਜਿਹੜਾ ਆਪਣਾ ਝੋਨਾ ਵੇਚਣ ਵਾਸਤੇ ਦਾਨਾ ਮੰਡੀ ਮਜੀਠਾ ਵਿਖੇ ਲਿਆਇਆ ਤਾਂ ਜਦ ਉਸ ਦੇ ਝੋਨੇ ਦੀ ਤੁਲਾਈ ਹੋ ਗਈ ਤਾਂ ਉਸ ਨੂੰ ਸ਼ੱਕ ਪਿਆ ਕਿ ਉਸ ਦੇ ਝੋਨੇ ਦੀ ਕੰਡੇ 'ਤੇ ਤੁਲਾਈ ਵੱਧ ਹੋ ਰਹੀ ਹੈ।ਉਸ ਨੇ ਆਪਣੀ ਝੋਨੇ ਦੀ ਭਰੀ ਬੋਰੀ ਜਿਸ ਦਾ ਆੜ੍ਹਤੀਏ ਦੀ ਦੁਕਾਨ 'ਤੇ ਵਜ਼ਨ ਕੀਤਾ ਗਿਆ ਸੀ, ਦਫਤਰ ਮਾਰਕੀਟ ਕਮੇਟੀ ਵਿਖੇ ਲਿਜਾ ਕੇ ਇਲੈਕਟ੍ਰਿਕ ਕੰਡੇ 'ਤੇ ਤੋਲੀ ਤਾਂ ਉਸ ਬੋਰੀ ਵਿਚ ਝੋਨੇ ਦਾ ਵਜ਼ਨ 550 ਗਰਾਮ ਵੱਧ ਪਾਇਆ ਗਿਆ। ਜਦ ਉਸ ਨੇ ਦੂਸਰੇ ਆੜ੍ਹਤੀਆਂ ਦੀਆਂ ਦੁਕਾਨਾਂ ਦੇ ਕੰਡਿਆਂ 'ਤੇ ਤੋਲਿਆ ਤਾਂ ਉਨ੍ਹਾਂ ਕੰਡਿਆਂ 'ਤੇ ਵੀ 550 ਗਰਾਮ ਵੱਧ ਝੋਨਾ ਪਾਇਆ ਗਿਆ। ਜਿਸ 'ਤੇ ਉਸ ਕਿਸਾਨ ਨੇ ਜਥੇਬੰਦੀ ਦੇ ਆਗੂਆਂ ਤੱਕ ਪਹੁੰਚ ਕੀਤੀ ਤਾਂ ਜਥੇਬੰਦੀ ਦੇ ਆਗੂਆਂ ਨੇ ਦਾਨਾ ਮੰਡੀ ਮਜੀਠਾ ਵਿਖੇ ਆ ਕੇ ਚੈਕ ਕੀਤਾ ਤਾਂ ਕਿਸਾਨ ਸੱਚਾ ਪਾਇਆ ਗਿਆ। ਜਿਸ 'ਤੇ ਜਥੇਬੰਦੀ ਦੇ ਆਗੂਆਂ ਨੇ ਇਹ ਮਾਮਲਾ ਸਰਕਾਰੀ ਅਧਿਕਾਰੀਆਂ ਕੋਲ ਚੁੱਕਿਆ ਤਾਂ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚੇ। ਆਗੂਆਂ ਨੇ ਇਸ ਧੱਕੇਸ਼ਾਹੀ ਵਿਰੁੱਧ ਨਾਅਰੇਬਾਜ਼ੀ ਕੀਤੀ ਤਾਂ ਮੌਕੇ 'ਤੇ ਪਹੁੰਚੇ ਤਹਿਸੀਲਦਾਰ ਜਸਬੀਰ ਸਿੰਘ ਅਤੇ ਜ਼ਿਲ੍ਹਾ ਮੰਡੀ ਅਫਸਰ ਨੇ ਵਿਸ਼ਵਾਸ ਦੁਆਇਆ ਕਿ ਸਬੰਧਤ ਆੜ੍ਹਤੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਕਿਸਾਨ ਦੇ ਘਾਟੇ ਦੀ ਭਰਪਾਈ ਕਰਵਾਈ ਜਾਵੇਗੀ। ਉਕਤ ਆਗੂਆਂ ਨੇ ਕਿਹਾ ਕਿ ਦਾਨਾ ਮੰਡੀ ਮਜੀਠਾ ਵਿਖੇ ਝੋਨੇ ਦੀ ਸਰਕਾਰੀ ਖਰੀਦ ਨਾਂਮਾਤਰ ਹੋ ਰਹੀ ਹੈ। ਇਸ ਦੌਰਾਨ ਪੂਰੇ ਪੰਜਾਬ ਦੀਆਂ ਮੰਡੀਆਂ ਵਿਚ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗੇ ਪਏ ਹਨ। ਉਕਤ ਆਗੂਆਂ ਨੇ ਦੱਸਿਆ ਕਿ ਝੋਨੇ ਦੀ ਨਮੀ ਇਸ ਵਕਤ 15 ਤੋਂ 17 ਆ ਰਹੀ ਹੈ ਪਰ ਸਰਕਾਰੀ ਖਰੀਦ ਏਜੰਸੀ ਨਮੀ ਦਾ ਬਹਾਨਾ ਲਗਾ ਕੇ ਕਿਸਾਨਾਂ ਦੀ ਕਥਿਤ ਤੌਰ 'ਤੇ ਲੁੱਟ ਕਰ ਰਹੇ ਹਨ। ਵੱਧ ਨਮੀ ਦੇ ਨਾਮ 'ਤੇ 200 ਤੋਂ 300 ਰੁਪਏ ਪ੍ਰਤੀ ਕੁਇੰਟਲ ਦੀ ਕੱਟ ਲਗਾ ਰਹੇ ਹਨ। ਕਿਸਾਨ ਆਗੂਆਂ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਫਸਲ ਦੀ ਕੰਨ ਵਿਚ ਬੋਲੀ ਲਗਾਉਣੀ ਬੰਦ ਕਰਾਈ ਜਾਵੇ। ਜਿਸ ਦਾ ਸਿੱਧੇ ਤੌਰ 'ਤੇ ਕਿਸਾਨਾਂ 'ਤੇ ਬੋਝ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿਚ ਕਿਸਾਨ ਸੜਕਾਂ 'ਤੇ ਹੈ ਜਿਸ ਦੀ ਜ਼ਿੰਮੇਵਾਰ ਪੰਜਾਬ ਅਤੇ ਕੇਦਰ ਸਰਕਾਰ ਹੈ। ਇਸ ਮੌਕੇ ਉਨ੍ਹਾਂ ਨਾਲ ਮੰਗਲ ਸਿੰਘ ਗੋਸਲ, ਪ੍ਰਤਾਪ ਸਿੰਘ, ਅਜੈਬ ਸਿੰਘ ਟਰਪਈ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਐੱਨ ਡੀ ਏ ਦੇ ਨਤੀਜਿਆਂ 'ਚ ਸਿੱਖ ਨੌਜਵਾਨ ਨੇ ਮਾਰੀ ਬਾਜ਼ੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਐਨ.ਡੀ.ਏ ਅਤੇ ਐਨ.ਏ ਲਈ ਯੂ ਪੀ.ਐਸ.ਸੀ ਵੱਲੋਂ ਅਪ੍ਰੈਲ ਮਹੀਨੇ ਵਿੱਚ ਲਈਆਂ ਗਈਆਂ ਪ੍ਰੀਖਿਆਵਾਂ ਦੇ ਅੱਜ ਆਏ ਨਤੀਜਿਆਂ ਵਿੱਚ ਸਿੱਖ ਨੌਜਵਾਨ ਵੱਲੋਂ ਬਾਜ਼ੀ ਮਾਰੀ ਗਈ ਅਤੇ ਪੂਰੇ ਭਾਰਤ ਦੇ ਨਤੀਜਿਆਂ ਦੀ ਮੈਰਿਟ ਲਿਸਟ ਵਿੱਚ ਪਹਿਲੇ ਸਥਾਨ 'ਤੇ ਰਿਹਾ।

ਨਤੀਜਿਆਂ ਦੀ ਮੈਰਿਟ ਲਿਸਟ ਵਿੱਚ ਕੁੱਲ 641 ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲਾ ਨੌਜਵਾਨ ਅਰਮਾਨਪ੍ਰੀਤ ਸਿੰਘ ਪੁੱਤਰ ਲੈਕਚਰਾਰ ਸਤਬੀਰ ਸਿੰਘ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਬਾਰਡਰ ਨਾਲ ਲੱਗਦੇ ਕਸਬਾ ਕਲਾਨੌਰ ਦੇ ਨਜ਼ਦੀਕ ਪੈਂਦੇ ਪਿੰਡ ਭੰਡਾਲ ਦਾ ਰਹਿਣ ਵਾਲਾ ਹੈ। ਅਰਮਾਨਪ੍ਰੀਤ ਸਿੰਘ ਦੇ ਭਾਰਤ ਵਿੱਚੋਂ ਪਹਿਲੇ ਸਥਾਨ ਤੇ ਆਉਣ 'ਤੇ ਉਨ੍ਹਾਂ ਦੇ ਪਿੰਡ ਭੰਡਾਲ ਅਤੇ ਨਾਲ ਲੱਗਦੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਸਾਂਝੀ ਕਰਦਿਆਂ ਅਰਮਾਨਪ੍ਰੀਤ ਸਿੰਘ ਦੇ ਪਿਤਾ ਲੈਕਚਰਾਰ ਸਤਬੀਰ ਸਿੰਘ ਅਤੇ ਮਾਤਾ ਰੁਪਿੰਦਰ ਕੌਰ ਨੇ ਦੱਸਿਆ ਕਿ ਅਰਮਾਨਪ੍ਰੀਤ ਸਿੰਘ ਨੇ ਆਪਣੀ ਮਿਹਨਤ ਅਤੇ ਵਾਹਿਗੁਰੂ ਦੇ ਅਸ਼ੀਰਵਾਦ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ ਜੋ ਸਾਡੇ ਲਈ ਤੇ ਸਾਡੇ ਪਰਵਾਰ ਲਈ ਬੜੇ ਮਾਣ ਵਾਲੀ ਗੱਲ ਹੈ। ਉਹ ਉਸ ਦੇ ਪਹਿਲੇ ਸਥਾਨ 'ਤੇ ਆਉਣ ਤੇ ਬੇਹੱਦ ਖੁਸ਼ ਹਨ। ਉਨਾਂ ਦੱਸਿਆਂ ਕਿ ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੰਕੈਡਰੀ ਸਕੂਲ ਮੱਲਿਆਂ ਵਾਲਾ ਅਤੇ ਐਨ ਡੀ ਏ ਦੀ 2 ਸਾਲਾ ਪੜ੍ਹਾਈ ਮਹਾਰਾਜਾ ਰਣਜੀਤ ਸਿੰਘ ਅਕੈਡਮੀ ਮੋਹਾਲੀ ਦੇ ਨਾਲ ਬਾਰ੍ਹਵੀ ਤੱਕ ਦੀ ਪੜ੍ਹਾਈ ਸੈਮਰੋਕ ਸਕੂਲ ਮੋਹਾਲੀ ਤੋਂ ਪੂਰੀ ਕੀਤੀ ਹੈ।ਉਨਾਂ ਕਿਹਾ ਕਿ ਹੁਣ ਅਰਮਾਨਪ੍ਰੀਤ ਸਿੰਘ ਏਅਰ ਫੋਰਸ ਵਿੱਚ ਫਲਾਇੰਗ ਅਫਸਰ ਵਜੋਂ ਸੇਵਾ ਕਰਨਗੇ।

# ਪੰਜਾਬ ਸਰਕਾਰ ਹਰ ਫਰੰਟ 'ਤੇ ਹੋਈ ਫੇਲ : ਸਾਂਪਲਾ



ਫਗਵਾੜਾ (ਡਾ. ਰਮਨ) ਹੋਟਲ ਅਸ਼ੀਸ਼ ਕਾਂਟੀਨੈਂਟਲ ਜੀ ਟੀ ਰੋਡ ਫਗਵਾੜਾ ਵਿਖੇ ਕੇਂਦਰੀ ਸਾਬਕਾ ਮੰਤਰੀ ਭਾਰਤ ਸਰਕਾਰ ਵਿਜੇ ਸਾਂਪਲਾ ਨੇ ਇੱਕ ਵਿਸ਼ੇਸ਼ ਭੇਟ ਵਾਰਤਾ ਦੌਰਾਨ ਜਿੱਥੇ ਦੀਵਾਲੀ ਦੀਆ ਸ਼ੁਭ ਕਾਮਨਾਵਾਂ ਦਿੱਤੀਆਂ ਉੱਥੇ ਹੀ ਸੂਬਾ ਸਰਕਾਰ ਨੂੰ ਲੰਬੇ ਹੱਥੀ ਘੇਰਦਿਆਂ ਆਖਿਆ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਪ ਸਰਕਾਰ ਹਰ ਮੋਰਚੇ ਤੇ ਫੇਲ੍ਹ ਹੋਈ ਹੈ ਪੰਜਾਬ ਦਾ ਹਰ ਵਰਗ ਭਾਵੇਂ ਉਹ ਕਿਸਾਨ ਹੋਵੇ ਜਾ ਮਜ਼ਦੂਰ ਹੋਵੇ ਵਪਾਰੀ ਹੈ ਜਾ ਸਰਕਾਰੀ ਕਰਮਚਾਰੀ ਹਨ ਅਪਣੇ ਅਧਿਕਾਰਾ ਦੀ ਮੰਗ ਕਰਦਿਆ ਹੋਇਆ ਹੜਤਾਲ, ਪੰਜਾਬ ਬੰਦ ਜਾ ਹੋਰ ਵਿਰੋਧ ਕਰ ਕਈ ਤਰ੍ਹਾਂ ਦੇ ਤਰੀਕਿਆਂ ਦਾ ਸਹਾਰਾ ਲੈ ਰਹੇ ਹਨ, ਪ੍ਰੰਤੂ ਉਨ੍ਹਾਂ ਦੀ ਅਵਾਜ਼ ਸੁਣਨ ਵਾਲੀ ਸਰਕਾਰ ਅੰਨੀ ਅਤੇ ਬੋਲੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਟਹਿਰੇ ਚ ਖੜ੍ਹੇ ਕਰਦਿਆ ਆਖਿਆ ਕਿ ਭਾਵੇਂ ਵਿਕਾਸ ਦੀ ਗੱਲ ਹੋਵੇ ਪੰਜਾਬ ਵਿੱਚ ਸੜਕਾ ਬਣਾਉਣ ਲਈ ਜ਼ਮੀਨ ਲੈਣ ਦੀ ਗੱਲ ਹੋਵੇ, ਵਿਦਿਆਰਥੀਆਂ ਦੇ ਐਸ ਸੀ, ਬੀ ਸੀ ਸਕਾਲਰਸ਼ਿਪ ਦਾ ਮਸਲਾ ਹੋਵੇ। ਇਸ ਨਾਲ ਹਰ ਵਰਗ ਦੀ ਦੀਵਾਲੀ ਦੀ ਮਿਠਾਸ ਕੌੜੀ ਹੋ ਗਈ ਹੈ। ਇਸ ਮੌਕੇ ਆਸ਼ੂ ਸਾਂਪਲਾ, ਉਮ ਪ੍ਰਕਾਸ਼ ਬਿੱਟੂ, ਅਸ਼ੋਕ ਦੁੱਗਲ ਅਤੇ ਰਾਮ ਸਾਂਪਲਾ ਹਾਜ਼ਰ ਸਨ।

# ਸਲਾਨਾ ਇਸਤਮਾ ਦੇ ਦੂਸਰੇ ਦਿਨ ਖੇਡਾਂ ਦੇ ਮੁਕਾਬਲੇ ਕਰਵਾਏ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਵਿਖੇ ਮੁਸਲਿਮ ਜਮਾਤ ਅਹਿਮਦੀਆ ਦੀਆਂ ਸੰਸਥਾਵਾਂ ਮਜਲਿਸ ਅਨਸਾਰ ਉਲਾਹ ਅਤੇ ਅਹਿਮਦੀਆ ਯੂਥ ਵਿੰਗ ਦੇ ਸਲਾਨਾ ਸਮਾਰੋਹ ਚੱਲ ਰਹੇ ਹਨ। ਇਸ ਮੌਕੇ ਦੇਸ਼ ਭਰ ਤੋਂ ਮਜਲਿਸ ਦੇ ਨੁਮਾਇੰਦੇ ਕਾਦੀਆਂ ਪਹੁੰਚੇ ਹੋਏ ਹਨ। ਇਸ ਮੌਕੇ ਨੌਜਵਾਨਾਂ ਅਤੇ ਬਜ਼ੁਰਗਾਂ ਦੇ ਵੱਖੋ ਵੱਖ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਅੱਜ ਇਸ ਮੌਕੇ ਵਿਸ਼ੇਸ਼ ਤੌਰ 'ਤੇ ਕਬੱਡੀ, ਵਾਲੀਬਾਲ, ਰੱਸਾਕਸ਼ੀ, ਕ੍ਰਿਕਟ ਅਤੇ ਹੋਰ ਬਹੁਤ ਸਾਰੇ ਦਿਲਚਸਪ ਮੁਕਾਬਲੇ ਕਰਵਾਏ ਗਏ। ਇਹਨਾ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲਿਆਂ ਵਿੱਚ ਇਨਾਮ ਵੀ ਵੰਡੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਜਲਿਸ ਦੇ ਕੌਮੀ ਪ੍ਰਧਾਨ ਮੌਲਾਨਾ ਅਤਾਉਲ ਮੁਜੀਬ ਲੋਨ, ਅਹਿਮਦੀਆ ਯੂਥ ਵਿੰਗ ਦੇ ਪ੍ਰਧਾਨ ਸ਼ਮੀਮ ਅਹਿਮਦ ਗੌਰੀ, ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਮੌਲਾਨਾ ਕੇ ਤਾਰਿਕ ਅਹਿਮਦ ਮੌਲਾਨਾ ਮਖਦੂਮ ਸ਼ਰੀਫ ਐਡੀਸ਼ਨਲ ਮੁੱਖ ਸਕੱਤਰ ਮੁਸਲਿਮ ਜਮਾਤ ਅਹਿਮਦੀਆ ਭਾਰਤ ਅਤੇ ਪਤਵੰਤੇ ਮੌਜੂਦ ਸੀ।

# ਕਿਸਾਨ ਜਥੇਬੰਦੀਆਂ ਵੱਲੋਂ ਚੱਕਾ ਜਾਮ



ਫਿਲੌਰ (ਨਿਰਮਲ)--ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਫਿਲੌਰ ਵਿਖੇ ਸਿਕਸਲੇਨ 'ਤੇ ਧਰਨਾ ਲਾ ਕੇ ਹਾਈਵੇ ਜਾਮ ਕਰ ਦਿੱਤਾ ਗਿਆ। ਭਾਰੀ ਗਿਣਤੀ ਵਿੱਚ ਕਿਸਾਨ ਇਸ ਰੋਸ ਧਰਨੇ ਵਿੱਚ ਸ਼ਾਮਲ ਹੋਏ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਬੜੇ ਦੁਖੀ ਹਿਰਦੇ ਨਾਲ ਧਰਨਾ ਲਗਾ ਰਹੇ ਹਾਂ। ਸਰਕਾਰਾਂ ਅਤੇ ਸਿਆਸੀ ਪਾਰਟੀਆਂ ਚੁੱਪ ਚਾਪ ਬੈਠੀਆਂ ਹਨ। ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ, ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਫੌਰਨ ਤੌਰ ਤੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਕਰਵਾਉਣ ਦੀ ਕਿਸਾਨ ਮੰਗ ਕਰ ਰਹੇ ਹਨ। ਇਸ ਲਈ ਕਿਸਾਨਾਂ ਵੱਲੋਂ ਇਹ ਰੋਸ ਧਰਨਾ ਲਗਾਇਆ ਗਿਆ ਹੈ। ਜਾਮ 11 ਵਜੇ ਤੋਂ ਸ਼ਾਮ 3 ਵਜੇ ਤੱਕ ਲਗਾਇਆ ਗਿਆ।

ਇਸ ਮੌਕੇ ਸ੍ਰ. ਅਮਰੀਕ ਸਿੰਘ, ਕਮਲਜੀਤ ਸਿੰਘ, ਜਰਨੈਲ ਸਿੰਘ ਮੋਤੀਪੁਰ ਖਾਲਸਾ, ਕੁਲਦੀਪ ਸਿੰਘ, ਕਾ. ਜਰਨੈਲ ਸਿੰਘ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਜਾਮ ਕਰਨ ਵਾਹਨਾਂ ਦੀਆਂ ਲੰਮੀ ਕਤਾਰਾਂ ਲੱਗੀਆਂ ਗਈਆਂ, ਲੋਕ ਨੂੰ ਭਾਰੀ ਪ੍ਰੇਸ਼ਾਨੀ ਹੋਈ।

# ਖ਼ਾਲਸਾ ਕਾਲਜ ਲਾਅ 'ਚ ਯੂਨੀਫਾਰਮ ਸਿਵਲ ਕੋਡ 'ਤੇ ਸੈਮੀਨਾਰ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )–ਖ਼ਾਲਸਾ ਕਾਲਜ ਆਫ਼ ਲਾਅ ਵਿਖੇ 'ਯੂਨੀਫਾਰਮ ਸਿਵਲ ਕੋਡ: ਵਨ ਨੇਸ਼ਨ ਵਨ ਲਾਅ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਸੈਮੀਨਾਰ 'ਚ ਮੁੱਖ ਬੁਲਾਰੇ ਵਜੋਂ ਪ੍ਰੋ. (ਡਾ.) ਵਿਨੇ ਕਪੂਰ ਮਹਿਰਾ, ਸਾਬਕਾ ਵਾਈਸ ਚਾਂਸਲਰ ਡਬਰਾਨਲੂ (ਸੋਨੀਪਤ), ਸਾਬਕਾ ਰਾਜ ਸੂਚਨਾ ਕਮਿਸ਼ਨਰ (ਪੰਜਾਬ) ਅਤੇ ਸਾਬਕਾ ਪ੍ਰੋਫੈਸਰ ਅਤੇ ਮੁਖੀ, ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਸ਼ਿਰਕਤ ਕੀਤੀ।ਇਸ ਮੌਕੇ ਡਾ. ਕਪੂਰ ਮਹਿਰਾ ਨੇ ਭਾਰਤ 'ਚ ਯੂਨੀਫਾਰਮ ਸਿਵਲ ਕੋਡ ਨੂੰ ਲਾਗੂ ਕਰਨ ਦੀ ਲੋੜ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ 'ਇਕ ਦੇਸ਼ ਇਕ ਕਾਨੂੰਨ' ਦੀ ਵਿਚਾਰਧਾਰਾ 'ਤੇ ਅਧਾਰਤ ਉਕਤ ਯੂ. ਸੀ. ਸੀ. ਭਾਰਤ ਦੇ ਸਮੂਹ ਧਰਮਾਂ ਅਤੇ ਭਾਈਚਾਰਿਆਂ 'ਤੇ ਇਕੋ ਜਿਹਾ ਕਾਨੂੰਨ ਲਾਗੂ ਹੋਣਾ ਹੈ। ਜਿਸ 'ਚ ਜਾਇਦਾਦ ਦੀ ਪ੍ਰਾਪਤੀ, ਸੰਚਾਲਨ, ਵਿਆਹ, ਤਲਾਕ ਅਤੇ ਗੋਦ ਲੈਣ ਆਦਿ ਸਬੰਧੀ ਸਭਨਾਂ ਵਾਸਤੇ ਇਕਸਾਰ ਕਾਨੂੰਨ ਬਣਾਇਆ ਜਾਣਾ ਹੈ।ਡਾ. ਮਹਿਰਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਕ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਜਿਸ 'ਚ ਹਿੰਦੂ, ਮੁਸਲਿਮ, ਸਿੱਖ, ਬੋਧੀ, ਈਸਾਈ ਆਦਿ ਸਾਰੇ ਧਰਮਾਂ ਅਤੇ ਸੰਪਰਦਾਵਾਂ ਦੇ ਲੋਕਾਂ ਨੂੰ ਆਪੋ-ਆਪਣੇ ਧਰਮਾਂ ਨਾਲ ਸਬੰਧਤ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ 1956 ਦਾ ਹਿੰਦੂ ਮੈਰਿਜ ਐਕਟ ਹਿੰਦੂ, ਸਿੱਖ, ਈਸਾਈ, ਜੈਨ ਅਤੇ ਹੋਰ ਧਰਮਾਂ ਅਤੇ ਸੰਪਰਦਾਵਾਂ 'ਤੇ ਲਾਗੂ ਹੁੰਦਾ ਹੈ, ਜਦ ਕਿ ਮੁਸਲਿਮ ਪਰਸਨਲ ਲਾਅ ਉਨ੍ਹਾਂ ਲੋਕਾਂ 'ਤੇ ਲਾਗੂ ਹੁੰਦਾ ਹੈ ਜੋ ਮੁਸਲਿਮ ਧਰਮ ਦਾ ਪਾਲਣ ਕਰਦੇ ਹਨ ਵਰਗੇ ਵਿਆਹ ਸਬੰਧੀ ਭਾਰਤ 'ਚ ਦੋ ਤਰ੍ਹਾਂ ਦੇ ਨਿੱਜੀ ਕਾਨੂੰਨ ਹਨ। ਉਨ੍ਹਾਂ ਕਿਹਾ ਕਿ ਅਮਰੀਕਾ, ਇੰਡੋਨੇਸ਼ੀਆ, ਸੂਡਾਨ, ਤੁਰਕੀ, ਮਿਸਰ, ਪਾਕਿਸਤਾਨ, ਬੰਗਲਾਦੇਸ਼, ਮਲੇਸ਼ੀਆ, ਆਇਰਲੈਂਡ ਆਦਿ ਦੇਸ਼ਾਂ 'ਚ ਉਕਤ ਕੋਡ ਦੀ ਪਾਲਣਾ ਕੀਤੀ ਜਾਂਦੀ ਹੈ। ਇਨ੍ਹਾਂ ਉਕਤ ਦੇਸ਼ਾਂ 'ਚ ਸਮੂਹ ਧਰਮਾਂ ਲਈ ਇਕਸਾਰ ਕਾਨੂੰਨ ਹਨ ਅਤੇ ਕਿਸੇ ਵਿਸ਼ੇਸ਼ ਧਰਮ ਜਾਂ ਭਾਈਚਾਰੇ ਲਈ ਕੋਈ ਵੱਖਰਾ ਕਾਨੂੰਨ ਨਹੀਂ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਡਾ. ਮਹਿਰਾ ਦੁਆਰਾ ਬੀ. ਏ. ਐੱਲ. ਐੱਲ. ਬੀ. ਸਮੈਸਟਰ 9ਵਾਂ ਅਤੇ ਬੀ. ਕਾਮ ਸਮੈਸਟਰ 9ਵਾਂ ਦੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਹ ਗਿਆਨ ਉਨ੍ਹਾਂ ਦੇ ਤਜਰਬੇ 'ਚ ਵਾਧਾ ਕਰੇਗਾ।

ਉਨ੍ਹਾਂ ਕਿਹਾ ਕਿ ਸੈਮੀਨਾਰ ਮੌਕੇ ਇਕ ਇੰਟਰਐਕਟਿਵ ਸੈਸ਼ਨ ਵੀ ਕਰਵਾਇਆ ਗਿਆ। ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਦਿਵਿਆ ਸ਼ਰਮਾ, ਡਾ. ਰੇਣੂ ਸੈਣੀ, ਡਾ. ਮੋਹਿਤ ਸੈਣੀ, ਡਾ. ਪਵਨਦੀਪ ਕੌਰ, ਡਾ. ਸ਼ਿਵੇਨ ਸਰਪਾਲ, ਡਾ. ਅਨੀਤਾ, ਪ੍ਰੋ. ਉਤਕਰਸ਼ ਸੇਠ, ਪ੍ਰੋ. ਸੁਗਮ ਅਤੇ ਪ੍ਰੋ. ਹੇਮਾ ਆਦਿ ਮੌਜੂਦ ਸਨ।

# ਅਲੌਕਿਕ ਨਗਰ ਕੀਰਤਨ ਦਾ ਮਜੀਠਾ ਪੁੱਜਣ 'ਤੇ ਸੰਗਤਾਂ ਨੇ ਕੀਤਾ ਸ਼ਾਨਦਾਰ ਸਵਾਗਤ



ਮਜੀਠਾ ( ਸੋਇਮ ਆਨੰਦ)-ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਜਨਮ ਦਿਹਾੜੇ ਦੇ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਗੁਰਦੁਆਰਾ ਤਪ ਅਸਥਾਨ ਰਮਦਾਸ ਤੋਂ ਸਜਾਏ ਗਏ ਅਲੌਕਿਕ ਨਗਰ ਕੀਰਤਨ ਜਿਹੜਾ ਕਿ ਫਤੇਹਗੜ੍ਹ ਚੂੜੀਆਂ, ਭਾਲੋਵਾਲੀ, ਵਡਾਲਾ, ਭੋਮਾ, ਹਮਜਾ, ਮਜੀਠਾ, ਡੱਡੀਆਂ, ਕਲੇਰ, ਅਜਾਇਬਵਾਲੀ ਤੋਂ ਹੁੰਦਾ ਹੋਇਆ ਗੁਰਦੁਆਰਾ ਜਨਮ ਅਸਥਾਨ ਕੱਥੂਨੰਗਲ ਵਿਖੇ ਪਹੁੰਚਿਆ ਦਾ ਦੇਰ ਸ਼ਾਮ ਮਜੀਠਾ ਵਿਖੇ ਪੁੱਜਣ ਤੇ ਸ਼ਹਿਰ ਮਜੀਠਾ ਦੀਆ ਸੰਗਤਾਂ ਵਲੋਂ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਸ਼ਹਿਰ ਵਾਸੀਆਂ ਵਲੋਂ ਸਜਾਏ ਗਏ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸ਼ਹਿਰ ਦੀਆਂ ਵੱਖ ਵੱਖ ਸਿਆਸੀ ਅਤੇ ਸਮਾਜਿਕ ਸ਼ਖਸੀਅਤਾਂ ਵਲੋ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਵਾਸਤੇ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾ ਕੇ ਸੇਵਾ ਕੀਤੀ ਗਈ। ਨਗਰ ਕੀਰਤਨ ਦਾ ਸਵਾਗਤ ਕਰਨ ਵਾਲਿਆਂ ਵਿਚ ਸ਼ਹਿਰ ਦੇ ਵੱਡੀ ਗਿਣਤੀ ਵਿਚ ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਸਨ।

# ਦੋ ਨਾ-ਮਾਲੂਮ ਵਿਅਕਤੀ 3 ਮੁੰਦਰੀਆਂ ਲੈ ਕੇ ਹੋਏ ਰਫੂ-ਚੱਕਰ


ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਸ਼ਵਨੀ ਕੁਮਾਰ ਪੁੱਤਰ ਜਨਕ ਰਾਜ ਵਾਸੀ ਰਾਮ ਸ਼ਰਨ ਕਲੋਨੀ ਗੁਰਦਾਸਪੁਰ ਨੇ ਦੱਸਿਆ ਕਿ 23 ਅਕਤੂਬਰ ਨੂੰ ਮੈਂ ਆਪਣੀ ਦੁਕਾਨ 'ਤੇ ਬੈਠਾ ਸੀ ਕਿ ਦੁਪਹਿਰ 1 ਵਜੇ ਦੇ ਕਰੀਬ ਇਕ ਨਾ-ਮਾਲੂਮ ਵਿਅਕਤੀ ਅਤੇ ਔਰਤ ਦੁਕਾਨ 'ਤੇ ਆਏ, ਜਿਨ੍ਹਾਂ ਨੇ ਲੇਡੀਜ਼ ਮੁੰਦਰੀ ਦਿਖਾਉਣ ਲਈ ਕਿਹਾ। ਮੈਂ ਸੋਨੇ ਦੀਆਂ ਮੁੰਦਰੀਆਂ ਵਾਲੇ ਡੱਬੇ ਕਾਊਂਟਰ 'ਤੇ ਰੱਖ ਦਿੱਤੇ ਜਿਨ੍ਹਾਂ ਨੇ ਇਕ ਮੁੰਦਰੀ ਪਸੰਦ ਕਰਕੇ ਬਿੱਲ ਬਣਾਉਣ ਲਈ ਕਿਹਾ। ਜਦੋਂ ਮੈਂ ਬਿੱਲ ਬਣਾਉਣ ਵਿੱਚ ਮਸਰੂਫ ਹੋਇਆ ਤਾਂ ਔਰਤ ਨੇ 3 ਸੋਨੇ ਦੀਆਂ ਮੁੰਦਰੀਆਂ ਕੱਢ ਕੇ ਪਿੱਤਲ ਦੀਆਂ ਮੁੰਦਰੀਆਂ ਡੱਬੇ ਵਿੱਚ ਪਾ ਦਿੱਤੀਆ ਅਤੇ ਕਹਿਣ ਲੱਗੇ ਕਿ ਅਸੀਂ ਅੱਗੋਂ ਸਮਾਨ ਲੈ ਕੇ ਆਉਂਦੇ ਹਾਂ ਜੋ ਕਾਫੀ ਸਮਾਂ ਬੀਤਣ 'ਤੇ ਵੀ ਵਾਪਸ ਨਹੀ ਆਏ। ਸੀ.ਸੀ.ਟੀ.ਵੀ. ਕੈਮਰੇ ਚੈਕ ਕਰਨ 'ਤੇ ਪਤਾ ਲੱਗਾ ਕਿ ਉਕਤ ਵਿਅਕਤੀ ਅਤੇ ਔਰਤ 3 ਮੁੰਦਰੀਆਂ ਚੋਰੀ ਕਰਕੇ ਲੈ ਗਏ ਹਨ। ਥਾਣਾ ਸਿਟੀ ਪੁਲਸ ਨੇ ਨਾ-ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦਾ ਦੂਸਰਾ ਭੰਡਾਰਾ



ਲੋਹੀਆਂ ਖਾਸ (ਯੋਗੇਸ਼ਵਰ) : ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਬ੍ਰਹਮਲੀਨ ਮਹੰਤ ਸ਼੍ਰੀ 108 ਮਹੰਤ ਰਵਿੰਦਰਾ ਗਿਰੀ ਮਹਾਰਾਜ ਦੇ ਦੂਸਰੇ ਭੰਡਾਰੇ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ ਅਤੇ ਗੁਰੂਦੇਵ ਬਾਪ ਮਹੰਤ ਸ਼ਿਪਰਾ ਗਿਰੀ ਮਹਾਰਾਜ ਕੀਰਤਨ ਕੀਤਾ ਅਤੇ ਲੰਗਰ ਭੰਡਾਰਾ ਕਰਵਾਇਆ ਗਿਆ। ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਪਰਮਪੂਜ ਗੁਰੂਦੇਵ ਬਾਪ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ ਦੀ ਅਗਵਾਈ ਹੇਠ ਮੰਦਿਰ ਦੇ ਗਣਪਤੀ ਸੰਨਿਆਸ ਆਸ਼ਰਮ 'ਚ ਕਰਵਾਏ ਜਾ ਰਹੇ ਦੋ ਦਿਨਾਂ ਸਮਾਗਮਾਂ ਦੌਰਾਨ ਸ਼੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ ਗਏ ਅਤੇ ਹਵਨ ਵੀ ਕਰਵਾਇਆ ਗਿਆ।ਇਸ ਮੌਕੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਤੋਂ ਗਣੇਸ਼ ਜੀ ਅਤੇ ਰਿੱਧੀ ਤੇ ਸਿੱਧੀ, ਬ੍ਰਹਮਲੀਨ ਮਹੰਤ ਗਣਪਤੀ ਗਿਰੀ, ਬ੍ਰਹਮਲੀਨ ਮਹੰਤ ਪ੍ਰਗਾਨੰਦ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀਆਂ ਮੂਰਤੀਆਂ ਸ਼ੋਭਾ ਯਾਤਰਾ ਦੇ ਰੂਪ ਵਿੱਚ ਸੈਲਾਨੀ ਮਾਤਾ ਮੰਦਰ ਵਿੱਚ ਲੈ ਜਾ ਕੇ ਮੂਰਤੀ ਸਥਾਪਨਾ ਕੀਤੀ ਗਈ।

# ਐੱਸ ਐੱਸ ਐੱਮ ਕਾਲਜ ਦੀਆਂ ਵਿਦਿਆਰਥਣਾਂ ਦੇ ਕੁਇਜ਼ ਮੁਕਾਬਲੇ



ਦੀਨਾਨਗਰ (ਸੰਜੀਵ)- ਭਾਰਤੀ ਰਿਜ਼ਰਵ ਬੈਂਕ ਦੇ 90 ਸਾਲ ਪੂਰੇ ਹੋਣ ਦੇ ਮੌਕੇ ਲਲਿਤ ਹੋਟਲ ਚੰਡੀਗੜ੍ਹ ਵਿਖੇ ਰਾਜ ਪੱਧਰੀ 'ਆਰ.ਬੀ.ਆਈ. ਕੁਇਜ਼ 90 ਕੁਇਜ਼ ਮੁਕਾਬਲਾ' ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦਘਾਟਨ ਵਿਵੇਕ ਸ੍ਰੀਵਾਸਤਵ (ਰਿਜਨਲ ਡਾਇਰੈਕਟਰ, ਆਰ.ਬੀ.ਆਈ., ਚੰਡੀਗੜ੍ਹ) ਦੀ ਅਗਵਾਈ ਹੇਠ ਕੀਤਾ ਗਿਆ। ਐਸ.ਐਸ.ਐਮ ਕਾਲਜ ਦੇ ਪ੍ਰਿੰਸੀਪਲ ਡਾ. ਆਰ. ਕੇ. ਤੁਲੀ ਅਤੇ ਵਿਭਾਗ ਦੇ ਮੁਖੀ ਸਤਨਾਮ ਸਿੰਘ, ਬੀ.ਕਾਮ ਦੇ ਵਿਦਿਆਰਥੀਆਂ ਅਤੇ ਕ੍ਰਿਤਿਕਾ ਮਹਾਜਨ ਨੇ ਕੁਇਜ਼ ਮਾਸਟਰ ਅਜੇ ਪੂਨੀਆ ਦੇ ਸੁਚੱਜੇ ਸੰਚਾਲਨ ਅਧੀਨ ਇਸ ਮੁਕਾਬਲੇ ਵਿੱਚ ਬੈਂਕਿੰਗ ਸੇਵਾਵਾਂ, ਬੈਂਕਿੰਗ ਨੀਤੀਆਂ, ਹੋਰ ਸੇਵਾਵਾਂ, ਆਰਥਿਕਤਾ, ਵਰਤਮਾਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ। ਭਾਗੀਦਾਰਾਂ ਨੂੰ ਮਸਲਿਆਂ, ਵਿੱਤੀ ਸਕੀਮਾਂ ਬਾਰੇ ਕਿਹਾ ਗਿਆ, ਜਿਸ ਨਾਲ ਭਾਗ ਲੈਣ ਵਾਲਿਆਂ ਨੂੰ ਅਮੁੱਲ ਗਿਆਨ ਪ੍ਰਾਪਤ ਹੋਇਆ। ਪ੍ਰਿੰਸੀਪਲ ਡਾ. ਆਰ.ਕੇ. ਤੁਲੀ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਵਧਾਈ ਦਿੱਤੀ। ਇਸ ਮੌਕੇ ਵਿਭਾਗ ਦੇ ਮੁਖੀ ਪ੍ਰੋ. ਸਤਨਾਮ ਸਿੰਘ, ਪ੍ਰੋ. ਰਜਤ ਮਹਾਜਨ, ਪ੍ਰੋ. ਰਕਸ਼ੰਦਾ ਸਲਾਰੀਆ ਹਾਜ਼ਰ ਸਨ।

# ਨਜਾਇਜ਼ ਸ਼ਰਾਬ ਸਮੇਤ ਔਰਤ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਸ ਦੇ ਏ.ਐਸ.ਆਈ. ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁਖਬਰ ਦੀ ਇਤਲਾਹ 'ਤੇ ਇਕ ਔਰਤ ਕਾਂਸਟੇਬਲ ਨੂੰ ਨਾਲ ਲੈ ਕੇ ਇਕ ਔਰਤ ਵਾਸੀ ਸਾਂਸੀਆ ਮੁਹੱਲਾ ਦੀਨਾਨਗਰ ਦੇ ਘਰ ਰੇਡ ਕਰਕੇ ਉਸ ਨੂੰ 45 ਐਮ.ਐਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਔਰਤ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਚਮੜੀ ਦੇ ਮਾਹਰ ਡਾ. ਸੁਖਸਾਗਰ ਰਟੌਲ ਨੇ ਵਾਲਾਂ ਦੇ ਸ਼ਾਨਦਾਰ, ਲੰਬੇ ਸਮੇਂ ਤੱਕ ਰੰਗ ਲਈ ਜ਼ਰੂਰੀ ਸਮਗਰੀ ਕੀਤੀ ਸਾਂਝੀ

ਚੰਡੀਗੜ੍ਹ : ਹਾਈਲੂਰੋਨਿਕ ਅਤੇ ਸਿਲੀਕੋਨ ਐਕਟਿਵਸ ਅਤੇ ਕੀਵੀ ਫਲਾਂ ਦੇ ਐਬਸਟਰੈਕਟਸ ਵਰਗੇ ਪਾਵਰਹਾਊਸ ਸਮੱਗਰੀ ਵਾਲੇ ਨਵੀਨਤਾਕਾਰੀ ਫਾਰਮੂਲੇ ਨਾਲ ਆਪਣੇ ਵਾਲਾਂ ਨੂੰ ਰੰਗਣ ਦੀ ਰੁਟੀਨ ਨੂੰ ਵਧਾਓ। ਇਹ ਸਮੱਗਰੀ ਤੁਹਾਡੇ ਵਾਲਾਂ ਨੂੰ ਵਧਾਉਣ ਲਈ ਇਕੱਠੇ ਕੰਮ ਕਰਦੀ ਹੈ, ਸ਼ਾਨਦਾਰ ਰੰਗ ਅਤੇ ਬੇਮਿਸਾਲ ਚਮਕ ਪ੍ਰਦਾਨ ਕਰਦੀ ਹੈ। ਸਕਿਨਕੇਅਰ ਮਾਹਰ ਡਾ. ਸੁਖਸਾਗਰ ਰਟੌਲ ਇਸ ਬਾਰੇ ਸਮਝਦਾਰੀ ਸਾਂਝੀ ਕਰਦੇ ਹਨ ਕਿ ਇਹ ਸਮੱਗਰੀ ਤੁਹਾਡੇ ਵਾਲਾਂ ਨੂੰ ਰੰਗਣ ਦੇ ਅਨੁਭਵ ਨੂੰ ਕਿਵੇਂ ਬਦਲ ਸਕਦੀ ਹੈ। ਨੁਕਸਾਨ ਦੇ ਵਿਰੁੱਧ ਮਜ਼ਬੂਤ- ਕੀਵੀ, ਵਿਟਾਮਿਨ ਸੀ, ਈ ਅਤੇ ਕੇ ਨਾਲ ਭਰਪੂਰ ਵਾਲਾਂ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਕੋਲੇਜਨ ਦੇ ਉਤਪਾਦਨ ਨੂੰ ਵਧਾਉਂਦਾ ਹੈ, ਜੋ ਵਾਲਾਂ ਦੀ ਬਣਤਰ ਨੂੰ ਵਧਾਉਂਦਾ ਹੈ ਅਤੇ ਟੁੱਟਣ ਨੂੰ ਘਟਾਉਂਦਾ ਹੈ। ਹਾਈਲੂਰੋਨਿਕ ਐਕਟਿਵਸ ਦੀ ਹਾਈਡ੍ਰੇਟਿੰਗ ਪਾਵਰ ਦੇ ਨਾਲ ਮਿਲ ਕੇ ਇਹ ਜੋੜੀ ਖੁਸ਼ਕੀ ਦਾ ਮੁਕਾਬਲਾ ਕਰਦੀ ਹੈ, ਵਾਲਾਂ ਨੂੰ ਲਚਕੀਲੇ ਅਤੇ ਲਚਕੀਲੇ ਰੱਖਦੀ ਹੈ।

# ਦੀਵਾਲੀ ਤੇ ਬੰਦੀਛੋੜ ਦਿਵਸ ਮੌਕੇ ਭਾਈ ਮੰਡ ਪੜ੍ਹਨਗੇ ਕੌਮ ਦੇ ਨਾਂਅ ਸੰਦੇਸ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- 1 ਨਵੰਬਰ ਨੂੰ ਦੁਪਹਿਰ 3 ਵਜੇ ਦੀਵਾਲੀ ਅਤੇ ਬੰਦੀਛੋੜ ਦਿਵਸ ਦੇ ਸ਼ੁੱਭ ਅਵਸਰ 'ਤੇ ਸੇਵਾ ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਮੀਰੀ ਅਤੇ ਪੀਰੀ ਦੇ ਪ੍ਰੇਰਨਾ ਸਰੋਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਦੌਰਾਨ ਸਰਬ ਸੰਮਤੀ ਨਾਲ ਥਾਪੇ ਗਏ ਕਾਰਜਕਾਰੀ ਸਿੰਘ ਸਾਹਿਬ ਜਥੇਦਾਰ ਧਿਆਨ ਸਿੰਘ ਮੰਡ ਕੌਮ ਦੇ ਨਾਂਅ ਸੰਦੇਸ਼ ਪੜ੍ਹਨਗੇ। ਇਸ ਗੱਲ ਦੀ ਜਾਣਕਾਰੀ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਦੇ ਵੱਲੋਂ ਅੱਜ ਇੱਥੇ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹਰ ਵਰ੍ਹੇ ਦੀਵਾਲੀ ਅਤੇ ਬੰਦੀਛੋੜ ਦਿਵਸ ਦੇ ਸ਼ੁੱਭ ਅਵਸਰ 'ਤੇ ਦੇਸ਼ ਵਿਦੇਸ਼ ਦੇ ਵਿੱਚ ਬੈਠੀਆਂ ਸਿੱਖ ਸੰਗਤਾ ਪੰਥਕ ਦਰਦੀਆਂ ਤੇ ਪੰਥਕ ਹਿਤੈਸ਼ੀਆਂ ਨੂੰ ਕਾਰਜਕਾਰੀ ਸਿੰਘ ਸਾਹਿਬ ਜਥੇਦਾਰ ਧਿਆਨ ਸਿੰਘ ਮੰਡ ਦੇ ਸੰਦੇਸ਼ ਦਾ ਇੰਤਜ਼ਾਰ ਰਹਿੰਦਾ ਹੈ।ਉਨ੍ਹਾਂ ਦੱਸਿਆ ਕਿ ਕੌਮੀ ਸੰਦੇਸ਼ ਨੂੰ ਲੈ ਕੇ ਸਭ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ।

# ਪਟਾਕੇ ਵੇਚਣ ਦੇ ਆਰਜ਼ੀ ਲਾਇਸੈਂਸਾਂ ਲਈ ਡਰਾਅ ਕੱਢੇ

ਗੁਰਦਾਸਪੁਰ (ਜਨਕ ਮਹਾਜਨ)- ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੀਵਾਲੀ, ਗੁਰਪੁਰਬ, ਕ੍ਰਿਸਮਿਸ ਅਤੇ ਨਵੇਂ ਸਾਲ ਦੇ ਤਿਉਹਾਰ ਦੇ ਮੌਕੇ 'ਤੇ ਪਟਾਕੇ ਵੇਚਣ ਸਬੰਧੀ ਸਬ-ਡਵੀਜ਼ਨ ਵਾਈਜ਼ ਆਰਜ਼ੀ ਲਾਇਸੰਸਾਂ ਦੇ ਡਰਾਅ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿੱਚ ਕੱਢੇ ਗਏ। ਸੁਰਿੰਦਰ ਸਿੰਘ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਆਰਜ਼ੀ ਲਾਇਸੰਸ ਅਪਲਾਈ ਕਰਨ ਵਾਲੇ ਦੁਕਾਨਦਾਰਾਂ ਦੀ ਹਾਜ਼ਰੀ ਵਿੱਚ ਪੂਰੀ ਪਾਰਦਰਸ਼ਤਾ ਨਾਲ ਲੱਕੀ ਡਰਾਅ ਕੱਢਣ ਦੀ ਪ੍ਰੀਕਿਰਿਆ ਨੂੰ ਨੇਪਰੇ ਚਾੜ੍ਹਿਆ ਗਿਆ। ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਬ-ਡਵੀਜ਼ਨ ਵਾਈਜ਼ ਕੁੱਲ 18 ਆਰਜ਼ੀ ਲਾਇਸੰਸ ਦਿੱਤੇ ਜਾਣੇ ਹਨ, ਜਿਨ੍ਹਾਂ ਲਈ 163 ਅਰਜ਼ੀਆਂ ਆਈਆਂ ਸਨ। ਉਨ੍ਹਾਂ ਦੱਸਿਆ ਕਿ ਬਟਾਲਾ ਲਈ 6 ਆਰਜ਼ੀ ਲਾਇਸੈਂਸਾਂ ਲਈ ਸਭ ਤੋਂ ਵੱਧ 115 ਅਰਜ਼ੀਆਂ ਆਈਆਂ ਸਨ, ਜਿਨ੍ਹਾਂ ਵਿੱਚੋਂ 6 ਦਾ ਲੱਕੀ ਡਰਾਅ ਕੱਢਿਆ ਗਿਆ। ਦੀਨਾਨਗਰ ਲਈ 4 ਆਰਜ਼ੀ ਲਾਈਸੈਂਸਾਂ ਲਈ 44 ਅਰਜ਼ੀਆਂ ਆਈਆਂ ਸਨ, ਡੇਰਾ ਬਾਬਾ ਨਾਨਕ ਅਤੇ ਕਲਾਨੌਰ ਲਈ 3 ਆਰਜ਼ੀ ਲਾਇਸੰਸ ਕੱਢੇ ਜਾਣੇ ਸਨ ਜਿਸ ਲਈ ਕੇਵਲ 2 ਅਰਜ਼ੀਆਂ ਆਈਆਂ ਸਨ। ਗੁਰਦਾਸਪੁਰ ਲਈ 2 ਆਰਜ਼ੀ ਲਾਇਸੰਸ ਜਾਰੀ ਕੀਤੇ ਜਾਣੇ ਹਨ ਜਿਸ ਲਈ 2 ਅਰਜ਼ੀਆਂ ਆਈਆਂ ਸਨ। ਇਸੇ ਤਰ੍ਹਾ ਸਬ-ਡਵੀਜ਼ਨ ਫਤਿਹਗੜ੍ਹ ਚੂੜੀਆਂ ਲਈ 3 ਲੱਕੀ ਡਰਾਅ ਕੱਢੇ ਜਾਣੇ ਸਨ ਪਰ ਕੋਈ ਵੀ ਅਰਜ਼ੀ ਨਹੀਂ ਆਈ। ਲੱਕੀ ਡਰਾਅ ਦੀ ਸਾਰੀ ਪ੍ਰੀਕਿਰਿਆ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ। ਡਰਾਅ ਕੱਢਣ ਦੌਰਾਨ ਦਰਖਾਸਤ ਕਰਤਾਵਾਂ ਨੂੰ ਇਹ ਵੀ ਜਾਣੂੰ ਕਰਵਾਇਆ ਗਿਆ ਕਿ ਜੇਕਰ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਉਨ੍ਹਾਂ ਦਾ ਆਰਜ਼ੀ ਲਾਇਸੰਸ ਬਿਨਾ ਕਿਸੇ ਸੁਣਵਾਈ ਦੇ ਰੱਦ ਕਰ ਦਿੱਤਾ ਜਾਵੇਗਾ ਅਤੇ ਦਰਖਾਸਤ ਕਰਤਾ ਵਲੋਂ ਜੋ ਡਰਾਫਟ ਰਕਮ 35 ਹਜ਼ਾਰ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੇ ਨਾਮ 'ਤੇ ਦਿੱਤਾ ਗਿਆ ਹੈ, ਉਹ ਜ਼ਬਤ ਕਰ ਲਿਆ ਜਾਵੇਗਾ।

## Lost & Found

I,Rimpi W/O Inderjit R/O H.No.1754,Gali No.2, Gokal Vihar, Batala Road, Amritsar inform that old 2 registries of my house total Rakba 95.88 sq yards,Khasra No.348,349 min,349,346 min,Vasika No.83,67Jild No.5007,Safa No. 6667 dated 29.08.12 and GPA 95.88 sq yards, Khasra No.348,349 min, 349, 346 min,Vasika NO.648, Jild No. 2069, Safa No.9394,dated 21.06.16 have been lost on 21.10.24.Its Fir is submitted on 24.10.24 at PS Cantonment, Amritsar.Its G.D.No.is 024.

## PUBLIC NOTICE

ਅਮਨਦੀਪ ਮੈਡੀਸਿਟੀ, ਮਾਲ ਰੋਡ, ਨੋਵੇਲਟੀ ਚੌਂਕ, ਅੰਮ੍ਰਿਤਸਰ ਦਾ 1 ਅਪ੍ਰੈਲ 2017 ਤੋਂ 31 ਦਸੰਬਰ 2020 ਤੱਕ ਦਾ ਮੈਡੀਕਲ ਰਿਕਾਰਡ ਅਗਲੇ 30 ਦਿਨਾਂ ਵਿੱਚ ਨਸ਼ਟ ਕੀਤਾ ਜਾ ਰਿਹਾ ਹੈ। ਜੇਕਰ ਕੋਈ ਆਪਣਾ ਹਸਪਤਾਲ ਮੈਡੀਕਲ ਰਿਕਾਰਡ ਚਾਹੁੰਦਾ ਹੈ, ਤਾਂ ਉਹਨਾਂ ਨੂੰ 30 ਦਿਨਾਂ ਦੇ ਅੰਦਰ ਹਸਪਤਾਲ ਨਾਲ ਸੰਪਰਕ ਕਰਨਾ ਹੋਵੇਗਾ ਉਸ ਤੋਂ ਬਾਅਦ ਰਿਕਾਰਡ ਉਪਲਬਧ ਨਹੀਂ ਹੋਵੇਗਾ।

ਸ਼ੰਪਰਕ:- 0183-5051616

## ਨਿਲਾਮੀ ਨੋਟਿਸ

ਨਿਲਾਮੀ ਨੋਟਿਸ ਸਹਸ ਸਮਾਓ(ਮਾਨਸਾ ) ਵਿਖੇ 14 ਟਾਹਲੀ / ਸਫੈਦੇ ਦੇ ਰੁੱਖਾਂ ਦੀ ਨਿਲਾਮੀ 5 ਨਵੰਬਰ 2024 ਨੂੰ ਸਵੇਰੇ 9 ਵਜੇ ਨਿਮਨ ਹਸਤਾਖਰੀ ਦੇ ਦਫਤਰ ਵਿਖੇ ਹੋਵੇਗੀ। ਪੇਸ਼ਗੀ ਰਕਮ 10% ਹੋਵੇਗੀ। ਚਾਹਵਾਨ ਸ਼ਰਤਾਂ ਲਈ ਫੋਨ ਨੰਬਰ 01652 297235 'ਤੇ ਸੰਪਰਕ ਕਰਨ।

ਹੈੱਡਮਾਸਟਰ ਸਹਸ ਸਮਾਓ

## ਜਨਤਕ ਸੂਚਨਾ



ਮੈਂ, ਦਰਸ਼ਨ ਸਿੰਘ ਪੁੱਤਰ ਗੁਰਦਿਆਲ ਸਿੰਘ ਪਿੰਡ ਮੱਲ ਸਿੰਘ ਵਾਲਾ ਤਹਿਸੀਲ ਬੁੱਢਲਾਡਾ, ਜ਼ਿਲ੍ਹਾ ਮਾਨਸਾ ਦਾ ਹਾਂ। ਮੇਰੀ ਭਰਜਾਈ ਸ੍ਰੀਮਤੀ ਰਾਜ ਕੌਰ ਵਿਧਵਾ ਗੁਰਤੇਜ ਸਿੰਘ ਉਰਫ ਰੋਹੀ ਵਾਸੀ ਮੱਲ ਸਿੰਘ ਵਾਲਾ ਜੋ ਕਿ ਸਾਲ 1990 ਤੋਂ ਲਾਪਤਾ ਹੈ। ਜਿਸ ਸੰਬੰਧੀ ਰਪਟ ਨੰਬਰ 025 ਥਾਣਾ ਬੋਹਾ ਦਰਜ ਰਜਿਸਟਰਡ ਹੈ। ਸ੍ਰੀਮਤੀ ਰਾਜ ਕੌਰ ਦੀ ਗੁੰਮਸ਼ੁਦਗੀ ਸੰਬੰਧੀ ਜੇਕਰ ਕਿਸੇ ਨੂੰ ਪਤਾ ਹੋਵੇ ਤਾਂ ਉਕਤ ਦਿੱਤੇ ਪਤੇ 'ਤੇ ਸੰਪਰਕ ਕਰ ਸਕਦਾ ਹੈ।

## PUBLIC NOTICE

This is to inform and seek objections, if any, from general Public that Cholamandalam Investment and Finance company Limited 20, Panesar Complex Near Vishal Mega Mart, GT Road Jalandhar 144001 has Sanctioned Loan against Property to Mr. Gurbachan Singh Lotia s/o Chanan Singh against the property i.e Warian Dona Kapurthala. That sale deed Regd No. 2385 dated 21/11/2002 registered in the c/o Joint Sub registrar, Kapurthala executed by Joginder Singh S/o Puran Singh in favor of Gurbachan Singh, Tarsem Singh S/o Chanan Singh of the above mentioned property was Lost. Thata DDR/LIR No.005 dt 25.10.2024 had been lodged in Police Station, Kapurthala regarding the lost of the said sale deed. That in case any person having any claim, right, title, or interest in the above said property in any manner whatsoever by way of sale, gift, lease, inheritance, exchange, mortgage, charge, lien, trust, possession easement attachment or otherwise howsoever, Shall bring the same to the notice of the undersigned in writing with supporting document / evidence with in a period of 10 days from the date of this notice failing which such claim if any, shall be considered to be waived, abandoned and it shall be presumed that no person has any claim of any nature in respect of the above said lands and any subsequent claim shall not bind our clients their successors / nominee / assigners in any manner whatsoever.

Advocate Vikas Sood, Chamber No.84, New Courts, Jalandhar - 98140-94356

## COURT NOTICE

(U/o 5 Rule 20 CPC)
In the Court of
**Ms. Prabhjot Kaur,**
Additional Civil Judge (Senior Division), Hoshiarpur.
CNR No. PBHO 02-000776-2020
Next Date : 09-12-2024

Nirmal Singh S/o Sewa Singh R/o Village Purhiran, Tehsil and Distt. Hoshiarpur. Appellant

Versus

Paras Kumar S/o Lata Dharam Pal R/o Vishwakarma Chowk, Premgarh, Hoshiarpur, through her Lrs. Kusum Lata W/o Paras Kumar and Ors. Respondents

Petition U/s 13 of East Punjab Urban Rent Restriction Act 1949 (As amended Upto date)

Publication Issued to :

1 (a) Kusum Lata W/o Paras Kumar
1 (b) Munish Singla S/o Paras Kumar both R/o Premgarh Hoshiarpur.

In above titled case, the Respondent could not be served. It is ordered that respondents should appear in person or through counsel on 09-12-2024 at 10.00 a.m.

For details logon to https://highcourtchd.gov.in/?trs=district_notice&district=Hoshiarpur.

Additional Civil Judge (Senior Division), Hoshiarpur.

Dated, this day of 24-10-2024

# ਕਲਾਸੀਫਾਈਡ ਇਸ਼ਤਿਹਾਰ

## Public Notice

I, Arminder Singh S/o Harbans Singh R/o H.No. B 3/206 Gali Dultan Wali, Guru Nanak Nagar, Batala, Distt. Gurdaspur, Punjab, declare that my given name as Arminder and my Surname as Singh.

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ AP 07/11k ਹੈ ਜੋ ਕਿ ਧਰਮਪਾਲ ਪੁੱਤਰ ਦੇਵਤ ਰਾਮ ਵਾਸੀ ਬਰੇਟਾ ਦੇ ਨਾਮ ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਰਮਨਦੀਪ ਸ਼ਰਮਾ ਪੁੱਤਰ ਓਮ ਪ੍ਰਕਾਸ਼ ਸ਼ਰਮਾ ਵਾਸੀ ਬਰੇਟਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬਰੇਟਾ

ਮੋਟਰ ਕੁਨੈਕਸ਼ਨ ਖਾਤਾ ਨੰਬਰ KNAPAI/339 ਹੈ ਜੋ ਕਿ ਨਛੱਤਰ ਸਿੰਘ ਪੁੱਤਰ ਰੂਪ ਸਿੰਘ ਵਾਸੀ ਕਾਹਨਗੜ੍ਹ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਮਹਿੰਦਰ ਸਿੰਘ ਪੁੱਤਰ ਰੂਪ ਸਿੰਘ ਵਾਸੀ ਕਾਹਨਗੜ੍ਹ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬਰੇਟਾ

## ਬੇਦਖਲੀ ਨੋਟਿਸ

ਮੈਂ, ਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਸਾਧਮਾਜਰਾ ਨਿਰਮਲ ਕੋਟ ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਅਤੇ ਨੂੰਹ ਮਨਦੀਪ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਮਕਾਨ ਨੰਬਰ ਆਰ/58 ਅਮਰੀਕ ਨਗਰ ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਪੁੱਤਰ ਰਵੀ ਅਤੇ ਉਸ ਦੀ ਪਤਨੀ ਰੇਖਾ ਰਾਣੀ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਭਜਨ ਕੌਰ ਪਤਨੀ ਪਿਆਰਾ ਲਾਲ ਵਾਸੀ ਮੁਹੱਲਾ ਬੇਲਦਾਰਾਂ ਨੂਰਮਹਿਲ ਤਹਿਸੀਲ ਫਿਲੌਰ (ਜਲੰਧਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਗਤਾਰ ਤੇ ਨੂੰਹ ਰਾਜ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਅਸੀ ਜੋਗਿੰਦਰ ਕੌਰ ਪਤਨੀ ਸਰਬਜੀਤ ਸਿੰਘ ਅਤੇ ਸਰਬਜੀਤ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੁਤਾਲਾ ਪੱਤੀ ਪੱਲ੍ਹਾ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਤਵਿੰਦਰ ਸਿੰਘ,ਉਸਦੀ ਪਤਨੀ ਹਰਨਿੰਦਰ ਕੌਰ ਅਤੇ ਉਨ੍ਹਾਂ ਦਾ ਲੜਕਾ ਲਕਸ਼ਦੀਪ ਸਿੰਘ ਜੋ ਕਿ ਸਾਡੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀਆਂ ਕਰਦੇ ਹਨ। ਅਸੀ ਉਨ੍ਹਾਂ ਤਿੰਨਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ ਰਮੇਸ਼ ਮਹਾਜਨ ਪੁੱਤਰ ਸ੍ਰੀ ਰਾਮ ਚੰਦ ਮਹਾਜਨ ਅਤੇ ਸੀਮਾ ਪਤਨੀ ਸ੍ਰੀ ਰਮੇਸ਼ ਮਹਾਜਨ ਵਾਸੀਆਨ ਮਕਾਨ ਨੰਬਰ 107, ਮੁੱਹਲਾ ਚਿਤੋੜਗੜ੍ਹ ਨਜਦੀਕ ਕੰਧ ਸਾਹਿਬ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡੇ ਦੋਵੇਂ ਲੜਕੇ 1) ਹਿਮਾਂਸ਼ੂ ਮਹਾਜਨ ਵਾ ਉਸਦੀ ਪਤਨੀ ਸ਼ਿਵਲਿਕਾ ਸੈਣੀ ਅਤੇ ਦੂਸਰਾ ਲੜਕਾ ਦਮਨ ਮਹਾਜਨ ਵਾ ਉਸਦੀ ਪਤਨੀ ਸਰਿਆਂ ਰਾਂਚਲ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਜਸਵੀਰ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਮੁਹੱਲਾ ਮਹਿਤਾਬਗੜ੍ਹ, ਕਪੂਰਥਲਾ ਆਪਣੇ ਲੜਕੇ ਲਵਪ੍ਰੀਤ ਸਿੰਘ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈ ਸਵਰਨ ਸਿੰਘ ਪੁਤਰ ਅਮਰ ਸਿੰਘ ਵਾਸੀ ਪਿੰਡ ਰੋੜਾਂਵਾਲਾ ਕਲਾਂ ਸਬ ਤਹਿਸੀਲ ਅਟਾਰੀ ਜਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿੰਸਪਾਲ ਸਿੰਘ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ।ਇਸ ਨੂੰ ਮੈ ਆਪਣੀ ਚੱਲ ਅੱਚਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।ਇਸ ਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸਾਰੇ ਸਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਰਤਨ ਸਿੰਘ ਵਾਸੀ ਪੱਤੀ ਆਕਲਪੁਰ, ਮਲਸੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨਿਤਾਸ਼ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਭਾਵਨਾ ਮਹਿਰਾ ਪਤਨੀ ਲੇਟ ਸ੍ਰੀ ਭਜਨ ਲਾਲ ਮਹਿਰਾ ਵਾਸੀ ਮਕਾਨ ਨੰ. 724/7, ਗਲੀ ਦੇਵੀ ਵਾਲੀ, ਜੌੜਾ ਪਿੱਪਲ, ਕੂਚਾ ਆਵਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਿਤੇਸ਼ ਮਹਿਰਾ ਉਰਫ ਸ਼ਿਸ਼ੂ ਅਤੇ ਇਸ ਦੀ ਪਤਨੀ ਪਲਵੀ ਮਹਿਰਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਦੋ ਬੱਚਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਗੁਰਦੀਪ ਸਿੰਘ ਪੁੱਤਰ ਸ.ਕੁੰਨਣ ਸਿੰਘ ਵਾਸੀ ਪਿੰਡ ਮੀਕੇ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਮਨਜੋਬਨ ਸਿੰਘ ਅਤੇ ਇਸਦੀ ਪਤਨੀ ਹਰਪ੍ਰੀਤ ਕੌਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ, ਲੈਣ ਦੇਣ ਕਰਨ ਵਾਲ਼ੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ

## ਨਾਂਅ ਦੀ ਬਦਲੀ

ਮੈਂ, ਗੁਰਜੀਤ ਸਿੰਘ ਪੁੱਤਰ ਹਰੀ ਸਿੰਘ, ਵਾਸੀ ਬੁਆਣੀ, ਤਹਿਸੀਲ ਪਾਇਲ (ਲੁਧਿਆਣਾ) ਦੇ ਪਾਸਪੋਰਟ ਵਿੱਚ ਗਲਤ ਛਪੇ ਨਾਮ ਗੁਰਜੀਤ ਸਿੰਘ (Gurjeet Singh) ਨੂੰ (Gurjit Singh) ਸਹੀ ਕੀਤਾ ਜਾਵੇ।

ਮੈਂ, ਸਨਦੀਪ ਕੌਰ ਪਤਨੀ ਸ੍ਰੀ ਜਤਿੰਦਰ ਪਾਲ ਵਾਸੀ ਪਿੰਡ ਬੜਚੂਹੀ ਡਾਕਖਾਨਾ ਰਾਜਪੁਰ ਜ਼ਿਲ੍ਹਾ ਜਲੰਧਰ, ਪੰਜਾਬ ਨੇ ਆਪਣਾ ਨਾਮ ਸਨਦੀਪ ਕੌਰ ਤੋਂ ਬਦਲ ਕੇ ਸੰਦੀਪ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੰਦੀਪ ਕੌਰ ਪਤਨੀ ਸ੍ਰੀ ਜਤਿੰਦਰ ਪਾਲ ਵਾਸੀ ਪਿੰਡ ਬੜਚੂਹੀ ਡਾਕਖਾਨਾ ਰਾਜਪੁਰ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨੀ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਤਮੰਨਾ ਤੋਂ ਬਦਲ ਕੇ ਤਮੰਨਾ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਜਸਵਿੰਦਰ ਕੁਮਾਰ ਪੁੱਤਰ ਚਮਨ ਲਾਲ ਪਿੰਡ ਤੇ ਡਾਕਖਾਨਾ ਸਰਹਾਲ ਮੁੰਡੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਜਸਵਿੰਦਰ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

ਮੈਂ ਗਗਨਦੀਪ ਕੌਰ ਪਤਨੀ ਲਖਜੋਤ ਸਿੰਘ ਪਿੰਡ ਬੱਲੋਵਾਲ, ਡਾਕਖਾਨਾ ਮੁਕੰਦਪੁਰ, ਤਹਿਸੀਲ ਬੰਗਾ, ਜ਼ਿਲ੍ਹਾ ਸ ਭ ਸ ਨਗਰ ਨੇ ਆਪਣਾ ਨਾਮ ਬਦਲ ਕੇ ਗਗਨਦੀਪ ਰੱਖ ਲਿਆ ਹੈ ਅਤੇ ਕੌਰ ਮੇਰਾ ਉਪਨਾਮ ਹੈ।

ਮੈਂ, ਹਰਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਪਿੰਡ ਤੇ ਡਾਕਖਾਨਾ ਢੰਡਵਾੜ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਹਰਵਿੰਦਰ ਰੱਖ ਲਿਆ ਹੈ ਅਤੇ ਸਿੰਘ ਮੇਰਾ ਉਪਨਾਮ ਹੈ, ਸੰਬੰਧਤ ਨੋਟ ਕਰਨ।

ਮੈਂ, ਤਮੰਨਾ ਪੁੱਤਰੀ ਸੁਖਦੇਵ ਸਿੰਘ ਵਾਸੀ ਪਿੰਡ ਢਡਿਆਲਾ, ਡਾਕਖਾਨਾ ਟਾਂਡਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਬਦਲ ਕੇ ਤਮੰਨਾ ਕੌਰ ਰੱਖ ਲਿਆ ਹੈ, (ਸਰਨੇਮ ਕੌਰ)। ਸੰਬੰਧਤ ਨੋਟ ਕਰਨ।

## Change of Name

I Rimple Kumari D/o Dharam Pal R/o Mohalla Ibrahim Basti, Near Railway Station, Nawanshahr, P.O., District Nawanshahr, Punjab, 144514 declare that I have changed my name from Rimple Kumari to Rimple mahey

## Change of Name

I, Vijay Gupta F/o AYANA GUPTA and grand daughter of Dharam Paul Gupta R/o 231/C, Street No. 11, Krishna Nagar, JALANDHAR hereby declared through this publication that my daughter AYANA GUPTA (DOB 05-08-2010) and AYNNA GUPTA is one person and she should be known as AYANA GUPTA in future. All concerned please note.

I, Mohinder Singh S/o Sadhu Singh VPO Chomo, Jalandhar, have changed my name from Mohinder Singh to Mohinder Singh Bhatia.Concerned May Note.

I, Aman Dhawan S/o Sudeep Dhawan R/o Plot No. 67, New Dashmesh Avenue,Gali No.6, Tower Wali Gali, Near Bhavya Shivalik Public School, Kot Khalsa, Amritsar, Punjab have changed my name from Aman Dhawan to Aman Kumar Dhawan.Concerned note.

I, Sukhjeevan Singh S/o Paramjit Singh R/o Ward 60, Sarkar Patti, Kot Khalsa, Amritsar, Punjab have changed my name from Sukhjeevan Singh to Sukhjeevan as my Given name and Singh as my Surname.Concerned note.

I, Sumit Shahi S/o Rajesh Kumar R/o H.No. 64, Ward No.6, Near Buti Dass Mandir,Fatehgarh Churian, Gurdaspur,Punjab have changed my name from Sumit Shahi to Sumit as my Given name and Shahi as my Surname.

I, Neelam Kumari W/o Bua Das R/o VPO Mehta Chowk Tehsil Baba Bakala Distt. Amritsar, Punjab, have changed my name from Neelam Kumari to Geeta Rani.Concerned note.

I, Rupinder Kaur Uppal W/O Manjit Singh R/O H.No. 83, Satkartar Enclave, Jalandhar, Punjab, India Have Changed My Name From Rupinder Kaur Uppal To Rupinder Kaur. All Concerned Please Note

I, Amandeep Singh Mahal S/o Sukhdev Singh R/o Village Kallomahal, PO Gaggomahal Tehsil Ajnala District Amritsar Punjab now at presently residing at 8, Fallingworth Bay, North East, Calgary, Canada, T3J 1G3 have changed my Daughter's name from Asees Kaur to Asees Kaur Mahal

I Rajni W/o Ankush Saroya, D/o Paramjit,R/o H.No 266/18, Deol Nagar,Jalandhar have changed my name from Rajni to Rajni Bala (Surname as Bala)

I, Naresh Kumari Kaushal wife of Yash Paul Kaushal, resident of H.No. 6, Narain Nagar, Basti Sheikh Road,Jalandhar declare that I have changed my name from Naresh Kumari Kaushal to Naresh Kaushal.

I, Yash Pal Rai son of Anant Ram, resident of H.No. 6, Narain Nagar, Basti Sheikh Road,Jalandhar declare that I have changed my name from Yash Pal Rai to Yash Pal Rai Kaushal.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Bajaj Finance Limited

Registered Office : Bajaj Finance Limited, Off Pune-Ahmednagar Road, Viman Nagar, Pune – 411014
Branch Office: Bajaj Finance Limited, Malhi Complex,1st Floor, Above State Bank of Patiala, Near Madaan Bajaj Dealer, Batala Road, Gurdaspur -143521

BAJAJ FINANCE

### ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)

(ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਨਿਯਮ 8 (1) ਨਾਲ ਪੜ੍ਹੀ ਜਾਂਦੀ ਅੰਤਿਕਾ IV ਅਨੁਸਾਰ)

ਜਦੋਂਕਿ, ਨਿਮਨ ਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਬਜਾਜ ਫਾਈਨਾਂਸ ਲਿਮਟਿਡ (ਬੀ ਐੱਫ ਐੱਲ) ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਹੇਠ ਵਰਨਣ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਰਜਿਸਟਰਡ ਡਾਕ ਰਾਹੀਂ ਡਿਮਾਂਡ ("ਨੋਟਿਸ") ਨੋਟਿਸ ਜਾਰੀ ਕਰਕੇ ਦਰਸਾਏ ਐਕਟ ਦੇ 13 (2) ਅਧੀਨ ਨੋਟਿਸ ਵਿੱਚ ਵਰਨਣ ਰਾਸ਼ੀ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ ਸੀ।

ਹੇਠਾਂ ਵਰਨਣ ਨਾਂਅ ਵਾਲੇ ਕਰਜ਼ਦਾਰ/ਗਿਰਵੀਕਾਰ/ਗਰੰਟਰ ਰਾਸ਼ੀ ਮੋੜਨ 'ਚ ਅਸਫਲ ਰਹੇ ਹਨ। ਇਸ ਲਈ ਇਸ ਦੁਆਰਾ ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਇੱਥੇ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਕਰਕੇ ਜਨਤਾ ਆਮ ਕਰਕੇ ਵਰਨਣ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜੇ ਸੌਦੇਬਾਜ਼ੀ ਕੀਤੀ ਜਾਂਦੀ ਹੈ ਤਾਂ ਠੇਕਾ ਦਰ 'ਤੇ ਬਣਦੇ ਵਿਆਜ ਸਮੇਤ ਬਕਾਇਆ ਨਿਕਲਦੀ ਰਾਸ਼ੀ ਲਈ ਬਜਾਜ ਫਾਈਨਾਂਸ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦਾ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਸੰਬੰਧੀ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

| ਕਰਜ਼ਾ ਖਾਤਾ ਨੰ./ਕਰਜ਼ਦਾਰ (ਕਰਜ਼ਦਾਰਾਂ)/ਗਿਰਵੀਕਾਰ (ਗਿਰਵੀਕਾਰਾਂ)/ ਗਰੰਟਰ (ਗਰੰਟਰਾਂ) ਦੇ ਨਾਂਅ ਅਤੇ ਪਤੇ | ਸੁਰੱਖਿਅਤ ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਾਸ਼ੀ / ਕਬਜ਼ੇ ਦੀ ਮਿਤੀ |
|---|---|---|
| ਐੱਲ ਏ ਐੱਨ : P5U7PFB10300921<br>1. ਚੌਹਾਨ ਪੋਲਟਰੀ ਰਾਹੀਂ ਇਸ ਦੇ ਮਾਲਕ ਸੋਹਣ ਸਿੰਘ ਵਾਸੀ ਪਿੰਡ ਬੇਗੋਵਾਲ ਤਾਰਾਗੜ੍ਹ ਨਰੋਟ ਜੈਮਲ ਸਿੰਘ, ਪਠਾਨਕੋਟ, ਗੁਰਦਾਸਪੁਰ-143534, ਪੰਜਾਬ। ਵਿਖੇ ਵੀ : ਵਾਸੀ ਖਸਰਾ ਨੰ. 6 ਆਰ/12/4 (3-14) ਜਮ੍ਹਾਂਬੰਦੀ ਸਾਲ 2018-2019 ਹਦਬਸਤ ਨੰ. 147, ਵਾਕਿਆ ਰਕਬਾ ਬੇਗੋਵਾਲ, ਤਹਿਸੀਲ ਪਠਾਨਕੋਟ-143534, ਗੁਰਦਾਸਪੁਰ, ਪੰਜਾਬ।<br>2. ਰੇਖਾ ਦੇਵੀ ਪੁੱਤਰੀ ਪੂਰਨ ਸਿੰਘ ਵਾਸੀ ਡਾਕਖਾਨਾ ਤਾਰਾਗੜ੍ਹ, ਤਹਿਸੀਲ ਪਠਾਨਕੋਟ, ਬੇਗੋਵਾਲ, ਤਾਰਾਗੜ੍ਹ ਗੁਰਦਾਸਪੁਰ, ਗੁਰਦਾਸਪੁਰ-143534 ਪੰਜਾਬ।<br>3. ਸੋਹਣ ਸਿੰਘ ਪੁੱਤਰ ਮੋਹਿੰਦਰ ਸਿੰਘ ਵਾਸੀ ਮਾਰਫਤ ਮੋਹਿੰਦਰ ਸਿੰਘ ਬੇਗੋਵਾਲ, ਪਠਾਨਕੋਟ, ਗੁਰਦਾਸਪੁਰ-143534, ਪੰਜਾਬ | ਖਸਰਾ ਨੰ. 6 ਆਰ/12/4 (3-14) ਜਮ੍ਹਾਂਬੰਦੀ ਸਾਲ 2018-2019 ਹਦਬਸਤ ਨੰ. 147, ਵਾਕਿਆ ਰਕਬਾ ਬੇਗੋਵਾਲ, ਤਹਿਸੀਲ ਪਠਾਨਕੋਟ-143534, ਪੰਜਾਬ, ਗੁਰਦਾਸਪੁਰ ਦੇ ਆਮ ਏਰੀਆ ਵਿੱਚ ਬਣਦੇ ਹਿੱਸੇ ਸਮੇਤ ਸਾਰੇ ਹਿੱਸੇ। (ਏਰੀਆ ਰਕਬਾ 4374 ਵਰਗ ਫੁੱਟ)<br>ਹੱਦਾਂ : ਕਾਨੂੰਨੀ ਦਸਤਾਵੇਜ਼ਾਂ ਅਨੁਸਾਰ : ਪੂਰਬ ਵੱਲ : ਗਲੀ, ਪੱਛਮ ਵੱਲ : ਗਲੀ, ਉੱਤਰ ਵੱਲ : ਲਖਵਿੰਦਰ ਸਿੰਘ, ਦੱਖਣ ਵੱਲ : ਲਖਵਿੰਦਰ ਸਿੰਘ<br>ਪਹੁੰਚ ਸਥਾਨ ਅਨੁਸਾਰ : ਪੂਰਬ ਵੱਲ : ਮਾਲਕ ਖੁੱਲ੍ਹਾ ਪਲਾਟ, ਪੱਛਮ ਵੱਲ : ਗਲੀ 30' ਚੌੜੀ, ਉੱਤਰ ਵੱਲ : ਗਲੀ 25' ਚੌੜੀ, ਦੱਖਣ ਵੱਲ : ਪਲਾਟ ਬੱਬੂ। | 05.07.2024 ਅਤੇ ਰੁਪਏ 54,40,190/-<br>ਕਬਜ਼ੇ ਦੀ ਮਿਤੀ 22.10.2024 ਦੁਪਹਿਰ 1 ਵਜੇ ਤੋਂ 2 ਵਜੇ। |

ਸਥਾਨ : ਗੁਰਦਾਸਪੁਰ, ਮਿਤੀ : 27-10-2024

ਅਧਿਕਾਰਤ ਅਫਸਰ, ਵਾਸਤੇ ਮੈਸ: ਬਜਾਜ ਫਾਈਨਾਂਸ ਲਿਮਟਿਡ

27-SEP-PAGE-7.qxd 10/26/2024 10:34 PM Page 1



# ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਸਾਨਾਂ ਨੇ ਨਵਾਂਸ਼ਹਿਰ-ਫਿਲੌਰ ਰੋਡ 'ਤੇ ਲਗਾਇਆ ਜਾਮ



**ਨਵਾਂਸ਼ਹਿਰ :(ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਇੱਥੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਨਵੀਂ ਦਾਣਾ ਮੰਡੀ ਦੇ ਨਜ਼ਦੀਕ ਨਵਾਂਸ਼ਹਿਰ ਫਿਲੌਰ ਰੋਡ 'ਤੇ ਜਾਮ ਲਗਾਇਆ ਗਿਆ। ਇਸ ਮੌਕੇ ਇੱਕਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਦੋਹਾਂ ਸਰਕਾਰਾਂ ਦੀ ਮਿਲੀ ਭੁਗਤ ਨਾਲ਼ ਕਿਸਾਨਾਂ, ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ, ਪੰਜਾਬ ਦੇ ਸ਼ੈਲਰਾਂ ਅਤੇ ਗੁਦਾਮਾਂ ਵਿੱਚੋਂ ਚੌਲ 31 ਮਾਰਚ ਤੱਕ ਚੁੱਕਿਆ ਜਾਣਾ ਸੀ ਪਰੰਤੂ ਹਾਲੇ ਤੱਕ ਸ਼ੈਲਰ ਵਿਹਲੇ ਨਹੀਂ ਹੋਏ। ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਸ਼ੈਲਰ ਮਾਲਕਾਂ ਨਾਲ਼ ਹਾਲੇ ਤੱਕ ਐਗਰੀਮੈਂਟ ਨਹੀਂ ਹੋਇਆ। ਭਾਵੇਂ ਮੰਡੀਆਂ ਵਿਚ ਖਰੀਦ ਸ਼ੁਰੂ ਹੋ ਗਈ ਹੈ, ਪਰੰਤੂ ਮੰਡੀਆਂ ਵਿੱਚੋਂ ਲਿਫਟਿੰਗ ਦੀ ਰਫਤਾਰ ਹਾਲੇ ਵੀ ਬਹੁਤ ਹੌਲੀ ਹੈ। ਦੋਵੇਂ ਸਰਕਾਰਾਂ ਰਾਜਨੀਤਕ ਰੋਟੀਆਂ ਸੇਕਣ ਵਿਚ ਰੁੱਝੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ 29 ਅਕਤੂਬਰ ਨੂੰ ਡੀਸੀ ਦਫ਼ਤਰਾਂ ਦੇ ਘਿਰਾਓ ਕੀਤੇ ਜਾਣਗੇ ਅਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ। ਅੱਜ ਦੇ ਇਕੱਠ ਨੂੰ ਇਲਾਕਾ ਅੱਡੇ ਦੇ ਪ੍ਰਧਾਨ ਸੁਰਿੰਦਰ ਸਿੰਘ ਮਹਿਰਮਪੁਰ, ਇਲਾਕਾ ਨਵਾਂਸ਼ਹਿਰ ਦੇ ਪ੍ਰਧਾਨ ਪਰਮਜੀਤ ਸਿੰਘ ਸੰਘਾ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਜ਼ਿਲ੍ਹਾ ਮੀਤ ਪ੍ਰਧਾਨ ਸੋਹਣ ਸਿੰਘ ਅਟਵਾਲ, ਬਿੱਕਰ ਸਿੰਘ ਸ਼ੇਖੂਪੁਰਬਾਗ, ਕੁਲਵੀਰ ਸਿੰਘ ਸ਼ਾਹਪੁਰ, ਰਾਣਾ ਰਾਮਜੀ ਦਾਸ ਸਨਾਵਾ, ਮੱਖਣ ਸਿੰਘ ਭਾਨਮਜ਼ਾਰਾ, ਜਸਵਿੰਦਰ ਸਿੰਘ ਭੰਗਲ,ਕ੍ਰਿਸ਼ਨ ਲਾਲ ਬੇਗੋਵਾਲ,ਕਸ਼ਮੀਰਾ ਸਿੰਘ ਬੇਗੋਵਾਲ ਕੁਲਦੀਪ ਸਿੰਘ ਮਹਿਰਮਪੁਰ, ਬਹਾਦਰ ਸਿੰਘ ਧਰਮਕੋਟ,ਜੀਵਨ ਦਾਸ ਬੇਗੋਵਾਲ, ਕਰਨੈਲ ਸਿੰਘ ਉੜਾਪੜ੍ਹ ਨੇ ਵੀ ਸੰਬੋਧਨ ਕੀਤਾ।

# ਬਾਦਲ ਪਰਵਾਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਦਿੱਤਾ : ਕੰਗ



**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਕਾਰਵਾਈਆਂ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸਰਵਉੱਚ ਸਿੱਖ ਸੰਸਥਾ ਦੇ ਜਥੇਦਾਰ ਵਿਰੁੱਧ ਬੋਲੇ ਸ਼ਬਦਾਂ ਦੀ ਤਿੱਖੀ ਆਲੋਚਨਾ ਕੀਤੀ ਹੈ।ਆਪ ਦੇ ਸੀਨੀਅਰ ਬੁਲਾਰੇ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਅਤੇ ਸਿੱਖ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਨਾਲ ਇਕ ਸਦੀ ਪਹਿਲਾਂ ਸਥਾਪਿਤ ਕੀਤਾ ਗਿਆ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦੇ ਅਧੀਨ ਇਕ ਪਰਵਾਰਕ ਅਦਾਰਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਵਾਰ ਦਾ ਸਮਾਨਾਰਥੀ ਹੈ। ਉਨ੍ਹਾਂ ਨੇ ਇਕ ਪਵਿੱਤਰ ਸੰਸਥਾ ਨੂੰ ਨਿੱਜੀ ਜਾਇਦਾਦ ਵਿਚ ਬਦਲ ਦਿੱਤਾ ਹੈ। ਕੰਗ ਨੇ ਆਪਣੀਆਂ ਹਾਲੀਆ ਟਿੱਪਣੀਆਂ ਲਈ ਰਾਜਾ ਵੜਿੰਗ ਨੂੰ ਵੀ ਘੇਰਿਆ ਅਤੇ ਕਿਹਾ ਕਿ ਅਜਿਹੇ ਬਿਆਨ ਉਨ੍ਹਾਂ ਦੀ ਸਿੱਖ ਵਿਰੋਧੀ ਭਾਵਨਾ ਨੂੰ ਦਰਸਾਉਂਦਾ ਹੈ।ਕੰਗ ਨੇ ਕਿਹਾ, ਵੜਿੰਗ ਦੀਆਂ ਟਿੱਪਣੀਆਂ ਸਾਬਤ ਕਰਦੀਆਂ ਹਨ ਕਿ ਕਾਂਗਰਸ ਦੇ ਨਾਲ-ਨਾਲ ਉਹ ਵੀ ਸਿੱਖ ਸੰਸਥਾਵਾਂ ਦਾ ਨਿਰਾਦਰ ਕਰਦੇ ਹਨ।ਉਨ੍ਹਾਂ ਨੇ ਵੜਿੰਗ ਦੀ ਇਮਾਨਦਾਰੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਤੇ ਹਮਲੇ ਸਮੇਤ ਕਾਂਗਰਸ ਦੀਆਂ ਪਿਛਲੀਆਂ ਕਾਰਵਾਈਆਂ ਉਨ੍ਹਾਂ ਦੇ ਅਸਲ ਇਰਾਦਿਆਂ ਨੂੰ ਪ੍ਰਗਟ ਕਰਦੀਆਂ ਹਨ।ਬਾਦਲ ਪਰਿਵਾਰ, ਕਾਂਗਰਸ ਅਤੇ ਭਾਜਪਾ ਦੇ ਗੱਠਜੋੜ ਨੂੰ ਸੰਬੋਧਿਤ ਕਰਦੇ ਹੋਏ, ਕੰਗ ਨੇ ਪੰਜਾਬ ਦੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਇਹ ਪਾਰਟੀਆਂ ਆਪਣੇ ਸਿਆਸੀ ਲਾਭ ਲਈ ਵਾਰ-ਵਾਰ ਪੰਜਾਬ ਅਤੇ ਸਿੱਖਾਂ ਵਿਰੁੱਧ ਸਾਜ਼ਿਸ਼ਾਂ ਰਚ ਰਹੀਆਂ ਹਨ। ਉਨ੍ਹਾਂ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਵੱਲੋਂ ਕੀਤਾ ਚੱਕਾ ਜਾਮ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਕੁਲ ਹਿੰਦ ਕਿਸਾਨ ਸਭਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਭਾਰਤੀ ਬੁਰਜ ਗਿੱਲ, ਕਿਸਾਨ ਯੂਨੀਅਨ ਰਾਜੇਵਾਲ, ਖੇਤ ਮਜ਼ਦੂਰ ਸਭਾ ਵੱਲੋਂ ਕਪੂਰਥਲਾ ਦਾਣਾ ਮੰਡੀ ਮੋੜ੍ਹੇ 11 ਵਜੇ ਤੋਂ 3 ਵਜੇ ਤੱਕ ਚੱਕਾ ਜਾਮ ਕੀਤਾ ਗਿਆ।ਜਿਸ ਦੀ ਅਗਵਾਈ ਰਘਬੀਰ ਸਿੰਘ ਮਹਿਰਮ, ਕੁਲਵੰਤ ਸਿੰਘ ਜੋਸਨ, ਚੰਨ ਮੋਮੀ, ਰਜਿੰਦਰ ਸਿੰਘ ਰਾਣਾ ਐਡਵੋਕੇਟ, ਹਰਜਿੰਦਰ ਸਿੰਘ ਸੈਦੋਵਾਲ, ਅਮਰਜੀਤ ਸਿੰਘ ਟਿੱਬਾ, ਬਲਵਿੰਦਰ ਸਿੰਘ ਬਾਜਵਾ, ਧਰਮਿੰਦਰ ਸਿੰਘ, ਪਰਮਜੀਤ ਸਿੰਘ, ਮਾਸਟਰ ਚਰਨ ਸਿੰਘ ਹੈਬਤਪੁਰ, ਮੁਕੰਦ ਸਿੰਘ ਹਰਵੰਤ ਸਿੰਘ ਵੜੈਚ ਆਦਿ ਨੇ ਸਾਂਝੇ ਤੌਰ 'ਤੇ ਕੀਤੀ।ਵੱਖ ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਦੋਸ਼ ਲਗਾਇਆ ਕਿ ਸਰਕਾਰੀ ਖਰੀਦ 'ਤੇ ਕੱਟ ਲਗਾ ਕੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ ਕੇਂਦਰ ਸਰਕਾਰ ਨੇ ਸ਼ੈਲਰਾਂ ਤੇ ਗੋਦਾਮਾਂ ਵਿੱਚ ਪਿਛਲੇ ਸਾਲ ਦੇ ਚਾਵਲ ਦੀ ਲਿਫਟਿੰਗ ਨਾ ਕਰਕੇ ਕਿਸਾਨਾਂ ਨੂੰ ਖਰਾਬ ਕੀਤਾ ਹੈ। ਉਹਨਾਂ ਕਿਹਾ ਕਿ ਪਹਿਲੇ ਅਕਤੂਬਰ ਤੋਂ ਸਰਕਾਰੀ ਖਰੀਦ ਕਰਨ ਦੇ ਝੂਠੇ ਬਿਆਨ ਪੰਜਾਬ ਸਰਕਾਰ ਦੇ ਰਹੀ ਹੈ। ਕੇਂਦਰ ਸਰਕਾਰ ਨੇ ਕਾਰਪੋਰੇਟਰ ਦੇ ਮਨਸੂਬਿਆਂ ਨੂੰ ਸਫਲ ਕਰ ਲਏ ਕਿਸਾਨਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ ਕਿਸਾਨਾਂ ਆਗੂਆਂ ਨੇ ਚੇਤਾਵਨੀ ਵੀ ਦਿੱਤੀ ਹੈ ਕਿ ਜੇ ਝੋਨੇ ਦੀ ਖਰੀਦ ਐਮ ਐਸ ਪੀ ਤੇ ਨਾ ਹੋਈ ਤਾਂ ਉਹ 29 ਅਕਤੂਬਰ ਤੋਂ ਹੋਈ ਤਾਂ ਡਿਪਟੀ ਕਮਿਸ਼ਨਰ ਦੇ ਦਫਤਰ ਘੇਰਨਗੇ।

## ਡੇਂਗੂ ਦੇ ਲਾਰਵੇ ਬਾਰੇ ਕੀਤਾ ਜਾਗਰੂਕ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਸਿਵਲ ਸਰਜਨ ਜਲੰਧਰ ਡਾਕਟਰ ਗੁਰਮੀਤ ਲਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾਕਟਰ ਰਿਚਰਡ ਓਹਰੀ ਐਸਐਮਓ ਕਾਲਾ ਬੱਕਰਾ ਦੀ ਅਗਵਾਈ ਹੇਠ ਅੱਜ ਵਿਦਿਅਕ ਸੰਸਥਾਵਾਂ ਤੇ ਹੋਰ ਸਰਕਾਰੀ ਦਫ਼ਤਰਾਂ ਵਿਚ ਡੇਂਗੂ ਦੇ ਲਾਰਵੇ ਨੂੰ ਖਤਮ ਕਰਨ ਲਈ ਅਭਿਆਨ ਚਲਾਇਆ ਗਿਆ, ਜਿਸ ਵਿਚ ਡੇਂਗੂ ਮੱਛਰ ਦੇ ਖਾਤਮੇ ਦਾ ਵੀਡੀਓ, ਜੋ ਕਿ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਜੀ ਵਲੋਂ ਜਾਰੀ ਕੀਤਾ ਗਿਆ ਸੀ, ਵਿਦਿਆਰਥੀਆਂ ਤੇ ਸਕੂਲਾਂ ਦੇ ਸਟਾਫ ਨੂੰ ਦਿਖਾਇਆ ਗਿਆ।ਕਾਲਾ ਬੱਕਰਾ ਸਰਕਾਰੀ ਹਸਪਤਾਲ ਅਧੀਨ ਆਉਂਦੇ 17 ਹੈਲਥ ਸੈਂਟਰਾਂ ਵਿੱਚੋ 17 ਟੀਮਾਂ ਨੇ ਕਰੀਬ 42 ਵਿਦਿਅਕ ਸੰਸਥਾਵਾਂ ਵਿੱਚ ਜਾ ਕੇ ਕਰੀਬ 750 ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਡੇਂਗੂ ਮੱਛਰ ਦੇ ਲਾਰਵੇ ਵਾਰੇ ਜਾਗਰੂਕ ਕੀਤਾ।

## ਲਿਮਕਾ ਪਿਲਾ ਕੇ 2 ਹਜ਼ਾਰ ਰੁਪਏ ਲੁੱਟੇ



**ਫਿਲੌਰ (ਨਿਰਮਲ)-** ਅੱਜ ਸਵੇਰੇ 10 ਵਜੇ ਦੇ ਕਰੀਬ ਨੈਸ਼ਨਲ ਹਾਈਵੇ ਫਿਲੌਰ ਤੋਂ ਜਲੰਧਰ ਵਾਲੀ ਸਿਕਸਲੇਨ 'ਤੇ ਇਕ ਪ੍ਰਵਾਸੀ ਪੇਂਟਰ ਮੋਨੂੰ (26) ਪੁੱਤਰ ਫੌਦਾਰ ਵਾਸੀ (ਯੂ.ਪੀ) ਹਾਲ ਮੁਹੱਲਾ ਰਵਿਦਾਸਪੁਰਾ (ਫਿਲੌਰ) ਨੇ ਦੱਸਿਆ ਕਿ ਉਹ ਪੇਂਟਰ ਦਾ ਕੰਮ ਕਰਦਾ ਹੈ, ਜਦੋਂ ਉਹ ਕੰਮ 'ਤੇ ਜਾ ਰਿਹਾ ਸੀ ਤਾਂ ਇਕ ਵਿਅਕਤੀ, ਜੋ ਕਿ ਮਾੜੀ ਮੋਟੀ ਜਾਣ ਪਹਿਚਾਣ ਦਾ ਸੀ, ਰੋਕ ਕੇ ਕਹਿੰਦਾ ਕਿ ਗਰਮੀ ਬਹੁਤ ਹੈ ਆਹ ਲੈ਼ ਲਿਮਕਾ ਪੀ ਲੈ, ਲਿਮਕਾ ਪੀਂਦੇ ਸਾਰ ਹੀ ਨੀਂਦ ਆ ਗਈ ਤੇ 2 ਘੰਟੇ ਬਾਅਦ ਜਦੋਂ ਮੈਨੂੰ ਹੋਸ਼ ਆਇਆ ਤਾਂ ਉਹ ਵਿਅਕਤੀ ਗ਼ਾਇਬ ਸੀ ਅਤੇ ਨੇ ਮੇਰੀ ਜੇਬ 'ਚੋਂ 2 ਹਜ਼ਾਰ ਰੁਪਏ ਕੱਢ ਲਏ ਗਏ ਸਨ। ਮੈਂ ਉਸ ਦੀ ਬਹੁਤ ਭਾਲ ਕੀਤੀ ਪਰ ਮੈਨੂੰ ਲੱਭਿਆ ਨਹੀਂ।

## ਸੀ ਐੱਚ ਸੀ ਬੇਗੋਵਾਲ 'ਚ ਵਿਸ਼ਵ ਪੋਲੀਓ ਦਿਵਸ ਮਨਾਇਆ



**ਭੁਲੱਥ (ਮਨਪ੍ਰੀਤ ਸਿੰਘ)** ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਡਾਕਟਰ ਰਣਦੀਪ ਸਿੰਘ ਜ਼ਿਲ੍ਹਾ ਟੀਕਾਕਰਨ ਅਫ਼ਸਰ ਕਪੂਰਥਲਾ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਰਵਜੀਤ ਸਿੰਘ ਦੀ ਯੋਗ ਅਗਵਾਈ ਹੇਠ ਸੀਐਚਸੀ ਬੇਗੋਵਾਲ ਵਿਖੇ ਵਿਸ਼ਵ ਪੋਲੀਓ ਦਿਵਸ ਮਨਾਇਆ ਗਿਆ।ਡਾਕਟਰ ਰਵਜੀਤ ਸਿੰਘ ਨੇ ਦੱਸਿਆ ਕਿ ਪੋਲਿਓ ਇਕ ਕਾਫ਼ੀ ਤੇਜ਼ੀ ਨਾਲ ਫੈਲਣ ਵਾਲੀ ਬੀਮਾਰੀ ਹੈ। ਇਹ ਬੀਮਾਰੀ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ,ਜਿਸ ਦਾ ਸਿੱਧਾ ਅਸਰ ਦਿਮਾਗ ਅਤੇ ਰੀੜ੍ਹ ਦੀ ਹੱਡੀ 'ਤੇ ਹੁੰਦਾ ਹੈ ਤੇ ਪ੍ਰਭਾਵਿਤ ਵਿਅਕਤੀ ਦੇ ਹੱਥ ਪੈਰ ਜਾਂ ਹੋਰ ਅੰਗ ਅਪਾਹਜ ਹੋ ਸਕਦੇ ਹਨ।ਇੱਥੇ ਇਹ ਵੀ ਜਿਕਰਯੋਗ ਹੈ ਕਿ ਭਾਰਤ ਵਿੱਚੋਂ ਪੋਲਿਓ ਖਤਮ ਹੋ ਚੁੱਕਿਆ ਹੈ, ਪ੍ਰੰਤੂ ਗੁਆਂਢੀ ਦੇਸ਼ਾਂ ਵਿੱਚੋਂ ਇਸ ਬੀਮਾਰੀ ਦੇ ਸਾਡੇ ਦੇਸ਼ ਵਿਚ ਪ੍ਰਵੇਸ਼ ਹੋਣ ਦਾ ਖਤਰਾ ਸਾਨੂੰ ਹਮੇਸ਼ਾ ਰਹਿੰਦਾ ਹੈ।ਇਸ ਲਈ ਇਸ ਤੋਂ ਬੱਚਣ ਲਈ ਸਾਡੇ ਦੇਸ਼ ਵਿਚ ਹਰ ਸਾਲ ਪੋਲਿਓ ਮੁਹਿੰਮ ਚਲਾਈ ਜਾਂਦੀ ਹੈ ਤੇ 0-5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਂਦੀਆ ਹਨ ਤਾਂ ਜੋ ਕੋਈ ਵੀ ਬੱਚਾ ਇਸ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਨਾ ਬਣ ਸਕੇ।ਇਸ ਮੌਕੇ ਡਾਕਟਰ ਪਰਮਿੰਦਰ ਕੌਰ,ਡਾਕਟਰ ਰਾਜਪਾਲ ਸਿੰਘ,ਡਾਕਟਰ ਪਵਨਪ੍ਰੀਤ ਕੌਰ,ਨੀਤੂ ਸਰੋਆ ਬੀ ਈ ਈ,ਰਜਿੰਦਰ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸਨ ।

## ਰੱਤੇਵਾਲ ਤੋਂ ਰਾਕੇਸ਼ ਕੁਮਾਰ ਬੰਟੀ ਸਰਬ-ਸੰਮਤੀ ਨਾਲ ਸਰਪੰਚ ਬਣੇ



**ਬਲਾਚੌਰ (ਜਸਵਿੰਦਰ ਬੈਂਸ)** ਬਲਾਚੌਰ ਦੇ ਪੁਰਾਣੇ ਪਿੰਡ ਰੱਤੇਵਾਲ ਤੋਂ ਰਾਕੇਸ਼ ਕੁਮਾਰ ਬੰਟੀ ਸਰਬ ਸੰਮਤੀ ਨਾਲ ਪਿੰਡ ਦੇ ਸਰਪੰਚ ਬਣੇ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਹ ਉਸ 'ਤੇ ਖਰਾ ਉਤਰਨਗੇ।ਰਾਕੇਸ਼ ਕੁਮਾਰ ਬੰਟੀ ਨੇ ਕਿਹਾ ਕਿ ਪਿੰਡ ਦਾ ਵਿਕਾਸ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਕੀਤਾ ਜਾਵੇਗਾ।ਵਰਨਣਯੋਗ ਹੈ ਕਿ ਹਲਕਾ ਬਲਾਚੌਰ ਦੀਆਂ 83 ਪੰਚਾਇਤਾਂ ਸਰਬਸੰਮਤੀ ਨਾਲ ਬਣੀਆਂ ਹਨ, ਜਿਸ ਵਿੱਚ ਉਨ੍ਹਾਂ ਦਾ ਪਿੰਡ ਪੁਰਾਣਾ ਰੱਤੇਵਾਲ ਵੀ ਸ਼ਾਮਲ ਹੈ। ਬੰਟੀ ਨੇ ਕਿਹਾ ਕਿ ਉਹ ਪਿੰਡ ਵਾਸੀਆਂ ਦੇ ਹਮੇਸ਼ਾ ਰਿਣੀ ਰਹਿਣਗੇ।ਇਸ ਮੌਕੇ ਪੰਚ ਵਿਪਨ ਕੁਮਾਰ, ਬਲਵਿੰਦਰ ਕੁਮਾਰ, ਮਨਪ੍ਰੀਤ, ਸਾਹਿਲ, ਮਨਦੀਪ ਕੌਰ, ਮਨਜਿੰਦਰ ਕੌਰ, ਵਿਦਿਆ ਦੇਵੀ ਆਦਿ ਹਾਜ਼ਰ ਸਨ।

## ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਦੇ ਕੀਤੇ ਚਲਾਨ



**ਬਲਾਚੌਰ ਅਕਤੂਬਰ (ਜਸਵਿੰਦਰ ਬੈਂਸ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਦੇ ਕੰਗਨਾ ਪੁਲ 'ਤੇ ਡੀ ਐਸ ਪੀ ਸ਼ਾਮ ਸੁੰਦਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਲੇਖਰਾਜ ਕਾਂਸਟੇਬਲ ਮਨਪ੍ਰੀਤ ਕੌਰ, ਅਮਨਪ੍ਰੀਤ ਕੌਰ, ਮੁਖਤਿਆਰ ਸਿੰਘ ਵੱਲੋਂ ਚੇਕਿੰਗ ਕੀਤੀ ਗਈ ਕੁਝ ਮਾੜੇ ਅਨਸਰਾਂ ਵੱਲੋਂ ਬੁਲਟ ਮੋਟਰਸਾਇਕਲਾਂ ਦੇ ਪਟਾਕੇ ਚਲਾਉਂਦੇ ਹੋਏ ਫੜੇ ਗਏ ਉਹਨਾਂ ਦੇ ਚਲਾਣ ਕੀਤੇ ਗਏ ਕੁਝ ਮੋਟਰਸਾਈਕਲ ਬਿਨਾਂ ਕਾਗਜਾਂ ਤੋਂ ਪਾਏ ਗਏ ਉਹਨਾਂ ਨੂੰ ਬੰਦ ਕੀਤਾ ਗਿਆ। ਐਸ ਆਈ ਲੇਖਰਾਜ ਨੇ ਦੱਸਿਆ ਕਿ ਦਿਵਾਲੀ ਦੇ ਤਿਓਹਾਰਾਂ ਦੇ ਸੀਜ਼ਨ ਦੌਰਾਨ ਕਨੂੰਨ ਦੀ ਉਲੰਘਣਾ ਕਰਦਾ ਫੜਿਆ ਗਿਆ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

## ਬਲਬੀਰ ਸਿੰਘ ਸੂਦਨ ਬਣੇ 'ਰਕੋਸਾ' ਦੇ ਨਵੇਂ ਪ੍ਰਧਾਨ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** - ਸੇਵਾ ਮੁਕਤ ਆਈ ਏ ਐਸ ਅਧਿਕਾਰੀ ਅਤੇ ਸਾਬਕਾ ਗ੍ਰਹਿ ਸਕੱਤਰ ਪੰਜਾਬ ਬਲਬੀਰ ਸਿੰਘ ਸੂਦਨ 'ਰਾਮਗੜ੍ਹੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ' (ਰਕੋਸਾ) ਦੇ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਚੁਣੇ ਗਏ। ਇਹ ਚੋਣ ਰਕੋਸਾ ਦੀ ਜਨਰਲ ਬਾਡੀ ਦੀ ਮੀਟਿੰਗ ਵਿੱਚ ਕੀਤੀ ਗਈ, ਜਿਸ ਦੀ ਪ੍ਰਧਾਨਗੀ ਫਾਈਨ ਸਵਿਚਗੀਅਰਜ਼ ਦੇ ਐਸ ਪੀ ਸੇਠੀ ਨੇ ਕੀਤੀ।ਮੀਟਿੰਗ ਨੇ ਪ੍ਰਧਾਨ ਨੂੰ ਨਵੀਂ ਕਾਰਜਕਰਨੀ ਗਠਿਤ ਕਰਨ ਦਾ ਅਧਿਕਾਰ ਦਿਤਾ।ਪਰ ਸੰਵਿਧਾਨ ਅਨੁਸਾਰ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ,ਵਿਤ ਅਤੇ ਮੀਡੀਆ ਸਕੱਤਰ ਜਗਦੀਸ਼ ਮਹੇ ਅਤੇ ਪ੍ਰੋ. ਜਸਵੰਤ ਸਿੰਘ ਗੰਡਮ ਦੀ ਟਰਮ 3 ਸਾਲਾਂ ਦੀ ਹੋਣ ਕਾਰਨ ਉਹ ਆਪਣੇ ਅਹੁਦਿਆਂ ਉਪਰ ਬਣੇ ਰਹਿਣਗੇ।

## ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ 'ਚ ਚਮਕੌਰ ਸਾਹਿਬ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ):** ਸਿੱਖਿਆ ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਮਾਰਸ਼ਲ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਤੀਜੇ ਦਿਨ ਸਮਾਪਤ ਹੋਈਆਂ।ਇਸ ਬਾਰੇ ਗੱਲਬਾਤ ਕਰਦਿਆਂ ਬਲਾਕ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ ਬੇਦੀ ਨੇ ਦੱਸਿਆ ਕਿ ਬਲਾਕ ਪੱਧਰ ਤੇ ਹਰੇਕ ਈਵੈਂਟਸ 'ਚੋਂ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬਾਲ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਆਪਣੀ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਸਰਕਲ ਸਟਾਈਲ ਕਬੱਡੀ (ਮੁੰਡੇ), ਰੱਸਾਕਸ਼ੀ (ਮੁੰਡੇ), ਜਿਮਨਾਸਟਿਕ (ਮੁੰਡੇ) ਅਤੇ ਮਿੰਨੀ ਹੈਂਡਬਾਲ (ਕੁੜੀਆਂ) ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ। ਯਸ਼ਮੀਨ ਕੌਰ ਨੇ 200 ਮੀਟਰ ਦੌੜ ਵਿੱਚ ਪਹਿਲਾ ਅਤੇ ਰੇਸ਼ਮਾ ਖਾਤੁਨ ਨੇ 400ਮੀਟਰ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਕਰਾਟੇ (ਮੁੰਡੇ) ਅਕਾਸ਼ਦੀਪ ਸਿੰਘ ਨੇ ਪਹਿਲਾ ਅਤੇ ਨਵਰਾਜ ਸਿੰਘ ਨੇ ਦੂਜਾ ਸਥਾਨ, ਕਰਾਟੇ (ਕੁੜੀਆਂ) ਵਿੱਚ ਪ੍ਰੀਆ ਕੁਮਾਰੀ, ਇਸ਼ਮੀਤ ਕੌਰ, ਗੁਰਦੀਪ ਕੌਰ, ਪੁਨੀਤ ਕੌਰ ਨੇ ਪਹਿਲਾ ਅਤੇ ਗੁਰਲੀਨ ਕੌਰ, ਇਸ਼ਮੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਰਿਦਮਿਕ ਯੋਗਾ ਵਿੱਚ ਸ਼ਾਹਿਦ ਨੇ ਦੂਜਾ, ਲੰਬੀ ਛਾਲ (ਕੁੜੀਆਂ) ਵਿੱਚ ਖੁਸ਼ਪ੍ਰੀਤ ਕੌਰ ਨੇ ਦੂਜਾ, ਰਿਲੇਅ ਦੌੜ (ਕੁੜੀਆਂ) ਨੇ ਦੂਜਾ ਸਥਾਨ ਹਾਸਲ ਕੀਤਾ।ਇਸ ਦੌਰਾਨ ਬਲਾਕ ਸਿੱਖਿਆ ਅਫਸਰ ਨੇ ਅੱਗੇ ਹੋਣ ਵਾਲੀਆਂ ਰਾਜ ਪੱਧਰੀ ਖੇਡਾਂ ਲਈ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਵਾਸਤੇ ਪ੍ਰੇਰਿਤ ਕਰਦਿਆਂ ਅਤੇ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਇਨ੍ਹਾਂ ਖਿਡਾਰੀਆਂ ਤੋਂ ਬਹੁਤ ਉਮੀਦਾਂ ਹਨ।ਉਨ੍ਹਾਂ ਸਮੂਹ ਗਾਈਡ ਅਧਿਆਪਕਾਂ ਨੂੰ ਇਨ੍ਹਾਂ ਖੇਡਾਂ ਨੂੰ ਸਚੁੱਜੇ ਢੰਗ ਨਾਲ ਕਰਾਉਣ ਦੀ ਵਧਾਈ ਵੀ ਦਿੱਤੀ।

## ਅਰਮਾਨਪ੍ਰੀਤ ਐੱਨ ਡੀ ਏ ਦੀ ਮੈਰਿਟ ਸੂਚੀ 'ਚ ਅੱਵਲ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਸੂਬੇ ਦਾ ਨਾਂਅ ਰੌਸ਼ਨ ਕਰਦਿਆਂ ਐਸ ਏ ਐਸ ਨਗਰ (ਮੋਹਾਲੀ) ਵਿਖੇ ਸਥਿਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ ਆਰ ਐਸ ਏ ਐਫ ਪੀ ਆਈ) ਵਿੱਚ 12ਵੇਂ ਕੋਰਸ ਦੇ ਕੈਡਿਟ ਅਰਮਾਨਪ੍ਰੀਤ ਸਿੰਘ ਨੇ ਐਨ ਡੀ ਏ ਦੀ ਆਲ ਇੰਡੀਆ ਮੈਰਿਟ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।ਇਸ ਪ੍ਰਾਪਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਭੰਡਾਲ ਦੇ ਫਿਜ਼ਿਕਸ ਦੇ ਲੈਕਚਰਾਰ ਸਤਬੀਰ ਸਿੰਘ ਦੇ ਪੁੱਤਰ ਅਰਮਾਨਪ੍ਰੀਤ ਸਿੰਘ ਨੇ ਯੂ ਪੀ ਐਸ ਸੀ ਦੁਆਰਾ ਵੀਰਵਾਰ ਸ਼ਾਮ ਨੂੰ ਐਲਾਨੀ ਗਈ ਐਨ.ਡੀ.ਏ.-153 ਦੀ ਆਲ ਇੰਡੀਆ ਮੈਰਿਟ ਸੂਚੀ ਵਿੱਚ ਪਹਿਲਾ ਰੈਂਕ ਹਾਸਲ ਕਰਕੇ ਪੰਜਾਬ ਦਾ ਮਾਣ ਵਧਾਇਆ ਹੈ।ਉਨ੍ਹਾਂ ਦੱਸਿਆ ਕਿ ਅਰਮਾਨਪ੍ਰੀਤ ਪਿਛਲੇ 12 ਸਾਲਾਂ ਦੇ ਅਰਸੇ ਦੌਰਾਨ ਐਨ ਡੀ ਏ ਦੀ ਆਲ ਇੰਡੀਆ ਮੈਰਿਟ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲਾ ਇਸ ਸੰਸਥਾ ਦਾ ਤੀਸਰਾ ਕੈਡਿਟ ਹੈ।ਅਰਮਾਨਪ੍ਰੀਤ ਸਿੰਘ ਤੋਂ ਇਲਾਵਾ ਇਸ ਇੰਸਟੀਚਿਊਟ ਦੇ ਐਸ ਐਸ ਬੀ ਲਈ ਗਏ 24 ਵਿੱਚੋਂ 14 ਹੋਰ ਕੈਡਿਟਾਂ ਨੇ ਵੀ ਮੈਰਿਟ ਸੂਚੀ ਵਿੱਚ ਆਪਣੀ ਥਾਂ ਬਣਾਈ ਹੈ।ਅਰਮਾਨਪ੍ਰੀਤ ਸਿੰਘ ਅਤੇ ਬਾਕੀ ਕੈਡਿਟਾਂ ਨੂੰ ਵਧਾਈ ਦਿੰਦਿਆਂ ਅਮਨ ਅਰੋੜਾ ਨੇ ਕਿਹਾ ਕਿ ਭਾਰਤ ਦੇ ਰੱਖਿਆ ਬਲਾਂ ਵਿੱਚ ਅਧਿਕਾਰੀ ਬਣਨ ਵਾਸਤੇ ਇਹ ਉਨ੍ਹਾਂ ਲਈ ਪਹਿਲਾ ਕਦਮ ਹੈ।ਉਨ੍ਹਾਂ ਨੇ ਚੁਣੇ ਗਏ ਸਾਰੇ ਕੈਡਿਟਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਗਰੀਨ ਦੀਵਾਲੀ ਮਨਾ ਕੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ 'ਚ ਸਹਿਯੋਗ ਕਰਨ ਨਗਰ ਵਾਸੀ : ਖੋਸਲਾ



**ਫਗਵਾੜਾ (ਡਾ. ਰਮਨ, ਜਸਿਵੰਦਰ ਢੱਡਾ)** ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਹਲਕੇ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਕਾਂਗਰਸ ਆਗੂਆਂ ਦੀ ਇਕ ਵਿਸ਼ੇਸ਼ ਮੀਟਿੰਗ ਹਰਮਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਈ, ਮੀਟਿੰਗ ਦੀ ਪ੍ਰਧਾਨਗੀ ਕਾਂਗਰਸ ਪਾਰਟੀ ਦੇ ਵਾਇਸ ਪ੍ਰਧਾਨ ਫਗਵਾੜਾ ਤੁਲਸੀ ਰਾਮ ਖੋਸਲਾ ਨੇ ਕੀਤੀ।ਮੀਟਿੰਗ ਦੌਰਾਨ ਤੁਲਸੀ ਰਾਮ ਖੋਸਲਾ ਤੋਂ ਇਲਾਵਾ ਵਾਈਸ ਪ੍ਰਧਾਨ ਸੰਜੀਵ ਸ਼ਰਮਾ ਟੀਟੂ ਨੇ ਸਮੂਹ ਹਾਜਰੀਨ ਅਤੇ ਫਗਵਾੜਾ ਵਾਸੀਆਂ ਨੂੰ ਦੀਵਾਲੀ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਰੇ ਭਾਰਤ ਵਾਸੀਆ ਦਾ ਸਾਂਝਾ ਤਿਉਹਾਰ ਹੈ, ਜੋ ਬੜੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ ਅਤੇ ਹਰ ਭਾਰਤੀ ਆਪਣੇ ਘਰ ਵਿਚ ਦੀਪ ਮਾਲਾ ਕਰਦਾ ਹੈ ਤੇ ਮਿਠਾਈਆਂ ਅਤੇ ਉਪਹਾਰਾਂ ਦਾ ਅਦਾਨ-ਪ੍ਰਦਾਨ ਕਰਕੇ ਖੁਸ਼ੀ ਸਾਂਝੀ ਕੀਤੀ ਜਾਂਦੀ ਹੈ।ਘਰਾਂ ਨੂੰ ਸੁੰਦਰ ਸਜਾਵਟੀ ਵਸਤੂਆਂ ਦੇ ਨਾਲ ਸਜਾਇਆ ਜਾਂਦਾ ਹੈ।ਦੀਵਾਲੀ ਦੀ ਰਾਤ ਨੂੰ ਪਟਾਕੇ ਚਲਾਉਣ ਦਾ ਵੀ ਪ੍ਰਚਲਨ ਹੈ ਪਰ ਅਜੋਕੇ ਸਮੇਂ ਵਿਚ ਵੱਧਦੇ ਪ੍ਰਦੂਸ਼ਨ ਨੂੰ ਦੇਖਦੇ ਹੋਏ ਪਟਾਕਾ ਮੁਕਤ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਤਾਂ ਜੋ ਵਾਤਾਵਰਣ ਦੂਸ਼ਿਤ ਨਾ ਹੋਵੇ।ਉਕਕਤ ਆਗੂਆਂ ਨੇ ਕਿਹਾ ਕਿ ਪ੍ਰਦੂਸ਼ਣ ਨਾਲ ਭਿਆਨਕ ਬਿਮਾਰੀਆ ਪੈਦਾ ਹੁੰਦੀਆ ਹਨ ਅਤੇ ਹਾਦਸੇ ਵੀ ਵਾਪਰ ਜਾਂਦੇ ਹਨ ਜੋ ਕਈ ਵਾਰ ਜਾਨਲੇਵਾ ਸਾਬਤ ਹੁੰਦੇਅ ਹਨ। ਮੀਟਿੰਗ ਦੌਰਾਨ ਸਾਬਕਾ ਕੌਂਸਲਰ, ਸੀਤਾ ਦੇਵੀ, ਮੀਨਾਕਸ਼ੀ ਵਰਮਾ, ਸ਼ਮੀ ਨਿਸਚਲ, ਜਤਿੰਦਰ ਕੌਰ, ਗੁਰਦੀਪ ਕੌਰ, ਪਿੰਕੀ ਮੈਡਮ, ਮੋਨਿਕਾ ਆਦਿ ਨੇ ਸਮੂਹ ਫਗਵਾੜਾ ਵਾਸੀਆ ਨੂੰ ਅਪੀਲ ਕੀਤੀ ਕਿ ਗਰੀਨ ਦੀਵਾਲੀ ਮਨਾਈ ਜਾਵੇ ਅਤੇ ਹਰ ਘਰ ਬੂਟਾ ਲਗਾਇਆ ਜਾਵੇ। ਜੇਕਰ ਘਰ ਵਿਚ ਜਗਾ ਨਹੀ ਤਾਂ ਸੜਕ ਤੇ ਬੂਟਾ ਲਗਾ ਕੇ ਦੀਵਾਲੀ ਦੀ ਯਾਦਗਾਰ ਬਣਾਇਆ ਜਾਵੇ। ਡਾ: ਰਮਨ ਸ਼ਰਮਾ, ਡਾ: ਦਰਸ਼ਨ ਕਟਾਰੀਆ, ਗੁਰਦਿਆਲ ਸਿੰਘ, ਅਮ੍ਰਿਤ ਕੁਮਾਰ, ਲੈਂਬਰ ਰਾਮ, ਹਰਵਿੰਦਰ ਸਿੰਘ, ਹਰਵਿੰਦਰ ਬਹਿਲ ਆਦਿ ਨੇ ਵੀ ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ ਦੀਆਂ ਸ਼ੁੱਭ ਇੱਛਾਵਾਂ ਦਿੰਦੇ ਹੋਏ ਪੁਰਜੋਰ ਅਪੀਲ ਕੀਤੀ ਕਿ ਆਪਣੇ ਬੱਚਿਆ ਨੂੰ ਜਿਆਦਾ ਪ੍ਰਦੂਸ਼ਣ ਵਾਲੇ ਪਟਾਕੇ ਨਾ ਚਲਾਉਣ ਦਿੱਤੇ ਜਾਣ। ਤੁਲਸੀ ਰਾਮ ਖੋਸਲਾ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਕਿ ਸ਼ਹਿਰ ਵਿਚ ਦੀਵਾਲੀ ਮੌਕੇ ਨਕਲੀ ਮਿਠਾਈਆ ਅਤੇ ਪ੍ਰਦਸ਼ਣ ਰਹਿਤ ਗਰੀਨ ਦਵਾਲੀ ਮਨਾਉਣ ਲਈ ਕਰਮਚਾਰੀਆਂ ਦੀ ਡਿਊਟੀ ਲਗਾਈ ਜਾਵੇ। ਤਾਂ ਜੋ ਨਕਲੀ ਮਿਠਾਈਆ ਅਤੇ ਪ੍ਰਦੂਸ਼ਤ ਪਟਾਕਿਆਂ ਦੀ ਵਿਕਰੀ ਨੂੰ ਨੱਥ ਪਾਈ ਜਾ ਸਕੇ।

## 'ਸਵੱਛਤਾ ਦੀ ਲਹਿਰ' ਮੁਹਿੰਮ ਤਹਿਤ ਸ਼ਹਿਰ ਦੇ ਐਂਟਰੀ ਪੁਆਇੰਟਾਂ ਦੀ ਸਫ਼ਾਈ




**ਹੁਸ਼ਿਆਰਪੁਰ, (ਓ ਪੀ ਰਾਣਾ )** ਪੀ.ਐਮ.ਆਈ.ਡੀ.ਸੀ ਵਲੋਂ ਪੰਜਾਬ ਦੇ ਸਾਰੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐਲ.ਬੀ) ਵਿਚ ਸਵੱਛ ਭਾਰਤ ਮਿਸ਼ਨ ਤਹਿਤ ਸਵੱਛਤਾ ਦੀ ਲਹਿਰ ਮੁਹਿੰਮ ਚਲਾਈ ਗਈ ਹੈ।ਇਸ ਮੁਹਿੰਮ ਤਹਿਤ ਨਿਰਧਾਰਤ ਸ਼ਡਿਊਲ ਅਨੁਸਾਰ ਸਾਰੇ ਸ਼ਹਿਰੀ ਲੋਕਲ ਬਾਡੀਜ਼ ਵਿਚ ਸਫ਼ਾਈ ਗਤੀਵਿਧੀਆਂ ਕਰਵਾਈਆ ਜਾ ਰਹੀਆ ਹਨ।ਇਸੇ ਕੜੀ ਵਿਚ ਨਗਰ ਨਿਗਮ ਹੁਸ਼ਿਆਰਪੁਰ ਦੀ ਕਮਿਸ਼ਨਰ ਅਮਨਦੀਪ ਕੌਰ ਦੇ ਨਿਰਦੇਸ਼ਾਂ ਅਨੁਸਾਰ ਸੰਯੁਕਤ ਕਮਿਸ਼ਨਰ ਸੰਦੀਪ ਕੁਮਾਰ ਦੀ ਅਗਵਾਈ ਵਿਚ ਸਥਾਨਕ ਸ਼ਹਿਰ ਦੇ ਐਂਟਰੀ ਪੁਆਇੰਟਾਂ ਦੀ ਸਫਾਈ ਕੀਤੀ ਗਈ।ਨਿਗਮ ਦੇ ਸੈਨੀਟੇਸ਼ਨ ਵਿਭਾਗ ਵਲੋਂ ਸ਼ਹਿਰ ਦੇ ਸਾਰੇ ਪ੍ਰਮੁਖ ਐਂਟਰੀ ਮਾਰਗਾਂ ਜਿਵੇ ਕਿ ਟਾਂਡਾ ਰੋਡ, ਚਿੰਤਪੁਰਨੀ ਰੋਡ, ਜਲੰਧਰ ਰੋਡ, ਫਗਵਾੜਾ ਰੋਡ ਅਤੇ ਚੰਡੀਗੜ੍ਹ ਰੋਡ 'ਤੇ ਸਫ਼ਾਈ ਅਤੇ ਸੁੰਦਰੀਕਰਨ ਦਾ ਕੰਮ ਕੀਤਾ ਗਿਆ।ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਇਹ ਮੁਹਿੰਮ 24 ਅਕਤੂਬਰ ਤੋਂ 7 ਨਵੰਬਰ 2024 ਤੱਕ ਚਲਾਈ ਜਾ ਰਹੀ ਹੈ, ਜਿਸ ਤਹਿਤ ਪ੍ਰਤੀ ਦਿਨ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿਚ ਸਫ਼ਾਈ ਸੰਬੰਧੀ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

# ਡੇਂਗੂ ਸੰਬੰਧੀ ਕੀਤਾ ਜਾਗਰੂਕ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿਹਤ ਵਿਭਾਗ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਡਾ.ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਅਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਅਤੇ ਡਾ. ਅਨੰਦ ਘਈ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਡੇਂਗੂ ਜਾਗਰੂਕਤਾ ਅਭਿਆਨ ਜੰਗੀ ਪੱਧਰ ਤੇ ਚਲਾਇਆ ਜਾ ਰਿਹਾ ਹੈ।ਬਲਵੰਤ ਰਾਏ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਇਸ ਲੜੀ ਤਹਿਤ ਵਾਰਡ ਨੰਬਰ 12 ਮੁਹੱਲਾ ਲੋਦੀਪੁਰ ਵਿਖੇ ਸਿਹਤ ਵਿਭਾਗ ਕੀਰਤਪੁਰ ਸਾਹਿਬ ਦੀ ਟੀਮ ਅਤੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਰਾਜ ਘਈ ਦੀ ਟੀਮ ਨਾਲ਼ ਮਿਲ ਕੇ ਸਾਂਝਾ ਜਾਗਰੂਕਤਾ ਅਭਿਆਨ ਚਲਾਇਆ ਗਿਆ, ਜਿਸ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਏਡੀਜ਼ ਮੱਛਰ ਦੇ ਕੱਟਣ ਨਾਲ਼ ਹੁੰਦਾ ਹੈ।ਉਨ੍ਹਾਂ ਹੋਰ ਦੱਸਿਆ ਕਿ ਮੱਛਰ ਦੇ ਕੱਟਣ ਦੇ ਲਗਭਗ 3-4 ਦਿਨਾਂ ਬਾਅਦ ਡੇਂਗੂ ਬੁਖਾਰ ਦੇ ਲੱਛਣ ਦਿਖਾਈ ਦੇਣ ਲੱਗਦੇ ਹਨ, ਜਿਹਨਾਂ ਦਾ ਸਮੇਂ-ਸਮੇਂ ਤੇ ਇਲਾਜ਼ ਹੋਣ ਨਾਲ਼ ਹਾਲਾਤ ਕਾਬੂ ਵਿੱਚ ਰਹਿ ਸਕਦੇ ਹਨ, ਨਹੀਂ ਤਾਂ ਇਹ ਬਿਮਾਰੀ ਜਾਨਲੇਵਾ ਵੀ ਹੋ ਸਕਦੀ ਹੈ।ਹੈਲਥ ਇੰਸਪੈਕਟਰ ਨੇ ਦੱਸਿਆ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿੰਦੇ ਲੋਕਾਂ ਨੂੰ ਇਸ ਸੰਬੰਧੀ ਜਾਗਰੂਕ ਕਰਨ ਲਈ ਮਲਟੀਪਰਪਜ਼ ਹੈਲਥ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ 'ਫਰਾਈ ਡੇ, ਇਜ਼ ਏ ਡ੍ਰਾਈ ਡੇ' ਬਾਰੇ ਸਮਝਾਉਂਦੇ ਹਨ, ਤਾਂ ਜੋ ਲੋਕ ਸਤਰਕ ਰਹਿਣ ਅਤੇ ਹਰ ਹਫਤੇ ਆਪਣੇ ਘਰਾਂ ਵਿੱਚ ਕੂਲਰਾਂ ਦੇ ਪਾਣੀ ਨੂੰ ਬਦਲਣ ਅਤੇ ਘਰਾਂ ਦੀਆਂ ਛੱਤਾਂ ਉੱਪਰ ਟੁੱਟੇ-ਫੁੱਟੇ ਬਰਤਨ ਨਾ ਸੁੱਟਣ ਤਾਂ ਕਿ ਉਹਨਾਂ ਵਿੱਚ ਬਰਸਾਤੀ ਪਾਣੀ ਜਮ੍ਹਾਂ ਨਾ ਹੋਵੇ ਅਤੇ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇ।

## ਐੱਨ ਐੱਸ ਐੱਸ ਵਲੰਟੀਅਰਾਂ ਨੇ ਕੈਂਪ ਦੌਰਾਨ ਕਾਲਜ ਕੰਪਲੈਕਸ ਦੀ ਕੀਤੀ ਸਫਾਈ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਕਾਲਜ (ਲੜਕੀਆਂ) ਗੁਰੂ ਕਾ ਖੂਹ ਮੁੰਨੇ ਵਿਖੇ ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਇਕ ਰੋਜ਼ਾ ਕੈਂਪ ਲਗਾ ਕੇ ਸਮੁੱਚੇ ਕਾਲਜ ਕੰਪਲੈਕਸ ਦੀ ਸਫਾਈ ਕੀਤੀ ਗਈ। ਕਾਲਜ ਦੀ ਪ੍ਰਿੰਸੀਪਲ ਗੀਤਾਂਜ਼ਲੀ ਸ਼ਰਮਾ ਨੇ ਆਖਿਆ ਕਿ ਜਿਸ ਤਰ੍ਹਾਂ ਅਸੀਂ ਦੀਵਾਲੀ ਦੇ ਪਵਿੱਤਰ ਤਿਓਹਾਰ ਮੌਕੇ ਆਪਣੇ ਘਰਾਂ ਦੀ ਸਫਾਈ ਕਰਦੇ ਹਾਂ ਉਸੀ ਤਰ੍ਹਾਂ ਇਸ ਵਿੱਦਿਆ ਦੇ ਮੰਦਰ ਵਿਖੇ ਵੀ ਲੋੜੀਂਦੀ ਸਫਾਈ ਦੀ ਜ਼ਰੂਰਤ ਹੁੰਦੀ ਹੈ। ਇਸ ਦੌਰਾਨ ਪ੍ਰਿੰਸੀਪਲ ਗੀਤਾਂਜ਼ਲੀ ਸ਼ਰਮਾ ਤੇ ਸਟਾਫ ਤੋਂ ਮਿਲੇ ਉਤਸਾਹ ਦੇ ਚੱਲਦਿਆਂ ਵਿਦਿਆਰਥੀਅਣਾਂ ਸਮੁੱਚਾ ਦਿਨ ਅਕਾਦਮਿਕ ਬਲਾਕ, ਪ੍ਰਬੰਧਕੀ ਬਲਾਕ ਅਤੇ ਕਾਲਜ ਲਾਇਬ੍ਰੇਰੀ ਸਹਿਤ ਸਮੁੱਚੇ ਕਾਲਜ ਕੰਪਲੈਕਸ ਤੇ ਇਸਦੇ ਆਲੇ-ਦੁਆਲੇ ਦੀ ਬੜੇ ਹੀ ਸੁਚੱਜੇ ਢੰਗ ਨਾਲ ਸਫ਼ਾਈ ਕੀਤੀ। ਇਸ ਤੋਂ ਇਲਾਵਾ ਐੱਨ ਐੱਸ ਐੱਸ ਵਲੰਟੀਅਰਾਂ ਨੇ ਸਮੁੱਚੀਆਂ ਕਿਆਰੀਆਂ ਅਤੇ ਗਮਲਿਆਂ ਨੂੰ ਰੰਗਦਾਰ ਪੇਂਟ ਕਰਕੇ ਕਾਲਜ ਦੀ ਖੂਬਸੂਰਤੀ ਨੂੰ ਚਾਰ ਚੰਨ ਲਗਾ ਦਿੱਤੇ। ਕੈਂਪ ਦੌਰਾਨ ਐੱਨ ਐੱਸ ਐੱਸ ਵਿਭਾਗ ਦੀ ਇੰਚਾਰਜ ਡਾ. ਨਿਧੀ ਬਾਲਾ ਅਤੇ ਮੈਡਮ ਗੁਰਜੀਤ ਕੌਰ ਨੇ ਵਿਦਿਆਰਥਣਾਂ ਨੂੰ ਸਫ਼ਾਈ ਕਰਨ ਲਈ ਹਰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ। ਇਸ ਮੌਕੇ ਸਮੂਹ ਕਾਲਜ ਸਟਾਫ਼ ਨੇ ਵਿਦਿਆਰਥੀਆਂ ਦੀ ਅਗਵਾਈ ਕਰਦਿਆਂ ਉਨ੍ਹਾਂ ਨੂੰ ਐੱਨ ਐੱਸ ਐੱਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।

## ਰੋਟਰੀ ਕਲੱਬ ਆਫ ਹੁਸ਼ਿਆਰਪੁਰ ਨੇ ਮਾਤਾ ਦੀ ਚੌਂਕੀ ਕਰਵਾਈ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)** ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸਨੇਹ ਜੈਨ ਦੀ ਅਗਵਾਈ ਵਿਚ ਰੋਟਰੀ ਭਵਨ ਭਾਗਿਆ ਤਾਰਾ ਥੈਰੇਪੀ ਸੈਂਟਰ ਹੁਸ਼ਿਆਰਪੁਰ ਵਿਖੇ ਦੀਵਾਲੀ ਤੋਂ ਪਹਿਲਾ ਦੀਵਾਲੀ ਤਿਉਹਾਰ ਤੋਂ ਮਾਤਾ ਦੀ ਚੌਂਕੀ ਕਰਵਾਈ ਗਈ।ਜਿਸ ਵਿਚ ਭਜਨ ਗਾਇਕ ਵਿਸ਼ਾਲ ਐਂਡ ਪਾਰਟੀ ਨੇ ਮਾਤਾ ਜੀ ਦੀਆਂ ਮਨਮੋਹਕ ਭਜਨ ਗਾ ਕੇ ਸਾਰੇ ਰੋਟਰੀ ਮੈਂਬਰਾਂ ਅਤੇ ਹੋਰ ਸਰੋਤਿਆਂ ਦਾ ਮਨ ਮੋਹ ਲਿਆ।ਇਸ ਮੌਕੇ ਰੋਟਰੀ ਕਲੱਬ ਦੇ ਪੂਰਵ ਜਿਲ੍ਹਾ ਗਵਰਨਰ ਐਸ ਪੀ ਸੇਠੀ, ਮਾਲਕ ਫਾਈਨ ਸਵਿਚ ਗੇਅਰ ਪ੍ਰਾਈਵੇਟ ਲਿਮਟਿਡ ਫਗਵਾੜਾ, ਚੁਣੇ ਹੋਏ ਗਵਰਨਰ ਰੋਹਿਤ ਓਬਰਾਏ ਕਪੂਰਥਲਾ, ਰੋਟੇਰੀਅਨ ਰੋਬਿਨ ਸਿੰਘ, ਸੰਜੇ ਸ਼ਰੀਨ, ਸੁਨੀਲ ਸ਼ਰਮਾ, ਸੰਜੀਵ ਸੇਠੀ, ਦਿਨੇਸ਼ ਸ਼ਰਮਾ, ਭੁਪਿੰਦਰ ਕੁਮਾਰ, ਹਰਸ਼ਵਿੰਦਰ ਸਿੰਘ ਅਤੇ ਉਦਯੋਗਪਤੀ ਪੁਨੀਤ ਵਿਜ, ਵਿਕਾਸ ਪੂਰੀ, ਅੰਕੁਰ ਮਲਹੋਤਰਾ, ਵਿਸ਼ੇਸ਼ ਰੂਪ ਵਿਚ ਆਏ। ਇਸ ਮੌਕੇ ਤੇ ਪ੍ਰਾਜੈਕਟ ਚੈਅਰਮੈਨ ਪੀ.ਡੀ.ਜੀ.ਜੀ ਐਸ ਬਾਵਾ ਨੇ ਐਂਕਰਿੰਗ ਦਾ ਕੰਮ ਬਾਖੂਬੀ ਨਿਭਾਇਆ ਅਤੇ ਆਏ ਹੋਏ ਮਹਿਮਾਨਾਂ ਦਾ ਰੋਟਰੀ ਕਲੱਬ ਵੱਲੋਂ ਧੰਨਵਾਦ ਕੀਤਾ ਗਿਆ।

## ਨਗਰ ਕੌਂਸਲ ਨੇ ਸਵੱਛਤਾ ਪੰਦਰਵਾੜੇ ਦੀ ਕੀਤੀ ਸ਼ੁਰੂਆਤ

**ਬਲਾਚੌਰ (ਜਸਵਿੰਦਰ ਬੈਂਸ)** ਪੀ ਐਮ ਆਈ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਬਲਾਚੌਰ ਦੇ ਕਾਰਜ ਸਾਧਕ ਅਫਸਰ ਕੇਵਲ ਕ੍ਰਿਸ਼ਨ ਤੇ ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੀ ਅਗਵਾਈ ਹੇਠ ਸਵੱਛਤਾ ਦੀ ਲਹਿਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਕੂੜੇ ਦੇ ਢੇਰਾਂ ਨੂੰ ਸਾਫ ਕਰਵਾਇਆ ਜਾ ਰਿਹਾ ਹੈ।ਸਵੱਛ ਭਾਰਤ ਟੀਮ ਵੱਲੋਂ ਸ਼ਹਿਰ ਵਿੱਚ ਲੋਕਾਂ ਨੂੰ ਡੋਰ ਟੂ ਡੋਰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਉਹ ਆਪਣੇ ਘਰਾਂ ਦਾ ਗਿੱਲੇ ਤੇ ਸੁੱਕੇ ਕੂੜੇ ਨੂੰ ਅਲੱਗ ਅਲੱਗ ਰੱਖਣ, ਘਰਾਂ ਵਿੱਚ ਹੀ ਗਿੱਲੇ ਕੂੜੇ ਤੋਂ ਖਾਦ ਬਣਾਉਣ, ਪਲਾਸਟਿਕ ਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕਰਨ, ਰੁੱਖ ਲਗਾਉ ਅਤੇ ਆਪਣੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਨਗਰ ਕੌਂਸਲ ਨੂੰ ਸਹਿਯੋਗ ਦੇਣ। ਇਸ ਪੰਦਰਵਾੜੇ ਤਹਿਤ ਸ਼ਹਿਰ ਵਿੱਚ ਵੱਖ ਵੱਖ ਥਾਵਾਂ ਤੇ ਐਕਟੀਵਿਟੀਆ ਕਰਵਾਈਆਂ ਜਾਣਗੀਆਂ ਅਤੇ ਕਾਰਜ ਸਾਧਕ ਅਫਸਰ ਵੱਲੋਂ ਲੋਕਾਂ ਨੂੰ ਵਿਸ਼ੇਸ਼ ਤੌਰ ਤੇ ਅਪੀਲ ਕੀਤੀ ਗਈ ਕਿ ਉਹ ਇਸ ਮੁਹਿੰਮ ਦਾ ਹਿੱਸਾ ਬਣ ਕੇ ਆਪਣੇ ਘਰਾਂ ਦੇ ਠੋਸ ਕੂੜੇ ਦਾ ਸਹੀ ਪ੍ਰਬੰਧ ਕਰਨ ਤੇ ਸ਼ਹਿਰ ਨੂੰ ਗੰਦਗੀ ਮੁਕਤ ਬਣਾਉਣ ਲਈ ਨਗਰ ਕੌਂਸਲ ਨੂੰ ਸਹਿਯੋਗ ਦੇਣ।

## ਅੰਨ ਦਾਤਾ ਸੜਕਾਂ 'ਤੇ ਰੁਲ਼ਣ ਲਈ ਮਜ਼ਬੂਰ : ਹਨੀ ਟੌਂਸਾ




**ਬਲਾਚੌਰ (ਜਸਵਿੰਦਰ ਬੈਂਸ)** ਯੂਥ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਜਿਲ੍ਹਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਵੱਲੋ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਭੋਲੇ ਭਾਲੇ ਲੋਕਾ ਨੂੰ ਢਾਈ ਸਾਲ ਪਹਿਲਾਂ ਬੜੇ ਬੜੇ ਸਬਜ਼ਬਾਗ ਦਿਖਾ ਕਿ ਸੱਤਾ 'ਤੇ ਕਾਬਜ ਹੋਈ ਆਪ ਸਰਕਾਰ ਨੇ ਪੰਜਾਬ ਦੇ ਹਰ ਵਰਗ ਨੂੰ ਸੜਕਾ 'ਤੇ ਰੁਲ਼ਣ ਲਈ ਮਜ਼ਬੂਰ ਕਰ ਦਿੱਤਾ ਹੈ। ਸਖ਼ਤ ਮਿਹਨਤ ਕਰਕੇ ਪੂਰੇ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਨੂੰ ਅੱਜ ਆਪਣੇ ਹੀ ਸੂਬੇ ਦੀ ਸਰਕਾਰ ਦੀ ਬੇਰੁਖ਼ੀ ਕਰਕੇ ਸੜਕਾਂ 'ਤੇ ਮੰਡੀਆ 'ਚ ਬੱਚਿਆ ਵਾਂਗੂ ਪਾਲੀ ਫ਼ਸਲ ਦੇ ਨਾਲ ਖੱਜਲ ਖੁਆਰ ਹੋਣਾ ਪੈ ਰਿਹਾ ਹੈ।ਬੜੇ ਅਫ਼ਸੋਸ ਦੀ ਗੱਲ ਹੈ ਕਿ ਖੇਤੀ ਪ੍ਰਧਾਨ ਸੂਬੇ ਦੇ ਮੁੱਖ ਮੰਤਰੀ ਨੇ ਆਉਣ ਵਾਲੀ ਫ਼ਸਲ ਦੀ ਖਰੀਦ ਲਈ ਨਾ ਕੋਈ ਤਿਆਰੀ ਕੀਤੀ ਤੇ ਨਾ ਹੀ ਸਬੰਧਤ ਮਹਿਕਮੇ ਨੂੰ ਕੋਈ ਠੋਸ ਕਦਮ ਚੁਕਣ ਲਈ ਕੋਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਿਸ ਦਾ ਖਾਮਿਆਜਾ ਕਿਸਾਨਾਂ ਨੂੰ ਭਰਨਾ ਪੈ ਰਿਹਾ ਹੈ। ਮੁੱਖ ਮੰਤਰੀ ਨੂੰ ਬੇਨਤੀ ਹੈ ਕਿ ਸਾਰੇ ਰੁਝੇਵੇ ਛੱਡ ਕੇ ਕਿਸਾਨਾਂ ਦੇ ਮਸਲੇ ਵਿਚਾਰਨ।

## ਡੇਂਗੂ ਤੇ ਵਾਰ ਮੁਹਿੰਮ ਅਧੀਨ ਵਿਦਿਆਰਥਣਾਂ ਨੂੰ ਕੀਤਾ ਜਾਗਰੂਕ




**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ):** ਡਾ. ਬਲਬੀਰ ਸਿੰਘ ਸਿਹਤ ਤੇ ਪਰਵਾਰ ਭਲਾਈ ਮੰਤਰੀ ਪੰਜਾਬ ਵੱਲੋਂ ਚਲਾਈ ਗਈ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਅਧੀਨ ਡਾ. ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ. ਸ੍ਰੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਫਾਰ ਗਰਲਜ਼ ਸ੍ਰੀ ਚਮਕੌਰ ਸਾਹਿਬ ਵਿਖੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਡੇਂਗੂ ਸੰਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਸਾਨੂੰ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਡੇਂਗੂ ਤੋਂ ਬਚਾਅ ਲਈ ਇਸ ਲਈ ਆਪਣੇ ਆਲੇ-ਦੁਆਲੇ ਸਫਾਈ ਰੱਖੀ ਜਾਵੇ। ਮੱਛਰ ਭਜਾਉਣ ਵਾਲੀਆਂ ਕਰੀਮਾਂ, ਮੱਛਰਦਾਨੀਆਂ ਦਾ ਇਸਤੇਮਾਲ ਕੀਤਾ ਜਾਵੇ ਅਤੇ ਸਰੀਰ ਨੂੰ ਮੱਛਰ ਤੋਂ ਬਚਾਅ ਲਈ ਪੂਰੀਆਂ ਬਾਹਵਾਂ ਵਾਲੇ ਕੱਪੜੇ ਵਰਤੇ ਜਾਣ। ਇਸ ਮੌਕੇ ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਵਿਦਿਆਰਥਣਾਂ ਨੂੰ ਲਾਰਵਾ ਦਿਖਾ ਕੇ ਜਾਣਕਾਰੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਹੀਰਾ ਸਾਇੰਸ ਮਾਸਟਰ ਵੱਲੋਂ ਸਟੇਜ ਦਾ ਸੰਚਾਲਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ, ਰਾਕੇਸ਼ ਸ਼ਰਮਾਂ ਲੈਕਚਰਾਰ, ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਇਜਰ ਅਤੇ ਹੋਰ ਅਧਿਆਪਕ ਤੇ ਵਿਦਿਆਰਥਣਾਂ ਹਾਜ਼ਰ ਸਨ।

## ਬੱਚਿਆਂ ਨੂੰ ਬੂਟ ਤੇ ਕੋਟੀਆਂ ਵੰਡੀਆਂ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ ਵਿਖੇ ਐਨ ਆਰ ਆਈ ਸੱਜਣਾਂ ਵੱਲੋਂ ਸਰਦੀਆਂ ਦੇ ਮੌਸਮ ਨੂੰ ਦੇਖਦੇ ਹੋਏ ਲੋੜਵੰਦ ਪੜ੍ਹਦੀਆਂ ਲੜਕੀਆਂ ਲਈ ਕੋਟੀਆਂ ਅਤੇ ਬੂਟਾਂ ਦੀ ਵੰਡ ਕੀਤੀ ਗਈ।ਇਸ ਸਮੇਂ ਪ੍ਰਾਰਥਨਾ ਸਭਾ ਵਿੱਚ ਸਮੂਹ ਐਨ.ਆਰ.ਆਈ ਵੀਰਾਂ ਵੱਲੋਂ ਬੱਚੀਆਂ ਨੂੰ ਪੜ੍ਹਣ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਜੇਕਰ ਕਿਸੇ ਬੱਚੇ ਨੂੰ ਪੜ੍ਹਨ ਲਈ ਸਹਾਇਤਾ ਦੀ ਜ਼ਰੂਰਤ ਹੋਵੇ, ਉਸ ਲਈ ਭਰੋਸਾ ਦਿੱਤਾ ਗਿਆ।ਮਨਜੀਤ ਚੌਹਾਨ ਵੱਲੋਂ 2 ਬੱਚੀਆਂ ਨੂੰ ਸੜਕ ਉੱਤੇ ਪੈਦਲ ਤੁਰੇ ਜਾਂਦੇ ਦੇਖਿਆ ਸੀ, ਜਿਹਨਾਂ ਦੀ ਪੁੱਛ-ਗਿੱਛ ਕਰਕੇ ਪਤਾ ਲੱਗਾ ਕਿ ਉਹ ਬਹੁਤ ਗਰੀਬ ਪਰਵਾਰ ਨਾਲ ਸਬੰਧ ਰੱਖਦੀਆਂ ਹਨ, ਜਿਹਨਾਂ ਲਈ ਸਕੂਲ ਪਹੁੰਚ ਕੇ 2 ਨਵੇਂ ਸਾਈਕਲ ਉਹਨਾਂ ਬੱਚੀਆਂ ਨੂੰ ਦਿੱਤੇ ਗਏ।ਇਸ ਮੌਕੇ ਮਨਜੀਤ ਚੌਹਾਨ, ਚਰਨਜੀਤ ਲੋਲਾ, ਅਮਰਜੀਤ ਸਿੰਘ (ਐਮ.ਸੀ ਨਕੋਦਰ), ਅਮਰਨਾਥ ਪੰਚ ਸ਼ੰਕਰ,ਸੁਖਵਿੰਦਰ ਸਿੰਘ, ਮੋਹਨ ਸਿੰਘ ਵਿਰਦੀ ਸ਼ੰਕਰ, ਜਸਪ੍ਰੀਤ ਸਿੰਘ ( ਇੱਕ ਅਰਦਾਸ ਚੈਰੀਟੇਬਲ ਸੋਸਾਇਟੀ) ਦਾ ਆਉਣ 'ਤੇ ਪ੍ਰਿੰਸੀਪਲ ਦਮਨਜੀਤ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਆਏ ਹੋਏ ਐਨ ਆਰ ਆਈਜ਼ ਪੰਤਵੰਤਿਆਂ ਦਾ ਧੰਨਵਾਦ ਕੀਤਾ ਗਿਆ।

## ਕੰਪਿਊਟਰ ਅਧਿਆਪਕ ਅੱਜ ਕਰਨਗੇ ਝੰਡਾ ਮਾਰਚ




**ਜਲੰਧਰ ( ਰਾਜੇਸ਼ ਥਾਪਾ)** ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਦੀ ਅਗਵਾਈ ਸਰਕਾਰ ਦੀ ਕੰਪਿਊਟਰ ਅਧਿਆਪਕਾਂ ਪ੍ਰਤੀ ਟਾਲ -ਮਟੋਲ ਦੀ ਨੀਤੀ ਅਤੇ 19 ਸਾਲਾਂ ਤੋਂ ਲਟਕਦੀਆਂ ਮੰਗਾਂ ਪੂਰੀਆਂ ਨਾ ਹੋਣ ਕਾਰਨ ਜਿਮਨੀ ਚੋਣ ਹਲਕਿਆ 'ਚ ਰੋਸ ਰੈਲੀਆਂ ਅਤੇ ਝੰਡਾ ਮਾਰਚ ਕਰਨ ਦੇ ਫੈਸਲੇ ਲਏ ਗਏ ਜਿਸ ਦੇ ਤਹਿਤ 27 ਅਕਤੂਬਰ ਨੂੰ ਬਰਨਾਲਾ ਵਿਖੇ ਜਿਮਨੀ ਚੋਣ ਹਲਕੇ ਵਿੱਚ ਪੋਲ-ਖੋਲ ਝੰਡਾ ਮਾਰਚ ਕਰਕੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦਾ 15 ਸਤੰਬਰ 2022 ਨੂੰ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ 'ਤੇ ਤੋਹਫਾ ਦੇਣ ਦਾ ਐਲਾਨ ਯਾਦ ਕਰਵਾਇਆ ਜਾਵੇਗਾ।

## ਸਿੱਧੂ ਜਠੇਰਿਆਂ ਦਾ ਮੇਲਾ 1 ਤੇ 2 ਨੂੰ


**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਭੀਣ ਵਿਖੇ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਦੀ ਸਿੱਧੂ ਜਠੇਰਿਆਂ ਤੇ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਜਾਣਕਾਰੀ ਦਿੰਦੇ ਹੋਏ ਸਤਨਾਮ ਸਿੰਘ ਕਮਲ ਸਿੱਧੂ ਨੇ ਕਿ ਦੀਵਾਲੀ ਵਿਸ਼ਕਰਮਾ ਮੇਲਾ 1, 2 ਨਵੰਬਰ ਨੂੰ ਪਿੰਡ ਭੀਣ ਸਿੱਧੂ ਜਠੇਰਿਆ ਤੇ ਮਨਾਇਆ ਜਾਵੇਗਾ।

## ਰਿਆਤ ਬਾਹਰਾ ਐਜੂਕੇਸ਼ਨ ਸਿਟੀ ਵਿਖੇ 'ਅਧਿਆਪਕ ਸਨਮਾਨ ਸਮਾਰੋਹ'





**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਐਜੂਕੇਸ਼ਨ ਸਿਟੀ ਵਿਖੇ ਹੁਸ਼ਿਆਰਪੁਰ ਖੇਤਰ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੇ ਸਨਮਾਨ ਵਿੱਚ 'ਅਧਿਆਪਕ ਸਨਮਾਨ ਸਮਾਰੋਹ' ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ 200 ਦੇ ਕਰੀਬ ਅਧਿਆਪਕਾਂ ਨੇ ਭਾਗ ਲਿਆ।ਇਸ ਸਮਾਗਮ ਵਿੱਚ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਗੁਰਵਿੰਦਰ ਸਿੰਘ ਬਾਹਰਾ ਨੇ ਸਮਾਜ ਦੇ ਨਿਰਮਾਣ ਵਿੱਚ ਅਧਿਆਪਕਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਸਿਰਫ਼ ਸਿੱਖਿਆ ਪ੍ਰਦਾਨ ਨਹੀਂ ਕਰਦੇ, ਸਗੋਂ ਉਹ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਜੋ ਨਵੀਂ ਪੀੜ੍ਹੀ ਨੂੰ ਸਹੀ ਦਿਸ਼ਾ ਵੱਲ ਲੈ ਜਾਂਦੇ ਹਨ, ਉਨ੍ਹਾਂ ਤੋਂ ਬਿਨ੍ਹਾਂ ਇਕ ਵਧੀਆ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਮਾਜ ਦੇ ਵਿਕਾਸ ਵਿੱਚ ਹਰੇਕ ਅਧਿਆਪਕ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ, ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਵੀ ਅਧਿਆਪਕਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ, ਅਧਿਆਪਕ ਸਮਾਜ ਦੇ ਮਾਰਗ ਦਰਸ਼ਕ ਹੁੰਦੇ ਹਨ, ਜੋ ਵਿਦਿਆਰਥੀਆਂ ਦੇ ਭਵਿੱਖ ਨੂੰ ਸਵਾਰਦੇ ਹਨ।ਉਨ੍ਹਾਂ ਦੀ ਸਮਾਜ ਨੂੰ ਸਹੀ ਦਿਸ਼ਾ 'ਚ ਲਿਜਾਣ ਲਈ ਭੂਮਿਕਾ ਅਹਿਮ ਹੁੰਦੀ ਹੈ।ਡਾ. ਕੁਲਦੀਪ ਵਾਲੀਆ ਨੇ ਕਿਹਾ, ਰਿਆਤ ਬਾਹਰਾ ਗਰੁੱਪ ਸਿੱਖਿਆ ਅਤੇ ਅਧਿਆਪਕਾਂ ਦੀ ਮਹੱਤਤਾ ਨੂੰ ਸਮਝਦਾ ਹੈ।ਅੰਤ 'ਚ ਦਾਖਲਾ ਅਤੇ ਮਾਰਕੀਟਿੰਗ ਡਿਪਟੀ ਡਾਇਰੈਕਟਰ ਹਰਿੰਦਰ ਜਸਵਾਲ ਅਤੇ ਸਹਾਇਕ ਡਾਇਰੈਕਟਰ ਗੁਰਪ੍ਰੀਤ ਬੇਦੀ ਨੇ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਪ ਸਿੱਖਿਆ ਅਫ਼ਸਰ ਧੀਰਜ ਵਿਸ਼ਿਸ਼ਟ, ਡਾ: ਆਰ. ਐਨ. ਸਿੰਘ, ਡਾ: ਪੱਲਵੀ ਜੋਸ਼ੀ, ਡਾ: ਗੁਰਜੀਤ ਸਿੰਘ, ਡਾ: ਹਰਦੀਪ ਸਿੰਘ, ਪ੍ਰਿੰਸੀਪਲ ਪ੍ਰੇਮ ਲਤਾ ਤੋਂ ਇਲਾਵਾ ਕੈਂਪਸ ਦੇ ਸਮੂਹ ਕਾਲਜਾਂ ਦੇ ਵਿਭਾਗ ਇੰਚਾਰਜ ਅਤੇ ਵਿਦਿਆਰਥੀ ਹਾਜ਼ਰ ਸਨ। .

## ਕਿਸਾਨਾਂ, ਮਜ਼ਦੂਰਾਂ ਦੀਆਂ ਮੰਗਾਂ ਨਾ ਮੰਨਣਾ ਕੇਂਦਰ ਸਰਕਾਰ ਦੀ ਗਹਿਰੀ ਸਾਜ਼ਿਸ਼ ਦਾ ਸਿੱਟਾ : ਰਾਣਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮੰਡੀਆਂ ਵਿੱਚ ਰੁਲ ਰਹੀ ਫਸਲ ਡੀ ਏ ਪੀ ਖਾਦ ਦੀ ਦਿੱਕਤ ਅਤੇ ਹੋਰ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਨਾ ਮੰਨਣਾ ਕੇਂਦਰ ਸਰਕਾਰ ਵੱਲੋਂ ਗਹਿਰੀ ਸਾਜਿਸ਼ ਦਾ ਸਿੱਟਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨੇ ਪਿੰਡ ਧੌਲਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਅਸਲ ਵਿੱਚ ਤਿੰਨ ਕਾਲੇ ਕਾਨੂੰਨ ਜਿਨ੍ਹਾਂ ਨੂੰ ਕਾਰਪੋਰੇਟ ਹਰ ਹਾਲ ਵਿੱਚ ਲਾਗੂ ਕਰਨਾ ਚਾਹੁੰਦੀ ਹੈ, ਸਾਰੀ ਬਿਮਾਰੀ ਦੀ ਜੜ ਹੈ। ਕੇਂਦਰ ਸਰਕਾਰ ਹਰ ਹੀਲਾ ਵਰਤ ਕੇ ਕਿਸਾਨਾਂ ਨੂੰ ਤਿੰਨ ਕਾਲੇ ਕਾਨੂੰਨ ਮੰਨਣ ਲਈ ਮਜ਼ਬੂਰ ਕਰਨ ਦਾ ਯਤਨ ਕਰ ਰਹੀ ਹੈ। ਪਰ ਪੰਜਾਬ ਅਤੇ ਦੇਸ਼ ਦੇ ਕਿਸਾਨ ਮਜ਼ਦੂਰ ਕਦੇ ਵੀ ਕੇਂਦਰ ਸਰਕਾਰ ਦੀ ਮਨਸ਼ਾ ਪੂਰੀ ਨਹੀਂ ਹੋਣ ਦੇਣਗੇ। ਉਹਨਾਂ ਕਿਹਾ ਕਿ ਸਮੂਹ ਕਿਰਤੀ ਲੋਕ ਵੱਡੀ ਲਾਮਬੰਦੀ ਕੇਂਦਰ ਸਰਕਾਰ ਵਿਰੁੱਧ ਕਰਨਗੇ ਅਤੇ ਕੇਂਦਰ ਸਰਕਾਰ ਨੂੰ ਕਦਮ ਪਿੱਛੇ ਹਟਾਉਣ ਲਈ ਮਜ਼ਬੂਰ ਕਰਨਗੇ। ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਨੇ ਖਰੀਦ ਦੇ ਸਾਰੇ ਬੰਦੋਬਸਤ ਕਰਨੇ ਹੁੰਦੇ ਹਨ, ਪਰ ਪੰਜਾਬ ਸਰਕਾਰ ਇਸ ਮਾਮਲੇ ਵਿੱਚ ਫੇਲ੍ਹ ਹੋਈ ਹੈ । ਉਹਨਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦੇ 92 ਵਿਧਾਇਕ ਕਿਸਾਨੀ ਨੂੰ ਇਸ ਸੰਕਟ ਵਿੱਚੋਂ ਕੱਢਣ, ਸਮੂਹ ਰਾਜਨੀਤਕ ਧਿਰਾਂ ਅਤੇ ਪੰਜਾਬ ਦੀ ਹੁਕਮਰਾਨ ਧਿਰ ਨੂੰ ਪਿਛਲੀਆਂ ਫਸਲਾਂ ਦੀ ਲਿਫਟਿੰਗ ਅਤੇ ਹੁਣ ਮੰਡੀਆਂ 'ਚ ਪਏ ਮਾਲ ਨੂੰ ਤੁਰੰਤ ਲਿਫਟਿੰਗ ਕਰਾਉਣ ਲਈ ਜੋਰਦਾਰ ਸੰਘਰਸ਼ ਕਰਨ। ਸਾਥੀ ਰਾਣਾ ਨੇ ਦੱਸਿਆ ਕਿ ਅੱਠ ਨਵੰਬਰ ਨੂੰ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਫਤਰ ਮੂਹਰੇ ਇੱਕ ਵਿਸ਼ਾਲ ਧਰਨਾ ਦਿੱਤਾ ਜਾਵੇਗਾ,ਜਿਸ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਜ਼ੋਰ ਦਿੱਤਾ ਜਾਵੇਗਾ। ਇਸ ਮੌਕੇ ਮਜ਼ਦੂਰ ਆਗੂ ਪਰਵਿੰਦਰ ਮੇਨਕਾ ਕਿਸਾਨ ਆਗੂ ਮਲਕੀਤ ਸਿੰਘ ਧੌਲ ਅਤੇ ਰਾਮ ਜੀ ਦਾਸ ਹਾਜ਼ਰ ਸਨ।

## ਟਿੱਪਰ ਤੇ ਮੋਟਰਸਾਈਕਲ ਦੀ ਟੱਕਰ 'ਚ ਨੌਜਵਾਨ ਜ਼ਖਮੀ



**ਕਾਲਾ ਸੰਘਿਆਂ (ਮਨਜੀਤ ਮਾਨ)** ਨਕੋਦਰ-ਕਪੂਰਥਲਾ ਮੁੱਖ ਮਾਰਗ 'ਤੇ ਸਥਿਤ ਪਿੰਡ ਉੱਗੀ ਦੀ ਦਾਣਾ ਮੰਡੀ ਵਿੱਚ ਇੱਕ ਟਿੱਪਰ ਤੇ ਇੱਕ ਮੋਟਰਸਾਈਕਲ ਦੀ ਆਪਸੀ ਟੱਕਰ ਵਿੱਚ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਦੇ ਗੰਭੀਰ ਜਖਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉੱਗੀ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਕਾਬਲ ਸਿੰਘ ਦੀ ਜਾਣਕਾਰੀ ਅਨੁਸਾਰ ਸੋਹਨ ਸਿੰਘ ਪੁੱਤਰ ਅਜੀਤ ਸਿੰਘ ਉੱਮਰ 40 ਸਾਲ ਦੇ ਕਰੀਬ ਵਾਸੀ ਪਿੰਡ ਸਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਟਿੱਪਰ ਨੰਬਰ ਪੀ ਬੀ 09ਐਕਸ 8385 ਚਲਾ ਰਿਹਾ ਸੀ ਅਮਨ ਕੁਮਾਰ ਪੁੱਤਰ ਜੀਵਨ ਰਾਜ ਵਾਸੀ ਪਿੰਡ ਚੂਹੜ ਸਦਰ ਥਾਣਾ ਨਕੋਦਰ ਸਪਲੈਂਡਰ ਮੋਟਰਸਾਈਕਲ ਨੰਬਰ ਪੀ ਬੀ 08 ਐਫ ਜੀ 9383 ਚਲਾ ਰਹੇ ਸਨ ਦੋਵੇਂ ਵਾਹਨਾ ਦੀ ਆਪਸੀ ਟੱਕਰ ਹੋ ਗਈ ਜਿਸ ਵਿੱਚ ਅਮਨ ਕੁਮਾਰ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਜਿਸ ਨੂੰ ਜਲੰਧਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।ਪੁਲਸ ਨੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਕਰਕੇ ਦੋਵੇ ਵਾਹਨ ਅਪਣੇ ਕਬਜੇ ਵਿੱਚ ਲੈ ਲਏ ਹਨ।

## ਜਨਮ ਦਿਨ ਮੁਬਾਰਕ



ਮਨਜੋਤ, ਅਮਲੋਹ, ਫਤਿਹਗੜ੍ਹ ਸਾਹਿਬ



ਚੇਅਰਮੈਨ ਸਰਬਜੀਤ ਸਿੰਘ ਚਤਰਥ ਤੇ ਰਾਜਵਿੰਦਰ ਕੌਰ ਵਾਸੀ ਲੋਹੀਆਂ ਖਾਸ ਨੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ

## ਦਿਹਾਣਾ ਵਿਖੇ ਨਵੀਂ ਬਣੀ ਪੰਚਾਇਤ ਨੇ ਸ਼ੁਕਰਾਨਾ ਸਮਾਗਮ ਕਰਵਾਇਆ



ਮੋਹਾਲੀ (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਨਵੀਂ ਬਣੀ ਪੰਚਾਇਤ ਵੱਲੋਂ ਵੋਟਰਾਂ ਅਤੇ ਸਪੋਰਟਰਾਂ ਦਾ ਧੰਨਵਾਦ ਕੀਤਾ ਅਤੇ ਸ਼ੁਕਰਾਨਾ ਸਮਾਗਮ ਕਰਵਾਏ ਗਏ।ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਵਿਚ ਭਾਈ ਸੁਖਵਿੰਦਰ ਸਿੰਘ ਸਵੱਦੀ ਕਲਾਂ ਨੇ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਬੰਧਕ ਕਮੇਟੀ ਵੱਲੋਂ ਨਵੀਂ ਬਣੀ ਪੰਚਾਇਤ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨਵੇਂ ਬਣੇ ਸਰਪੰਚ ਗੁਰਵਿੰਦਰ ਸਿੰਘ ਬਾਵਾ ਨੇ ਦੱਸਿਆ ਕਿ ਪਿੰਡ ਦੇ ਵਿਕਾਸ ਕਾਰਜ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੂਰੀ ਪੰਚਾਇਤ ਦੀ ਸਲਾਹ ਅਤੇ ਪਿੰਡ ਦੇ ਸਹਿਯੋਗ ਨਾਲ ਵਿਕਾਸ ਕਾਰਜ ਕੀਤੇ ਜਾਣਗੇ।ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਬਾਵਾ, ਵਿਕਰਮ ਸਿੰਘ ਪੰਚ, ਨਰਿੰਦਰ ਸਿੰਘ ਪੰਚ, ਅਰਵਿੰਦਰ ਸਿੰਘ ਪੰਚ, ਸੁਰਿੰਦਰ ਮੋਹਨ ਪੰਚ, ਸੁਰਿੰਦਰ ਪਾਲ ਕਾਕਾ ਪੰਚ, ਦਰਸ਼ਨਾ ਦੇਵੀ ਪੰਚ, ਸਰਬਜੀਤ ਕੌਰ ਪੰਚ, ਰਾਜਕੁਮਾਰੀ ਪੰਚ, ਕੁਲਵਿੰਦਰ ਕੌਰ ਪੰਚ ਆਦਿ ਪੂਰੀ ਪੰਚਾਇਤ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਸਰਵਣ ਸਿੰਘ ਕਲਸੀ, ਮਨਮੋਹਨ ਸਿੰਘ ਸਿੱਧੂ, ਸਿੰਘ ਜਸਵਲ, ਜਸਵੀਰ ਸਿੰਘ ਸਿੱਧਾ, ਅਵਤਾਰ ਸਿੰਘ ਕਲਸੀ, ਗੁਰਦੀਪ ਸਿੰਘ, ਬੱਬਲੂ ਸਰੋਆ ਦਿਹਾਣਾ, ਬਲਵੀਰ ਸਿੰਘ, ਅਮਨਦੀਪ ਸਿੰਘ, ਸੰਦੀਪ ਸਿੰਘ ਜੰਜੂਆ, ਪਰਮਜੀਤ ਸਿੰਘ ਸੈਣੀ, ਕਿਸ਼ਨ ਸਿੰਘ, ਜਸਵੀਰ ਸਿੰਘ ਦਿਹਾਣਾ, ਹਰਜੀਤ ਸਿੰਘ, ਨੰਬਰਦਾਰ ਸਰਜਿੰਦਰ ਸਿੰਘ ਕਿੰਗ, ਸੁੱਚਾ ਸਿੰਘ ਸੈਣੀ, ਨੰਬਰਦਾਰ ਹਰਿੰਦਰ ਸਿੰਘ, ਹਰਜਿੰਦਰ ਸਿੰਘ ਰਾਣਾ, ਬਾਬਾ ਸੁੱਚਾ ਸਿੰਘ, ਸੁਰਜੀਤ ਸਿੰਘ ਇੰਗਾ ਆਦਿ ਹਾਜ਼ਰ ਸਨ।

## ਅੰਤਰਰਾਸ਼ਟਰੀ ਸੰਕੇਤਕ ਭਾਸ਼ਾ ਦਿਵਸ ਤਹਿਤ ਕਰਮਚਾਰੀਆਂ ਨੂੰ ਦਿੱਤੀ ਟਰੇਨਿੰਗ



ਹੁਸ਼ਿਆਰਪੁਰ, (ਓ ਪੀ ਰਾਣਾ) : ਡੈਫ ਐਂਡ ਡੰਬ ਵਿਅਕਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਜਾਗਰੂਕਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅੰਤਰਰਾਸ਼ਟਰੀ ਸੰਕੇਤਕ ਭਾਸ਼ਾ ਦਿਵਸ ਦੇ ਮੱਦੇਨਜ਼ਰ ਇਕ ਰੋਜ਼ਾ ਟਰੇਨਿੰਗ ਸੈਸ਼ਨ ਕਰਵਾਇਆ ਗਿਆ।ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਨਪ੍ਰੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮਾਂਤਰੀ ਸੰਕੇਤਕ ਭਾਸ਼ਾ ਦਿਵਸ ਦੇ ਥੀਮ 'ਸਾਈਨ ਅਪ ਫਾਰ ਸਾਈਨ ਲੈਂਗੂਏਜ਼ ਰਾਈਟ' ਤਹਿਤ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ 'ਭਾਰਤੀ ਸੰਕੇਤਕ ਭਾਸ਼ਾ' ਬਾਰੇ ਟਰੇਨਿੰਗ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪਿੰਗਲਵਾੜਾ ਆਸ਼ਾ ਕਿਰਨ ਸਕੂਲ ਫਾਰ ਡੈਫ, ਕੱਕੋਂ ਤੋਂ ਆਏ ਸੰਕੇਤਕ ਭਾਸ਼ਾ ਦੇ ਮਾਹਰ ਪ੍ਰਿੰਸੀਪਲ ਅਮਨ ਜੋਤੀ ਨੇ ਸਮੂਹ ਕਰਮਚਾਰੀਆਂ ਨੂੰ ਸੰਕੇਤਿਕ ਭਾਸ਼ਾ ਵਿਚ ਅੰਗਰੇਜ਼ੀ ਦੇ ਅੱਖਰਾਂ, ਪੰਜਾਬੀ ਭਾਸ਼ਾ (ਪੈਂਤੀ) ਅਤੇ ਗਿਣਤੀ ਦੀ ਸਿਖਲਾਈ ਦਿੱਤੀ।ਇਸ ਤੋਂ ਇਲਾਵਾ ਰੋਜ਼ਾਨਾ ਜੀਵਨ ਵਿਚ ਵਰਤੇ ਜਾਣ ਵਾਲੇ ਸ਼ਬਦ ਅਤੇ ਵਾਕਾਂਸ਼ ਆਦਿ ਦੀ ਵੀ ਸਿਖਲਾਈ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਟਰੇਨਿੰਗ ਵਿਚ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਲੋਂ ਚਲਾਏ ਗਏ ਵਿਸ਼ੇਸ਼ ਪ੍ਰੋਜੈਕਟ, ਜਿਸ ਵਿਚ ਸਪੈਸ਼ਲ ਬੱਚਿਆਂ ਨੂੰ ਕੰਟੀਨ ਰਾਹੀਂ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ, ਤਹਿਤ ਚੰਗੀ ਕਾਰਗੁਜ਼ਾਰੀ ਲਈ ਸਰਬਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ।

## ਕੰਧਾਲਾ ਜੱਟਾਂ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 15 ਨੂੰ ਮਨਾਇਆ ਜਾਵੇਗਾ

ਅੱਡਾ ਸਰਾਂ (ਜਸਵੀਰ ਕਾਜਲ) ਸ੍ਰੀ ਗੁਰੂ ਨਾਨਕ ਦੇਵ ਜੀ ਦਾ 555 ਸਾਲਾ ਪ੍ਰਕਾਸ਼ ਪੁਰਬ ਪਿੰਡ ਕੰਧਾਲਾ ਜੱਟਾਂ ਵਿਖੇ ਪ੍ਰਬੰਧਕ ਕਮੇਟੀ ਗੁਰਦੁਆਰਾ ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਚੜ੍ਹਦੀ ਪੱਤੀ ਵੱਲੋਂ ਸਮੂਹ ਨਗਰ ਨਿਵਾਸੀ ਸਾਧ ਸੰਗਤ ਅਤੇ ਐਨਆਰਆਈਜ਼ ਦੇ ਸਹਿਯੋਗ ਨਾਲ 15 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਪ੍ਰਬੰਧਕਾਂ ਨੇ ਪੋਸਟਰ ਜਾਰੀ ਕੀਤਾ ਹੈ।ਇਸ ਮੌਕੇ ਬਾਬਾ ਅਵਤਾਰ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਚੜ੍ਹਦੀ ਪੱਤੀ, ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਗਿੱਲ, ਇੰਦਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸੈਕਟਰੀ ਮਨਜੀਤ ਸਿੰਘ ਧਾਲੀਵਾਲ, ਜਸਵੀਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਬੰਧੀ 09 ਨਵੰਬਰ ਤੋਂ ਅੰਮ੍ਰਿਤ ਵੇਲੇ ਪਹਿਲੀ ਪ੍ਰਭਾਤ ਫੇਰੀ ਸਵੇਰੇ 4 ਵਜੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਵੇਗੀ,13 ਨਵੰਬਰ ਤੱਕ ਪੰਜ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ ਤੇ 13 ਨਵੰਬਰ ਸਵੇਰੇ 10 ਵਜੇ 2 ਸ੍ਰੀ ਆਖੰਡ ਪਾਠ ਆਰੰਭ ਕੀਤੇ ਜਾਣਗੇ ,15 ਨਵੰਬਰ ਨੂੰ ਭੋਗ ਪਾਉਣ ਉਪਰੰਤ ਕਾਕਾ ਮਨਰਾਜ ਸਿੰਘ ਧਾਲੀਵਾਲ ਅਤੇ ਕਾਕਾ ਸਾਹਿਬਜਾਜ ਸਿੰਘ ਧਾਲੀਵਾਲ ਦੇ ਪਰਿਵਾਰ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਜਾਵੇਗਾ।ਇਸ ਦਿਨ ਸਵੇਰੇ 11 ਵਜੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿੱਚ ਸੰਤ ਬਾਬਾ ਮੱਖਣ ਸਿੰਘ ਜੀ ਮਹਾਂਪੁਰਸ਼ ਦਰੀਏ ਵਾਲੇ ਕਥਾ ਨਾਲ ਅਤੇ ਜੱਥੇਦਾਰ ਜਸਵਿੰਦਰ ਸਿੰਘ ਬਾਗੀ ਦਾ ਇੰਟਰਨੈਸ਼ਨਲ ਢਾਡੀ ਜੱਥਾ ਢਾਡੀ ਵਾਰਾਂ ਨਾਲ ਸੰਗਤਾਂ ਨਿਹਾਲ ਕਰਨਗੇ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕਰ ਅੱਡਾ ਸਰਾਂ, ਚੱਕਵਾਲ ਪੱਤੀ ਤੋਂ ਹੁੰਦਾ ਹੋਇਆ ਪੂਰੇ ਨਗਰ ਕੰਧਾਲਾ ਜੱਟਾਂ, ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਗੁਰਦੁਆਰਾ ਸਿੰਘ ਸਭਾ ਅਤੇ ਹੋਰ ਵੱਖ ਵੱਖ ਪੜਾਵਾਂ ਤੋਂ ਗੁਜਰਦਾ ਹੋਇਆ ਗੁਰੂ ਘਰ ਆ ਕੇ ਸਮਾਪਤ ਹੋਵੇਗਾ।ਇਸ ਮੌਕੇ ਬਾਬਾ ਰਣਜੀਤ ਸਿੰਘ ਜੀ ਹੈਡ ਗ੍ਰੰਥੀ , ਅੰਮ੍ਰਿਤਪਾਲ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ, ਸੁਰਿੰਦਰ ਸਿੰਘ, ਸੁੱਚਾ ਸਿੰਘ ਲੰਬੜਦਾਰ , ਹਰਵਿੰਦਰਪਾਲ ਸਿੰਘ, ਕੁਲਵੰਤ ਸਿੰਘ, ਸੂਬੇਦਾਰ ਮਨਜੀਤ ਸਿੰਘ, ਹਰਪ੍ਰੀਤ ਸਿੰਘ ਹੈਪੀ, ਕੁਲਵਿੰਦਰ ਸਿੰਘ ਸੋਨੀ, ਸਤਵਿੰਦਰ ਸਿੰਘ, ਚਰਨਜੀਤ ਸਿੰਘ ਪੜਬੱਗਾ, ਰਸ਼ਪਾਲ ਸਿੰਘ ਪਾਲਾ, ਇੰਦਰਜੀਤ ਸਿੰਘ, ਜਸਪਾਲ ਸਿੰਘ ਭੱਟੀ, ਇਕਬਾਲ ਸਿੰਘ ਬਾਲੀ ,ਗੁਰਜੋਤ ਸਿੰਘ ਜੋਤਾ, ਗੁਰਤੇਜ ਸਿੰਘ , ਅੰਮ੍ਰਿਤ ਸਿੰਘ ਬਨੀਤ ਸਿੰਘ ਅਤੇ ਹੋਰ ਪ੍ਰਬੰਧਕ ਹਾਜ਼ਰ ਸਨ।



## ਭਾਈ ਘਨੱਈਆ ਦੇ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਕੀਰਤਨ ਦਰਬਾਰ



ਮੁਹਾਲੀ (ਗੁਰਜੀਤ ਬਿੱਲਾ) ਇੱਥੋਂ ਨੇੜਲੇ ਪਿੰਡ ਸਿਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸੇਵਾ ਦੇ ਪੁੰਜ, ਸਰਬ ਸਾਂਝੀਵਾਲਤਾ, ਧਰਮ ਨਿਰਪੱਖਤਾ ਦੇ ਪ੍ਰਤੀਕ ਭਾਈ ਘਨੱਈਆ ਜੀ ਦੇ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ।ਇਸ ਦਿਹਾੜੇ ਦੀ ਖ਼ੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਮੀਰੀ ਪੀਰੀ ਪੰਥਕ ਕਵੀਸ਼ਰੀ ਜੱਥੇ ਨੇ ਭਾਈ ਘਨੱਈਆ ਜੀ ਦੀ ਜੰਗ ਵਿੱਚ ਜ਼ਖ਼ਮੀ ਹੋਏ ਸਿਪਾਹੀਆਂ ਪ੍ਰਤੀ ਜਲ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਜ਼ਖ਼ਮੀ ਹੋਏ ਸੈਨਿਕਾਂ ਦੀ ਸੇਵਾ ਲਈ ਮੱਲ੍ਹਮ ਪੱਟੀ ਬਖਸ਼ਿਸ਼ ਕਰਨ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਵਿੱਚ ਸੁਣਾਇਆ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ 1 ਨਵੰਬਰ ਨੂੰ ਬੰਦੀ ਛੋੜ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।

## ਦਿਵਿਆਂਗਜਨ ਦੀ ਭਲਾਈ ਸੰਬੰਧੀ ਸਟੇਟ ਪੁਰਸਕਾਰਾਂ ਲਈ 30 ਤੱਕ ਦਿੱਤੀਆਂ ਜਾਣ ਅਰਜ਼ੀਆਂ

ਨਵਾਂਸ਼ਹਿਰ (ਮਨੋਜ ਲਾਡੀ) ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਰਾਜਕਿਰਨ ਕੌਰ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਦਿਵਿਆਂਗ ਵਿਅਕਤੀਆਂ, ਕਰਮਚਾਰੀਆਂ, ਖਿਡਾਰੀਆਂ ਤੇ ਸੰਸਥਾਵਾਂ, ਜਿਨ੍ਹਾਂ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤੇ ਗਏ ਹਨ, ਨੂੰ 'ਸਟੇਟ ਐਵਾਰਡ ਟੂ ਫਿਜੀਕਲੀ ਹੈਂਡੀਕੈਪਡ' ਨਾਲ ਸਨਮਾਨਿਤ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨਿਰਧਾਰਿਤ ਪ੍ਰੋਫਾਰਮੇ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ (ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ) ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।ਹਰ ਪੱਖੋਂ ਮੁਕੰਮਲ ਪ੍ਰੋਫਾਰਮੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫ਼ਤਰ ਵਿਖੇ 30 ਅਕਤੂਬਰ 2024 ਤੱਕ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਧੂਰੇ ਅਤੇ ਮਿੱਥੀ ਤਰੀਕ ਤੋਂ ਬਾਅਦ ਜਮ੍ਹਾ ਕਰਵਾਏ ਗਏ ਬਿਨੈਪੱਤਰਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

## ਗਾਇਕ ਪ੍ਰਿੰਸ ਸਿੰਘ ਵੱਲੋਂ ਖ਼ੂਨ ਦਾਨ



ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ) ਹੁਸ਼ਿਆਰਪੁਰ ਦੇ ਉਘੇ ਗਾਇਕ ਪ੍ਰਿੰਸ ਸਿੰਘ ਵੱਲੋਂ ਭਾਈ ਘਨੱਈਆ ਚੈਰੀਟੇਬਲ ਬਲੱਡ ਬੈਂਕ ਵਿਖੇ ਖ਼ੂਨ ਦਾਨ ਕਰਕੇ ਲੋਕਾਂ ਨਾਲ ਦਿਵਾਲੀ ਅਤੇ ਗੁਰਪੁਰਬ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਲੋਕਾਂ ਖ਼ੂਨ ਦਾਨ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ।ਇਸ ਮੌਕੇ ਸਮਾਜ ਸੇਵੀ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਪ੍ਰਿੰਸ ਸਿੰਘ ਨੂੰ ਇਸ ਮਹਾਨ ਸੇਵਾ ਕਾਰਜ ਲਈ ਸਨਮਾਨਿਤ ਕੀਤਾ ਅਤੇ ਕਿਹਾ ਕਿ ਖ਼ੂਨ ਦਾਨ ਜਿਥੇ ਮਨੁੱਖੀ ਕੀਮਤੀ ਜਾਨਾਂ ਬਚਾਉਣ ਲਈ ਸਹਾਈ ਹੁੰਦੀ ਹੈ ਉਥੇ ਇਕ ਖ਼ੂਨ ਦਾਨੀ ਸਰਬੱਤ ਦੇ ਭਲੇ, ਸਰਬਸਾਂਝੀਵਾਲਤਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਵੀ ਸਹਾਈ ਹੁੰਦਾ ਹੈ।ਉਨ੍ਹਾਂ ਸਮੂਹ ਕਲਾਕਾਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਸਮਾਗਮਾਂ ਦੌਰਾਨ ਦੋ ਸ਼ਬਦ ਖ਼ੂਨ ਦਾਨ ਅਤੇ ਨੇਤਰ ਦਾਨ ਕਰਨ ਦੀ ਮਹਾਨਤਾ ਸੰਬੰਧੀ ਵੀ ਜ਼ਰੂਰੀ ਲੋਕਾਂ ਨਾਲ ਸਾਂਝੇ ਕਰਨ ਤਾਂ ਕਿ ਵੱਧ ਤੋਂ ਵੱਧ ਲੋਕ ਇਨ੍ਹਾਂ ਸੇਵਾਵਾਂ ਨਾਲ ਜੁੜਕੇ ਮਾਨਵਤਾ ਦੀ ਸੇਵਾ ਲਈ ਅੱਗੇ ਆ ਸਕਣ।

## ਸਿਹਤ ਮੰਤਰੀ ਵੱਲੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦਾ ਅਗਾਜ਼

ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਡੇਂਗੂ ਵਿਰੋਧੀ ਮੁਹਿੰਮ ਨੂੰ ਸੰਜੀਦਗੀ ਨਾਲ ਚਲਾਉਣ ਸਦਕਾ ਇਸ ਸੀਜ਼ਨ ਦੌਰਾਨ ਸੂਬੇ ਵਿੱਚ 70 ਫੀਸਦੀ ਡੇਂਗੂ ਦੇ ਕੇਸਾਂ ਵਿੱਚ ਕਮੀ ਆਈ ਹੈ। ਸਕੂਲ ਆਫ਼ ਐਮੀਨੈਂਸ ਭਾਰਗੋ ਕੈਂਪ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਵੱਲੋਂ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਵਲੋਂ 'ਹਰ ਸ਼ੁਕਰਵਾਰ ਡੇਂਗੂ 'ਤੇ ਵਾਰ' ਚਲਾਈ ਗਈ ਹਫ਼ਤਾਵਾਰੀ ਜਾਗਰੂਕਤਾ ਮੁਹਿੰਮ 'ਤੇ ਜ਼ੋਰ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਡੇਂਗੂ ਖਿਲਾਫ਼ ਛੇੜੀ ਜੰਗ ਵਿੱਚ ਸ਼ਹਿਰ ਵਾਸੀਆਂ ਅਤੇ ਵੱਖ-ਵੱਖ ਵਿਭਾਗਾਂ ਵਲੋਂ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੀ ਉਨ੍ਹਾਂ ਨਾਲ ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਵਿਆਪਕ ਯੋਜਨਾ ਤਹਿਤ ਆਸ਼ਾ ਵਰਕਰਾਂ ਤੋਂ ਲੈ ਕੇ ਹੋਰਨਾਂ ਉਚੱ ਅਧਿਕਾਰੀਆਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਕੀਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ 20 ਲੱਖ ਵਿਦਿਆਰਥੀਆਂ ਨੂੰ ਡੇਂਗੂ ਦੀ ਰੋਕਥਾਮ ਅਤੇ ਹੋਰਨਾਂ ਜੀਵਨ ਬਚਾਉਣ ਦੇ ਹੁਨਰ ਬਾਰੇ ਸਿੱਖਿਅਤ ਕੀਤਾ ਜਾਵੇਗਾ।

## ਬਾਬਾ ਬਾਲਕ ਨਾਥ ਤੀਰਥ ਯਾਤਰਾ ਸ਼ੁਰੂ



ਆਦਮਪੁਰ (ਪਰਮਜੀਤ ਸਿੰਘ):- ਸਰਬ ਸਾਂਝਾ ਦਰਬਾਰ ਸਿੱਧ ਸ਼ਕਤੀ ਸ੍ਰੀ ਬਾਬਾ ਬਾਲਕ ਨਾਥ ਜੀ ਬੀਬੀ ਸੱਤਿਆ ਦੇਵੀ ਜੀ ਸਤਿਸੰਗ ਭਵਨ ਬੰਗਾ ( ਕੈਨੇਡਾ ) ਬ੍ਰਹਮਲੀਨ ਗੁਰੂ ਮਹਾਰਾਜ ਬੀਬੀ ਸੱਤਿਆ ਦੇਵੀ ਦੇ ਆਸ਼ੀਰਵਾਦ ਨਾਲ ਫਕੀਰ ਰੰਗੜ ਬਾਦਸ਼ਾਹ ਜੀ ਬੰਗਾ( ਕੈਨੇਡਾ ਵਾਲੀਆਂ ) ਵਲੋਂ ਸ੍ਰੀ ਸਿੱਧ ਬਾਬਾ ਬਾਲਕ ਨਾਥ ਜੀ ਕਾ ਵਿਸ਼ਾਲ 74 ਵਾਂ ਨੂਰੀ ਟੈਂਸ਼ਨ ਫ੍ਰੀ ਧਮਾਕਾ ਚਾਲਾ 26,27,28 ਅਕਤੂਬਰ 2024 ਬੰਗਾ ਸ਼ਹਿਰ ਤੋਂ ਬਾਬਾ ਬਾਲਕ ਨਾਥ ਜੀ ਦੀ ਗੁਫਾ 'ਤੇ ਜਾਵੇਗਾ। ਸੰਗਤਾਂ ਦਾ ਸੰਗ 26 ਅਕਤੂਬਰ ਨੂੰ ਬੰਗਾ ਸ਼ਹਿਰ ਦੀ ਪਰਿਕਰਮਾ ਕਰਕੇ ਸ਼ਾਹਤਲਾਈ ਨੂੰ ਰਵਾਨਾ ਹੋਵੇਗਾ ਤੇ 27 ਅਕਤੂਬਰ ਨੂੰ ਸ਼ਾਹਤਲਾਈ ਵਿਖੇ ਵਿਸ਼ਾਲ ਚੌਂਕੀ ਲੱਗੇਗੀ, ਜਿਸ ਵਿੱਚ ਪਿਰਤੀ ਸਿਲੋ ਤੇ ਕਰਨੈਲ ਰਾਣਾ ਬਾਬਾ ਜੀ ਦੀ ਮਹਿਮਾਂ ਦਾ ਗੁਣਗਾਨ ਕਰਨਗੇ ਤੇ 28 ਅਕਤੂਬਰ ਨੂੰ ਬਾਬਾ ਜੀ ਦੀ ਗੁਫ਼ਾ 'ਤੇ ਮੱਥਾ ਟੇਕਿਆ ਜਾਵੇਗਾ ਇਸ ਚਾਲੇ 'ਚ ਵਿਚ 29 ਬੱਸਾਂ ਬੰਗਾ ਤੋਂ ਬਾਬਾ ਜੀ ਦੀ ਗੁਫ਼ਾ ਨੂੰ ਫ੍ਰੀ ਚੱਲਣਗੀਆਂ। ਸਾਰੀ ਸੰਗਤ ਨੂੰ ਖੁੱਲ੍ਹਾ ਸੱਦਾ ਦਿਤਾ ਜਾਂਦਾ ਹੈ।

## ਕਿਸਾਨਾਂ ਨਾਲ ਸ਼ੈਲਰ ਮਾਲਕਾਂ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ : ਸ਼੍ਰੋਮਣੀ ਅਕਾਲੀ ਦਲ



ਫਗਵਾੜਾ ( ਡਾ. ਰਮਨ)- ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂਆਂ ਨੇ ਫਗਵਾੜਾ ਦੇ ਹੁਸ਼ਿਆਰਪੁਰ ਰੋਡ ਸਥਿਤ ਅਨਾਜ ਮੰਡੀ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਮੰਡੀ ਵਿਚ ਆਈ ਝੋਨੇ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਕਿਸਾਨਾਂ ਨੇ ਦੱਸਿਆ ਕਿ ਇਸ ਵਾਰ ਸੂਬਾ ਸਰਕਾਰ ਅਤੇ ਕੇਂਦਰੀ ਖਰੀਦ ਏਜੰਸੀਆਂ ਵਲੋਂ ਝੋਨੇ ਦੀ ਖਰੀਦ ਦੇ ਬਹੁਤ ਹੀ ਮਾੜੇ ਪ੍ਰਬੰਧ ਕੀਤੇ ਗਏ ਹਨ। ਲਿਫਟਿੰਗ ਦਾ ਕੰਮ ਬਿਲਕੁਲ ਠੱਪ ਪਿਆ ਹੈ।ਦੂਸਰੇ ਪਾਸੇ ਸ਼ੈਲਰ ਮਾਲਕ ਪ੍ਰਤੀ ਕੁਇੰਟਲ ਪੰਜ ਤੋਂ ਸੱਤ ਕਿਲੋ ਝੋਨੇ ਦੀ ਕਾਟ ਕੱਟ ਕੇ ਕਿਸਾਨਾਂ ਦਾ ਸ਼ੋਸ਼ਣ ਕਰ ਰਹੇ ਹਨ।ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਸਰਵਣ ਸਿੰਘ ਕੁਲਾਰ, ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ, ਦਿਹਾਤੀ ਪ੍ਰਧਾਨ ਰਜਿੰਦਰ ਸਿੰਘ ਚੰਦੀ ਅਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿਚ ਕਿਸਾਨਾਂ ਨੂੰ ਕਦੇ ਵੀ ਝੋਨੇ, ਕਣਕ ਜਾਂ ਕਿਸੇ ਹੋਰ ਫਸਲ ਸਬੰਧੀ ਸਮੱਸਿਆ ਨਹੀਂ ਹੋਣ ਦਿੱਤੀ ਗਈ ਜਦਕਿ ਭਗਵੰਤ ਮਾਨ ਸਰਕਾਰ ਦੇ ਰਾਜ ਵਿਚ ਕਿਸਾਨਾਂ ਨਾਲ ਬਹੁਤ ਜਿਆਦਾ ਧੱਕੇਸ਼ਾਹੀ ਅਤੇ ਸੋਸਣ ਹੋ ਰਿਹਾ ਹੈ। ਜਿਸਦੀ ਉਹ ਸਖਤ ਨਖੇਧੀ ਕਰਦੇ ਹੋਏ ਸਰਕਾਰ ਤੋਂ ਮੰਗ ਕਰਦੇ ਹਨ ਕਿ ਝੋਨੇ ਦੀ ਲਿਫਟਿੰਗ ਤੁਰੰਤ ਸ਼ੁਰੂ ਕਰਵਾਈ ਜਾਵੇ ਅਤੇ ਸ਼ੈਲਰ ਮਾਲਕਾਂ ਵਲੋਂ ਕਿਸਾਨਾਂ ਦਾ ਕੀਤਾ ਜਾ ਰਿਹਾ ਸ਼ੋਸ਼ਣ ਬੰਦ ਹੋਵੇ ਨਹੀਂ ਤਾਂ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਹੱਕ ਵਿਚ ਅੰਦੋਲਨ ਕਰਨ ਲਈ ਮਜਬੂਰ ਹੋਵੇਗਾ।ਇਸ ਮੌਕੇ ਸਰੂਪ ਸਿੰਘ ਖਲਵਾੜਾ, ਗੁਰਦੀਪ ਸਿੰਘ ਖੇੜਾ, ਬਹਾਦਰ ਸਿੰਘ ਸੰਗਤਪੁਰ, ਸ਼ਰਨਜੀਤ ਸਿੰਘ ਅਟਵਾਲ, ਅਵਤਾਰ ਸਿੰਘ ਮੰਗੀ, ਜਸਵਿੰਦਰ ਸਿੰਘ ਬਸਰਾ, ਪਰਮਿੰਦਰ ਸਿੰਘ ਲਾਡੀ ਆਦਿ ਹਾਜ਼ਰ ਸਨ।

## ਗੁਰੂ ਹਰਿ ਰਾਏ ਸਾਹਿਬ ਦੇ ਜੋਤੀ ਜੋਤ ਦਿਵਸ ਮੌਕੇ ਗੁਰਮਤਿ ਸਮਾਗਮ ਕਰਵਾਏ



ਮੋਹਾਲੀ (ਜਗਤਾਰ ਸਿੰਘ ਭੁੰਗਰਨੀ) ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਧਰਤੀ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਤਸ਼ਾਹ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਜੋਤੀ ਜੋਤ ਦਿਵਸ ਅਤੇ ਪਾਤਸ਼ਾਹੀ ਅੱਠਵੀਂ ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਮੌਕੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ, ਭਾਈ ਹਰਪ੍ਰੀਤ ਸਿੰਘ ਸ੍ਰੀ ਅੰਮ੍ਰਿਤਸਰ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਕਥਾ ਰਾਹੀਂ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ, ਤਜਿੰਦਰ ਸਿੰਘ, ਦਵਿੰਦਰ ਸਿੰਘ, ਹਰਿੰਦਰ ਸਿੰਘ, ਮਿੰਟੂ, ਭੁਪਿੰਦਰ ਸਿੰਘ, ਅਵਤਾਰ ਸਿੰਘ ਤਾਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਝੋਨੇ ਦੀ ਲਿਫਟਿੰਗ ਨਾ ਹੋਣ ਤੋਂ ਦੁਖੀ ਕਿਸਾਨਾਂ ਨੇ ਕੀਤਾ ਚੱਕਾ ਜਾਮ



ਮਾਹਿਲਪੁਰ (ਸਫ਼ਰੀ)- ਮੰਡੀਆਂ ਵਿਚੋਂ ਝੋਨੇ ਦੀ ਲਿਫਟਿੰਗ ਅਤੇ ਬਾਰਦਾਨੇ ਦੀ ਮੰਗ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਗੜ੍ਹਸ਼ੰਕਰ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਗੜ੍ਹਸ਼ੰਕਰ-ਹੁਸ਼ਿਆਰਪੁਰ ਮੁੱਖ ਸੜਕ 'ਤੇ ਧਰਨਾ ਲਾ ਕੇ ਟ੍ਰੈਫਿਕ ਜਾਮ ਕੀਤਾ ਗਿਆ। ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਦਰਸ਼ਨ ਸਿੰਘ ਮੱਟੂ ਅਤੇ ਚੌਧਰੀ ਅੱਛਰ ਸਿੰਘ ਦੀ ਅਗਵਾਈ ਹੇਠ ਲਗਾਏ ਇਸ ਧਰਨੇ ਵਿੱਚ ਵੱਖ-ਵੱਖ ਕਿਸਾਨ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਝੋਨੇ ਦੀ ਲਿਫਟਿੰਗ ਨਾ ਹੋਣ ਅਤੇ ਬਾਰਦਾਨੇ ਦੀ ਘਾਟ ਹੋਣ ਕਾਰਨ ਕਿਸਾਨ, ਆੜ੍ਹਤੀਏ ਅਤੇ ਮਜ਼ਦੂਰ ਪ੍ਰੇਸ਼ਾਨ ਹੋ ਰਹੇ ਹਨ। ਪਰ ਲਗਦਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਇਸ ਨੂੰ ਲੈ ਕੇ ਗੰਭੀਰ ਨਹੀਂ ਹਨ। ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਦਰਸ਼ਨ ਸਿੰਘ ਮੱਟੂ, ਚੌਧਰੀ ਅੱਛਰ ਸਿੰਘ, ਜਨਵਾਦੀ ਇਸਤਰੀ ਸਭਾ ਦੀ ਸੂਬਾਈ ਆਗੂ ਬੀਬੀ ਸੁਭਾਸ਼ ਮੱਟੂ, ਕਿਰਤੀ ਕਿਸਾਨ ਸਭਾ ਦੇ ਆਗੂ ਕੁਲਵਿੰਦਰ ਸਿੰਘ ਚਾਹਲ, ਹਰਮੇਸ਼ ਢੇਸੀ ਅਤੇ ਕੁਲਭੂਸ਼ਨ ਕੁਮਾਰ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਝੋਨੇ ਦੀ ਲਿਫਟਿੰਗ ਅਤੇ ਬਾਰਦਾਨੇ ਦਾ ਪ੍ਰਬੰਧ ਜਲਦ ਨਾ ਕੀਤਾ ਗਿਆ ਤਾਂ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਮੌਕੇ ਤੇ ਪਹੁੰਚੇ ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ ਵੱਲੋਂ ਕਿਸਾਨ ਆਗੂਆਂ ਨੂੰ ਦਿੱਤੇ ਆਸ਼ਵਾਸਨ ਤੋਂ ਬਾਅਦ ਧਰਨਾ ਖ਼ਤਮ ਕੀਤਾ ਗਿਆ।

## ਮੇਹਰਚੰਦ ਪੋਲੀਟੈਕਨਿਕ ਵਿਖੇ ਪਲੈਟੀਨਮ ਜੁਬਲੀ ਲਈ ਤਿਆਰੀਆਂ ਜ਼ੋਰਾਂ 'ਤੇ



ਜਲੰਧਰ ( ਸ਼ੈਲੀ ਐਲਬਰਟ):- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਸਥਾਪਨਾ ਦੇ 70 ਸਾਲ ਪੂਰੇ ਹੋਣ 'ਤੇ ਪਲੈਟੀਨਮ ਜੁਬਲੀ 29 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਇਸ ਪ੍ਰੋਗਰਾਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਲੋਂ ਸ਼ਿਰਕਤ ਕਰਨਗੇ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਬਲਬੀਰ ਸਿੰਘ ਸੀਚੇਵਾਲ , ਜਲੰਧਰ ਸੈਂਟਰਲ ਦੇ ਐਮਐਲਏ ਰਮਨ ਅਰੌੜਾ,ਤਕਨੀਕੀ ਸਿਖਿਆ ਵਿਭਾਗ ਦੇ ਡਾਇਰੈਕਟਰ ਅਮਿਤ ਤਲਵਾੜ, ਨਿੱਟਰ ਦੇ ਡਾਇਰੈਕਟਰ ਪ੍ਰੋ. ਭੋਲਾ ਰਾਮ ਗੁੱਜਰ ਵਿਸ਼ੇਸ਼ ਮਹਿਮਾਨ ਵਜੋ ਸ਼ਾਮਿਲ ਹੋਣਗੇ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਕਾਲਜ ਨੇ ਸੱਤ ਦਹਾਕਿਆ ਵਿੱਚ 36000 ਇੰਜੀਨੀਅਰ ਪੈਦਾ ਕੀਤੇ ਹਨ ਤੇ ਘੱਟੋ ਘੱਟ 1000 ਅਲੁੱਮਨੀ ਵਿਦਿਆਰਥੀ ਦੇ ਪਲੈਟੀਨਮ ਜੁਬਲੀ ਵਿੱਚ ਪਹੁੰਚਣ ਦਾ ਅਨੁਮਾਨ ਹੈ । ਇਸ ਪ੍ਰੋਗਾਮ ਵਿੱਚ ਬੇਹਤਰੀਨ ਕਾਰਗੁਜਾਰੀ ਵਾਲੇ ਵਿਦਿਆਰਥੀ ਅਤੇ ਸਮਰਪਿਤ ਅਲੁਮਨੀ ਮੈਂਬਰਾ ਦਾ ਸਨਮਾਨ ਕੀਤਾ ਜਾਵੇਗਾ । ਇਹ ਪ੍ਰੋਗ੍ਰਾਮ ਸਵੇਰੇ ਦੱਸ ਵਜੇ ਆਰੰਭ ਹੋਵੇਗਾ। ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆ ਵਲੋਂ ਰੰਗਾ ਰੰਗ ਪ੍ਰੋਗ੍ਰਾਮ ਤਹਿਤ ਕੋਰਿਉਗ੍ਰਾਫੀ, ਮਾਇਮ ਤੇ ਭੰਗੜਾ ਪੇਸ਼ ਕੀਤਾ ਜਾਵੇਗਾ । ਪ੍ਰਿੰਸੀਪਲ ਨੇ ਦੱਸਿਆ ਕਿ ਇਸ ਮੌਕੇ ਸੱਤ ਦਹਾਕਿਆ ਦੀਆ ਗਤਿਧਿਆ ਤੇ ਕਾਲਜ ਦੀਆਂ ਹੋਰ ਪ੍ਰਾਪਤੀਆਂ ਨੂੰ ਦਰਸਾਉਂਦਾ ਪਲੈਟੀਨਮ ਜੁਬਲੀ ਸੋਵੀਨਾਰ ਵੀ ਮੁੱਖ ਮਹਿਮਾਨ ਵਲੋਂ ਰਿਲੀਜ਼ ਕੀਤਾ ਜਾਵੇਗਾ।

ਡੀਏਵੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ. ਪੂਨਮ ਸੂਰੀ ਨੇ ਪਲੈਟੀਨਮ ਜੁਬਲੀ ਮੌਕੇ ਸ਼ੁਭ ਇਛਾਵਾਂ ਭੇਜੀਆ ਹਨ। ਮੈਨੇਜਿੰਗ ਕਮੇਟੀ ਵਲੋਂ ਉਪ ਪ੍ਰਧਾਨ ਜਸਟਿਸ ਐਨ ਕੇ ਸੂਦ, ਸੈਕਟਰੀ ਅਰਵਿੰਦ ਘਈ, ਸੈਕਟਰੀ ਅਜੇ ਗੋਸਵਾਮੀ ਤੇ ਮੈਂਬਰ ਕੁੰਦਨ ਲਾਲ ਵੀ ਹਾਜ਼ਰ ਰਹਿਣਗੇ।।

## ਚੱਬੇਵਾਲ ਵਿਧਾਨ ਸਭਾ ਹਲਕੇ 'ਚ ਬਲਾਕ ਪ੍ਰਧਾਨਾਂ ਦੀ ਮੀਟਿੰਗ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ) ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਜ਼ਿਮਨੀ ਚੋਣਾਂ ਨੂੰ ਲੈ ਕੇ ਸੰਸਦ ਮੈਂਬਰ ਹੁਸ਼ਿਆਰਪੁਰ ਡਾ. ਰਾਜ ਕੁਮਾਰ ਚੱਬੇਵਾਲ ਦੁਆਰਾ ਹਲਕੇ ਦੇ ਬਲਾਕ ਪ੍ਰਧਾਨਾਂ ਨਾਲ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ।ਇਸ ਮੀਟਿੰਗ ਵਿੱਚ ਹਲਕੇ ਦੇ ਸਾਰੇ ਪ੍ਰਧਾਨਾਂ ਨੇ ਉਮੀਦਵਾਰ ਡਾ. ਇਸ਼ਾਂਕ ਕੁਮਾਰ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਪੂਰੀ ਤਰ੍ਹਾਂ ਇਕਜੁਟਤਾ ਦਾ ਪ੍ਰਗਟਾਵਾ ਕੀਤਾ। ਚੋਣ ਮੌਕੇ ਹਲਕੇ ਵਿੱਚ ਵੱਡੇ ਪੱਧਰ 'ਤੇ ਰਣਨੀਤੀ ਤਿਆਰ ਕਰਕੇ ਮਜ਼ਬੂਤ ਅਧਾਰ ਬਣਾਉਣ 'ਤੇ ਵਿਚਾਰ ਕੀਤਾ ਗਿਆ।ਡਾ. ਰਾਜ ਨੇ ਚੋਣ ਮੁਹਿੰਮ ਨੂੰ ਤੀਬਰ ਕਰਨ ਲਈ ਬਲਾਕ ਪ੍ਰਧਾਨਾਂ ਨੂੰ ਪਾਰਟੀ ਵਰਕਰਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਸੰਗਠਨ ਦੀ ਇਕਜੁਟਤਾ ਹੀ ਸਫਲਤਾ ਦੀ ਕੁੰਜੀ ਹੈ।ਉਨ੍ਹਾਂ ਨੇ ਬਲਾਕ ਪ੍ਰਧਾਨਾਂ ਨੂੰ ਜ਼ੋਰ ਦਿੱਤਾ ਕਿ ਲੋਕਾਂ ਵਿੱਚ ਪਾਰਟੀ ਦੇ ਵਿਕਾਸ ਕਾਰਜਾਂ ਅਤੇ ਡਾ. ਇਸ਼ਾਂਕ ਕੁਮਾਰ ਦੀ ਵਿਸ਼ਵਾਸਯੋਗ ਉਮੀਦਵਾਰੀ ਨੂੰ ਪ੍ਰਚਾਰਿਤ ਕੀਤਾ ਜਾਵੇ।ਬਲਾਕ ਪ੍ਰਧਾਨਾਂ ਨੇ ਭਰੋਸਾ ਦਵਾਇਆ ਕਿ ਉਹ ਹਲਕੇ ਦੇ ਹਰ ਪਿੰਡ ਅਤੇ ਵੋਟਰ ਤੱਕ ਪਹੁੰਚ ਕਰਕੇ ਉਮੀਦਵਾਰ ਨੂੰ ਭਾਰੀ ਫਰਕ ਨਾਲ ਜਿਤਾਉਣ ਲਈ ਤਿਆਰ ਹਨ। ਇਸ ਮੌਕੇ 'ਤੇ ਚੋਣ ਪ੍ਰਚਾਰ ਲਈ ਡੋਰ-ਟੂ-ਡੋਰ ਮੁਹਿੰਮ, ਸੋਸ਼ਲ ਮੀਡੀਆ ਮੁਹਿੰਮ, ਅਤੇ ਸਥਾਨਕ ਸਮਾਗਮਾਂ ਦਾ ਪ੍ਰਬੰਧ ਕਰਕੇ ਲੋਕਾਂ ਵਿੱਚ ਸਮਰਥਨ ਵਧਾਉਣ ਲਈ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ।ਸਾਰੇ ਬਲਾਕ ਪ੍ਰਧਾਨਾਂ ਨੇ ਇੱਕ ਸੁਰ ਵਿੱਚ ਕਿਹਾ ਕਿ ਡਾ. ਇਸ਼ਾਂਕ ਕੁਮਾਰ ਨੂੰ ਜ਼ਿੱਤਵਾਉਣ ਲਈ ਸਖਤ ਮਿਹਨਤ ਕੀਤੀ ਜਾਵੇਗੀ।

## ਮਾਨ ਸਰਕਾਰ ਲਾਰਿਆਂ ਦੀ ਸਰਕਾਰ : ਸੂੰਢ



ਬੰਗਾ (ਅਵਤਾਰ ਕਲੇਰ) ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪਛਤਾ ਰਹੇ ਹਨ।ਆਪ ਦੇ ਆਗੂਆਂ ਨੇ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਸੱਤਾ ਹਾਸਲ ਕੀਤੀ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਬਹੂਆ ਵਿਖੇ ਪਰਵਿੰਦਰ ਸਿੰਘ ਸਾਬਕਾ ਸਰਪੰਚ ਬਹੂਆ ਦੇ ਗ੍ਰਹਿ ਵਿਖੇ ਨਵੀਂ ਚੁਣੀ ਗਈ ਪੰਚਾਇਤ ਨੂੰ ਮੁਬਾਰਕਬਾਦ ਦੇਣ ਲਈ ਪਹੁੰਚੇ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਨੇ ਕੀਤਾ।ਉਨਾਂ ਕਿਹਾ ਕਿ ਬਹੁਤੇ ਪਿੰਡਾਂ 'ਚ ਕਾਂਗਰਸ ਅਤੇ ਕਾਂਗਰਸੀ ਹਮਾਇਤ ਪੰਚਾਇਤਾਂ ਬਣੀਆਂ ਹਨ।ਆਉਣ ਵਾਲੇ ਸਮੇਂ ਪੰਜਾਬ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ।ਉਹਨਾਂ ਨਵੀਂ ਚੁਣੀ ਗਈ ਪੰਚਾਇਤ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਅਮਨਪ੍ਰੀਤ ਸਰਪੰਚ, ਜਸਵਿੰਦਰ ਕੌਰ, ਕੁਲਵਿੰਦਰ ਕੌਰ, ਮੱਖਣ ਸਿੰਘ, ਬਲਿਹਾਰ ਸਿੰਘ (ਸਾਰੇ ਪੰਚ), ਪਰਵਿੰਦਰ ਸਿੰਘ ਸਾਬਕਾ ਸਰਪੰਚ, ਨਿਰਮਲ ਸਿੰਘ, ਅਮਰਜੀਤ ਸਿੰਘ, ਮੱਖਣ ਸਿੰਘ, ਪਰਮਿੰਦਰ ਕੌਰ ਸਾਬਕਾ ਸਰਪੰਚ,ਸਨੀ ਕੁਮਾਰ,ਬਲਵਿੰਦਰ ਕੁਮਾਰ, ਸੂਬੇਦਾਰ ਜਸਪ੍ਰੀਤ ਸਿੰਘ,ਰਵੀ, ਗੁਰਪ੍ਰੀਤ, ਮਨਦੀਪ ਸਿੰਘ,ਲਵਦੀਪ ਬੈਂਸ,ਗੌਰਵ, ਪ੍ਰਸ਼ੋਤਮ ਲਾਲ, ਸੁਖਵਿੰਦਰ ਸਿੰਘ ਯੂ ਐਸ ਏ, ਕਸ਼ਮੀਰ ਚੰਦ, ਅਮਰਜੀਤ ਬਿੱਲੂ , ਕੁਲਵਿੰਦਰ ਸਿੰਘ ਕਿੰਦਾ ਆਦਿ ਹਾਜ਼ਰ ਸਨ।

## 45ਵੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਪ੍ਰਾਇਮਰੀ ਸਕੂਲਾਂ ਦੀਆਂ 45ਵੀਆਂ ਜ਼ਿਲ੍ਹਾ ਪੱਧਰੀ ਖੇਡਾਂ ਦਾ ਤਿੰਨ ਰੋਜ਼ਾ ਖੇਡ ਟੂਰਨਾਮੈਂਟ ਅੱਜ ਪਿੰਡ ਸੈਫਲਾਬਾਦ ਦੇ ਖੇਡ ਸਟੇਡੀਅਮ ਵਿੱਚ ਸੰਤ ਬਾਬਾ ਲੀਡਰ ਸਿੰਘ ਜੀ, ਮੁੱਖ ਸੇਵਾਦਾਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੈਫਲਾਬਾਦ ਦੀ ਰਹਿਨੁਮਾਈ ਹੇਠ ਸ਼ਾਨੋ ਸ਼ੌਕਤ ਨਾਲ ਸੰਪਨ ਹੋ ਗਿਆ ।ਸੰਤ ਬਾਬਾ ਲੀਡਰ ਸਿੰਘ ਜੀ ਸੈਫਲਾਬਾਦ ਵਾਲੇ, ਮਹਾਤਮਾ ਮੁਨੀ ਜੀ ਖੈੜਾ ਬੇਟ ਅਤੇ ਬਾਬਾ ਜੈ ਸਿੰਘ ਜੀ ਮਹਿਮਦਵਾਲ ਵਾਲੇ ਆਦਿ ਨੇ ਸਾਂਝੇ ਤੌਰ 'ਤੇ ਇਨਾਮ ਤਕਸੀਮ ਕੀਤੇ। ਸ੍ਰੀਮਤੀ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ) ਕਪੂਰਥਲਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਕਪੂਰਥਲਾ ਡਾ. ਬਲਵਿੰਦਰ ਸਿੰਘ ਬੱਟੂ , ਬੀ ਪੀ ਈ ਓ ਕਪੂਰਥਲਾ -1 ਰਾਜੇਸ਼ ਕੁਮਾਰ,ਬੀ ਪੀ ਈ ਓ ਕਪੂਰਥਲਾ-2 ਸੰਜੀਵ ਕੁਮਾਰ ਹਾਂਡਾ, ਡੀ ਐਮ (ਸਪੋਰਟਸ) ਕਪੂਰਥਲਾ ਸੁਖਵਿੰਦਰ ਸਿੰਘ ਖੱਸਣ, ਜ਼ਿਲ੍ਹਾ ਖੇਡ ਕੋ - ਆਰਡੀਨੇਟਰ ( ਖੇਡਾਂ) ਲਕਸ਼ਦੀਪ ਸ਼ਰਮਾ,ਰਸ਼ਪਾਲ ਸਿੰਘ ਵੜੈਚ,ਸੁਖਦਿਆਲ ਸਿੰਘ ਝੰਡ, ਸੁਖਚੈਨ ਸਿੰਘ ਬੱਧਣ, ਭਜਨ ਸਿੰਘ ਮਾਨ,ਸੁਖਜਿੰਦਰ ਸਿੰਘ ਢੋਲਨ,ਅਮਰੀਕ ਸਿੰਘ ਰੰਧਾਵਾ,ਰੋਸ਼ਨ ਲਾਲ ਸੈਫਲਾਬਾਦ,ਮਨੋਜ ਕੁਮਾਰ ਟਿੱਬਾ,ਰੇਸ਼ਮ ਸਿੰਘ ਰਾਮਪੁਰੀ, ਜਗਜੀਤ ਸਿੰਘ ਪਿਥੋਰਾਹਲ,ਮਨਦੀਪ ਸਿੰਘ ਫੱਤੂਢੀਗਾਂ,ਪਰਦੀਪ ਕੁਮਾਰ ਵਰਮਾ,ਗੁਰਮੀਤ ਸਿੰਘ ਖਾਲਸਾ ,ਹਰਦੇਵ ਸਿੰਘ ਖਾਨੋਵਾਲ ਅਤੇ ਮਨਜਿੰਦਰ ਸਿੰਘ ਧੰਜੂ ਆਦਿ ਦੀ ਦੇਖ ਰੇਖ ਹੇਠ ਖੇਡ ਮੁਕਾਬਲੇ ਸੰਪਨ ਹੋਏ।ਕਬੱਡੀ ਨੈਸ਼ਨਲ ਲੜਕੇ ਫਾਈਨਲ ਵਿੱਚ ਮਸੀਤਾਂ ਨੇ ਨਡਾਲੇ ਨੂੰ, ਸਰਕਲ ਸਟਾਈਲ ਕਬੱਡੀ ਵਿੱਚ ਕਪੂਰਥਲਾ-1 ਨੇ ਫਗਵਾੜਾ-1 ਨੂੰ , ਖੋ-ਖੋ ਲੜਕੀਆਂ ਦੇ ਫਾਈਨਲ ਵਿੱਚ ਕਪੂਰਥਲਾ-2 ਨੇ ਕਪੂਰਥਲਾ-3 ਨੂੰ , ਖੋ- ਖੋ ਲੜਕੇ ਫਾਈਨਲ ਵਿੱਚ ਮਸੀਤਾਂ ਨੇ ਸੁਲਤਾਨਪੁਰ ਇੱਕ ਨੂੰ ਹਰਾਇਆ । ਜਦ ਕਿ ਰੱਸਾਕਸੀ ਦੇ ਫਾਈਨਲ ਵਿੱਚ ਫਗਵਾੜਾ-2 ਨੇ ਫਗਵਾੜਾ-1 ਨੂੰ ਹਰਾਇਆ । ਇਸੇ ਪ੍ਰਕਾਰ ਸਰਕਲ ਸਟਾਈਲ ਕਬੱਡੀ ਫਾਈਨਲ ਵਿੱਚ ਸੁਲਤਾਨਪੁਰ ਲੋਧੀ ਇੱਕ ਨੇ ਨਡਾਲਾ ਨੂੰ ਹਰਾਇਆ।ਫਾਈਨਲ ਕਬੱਡੀ ਨੈਸ਼ਨਲ ਲੜਕੀਆਂ ਵਿੱਚ ਕਪੂਰਥਲਾ-2 ਨੇ ਫਗਵਾੜਾ-2 ਨੂੰ ਹਰਾਇਆ । ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਸਰਪੰਚ ਭਜਨ ਸਿੰਘ ਬਿੱਲੂ, ਸਾਬਕਾ ਸਰਪੰਚ ਜਸਵਿੰਦਰ ਸਿੰਘ , ਪ੍ਰਧਾਨ ਮਨਜੀਤ ਸਿੰਘ ਫੰਝਰ ਸਾਹਬ, ਖੇਡ ਪ੍ਰਮੋਟਰ ਸਰਪੰਚ ਬਿਕਰਮ ਸਿੰਘ ਉਂਚਾ, ਕੋਲੋਵਿੰਦਰ ਸਿੰਘ ਸ਼ਾਹ, ਡਾਕਟਰ ਇੰਦਰਜੀਤ ਸਿੰਘ ਸ਼ਾਹ,ਬਲਜਿੰਦਰ ਸਿੰਘ ਵਿਰਕ, ਨੰਬਰਦਾਰ ਸਤਨਾਮ ਸਿੰਘ ਸੈਫਲਾਬਾਦ, ਚਰਨ ਸਿੰਘ ਸੈਫਲਾਬਾਦ, ਭਲਵਾਨ ਤੇਜਾ ਸਿੰਘ ਦੁਬਈ ਵਾਲੇ, ਸੰਦੀਪ ਸਿੰਘ ਉਂਚਾ, ਭਜਨ ਸਿੰਘ ਜੌਹਲ ਪੰਚ ਮਨਜੀਤ ਸਿੰਘ ਸੈਫ਼ਲਾਬਾਦ, ਸਾਬਕਾ ਪੰਚ ਗੁਰਮੁਖ ਸਿੰਘ ਅਤੇ ਹਰਮੇਸ਼ ਸਿੰਘ ,ਨੰਬਰਦਾਰ ਸਤਨਾਮ ਸਿੰਘ ਸਾਬਕਾ ਸਰਪੰਚ ਆਦਿ ਪਿੰਡ ਸੈਫਲਾਬਾਦ ਨੇ ਵਿਸ਼ੇਸ਼ ਸਹਿਯੋਗ ਦਿੱਤਾ । ਸਟੇਜ ਸਕੱਤਰ ਦੇ ਫਰਜ਼ ਗੁਰਮੇਜ਼ ਸਿੰਘ ਤਲਵੰਡੀ ਚੌਧਰੀਆਂ, ਸਰਬਜੀਤ ਸਿੰਘ ਪੱਮਣ ਨੇ ਬਾਖੂਬੀ ਨਿਭਾਏ।ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਆਗੂ ਸਰਤਾਜ ਸਿੰਘ ਚੀਮਾ , ਦਵਿੰਦਰ ਸਿੰਘ , ਹਰਵਿੰਦਰ ਸਿੰਘ, ਸੁਖਪਾਲ ਸਿੰਘ, ਸੈਂਟਰ ਹੈੱਡ ਟੀਚਰ ਹਰਪ੍ਰੀਤ ਕੌਰ , ਜਸਪ੍ਰੀਤ ਕੌਰ ਸੈਂਟਰ ਹੈੱਡ ਟੀਚਰ ਹਮੀਰਾ,ਹੈਡ ਟੀਚਰ ਸੁਰਿੰਦਰ ਕੁਮਾਰ, ਮਨਜਿੰਦਰ ਸਿੰਘ ਠੱਟਾ, ਹੈਡ ਟੀਚਰ ਅਜੇ ਕੁਮਾਰ ਅਦਾਲਤ ਚੱਕ, ਹੈਡ ਟੀਚਰ ਮੈਡਮ ਸੁਖਪ੍ਰੀਤ ਕੌਰ, ਹੈੱਡ ਟੀਚਰ ਗੁਰਮੁੱਖ ਸਿੰਘ ਬਾਬਾ , ਰੋਸ਼ਨ ਲਾਲ ਹੈੱਡ ਟੀਚਰ, ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਹੈੱਡ ਟੀਚਰ ਰਜਿੰਦਰ ਸਿੰਘ, ਕੁਲਦੀਪ ਸਿੰਘ ਸੀ ਐੱਚ ਟੀ, ਹੈੱਡ ਟੀਚਰ ਅਜੈ ਸ਼ਰਮਾ ਆਦਿ ਦੀ ਦੇਖ ਰੇਖ ਹੇਠ ਟੂਰਨਾਮੈਂਟ 'ਚ ਆਕਰਸ਼ਕ ਮੈਚ ਮੁਕਾਬਲੇ ਹੋਏ।

## 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਰਾਹੋਂ ਕੰਨਿਆ ਸਕੂਲ ਨੇ ਮਾਰੀਆਂ ਮੱਲਾਂ



ਰਾਹੋਂ (ਕੁਲਵਿੰਦਰ ਸਿੰਘ ਰਾਹੋਂ) ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਦੀਆਂ ਵਿਦਆਰਥਣਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਸਫਲਾ ਦੇ ਝੰਡੇ ਗੱਡੇ। ਗੁਰਜੋਤ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ ਸਤਨਾਮ ਸਿੰਘ ਲੈਕ ਬਾਇਓ ਦੀ ਯੋਗ ਅਗਵਾਈ ਹੇਠ 71 ਕਿੱਲੋ ਵਰਗ ਵਿੱਚ ਭਾਗ ਲਿਆ। ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਵੇਟ ਲਿਫਟਿੰਗ ਦੇ ਅੰਡਰ-17 ਸਾਲ ਵਰਗ ਵਿੱਚ ਗੁਰਜੋਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਸਕੂਲ਼ ਦਾ ਨਾਮ ਰਾਜ ਪੱਧਰ 'ਤੇ ਰੌਸ਼ਨ ਕੀਤਾ। ਇਸੇ ਤਰ੍ਹਾਂ 100 ਮੀਟਰ ਦੌੜ ਵਿੱਚ ਰੱਜੋ ਨੇ ਅੰਡਰ -14 ਵਿੱਚ ਗੋਲਡ ਮੈਡਲ ਅਤੇ ਲੌਂਗ ਜੰਪ ਮੁਕਾਬਲੇ ਵਿੱਚ ਵੀ ਗੋਲਡ ਮੈਡਲ ਪ੍ਰਾਪਤ ਕੀਤਾ। ਰਾਜ ਕੁਮਾਰੀ ਨੇ ਅੰਡਰ-19 ਮੁਕਾਬਲੇ ਦੇ 100 ਮੀਟਰ ਦੌੜ ਵਿੱਚ ਸਿਲਵਰ ਮੈਡਲ ਅਤੇ ਲੌਂਗ ਜੰਪ ਮੁਕਾਬਲੇ ਵਿੱਚ ਵੀ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸੇ ਤਰ੍ਹਾਂ ਫੁੱਟਬਾਲ ਦੇ ਅੰਡਰ-19 ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। 'ਕਿਸਮੇ ਕਿੱਤਨਾ ਹੈ ਦਮ' ਸੰਗੀਤ ਮੁਕਾਬਲੇ ਵਿੱਚ ਸਕੂਲ ਦੀ ਹੋਣਹਾਰ ਵਿਦਆਰਥਣ ਨੰਦਿਨੀ ਸ਼ਰਮਾ ਨੇ ਰਾਜ ਪੱਧਰੀ ਮੁਕਾਬਲੇ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਬਲਜਿੰਦਰ ਸਿੰਘ ਅਤੇ ਸਮੂਹ ਸਟਾਫ ਵਲੋਂ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਦਵਿੰਦਰ ਕੌਰ,ਸਤਨਾਮ ਸਿੰਘ, ਹਰਜਿੰਦਰ ਸਿੰਘ, ਅਜੀਤ ਸਿੰਘ, ਸੁਖਮਿੰਦਰ ਕੌਰ, ਚਰਨਜੀਤ ਸਿੰਘ, ਸਤਿੰਦਰ ਕੌਰ, ਗਗਨਪ੍ਰੀਤ, ਸੋਨਾ ਸ਼ਰਮਾ, ਸਤਿੰਦਰਪਾਲ ਕੌਰ, ਸੰਦੀਪ ਕੌਰ,ਜਸਵਿੰਦਰ ਕੌਰ, ਨੀਲਮ ਰਾਣੀ, ਰਘਵਿੰਦਰ ਕੌਰ,ਕਮਲਦੀਪ, ਬਲਵਿੰਦਰ ਕੌਰ, ਕਰਮਜੀਤ ਕੌਰ, ਜਸਵੀਰ ਰਾਜ, ਰੇਨੂੰ, ਨਿਧੀ ਉੱਮਟ,ਰਾਕੇਸ਼ ਰਾਣੀ, ਸੰਗੀਤਾ ਰਾਣੀ, ਰਮਨਦੀਪ, ਰਵਦੀਪ ਕੌਰ,ਤੇ ਨਿਰਮਲ ਕੌਰ ਆਦਿ ਹਾਜ਼ਰ ਸਨ।

## ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਦਾ ਪੜਪੋਤਾ ਕਾਂਗਰਸ 'ਚ ਸ਼ਾਮਲ



ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)- ਪਿੰਡ ਬੀੜ ਪੁਆਦ ਤੋਂ 25 ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਸਵਰਗੀ ਹਰਬੰਤ ਸਿੰਘ ਅਟਵਾਲ ਦਾ ਪੜਪੋਤਾ ਪੰਚ ਮਨਪ੍ਰੀਤ ਸਿੰਘ ਮੰਨਾ ਅਟਵਾਲ ਸਹਿਯੋਗੀ ਪ੍ਰਵਾਸੀ ਭਾਰਤੀ ਨੰਬਰਦਾਰ ਰਵਿੰਦਰ ਪਾਲ ਸਿੰਘ ਅਟਵਾਲ ਯੂ ਕੇ, ਗੁਰਿੰਦਰ ਸਿੰਘ ਅਟਵਾਲ ਯੂ ਕੇ, ਪੁਸ਼ਪਿੰਦਰ ਸਿੰਘ ਅਟਵਾਲ ਕਨੇਡਾ, ਸੁਰਜੀਤ ਸਿੰਘ ਅਟਵਾਲ ਕਨੇਡਾ, ਭੁਪਿੰਦਰ ਸਿੰਘ ਅਟਵਾਲ ਕਨੇਡਾ, ਰਛਪਾਲ ਸਿੰਘ ਪਾਲਾ ਅਟਵਾਲ ਹਾਲੈਂਡ ਅਤੇ ਮਨਿੰਦਰ ਸਿੰਘ ਅਟਵਾਲ ਅਮਰੀਕਾ ਨਾਲ ਸਲਾਹ ਮਸ਼ਵਰਾ ਕਰਕੇ 22 ਅਟਵਾਲ ਪਰਵਾਰਾਂ ਅਤੇ ਸਹਿਯੋਗੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਇਆ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਨ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਆਪਣੀ ਟੀਮ ਕਮਲ ਧਾਲੀਵਾਲ, ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਚੇਅਰਮੈਨ ਨਰੇਸ਼ ਭਾਰਦਵਾਜ, ਜਸਵੰਤ ਸਿੰਘ ਦਿਹਾਤੀ ਪ੍ਰਧਾਨ, ਵਿਕੀ ਰਾਣੀਪੁਰ ਅਤੇ ਸਕੱਤਰ ਨਾਲ ਵਿਸ਼ੇਸ਼ ਤੌਰ 'ਤੇ ਪਿੰਡ ਬੀੜ ਪੁਆਦ ਵਿਖੇ ਪਹੁੰਚੇ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕੀਤਾ। ਇਸ ਮੌਕੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਚੇਅਰਮੈਨ ਨਰੇਸ਼ ਭਾਰਦਵਾਜ ਨੇ ਸੰਬੋਧਨ ਵਿੱਚ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਗਿਣਾਈਆਂ।

## ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



ਕਪੂਰਥਲਾ ( ਹਨੀ ) ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਮਲ ਹੋਏ । ਇਸ ਦੌਰਾਨ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਦੱਸਿਆ ਕਿ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜੋ ਕਿ ਅਦਾਰੇ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ । ਉਨ੍ਹਾਂ ਦੱਸਿਆ ਕਿ ਪਹਿਲੇ ਗਰੁੱਪ ਵਿੱਚ ਅਰਮਾਨ ਸਿੰਘ ਨੇ ਦੂਜਾ ਅਤੇ ਦੂਜੇ ਗਰੁੱਪ ਵਿੱਚੋਂ ਜਸ਼ਨਪ੍ਰੀਤ ਕੌਰ ਤੇ ਹਰਗੁਨ ਕੌਰ ਨੇ ਪਹਿਲਾ, ਜਦਕਿ ਅੰਸ਼ਪ੍ਰੀਤ ਕੌਰ, ਸਿਮਰਨਪ੍ਰੀਤ ਕੌਰ ਅਤੇ ਐਸ਼ਮਨ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ । ਇਸ ਦੌਰਾਨ ਹੋਣਹਾਰ ਵਿਦਿਆਰਥੀਆਂ ਨੂੰ ਸਿੱਖ ਮਿਸ਼ਨਰੀ ਕਾਲਜ ਅਤੇ ਅਦਾਰੇ ਵੱਲੋਂ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।

## ਸਿਹਤ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਰੇਹੜੀਆਂ ਵਾਲੇ ਉਡਾ ਰਹੇ ਨੇ ਨਿਯਮਾਂ ਦੀਆਂ ਧੱਜੀਆਂ




ਬਲਾਚੌਰ ਅਕਤੂਬਰ (ਜਸਵਿੰਦਰ ਬੈਂਸ) ਸਥਾਨਕ ਸ਼ਹਿਰ ਬਲਾਚੌਰ ਵਿੱਚ ਫਾਸਟ ਫੂਡ ਦੀਆਂ ਰੇਹੜੀਆ, ਫੜੀਆਂ ਦੀ ਭਰਮਾਰ ਵੇਖਣ ਨੂੰ ਮਿਲ ਰਹੀ ਹੈ, ਜਿਨ੍ਹਾਂ ਵੱਲੋਂ ਇੱਕ ਪਾਸੇ ਸੜਕ ਦੇ ਫੁੱਟਪਾਥਾਂ ਉਪਰ ਆਪਣੇ ਨਜਾਇਜ਼ ਕਬਜ਼ੇ ਕਰਕੇ ਟਰੈਫਿਕ ਵਿਵਸਥਾ ਵਿੱਚ ਵਿਘਨ ਪਾਇਆ ਜਾ ਰਿਹਾ ਹੈ ਉਥੇ ਹੀ ਸਿਹਤ ਵਿਭਾਗ ਦੀ ਢਿੱਲੀ ਮੱਠੀ ਕਾਰਗੁਜਾਰੀ ਕਰਕੇ ਲੋਕਾਂ ਦੀ ਸਿਹਤ ਨਾਲ ਵੀ ਇਹ ਖਿਲਵਾੜ ਕਰ ਰਹੇ ਹਨ।ਪੱਤਰਕਾਰ ਵਲੋਂ ਜਦ ਸਥਾਨਕ ਗੜ੍ਹਸ਼ੰਕਰ ਰੋਡ ਬਲਾਚੌਰ ਵਿਖੇ ਫਾਸਟ ਫੂਡ ਦੀਆਂ ਲੱਗੀਆਂ ਰੇਹੜੀਆ ਨੂੰ ਵੇਖਿਆ ਉਥੇ ਰੇਹੜੀਆ ਦੇ ਪਿੱਛੇ ਚੱਲ ਰਹੇ ਗੰਦੇ ਪਾਣੀ ਦੇ ਨਾਲੇ ਕਾਰਨ ਮੱਛਰ ਮੱਖੀਆਂ ਦੀ ਹੀ ਭਰਮਾਰ ਨਹੀ ਸੀ ਬਲਕਿ ਗੰਦਗੀ ਦੀ ਵੀ ਭਰਮਾਰ ਸੀ।ਇਸ ਗੰਦਗੀ 'ਤੇ ਬੈਠੀਆ ਮੁੱਖੀਆਂ, ਮੱਛਰ ਉੱਡ ਉੱਡ ਕੇ ਖਾਣ ਪੀਣ ਦੀਆਂ ਵਾਲੀਆਂ ਵਸਤਾਂ ਦੇ ਸਟਾਲਾਂ ਉਪਰ ਬੈਠਦੀਆਂ ਹਨ। ਲਾਪਰਵਾਹ ਫਾਸਟਫੂਡ ਵਾਲੇ ਖਾਣ ਪੀਣ ਵਾਲਾ ਸਮਾਨ ਨੂੰ ਕੱਪੜੇ ਨਾਲ ਢੱਕ ਕੇ ਰੱਖਣ ਤੋਂ ਵੀ ਅਸਮੱਰਥ ਹਨ ਇੱਥੋ ਤੱਕ ਕਿ ਇਨ੍ਹਾਂ ਵਲੋਂ ਨਾ ਹੀ ਮੂੰਹ ਤੇ ਮਾਸਕ ਹੁੰਦਾ ਹੈ, ਨਾ ਹੀ ਸਿਰ ਢੱਕਿਆ ਹੁੰਦਾ ਹੈ ਅਤੇ ਇੱਥੋਂ ਤੱਕ ਕਿ ਹੱਥਾਂ ਵਿੱਚ ਵੀ ਦਸਤਾਨੇ ਵੀ ਨਹੀਂ ਹੁੰਦੇ ਹਨ।ਬਹੁਤਿਆਂ ਕੋਲੋਂ ਖਾਣ ਪੀਣ ਵਾਲੀਆਂ ਵਸਤੂਆਂ ਵੇਚਣ ਸੰਬੰਧੀ ਸਿਹਤ ਵਿਭਾਗ ਵੱਲੋਂ ਕੋਈ ਦੀ ਮਨਜ਼ੂਰੀ ਨਹੀਂ ਹੁੰਦੀ। ਇਸ ਸਬੰਧੀ ਫੂਡ ਇੰਸਪੈਕਟਰ ਨਵਾਂਸ਼ਹਿਰ ਨੇ ਕਿਹਾ ਕਿ ਵਿਭਾਗ ਲਗਾਤਾਰ ਛਾਪੇਮਾਰੀ ਕਰ ਰਿਹਾ ਹੈ, ਨਿਯਮਾਂ ਦੀ ਉਲੰਘਣਾ ਕਰਨ ਵਾਲਿਆ ਖਿਲਾਫ ਬਣਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ ਅਤੇ ਖਾਣ ਪੀਣ ਦਾ ਸਮਾਨ ਵੇਚਣ ਵਾਲਿਆ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ।

## ਸਤਿੰਦਰ ਸਰਤਾਜ ਨੂੰ ਕਪੂਰਥਲਾ ਅਦਾਲਤ ਨੇ 30 ਨੂੰ ਤਲਬ ਕੀਤਾ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) : ਮਸ਼ਹੂਰ ਗਾਇਕ ਸਤਿੰਦਰ ਸਰਤਾਜ ਨੂੰ ਕਪੂਰਥਲਾ ਅਦਾਲਤ ਨੇ 30 ਅਕਤੂਬਰ ਨੂੰ ਤਲਬ ਕੀਤਾ ਹੈ।ਇਹ ਸੰਮਨ ਸ਼ਹਿਰ ਦੇ ਸੀਨੀਅਰ ਵਕੀਲ ਤੇ ਖੇਡ ਪ੍ਰੇਮੀ ਐਸਐਸ ਮੱਲੀ ਦੀ ਪਟੀਸ਼ਨ 'ਤੇ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗਾਇਕ ਸਤਿੰਦਰ ਸਰਤਾਜ ਵੱਲੋਂ 10 ਨਵੰਬਰ ਨੂੰ ਗੁਰੂ ਨਾਨਕ ਸਟੇਡੀਅਮ ਦੇ ਮੈਦਾਨ 'ਚ ਸ਼ੋਅ ਕਰਵਾਇਆ ਜਾ ਰਿਹਾ ਹੈ ਤੇ ਇਸ ਦੀਆਂ ਜ਼ਿਆਦਾਤਰ ਟਿਕਟਾਂ ਵੀ ਵਿਕ ਚੁੱਕੀਆਂ ਹਨ। ਅਜਿਹੇ 'ਚ ਸਰਤਾਜ ਵੱਲੋਂ ਸਟੇਡੀਅਮ ਨੂੰ ਕਾਰੋਬਾਰ ਵਜੋਂ ਵਰਤਿਆ ਜਾ ਰਿਹਾ ਹੈ।ਪਟੀਸ਼ਨ 'ਚ ਐਡਵੋਕੇਟ ਐਸਐਸ ਮੱਲੀ ਨੇ ਕਿਹਾ ਕਿ ਉਹ ਅਭਿਆਸ ਤੇ ਯੋਗਾ ਲਈ ਰੋਜ਼ਾਨਾ ਸਟੇਡੀਅਮ ਜਾਂਦਾ ਹੈ। ਸਟੇਡੀਅਮ ਦੇ ਹਾਕੀ ਮੈਦਾਨ 'ਚ ਰੋਜ਼ਾਨਾ ਕਈ ਖਿਡਾਰੀ ਅਭਿਆਸ ਕਰਨ ਲਈ ਆਉਂਦੇ ਹਨ।ਇਸ ਤੋਂ ਇਲਾਵਾ ਕਪੂਰਥਲਾ 'ਚ ਹੋਰ ਕੋਈ ਗਰਾਊਂਡ ਨਹੀਂ ਹੈ, ਜਿਸ ਕਾਰਨ ਰੋਜ਼ਾਨਾ ਅਭਿਆਸ ਕਰਨ ਵਾਲਿਆਂ ਲਈ ਵੱਡੀ ਸਮੱਸਿਆ ਹੋਵੇਗੀ।ਉਕਤ ਗਰਾਊਂਡ ਨੂੰ ਲੱਖਾਂ ਰੁਪਏ ਖਰਚ ਕੇ ਸਰਕਾਰੀ ਫੰਡਾਂ ਨਾਲ ਬਣਾਇਆ ਗਿਆ ਹੈ।ਅਜਿਹੇ ਵਿੱਚ 10 ਨਵੰਬਰ ਨੂੰ ਹੋਣ ਵਾਲੇ ਸਰਤਾਜ ਦੇ ਸਟੇਜ ਸ਼ੋਅ ਕਾਰਨ ਸਪੋਰਟਸਮੈਨ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੇ ਰੋਜ਼ਾਨਾ ਅਭਿਆਸ 'ਚ ਵੀ ਵਿਘਨ ਪਵੇਗਾ।ਇਸ ਮਾਮਲੇ 'ਚ ਸਤਿੰਦਰ ਸਰਤਾਜ ਸਮੇਤ ਉਨ੍ਹਾਂ ਦੀ ਕੰਪਨੀ ਫਿਰਦੋਸ ਪ੍ਰੋਡਕਸ਼ਨ, ਸਕੱਤਰ ਪੰਜਾਬ ਸਰਕਾਰ, ਡਾਇਰੈਕਟਰ ਸਪੋਰਟਸ ਪੰਜਾਬ, ਡੀਸੀ ਕਪੂਰਥਲਾ, ਕਮਿਸ਼ਨਰ ਨਗਰ ਨਿਗਮ ਕਪੂਰਥਲਾ, ਜ਼ਿਲ੍ਹਾ ਖੇਡ ਅਫਸਰ, ਐਸਐਸਪੀ ਕਪੂਰਥਲਾ, ਐਸਪੀ ਟਰੈਫਿਕ, ਸੁਰੱਖਿਆ ਇੰਚਾਰਜ ਕਪੂਰਥਲਾ ਨੂੰ ਧਿਰ ਬਣਾਇਆ ਗਿਆ ਹੈ।ਪਟੀਸ਼ਨਕਰਤਾ ਐਸਐਸ ਮੱਲੀ ਨੇ ਕਿਹਾ ਕਿ ਕਪੂਰਥਲਾ 'ਚ ਸਿਰਫ਼ ਗੁਰੂ ਨਾਨਕ ਸਟੇਡੀਅਮ ਹੈ,ਜੋ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਬਣਾਇਆ ਗਿਆ ਸੀ, ਜਿਸ 'ਚ ਪਿਛਲੇ ਲੰਮੇ ਸਮੇਂ ਤੋਂ ਖੇਡਾਂ ਨਾਲ ਸਬੰਧਤ ਪ੍ਰੋਗਰਾਮ ਤੇ ਸੂਬਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਨਿਯਮਾਂ ਮੁਤਾਬਕ ਜੇਕਰ ਕੋਈ ਸਟੇਡੀਅਮ 'ਚ ਪ੍ਰੋਗਰਾਮ ਕਰਵਾਉਣਾ ਚਾਹੁੰਦਾ ਹੈ ਤਾਂ ਵੀ ਇਹ ਕਿਸੇ ਲੋਕ ਭਲਾਈ ਪ੍ਰੋਗਰਾਮ ਲਈ ਕਿਰਾਏ 'ਤੇ ਦਿੱਤਾ ਜਾ ਸਕਦਾ ਹੈ, ਨਾ ਕਿ ਕਿਸੇ ਵਪਾਰਕ ਪ੍ਰੋਗਰਾਮ ਲਈ। ਜਦੋਂ ਵੀ ਜ਼ਿਲ੍ਹਾ ਖੇਡ ਅਫ਼ਸਰ ਜ਼ਮੀਨ ਮੁਹੱਈਆ ਕਰਵਾ ਕੇ ਕਬੱਡੀ ਮੈਚਾਂ ਦੀ ਇਜਾਜ਼ਤ ਦਿੰਦਾ ਸੀ ਤਾਂ ਉਸ ਦੇ ਹੇਠਾਂ ਇੱਕ ਲਾਈਨ ਲਿਖ ਦਿੰਦਾ ਸੀ ਕਿ ਇਸ ਪ੍ਰੋਗਰਾਮ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਟਿਕਟ ਨਹੀਂ ਵੇਚੀ ਜਾਵੇਗੀ।

27-Oct-PAGE-9.qxd 10/26/2024 10:35 PM Page 1



## ਤਰਨ ਤਾਰਨ ਦੇ ਲੋਕਾਂ ਕੋਲ ਗੁਰੂਆਂ ਦਾ ਮਹਾਨ ਵਿਰਸਾ : ਮਾੜੀਮੇਘਾ, ਦੇਵੀ ਕੁਮਾਰੀ



**ਤਰਨ ਤਾਰਨ** -ਸੀ ਪੀ ਆਈ ਜ਼ਿਲ੍ਹਾ ਤਰਨ ਤਾਰਨ ਦੀ ਕਾਰਜਕਾਰਨੀ ਦੀ ਮੀਟਿੰਗ ਕਿਰਨਜੀਤ ਕੌਰ ਵਲਟੋਹਾ ਦੀ ਪ੍ਰਧਾਨਗੀ ਹੇਠ ਮਹਾਨ ਦੇਸ਼ ਭਗਤ ਅਰਜਨ ਸਿੰਘ ਗੜਗੱਜ ਭਵਨ ਬਾਠ ਰੋਡ ਤਰਨ ਤਾਰਨ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਨੇ ਕਿਹਾ ਕਿ ਸਾਡੇ ਕੋਲ ਸਾਡੇ ਗੁਰੂ ਸਾਹਿਬਾਨਾਂ ਦਾ ਮਹਾਨ ਵਿਰਸਾ ਹੈ। ਉਨ੍ਹਾਂ ਨੇ ਦੁਨੀਆਂ ਨੂੰ ਹੱਕ, ਸੱਚ ਅਤੇ ਇਨਸਾਫ ਦਾ ਉਪਦੇਸ਼ ਦਿੱਤਾ ਹੈ। ਗੁਰੂਆਂ ਨੇ ਬੇਈਮਾਨੀ, ਕੁਰੱਪਸ਼ਨ ਅਤੇ ਲੁਟੇਰੀਆਂ ਤਾਕਤਾਂ ਦਾ ਕਰੜਾ ਵਿਰੋਧ ਹੀ ਨਹੀਂ ਕੀਤਾ ਸਗੋਂ ਇਸ ਦਾ ਨਾਮੋ ਨਿਸ਼ਾਨ ਮਿਟਾਉਣ ਵਾਸਤੇ ਆਪਣਾ ਸਰਬੰਸ ਵਾਰਿਆ। ਆਗੂਆਂ ਕਿਹਾ ਕਿ ਬਦਕਿਸਮਤੀ ਇਹ ਹੈ ਕਿ ਅਜੋਕੇ ਦੌਰ ਵਿੱਚ ਉਸੇ ਤਰ੍ਹਾਂ ਦੀਆਂ ਲੁਟੇਰੀਆਂ ਤੇ ਜ਼ਾਲਮ ਤਾਕਤਾਂ ਫਿਰ ਪੈਦਾ ਹੋ ਗਈਆਂ ਹਨ। ਇਹ ਤਾਕਤਾਂ ਗੁਰੂਆਂ ਨੂੰ ਫਰੇਬ ਨਾਲ ਪੂਜਦੀਆਂ ਹਨ ਪਰ ਚਲਦੀਆਂ ਗੁਰੂਆਂ ਦੇ ਵਿਚਾਰਾਂ ਦੇ ਉਲਟ ਹਨ। ਇਸ ਲਈ ਕਮਿਊਨਿਸਟਾਂ ਤਾਕਤਾਂ ਨੂੰ ਇੱਕਮੁੱਠ ਹੁੰਦਿਆਂ ਹੋਇਆਂ ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਲੁੱਟੀ ਜਾ ਰਹੀ ਲੋਕਾਈ ਨੂੰ ਲਾਮਬੰਦ ਕਰਨਾ ਚਾਹੀਦਾ ਹੈ। ਇਨ੍ਹਾਂ ਹਾਲਤਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਸੀ ਪੀ ਆਈ ਵੱਲੋਂ ਪਹਿਲਾਂ ਅਗਸਤ-ਸਤੰਬਰ ਮਹੀਨੇ ਵਿੱਚ ਲਗਾਤਾਰ ਪਿੰਡਾਂ ਦੀਆਂ ਮੀਟਿੰਗਾਂ, ਫਿਰ ਬਲਾਕਾਂ ਦੀਆਂ ਜਨਰਲ ਬਾਡੀ ਮੀਟਿੰਗਾਂ ਤੇ ਜ਼ਿਲ੍ਹਿਆਂ ਦੀਆਂ ਜਨਰਲ ਬਾਡੀ ਮੀਟਿੰਗਾਂ ਅਤੇ ਹੁਣ ਪੰਜਾਬ ਵਿੱਚ ਇਲਾਕਾਈ ਪੱਧਰ ਦੀਆਂ ਚਾਰ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਪ੍ਰੋਗਰਾਮ ਅਨੁਸਾਰ ਮਾਝੇ ਇਲਾਕੇ ਦੀ ਕਮਿਊਨਿਸਟ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਮਾਝੇ ਦੀ ਰੈਲੀ 2 ਦਸੰਬਰ ਨੂੰ ਗੁਰੂਆਂ ਦੀ ਧਰਤੀ 'ਤੇ ਅੰਮ੍ਰਿਤਸਰ ਵਿਖੇ ਹੋਵੇਗੀ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਕੰਟਰੋਲ ਕਮਿਸ਼ਨ ਦੇ ਮੈਂਬਰ ਤਾਰਾ ਸਿੰਘ ਖਹਿਰਾ ਨੇ ਕਿਹਾ ਕਿ ਤਰਨ ਤਾਰਨ ਜ਼ਿਲ੍ਹੇ ਚੋਂ ਅੰਮ੍ਰਿਤਸਰ ਰੈਲੀ ਵਿੱਚ ਹੁੰਮਹੁਮਾ ਕੇ ਪਾਰਟੀ ਮੈਂਬਰ ਤੇ ਹਮਦਰਦ ਪਹੁੰਚਣਗੇ। ਇਸ ਮੀਟਿੰਗ ਵਿੱਚ ਗੁਰਦਿਆਲ ਸਿੰਘ ਖਡੂਰ ਸਾਹਿਬ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਚਰਨ ਸਿੰਘ ਤਰਨ ਤਾਰਨ, ਸੀਮਾ ਸੋਹਲ, ਕਾਰਜ ਸਿੰਘ ਕੈਰੋਂ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਹਾਜ਼ਰ ਸਨ।

## 'ਐੱਨ ਐੱਚ ਐੱਮ ਵੱਲੋਂ ਪੰਜਾਬ ਸਰਕਾਰ ਵਿਰੁੱਧ ਬਰਨਾਲਾ ਤੋਂ ਪੋਲ ਖੋਲ੍ਹ ਪ੍ਰਚਾਰ ਸ਼ੁਰੂ ਕੀਤਾ ਜਾਵੇਗਾ'



**ਚੋਹਲਾ ਸਾਹਿਬ (ਰਮਨ ਚੱਢਾ)**- ਸਿਹਤ ਵਿਭਾਗ ਵਿੱਚ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਪਿਛਲੇ 18 ਸਾਲਾਂ ਤੋਂ ਬਹੁਤ ਹੀ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਕਰਦੇ 9200 ਦੇ ਕਰੀਬ ਮੈਡੀਕਲ, ਪੈਰਾਮੈਡੀਕਲ ਸਟਾਫ਼ ਅਤੇ ਦਫਤਰੀ ਸਟਾਫ਼ ਠੇਕਾ ਪ੍ਰਥਾ ਦਾ ਸ਼ਿਕਾਰ ਹੋ ਰਹੇ ਹਨ। ਪਿਛਲੇ ਦਿਨੀਂ ਐਨ.ਐਚ.ਐਮ ਇ. ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਵਰਚੂਅਲ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸੂਬਾਈ ਆਗੂਆਂ ਵੱਲੋਂ ਪੰਜਾਬ ਸਰਕਾਰ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਲਗਪਗ ਢਾਈ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਦੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਜਿਸ ਕਰਕੇ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਕਰਮਚਾਰੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਨਵੰਬਰ ਮਹੀਨੇ ਨੂੰ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਉਪ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਕਰਦੇ ਹੋਏ ਪੋਲ ਖੋਲ੍ਹ ਰੈਲੀਆਂ ਕਰਕੇ ਪਰਚੇ ਵੰਡੇ ਜਾਣਗੇ। ਵਿਰੋਧ ਪ੍ਰਦਰਸ਼ਨਾਂ ਦੀ ਲੜੀ ਦੇ ਪਹਿਲੇ ਪੜਾਅ ਤੇ 9 ਨਵੰਬਰ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਪੋਲ ਖੋਲ੍ਹ ਪ੍ਰਚਾਰ ਸ਼ੁਰੂ ਕੀਤਾ ਜਾਵੇਗਾ। ਇਹ ਜਾਣਕਾਰੀ ਐਨ.ਐਚ.ਐਮ ਇੰਪਲਾਇਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਡਾ. ਵਾਹਿਦ ਮਾਲੇਰਕੋਟਲਾ ਨੇ ਦਿੱਤੀ। ਇਸ ਮੌਕੇ ਸੀਨੀਅਰ ਆਗੂ ਮਨਦੀਪ ਸਿੰਘ ਸਰਹਾਲੀ ਨੇ ਕਿਹਾ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਵੱਲੋਂ 2017 ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੂੰ ਸਰਵਿਸ ਬਾਏ ਲਾਅਜ਼ ਬਣਾ ਕੇ ਰੈਗੂਲਰ ਪੇਅ ਸਕੇਲ, ਪੇਅ ਕਮਿਸ਼ਨ, ਡੀ.ਏ ਅਤੇ ਮੈਡੀਕਲ ਰੀਬਰਸਮੈਂਟ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਐਨ.ਐਚ.ਐਮ ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਰੈਗੂਲਰਾਈਜੇਸ਼ਨ, ਹਰਿਆਣਾ ਦੀ ਤਰਜ਼ 'ਤੇ ਬਾਏ ਲਾਅਜ਼ ਬਣਾ ਕੇ ਤਨਖਾਹਾਂ ਰਿਵਾਇਜ਼ ਕਰਨਾ, ਲਾਇਲਟੀ ਬੋਨਸ, ਹੈਲਥ ਇੰਸ਼ੋਰੈਂਸ, ਗ੍ਰੈਚੂਇਟੀ ਆਦਿ ਹਨ। ਇਸ ਮੌਕੇ ਸੀਨੀਅਰ ਆਗੂ ਜੁਗਰਾਜ ਸਿੰਘ ਖੇਮਕਰਨ ਅਤੇ ਅਮਨਦੀਪ ਸਿੰਘ ਸ਼ਬਾਲ ਨੇ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਕੇ ਬਣਦਾ ਮਾਣ ਸਨਮਾਨ ਬਹਾਲ ਕੀਤਾ ਜਾਵੇ ਅਤੇ ਇਸ ਮੌਕੇ ਜਸਵੀਰ ਸਿੰਘ ਤਰਨ ਤਾਰਨ, ਮੈਡਮ ਕਿਰਨਜੀਤ ਕੌਰ, ਅਮਰਜੀਤ ਸਿੰਘ, ਹਰਪਾਲ ਸਿੰਘ ਸੋਢੀ, ਜਗਦੇਵ ਸਿੰਘ ਮਾਨਸਾ, ਸੂਬਾਈ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਜਾਇਜ਼ ਮੰਗਾਂ ਦਾ ਹੱਲ ਕਰਨ ਦੀ ਥਾਂ ਯੂਨੀਅਨ ਆਗੂਆਂ ਨਾਲ ਪੈਨਲ ਮੀਟਿੰਗਾਂ ਕਰਨ ਤੋਂ ਭੱਜਦੀ ਦਿਖਾਈ ਦੇ ਰਹੀ ਹੈ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਤਰਨ ਤਾਰਨ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ, ਕੁਲਵੰਤ ਕੌਰ, ਸੰਦੀਪ ਸਿੰਘ, ਮਨਜਿੰਦਰ ਸਿੰਘ, ਹਰਮੀਤ ਕੌਰ, ਅਮਨਦੀਪ ਕੌਰ, ਕੁਲਵਿੰਦਰ ਸਿੰਘ, ਤਰਸੇਮ ਸਿੰਘ, ਚੰਦਨ ਕੁਮਾਰ, ਗੁਰਪ੍ਰੀਤ ਕੌਰ, ਬਲਜੀਤ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਘੱਲੂਘਾਰੇ ਤੇ ਨਸਲਕੁਸ਼ੀ ਦੇ ਟਾਕਰੇ ਲਈ ਸਿੱਖਾਂ ਦਾ ਸ਼ਸਤਰਧਾਰੀ ਹੋਣਾ ਜ਼ਰੂਰੀ : ਹਰੀ ਸਿੰਘ/ਭਾਈ ਰਣਜੀਤ ਸਿੰਘ



**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗਤਕਾ ਅਖਾੜਾ ਰਾਮਸਰ ਦੇ ਬਾਨੀ ਅਤੇ ਮੁੱਖ ਸੰਸਥਾਪਕ ਸਵ. ਉਸਤਾਦ ਪ੍ਰੇਮ ਸਿੰਘ ਭਾਟੀਆ ਤੇ ਸਵ. ਉਸਤਾਦ ਹਰਬੰਸ ਸਿੰਘ ਅਰੋੜਾ ਦੀ 12ਵੀਂ ਬਰਸੀ ਸ੍ਰੀ ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ 'ਤੇ ਸਥਿਤ ਕੰਵਰ ਪੈਲੇਸ ਵਿਖੇ ਮੌਜੂਦਾ ਉਸਤਾਦ ਜਥੇਦਾਰ ਭਾਈ ਹਰੀ ਸਿੰਘ ਖ਼ਾਲਸਾ ਦੀ ਅਗਵਾਈ 'ਚ ਖ਼ਾਲਸਾਈ ਜਾਹੋ-ਜਲਾਲ ਨਾਲ ਗਤਕਾ ਪ੍ਰਦਰਸ਼ਨੀ ਕਰਵਾ ਕੇ ਮਨਾਈ ਗਈ। ਇਸ ਮੌਕੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਵੀ ਪੁੱਜੀਆਂ ਤੇ ਵੱਖ-ਵੱਖ ਗਤਕਾ ਟੀਮਾਂ ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਜੰਗੀ ਜੌਹਰ ਵਿਖਾਏ ਗਏ ਜਿਨ੍ਹਾਂ ਨੂੰ ਸ਼੍ਰੋਮਣੀ ਗੱਤਕਾ ਅਖਾੜਾ ਰਾਮਸਰ ਦੇ ਉਸਤਾਦ ਜਥੇਦਾਰ ਭਾਈ ਹਰੀ ਸਿੰਘ ਖ਼ਾਲਸਾ ਅਤੇ ਮੁੱਖ ਮਹਿਮਾਨ ਵਜੋਂ ਪੁੱਜੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਜਥੇਦਾਰ ਭਾਈ ਮਹਿੰਦਰ ਸਿੰਘ ਅਤੇ ਜਥੇਦਾਰ ਭਾਈ ਇੰਦਰ ਸਿੰਘ ਖਲੀਫਾ ਵੱਲੋਂ ਗਤਕਾ ਖਿਡਾਰੀਆਂ ਨੂੰ ਸਿਰੋਪਿਆਂ, ਸ਼ੀਲਡਾਂ ਤੇ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਪ੍ਰਦਰਸ਼ਨੀ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਸਤਾਦ ਭਾਈ ਹਰੀ ਸਿੰਘ ਖ਼ਾਲਸਾ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਇੰਦਰ ਸਿੰਘ ਖ਼ਲੀਫ਼ਾ ਨੇ ਕਿਹਾ ਕਿ ਘੱਲੂਘਾਰੇ ਅਤੇ ਨਸਲਕੁਸ਼ੀ ਦੇ ਟਾਕਰੇ ਅਤੇ ਬਚਣ ਲਈ ਸਿੱਖਾਂ ਦਾ ਸ਼ਸਤਰਧਾਰੀ ਹੋਣਾ ਜ਼ਰੂਰੀ ਹੈ। ਉਹਨਾਂ ਕਿਹਾ ਕਿ ਸ਼ਸਤਰ ਵਿੱਦਿਆ ਸਿੱਖ ਪੰਥ ਦਾ ਅਹਿਮ ਅੰਗ ਹੈ ਅਤੇ ਸਿੱਖ ਅਤੇ ਸ਼ਸਤਰ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਸਿੱਖ ਧਰਮ ਅੰਦਰ ਭਗਤੀ ਤੇ ਸ਼ਕਤੀ, ਬਾਣੀ ਤੇ ਬਾਣਾ, ਸੰਤ ਤੇ ਸਿਪਾਹੀ ਦਾ ਵਿਧਾਨ ਗੁਰੂ ਪਾਤਸ਼ਾਹ ਨੇ ਹੀ ਬਖ਼ਸ਼ਿਆ ਹੈ। ਗਤਕਾ ਸਵੈ-ਰੱਖਿਆ ਲਈ ਵਰਤਿਆ ਜਾਣ ਵਾਲਾ ਸਿੱਖਾਂ ਦੀ ਧਰਮ ਯੁੱਧ ਕਲਾ ਦਾ ਹਿੱਸਾ ਹੈ। ਗਤਕਾ ਖਿਡਾਰੀ ਨੂੰ ਮਨੁੱਖੀ ਕਦਰਾਂ ਕੀਮਤਾਂ ਦਾ ਸਤਿਕਾਰ ਕਰਨ ਅਤੇ ਭੈਅ ਰਹਿਤ, ਨਿਰਸਵਾਰਥ ਅਤੇ ਗੁਰਮਤਿ ਅਨੁਸਾਰ ਜੀਵਨ ਬਸਰ ਕਰਨਾ ਸਿਖਾਉਂਦਾ ਹੈ। ਉਹਨਾਂ ਦੱਸਿਆ ਕਿ ਇਹ ਅਖਾੜਾ ਕਈ ਦਹਾਕਿਆਂ ਤੋਂ ਚਲ ਰਿਹਾ ਹੈ ਤੇ ਹਜ਼ਾਰਾਂ ਖਿਡਾਰੀ ਸ਼ਸਤਰ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਤੇ ਹੁਣ ਵੀ ਲਗਾਤਾਰ ਕਲਾਸਾਂ ਲਗਦੀਆਂ ਹਨ। ਭਾਈ ਮਨਪ੍ਰੀਤ ਸਿੰਘ ਸੋਨੂੰ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੌਕੇ ਫੈਡਰੇਸ਼ਨ ਦੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਦਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ, ਉਸਤਾਦ ਕੁਲਦੀਪ ਸਿੰਘ, ਜਥੇਦਾਰ ਭਾਈ ਪੰਜਾਬ ਸਿੰਘ ਸੁਲਤਾਨਵਿੰਡ ਪੰਜ ਹੱਥਾ, ਜਤਿੰਦਰ ਸਿੰਘ ਹੈਪੀ, ਸ਼ੇਰਾ ਭਲਵਾਨ, ਭਾਈ ਪਰਮਜੀਤ ਸਿੰਘ ਅਕਾਲੀ, ਭਾਈ ਹਰਜੋਤ ਸਿੰਘ ਨਿਹੰਗ, ਨਿਹਾਲ ਸਿੰਘ ਆਦਿ ਹਾਜ਼ਰ ਸਨ।

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਚੱਬੇਵਾਲ 'ਚ ਝੰਡਾ ਮਾਰਚ ਅੱਜ




**ਜਲੰਧਰ ( ਰਾਜੇਸ਼ ਥਾਪਾ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ, ਜ਼ਿਲ੍ਹਾ ਜਲੰਧਰ ਇਕਾਈ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਨਵੀਨਰ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਨੇ ਪੰਜਾਬ ਸਰਕਾਰ ਦੇ ਲਾਰਾ-ਲਾਊ ਤੇ ਡੰਗ-ਟਪਾਊ ਰਵੱਈਏ ਦਾ ਸਖਤ ਨੋਟਿਸ ਲੈਂਦਿਆਂ ਸੂਬਾ ਪੱਧਰੀ ਐਕਸ਼ਨਾਂ ਦਾ ਐਲਾਨ ਕੀਤਾ ਹੈ ਅਤੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।ਇਸ ਮੌਕੇ ਉਹਨਾਂ ਦੱਸਿਆ ਕਿ 27 ਅਕਤੂਬਰ ਨੂੰ ਚਾਰੇ ਜ਼ਿਮਨੀ ਚੋਣ ਹਲਕਿਆਂ ਚੱਬੇਵਾਲ, ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਬਾਹਾ ਵਿੱਚ ਰੈਲੀਆਂ ਕਰਕੇ ਪੂਰੇ ਹਲਕੇ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦਿਆਂ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਕੀਤੇ ਜਾ ਰਹੇ ਝੂਠੇ ਦਾਅਵਿਆਂ ਦੀ ਪੋਲ ਜਿਲ੍ਹਾ ਜਲੰਧਰ ਦੇ ਮੁਲਾਜ਼ਮ ਚੱਬੇਵਾਲ ਹਲਕੇ ਦੇ ਆਮ ਲੋਕਾਂ ਸਾਹਮਣੇ ਆਮ ਆਦਮੀ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵੇਦ ਰਾਜ, ਪਰੇਮ ਖਾਲਵਾੜਾ, ਕਰਨੈਲ ਫਿਲੌਰ, ਅਮਰਜੀਤ ਭਗਤ, ਰਾਜ ਕੁਮਾਰ ਤਲਵਣ, ਮੋਹਣ ਲਾਲ, ਕੁਲਵੀਰ ਕੁਮਾਰ, ਅਨਿਲ ਸ਼ਰਮਾ, ਰਤਨ ਸਿੰਘ, ਬਲਜਿੰਦਰ ਬਿੱਟਾ, ਸੰਦੀਪ ਰਾਜੋਵਾਲ, ਪਰਮਿੰਦਰ ਪਾਲ ਸਿੰਘ, ਬਖਸ਼ੀ ਰਾਮ, ਪਰਮਿੰਦਰ ਪਾਲ ਸਿੰਘ, ਬਲਵੀਰ ਸਿੰਘ ਗੁਰਾਇਆ, ਸੰਦੀਪ ਉੱਪਲ ਆਦਿ ਆਗੂ ਵੀ ਹਾਜ਼ਰ ਸਨ।

## ਪੱਤਰਕਾਰਾਂ ਨੇ ਦਿੱਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਮੰਗ ਪੱਤਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਆਹਦੇਦਾਰਾਂ ਦੀ ਸਲਾਨਾ ਹੋਣ ਵਾਲੀ ਚੋਣ ਨੂੰ ਲੈ ਕੇ ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਇੱਕ ਵਫਦ ਨੇ ਪ੍ਰਧਾਨ ਦੇ ਨਾਂ ਸੁਪਰਡੈਂਟ ਨਿਸ਼ਾਨ ਸਿੰਘ ਨੂੰ ਪੱਤਰ ਦੇ ਕੇ ਮੰਗ ਕੀਤੀ ਕਿ ਪੱਤਰਕਾਰਾਂ ਨੂੰ ਇਸ ਚੋਣ ਸਮੇਂ ਪਹਿਲਾਂ ਦੀ ਤਰ੍ਹਾ ਹਾਲ ਵਿੱਚ ਬੈਠ ਕੇ ਕਵਰੇਜ ਕਰਨ ਦੀ ਆਗਿਆ ਦਿੱਤੀ ਜਾਵੇ।ਐਸੋਸੀਏਸ਼ਨ ਦੇ ਪ੍ਰਧਾਨ ਜਸਬੀਰ ਸਿੰਘ ਪੱਟੀ ਦੀ ਪ੍ਰਧਾਨਗੀ ਹੇਠ ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ ਇੱਕ ਮੰਗ ਪੱਤਰ ਬਕਾਇਦਾ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਨਿਸ਼ਾਨ ਸਿੰਘ ਤੇ ਲੋਕ ਸੰਪਰਕ ਅਧਿਕਾਰੀ ਜਗਤਾਰ ਸਿੰਘ ਨੂੰ ਦਿੱਤਾ ਗਿਆ। ਦੋਹਾਂ ਅਧਿਕਾਰੀਆਂ ਨੇ ਕਿਹਾ ਕਿ ਮੰਗ ਪੱਤਰ ਪ੍ਰਧਾਨ ਸਾਹਿਬ ਤੱਕ ਪੁੱਜਦਾ ਕਰ ਦਿੱਤਾ ਜਾਵੇਗਾ ਤੇ ਉਮੀਦ ਹੈ ਕਿ ਇਸ ਦੇ ਉਸਾਰੂ ਸਿੱਟੇ ਨਿਕਲਣਗੇ।ਇਸ ਸਮੇਂ ਮੰਗ ਪੱਤਰ ਦੇਣ ਵਾਲਿਆਂ ਵਿੱਚ ਪ੍ਰਧਾਨ ਜਸਬੀਰ ਸਿੰਘ ਪੱਟੀ ਤੋਂ ਇਲਾਵਾ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ, ਜ਼ਿਲ੍ਹਾ ਪ੍ਰਧਾਨ ਰਾਜੇਸ਼ ਸ਼ਰਮਾ, ਕੰਵਲਜੀਤ ਸਿੰਘ ਤੇ ਨਰਿੰਦਰਜੀਤ ਸਿੰਘ ਸ਼ਾਮਲ ਸਨ।

## ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਤ ਨਿਮਾਣੇ 'ਚ ਦੂਜਾ ਕਬੱਡੀ ਕੱਪ ਅੱਜ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸਮਰਪਤ ਪਿੰਡ ਨਿਮਾਣੇ 'ਚ ਦੂਜਾ ਕਬੱਡੀ ਕੱਪ ਸਮੂਹ ਨਗਰ ਦੇ ਸਹਿਯੋਗ ਨਾਲ ਪਿੰਡ ਨਿਮਾਣੇ ਵਿੱਚ 27 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਮਨੂ ਮਸਾਨਾ ਕਬੱਡੀ ਕਲੱਬ ਘਰਿਆਲਾ, ਨਾਨਕਸਰ ਕਬੱਡੀ ਕਲੱਬ ਗੁਰਦਾਸਪੁ, ਮਹਾਂਵੀਰ ਕਬੱਡੀ ਕਲੱਬ ਯੂ ਐਸ ਏ, ਬਾਬਾ ਬੰਦਾ ਸਿੰਘ ਬਹਾਦਰ ਕਬੱਡੀ ਕਲੱਬ ਮੈਲਬੌਰਨ ਟੀਮਾਂ ਭਾਗ ਲੈਣਗੀਆਂ। ਜਿਸ ਵਿੱਚ ਕਬੱਡੀ 35 ਕਿਲੋ, ਕਬੱਡੀ 70 ਕਿਲੋ 40 ਸਾਲਾ ਅਤੇ ਇੱਕ ਲੜਕੀਆਂ ਦਾ ਸ਼ੋਅ ਮੈਚ ਵੀ ਕਰਵਾਇਆ ਜਾਵੇਗਾ। ਗਗਨਦੀਪ ਸਿੰਘ ਖੰਨਾ ਨੇ ਇੱਕ ਮੀਟਿੰਗ ਦੌਰਾਨ ਆਪਣੇ ਸਾਥੀਆਂ ਸਮੇਤ ਦੱਸਿਆ ਕਿ ਇਸ ਵਿੱਚ ਬੈਸਟਾਂ ਲਈ ਸਰਪ੍ਰਾਈਜ਼ ਦਿੱਤੇ ਜਾਣਗੇ ਅਤੇ ਜੇਤੂ ਰਹੇ ਖਿਡਾਰੀਆਂ ਨੂੰ ਨਗਦ ਇਨਾਮ ਟਰਾਫੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਹਨਾਂ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ ਵੱਧ ਤੋਂ ਵੱਧ ਸਮਾਜਿਕ ਬੁਰਾਈਆਂ ਨੂੰ ਛੱਡ ਕੇ ਅਜਿਹੇ ਕਬੱਡੀ ਕਲੱਬਾਂ 'ਚ ਭਾਗ ਲੈ ਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਤੇ ਆਪਣੇ ਪਰਵਾਰ ਦੇ ਨਾਮ ਅਤੇ ਆਪਣੇ ਪਿੰਡ ਦੇ ਨਾਮ ਨੂੰ ਰੋਸ਼ਨ ਕਰਨ । ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ, ਬਿਕਰਮਜੀਤ ਸਿੰਘ, ਸਤਨਾਮ ਸਿੰਘ ,ਉਂਕਾਰ ਸਿੰਘ ਟਹਿਣਾ, ਤਰਸੇਮ ਸਿੰਘ, ਜਰਨੈਲ ਸਿੰਘ, ਗੁਰਮੀਤ ਸਿੰਘ, ਅਮਰੀਕ ਸਿੰਘ, ਗੁਰਭੇਜ ਸਿੰਘ ਲਹਿਣਾ ਸਿੰਘ, ਕਰਮ ਸਿੰਘ, ਗੁਰਮੇਜ ਸਿੰਘ, ਸਹਿਜਪਾਲ ,ਪ੍ਰੀਤਮ ਸਿੰਘ, ਵਜ਼ੀਰ ਸਿੰਘ, ਡੈਨੀਅਲ ਮਸੀਹ ,ਕੇਵਲ ਮਸੀਹ, ਯੂਨਸ ਮਸੀਹ, ਜੈਮਸ ਮਸੀਹ, ਮੇਜਰ ਮਸੀਹ, ਸਲਵਿੰਦਰ ਸਿੰਘ ਫੌਜੀ, ਮੇਜਰ ਸਿੰਘ, ਸਾਹਿਬ ਸਿੰਘ, ਹਰਦੀਪ ਸਿੰਘ, ਦਰਸ਼ਨ ਸਿੰਘ, ਭਾਈ ਕਾਲਾ ਮਸੀਹ, ਅਮਰਬੀਰ ਸਿੰਘ, ਸਹਿਜਪਾਲ ਸਿੰਘ ਆਦਿ ਹਾਜ਼ਰ ਸਨ।

## ਸਰਪੰਚ ਸਾਬੀ ਨਾਨੋਵਾਲੀਆ ਨੇ ਵੋਟਰਾਂ, ਸਪੋਰਟਰਾਂ ਦਾ ਕੀਤਾ ਧੰਨਵਾਦ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਚਾਇਤੀ ਚੋਣਾਂ ਦੌਰਾਨ ਪਿੰਡ ਨਾਨੋਵਾਲ ਖੁਰਦ ਤੋਂ ਜੇਤੂ ਰਹੇ ਸਰਪੰਚ ਸਿਮਰਨਪਾਲ ਸਿੰਘ ਸਾਬੀ ਨਾਨੋਵਾਲੀਆ ਪੁੱਤਰ ਜੁਝਾਰ ਸਿੰਘ ਨੇ ਅਤੇ ਉਨ੍ਹਾਂ ਦੇ ਬਣੇ ਪੰਚਾਇਤ ਮੈਂਬਰ ਮਨਜੀਤ ਸਿੰਘ, ਜਤਿੰਦਰ ਮਸੀਹ, ਸਰਬਜੀਤ ਕੌਰ ਨੇ ਸਮੂਹ ਵੋਟਰਾਂ ਤੇ ਸਪਰੋਟਰਾਂ ਸਮੇਤ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ । ਸਰਪੰਚ ਸਿਮਰਨਪਾਲ ਸਿੰਘ ਸਾਬੀ ਨਾਨੋਵਾਲੀਆ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 883 ਵੋਟਾਂ ਸਨ, ਜਿਸ ਵਿੱਚੋਂ 611 ਵੋਟਾਂ ਪੋਲ ਹੋਈਆਂ ਅਤੇ 61 ਵੋਟਾਂ 'ਤੇ ਉਹ ਜੇਤੂ ਰਹੇ । ਉਹਨਾਂ ਕਿਹਾ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ। ਹਰੇਕ ਵੋਟਰ ਤੇ ਸਪੋਰਟਰ ਦੀ ਪਹਿਲ ਦੇ ਅਧਾਰ 'ਤੇ ਮਦਦ ਕੀਤੀ ਜਾਵੇਗੀ ਅਤੇ ਪਿੰਡ 'ਚ ਸਰਕਾਰ ਵੱਲੋਂ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ । ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ ਅਤੇ ਹਰੇਕ ਵੋਟਰ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਨਵੀਂ ਬਣੀ ਪੰਚਾਇਤ ਦਾ ਪਿੰਡ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੋਟਰਾਂ ਸਪੋਰਟਰਾਂ ਦੇ ਵੱਲੋਂ ਹਾਰ ਪਾ ਕੇ ਸਮੁੱਚੀ ਪੰਚਾਇਤ ਦਾ ਸਵਾਗਤ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ, ਸਰਪੰਚ ਦਲਜੀਤ ਸਿੰਘ, ਸਰਪੰਚ ਹਰਵਿੰਦਰ ਸਿੰਘ, ਜਗਦੀਪ ਸਿੰਘ, ਗੁਰਿੰਦਰ ਸਿੰਘ, ਬਿਕਰਮਜੀਤ ਸਿੰਘ, ਇਕਬਾਲ ਸਿੰਘ, ਰਵਿੰਦਰ ਸਿੰਘ, ਮਹਾਂਵੀਰ ਸਿੰਘ, ਮਨਦੀਪ ਸਿੰਘ, ਹਰਨਾਮ ਸਿੰਘ, ਰਵਿੰਦਰ ਮਸੀਹ, ਧਰਮਜੋਤ ਸਿੰਘ, ਪਰਮਜੀਤ ਸਿੰਘ, ਦਰਸ਼ਨ ਸਿੰਘ ਤੇ ਸਮੂਹ ਵੋਟਰ ਤੇ ਸਪੋਰਟਰ ਆਦਿ ਪਿੰਡ ਵਾਸੀ ਹਾਜ਼ਰ ਸਨ।

## ਨੰਗਲ ਪੰਨੂਆਂ ਦੇ ਸਰਪੰਚ ਅਮਰਜੋਤ ਸਿੰਘ ਰਾਣਾ ਤੇ ਸਮੁੱਚੀ ਪੰਚਾਇਤ ਵੱਲੋਂ ਪਿੰਡ ਵਾਸੀਆਂ ਦਾ ਧੰਨਵਾਦ



**ਮਜੀਠਾ (ਸੋਇਮ ਆਨੰਦ)**-ਬਲਾਕ ਮਜੀਠਾ ਅਧੀਨ ਪਿੰਡ ਨੰਗਲ ਪੰਨੂਆਂ ਵਿਖੇ ਨਵੇਂ ਚੁਣੇ ਗਏ ਨੌਜਵਾਨ ਸਰਪੰਚ ਅਮਰਜੋਤ ਸਿੰਘ ਰਾਣਾ ਅਤੇ ਸਮੁੱਚੀ ਪੰਚਾਇਤ ਨੇ ਉਨ੍ਹਾਂ ਨੂੰ ਜਿੱਤ ਦੁਆਉਣ 'ਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪਿੰਡ ਨੰਗਲ ਪੰਨੂਆਂ ਵਿਚ ਉਨ੍ਹਾਂ ਦੇ ਸਮਰਥਕਾਂ ਵਲੋਂ ਨਵੀਂ ਚੁਣੀ ਗਈ ਸਮੁੱਚੀ ਪੰਚਾਇਤ ਨੂੰ ਆਪਣੇ ਆਪਣੇ ਘਰਾਂ ਵਿਚ ਬੁਲਾ ਕੇ ਸਨਮਾਨਤ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਨਵੀਂ ਚੁਣੀ ਗਈ ਪੰਚਾਇਤ ਤੋਂ ਪਿੰਡ ਵਾਸੀਆਂ ਨੂੰ ਭਾਰੀ ਉਮੀਦਾਂ ਹਨ ਕਿ ਇਹ ਨਵੇ ਚੁਣੇ ਗਏ ਸਰਪੰਚ ਅਤੇ ਮੈਂਬਰ ਪਿੰਡ ਦਾ ਬਿਨਾਂ ਕਿਸੇ ਭੇਦਭਾਵ ਸਰਵਪੱਖੀ ਵਿਕਾਸ ਕਰਵਾਉਣਗੇ। ਸਰਪੰਚ ਅਮਰਜੋਤ ਸਿੰਘ ਰਾਣਾ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਪਿੰਡ ਦੇ ਸਾਰੇ ਵਰਗਾਂ ਅਤੇ ਮੋਹਤਬਰਾਂ ਨੂੰ ਨਾਲ ਲੈ ਕੇ ਪਿੰਡ ਦੇ ਸਰਵਪੱਖੀ ਵਿਕਾਸ ਵਾਸਤੇ ਵਿਉਂਤਬੰਦੀ ਕਰਨੀ ਅਤੇ ਬਿਨਾਂ ਭੇਦਭਾਵ ਪਿੰਡ ਦੇ ਵਿਕਾਸ ਕਾਰਜ ਕਰਵਾਉਣੇ ਹਨ। ਉਨ੍ਹਾਂ ਨੇ ਪਿੰਡ ਵਾਸੀਆਂ ਪਾਸੋ ਪਿੰਡ ਦੇ ਕੰਮ ਕਰਵਾਉਣ ਵਾਸਤੇ ਸਹਿਯੋਗ ਦੀ ਵੀ ਮੰਗ ਕੀਤੀ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ।ਪਿੰਡ ਵਾਸੀਆਂ ਵਲੋਂ ਸਰਪੰਚ ਅਮਰਜੋਤ ਸਿੰਘ ਰਾਣਾ ਅਤੇ ਨਵੇਂ ਚੁਣੇ ਗਏ ਮੈਬਰਾਂ ਨੂੰ ਸਨਮਾਨਿਤ ਕੀਤਾ । ਇਸ ਮੌਕੇ ਜਸਵੰਤ ਸਿੰਘ, ਕਿਰਨਜੋਤ ਸਿੰਘ, ਕਵਲਜੀਤ ਸਿੰਘ, ਸੁਖਵਿੰਦਰ ਸਿੰਘ ਫੌਜੀ, ਅਮਨਦੀਪ ਸਿੰਘ, ਸੁਖਦੇਵ ਸਿੰਘ ਸੂਬੇਦਾਰ, ਮੇਜਰ ਸਿੰਘ, ਗੁਰਮੇਜ ਸਿੰਘ , ਚਰਨਜੀਤ ਕੌਰ, ਪਵਨਦੀਪ, ਮਨਜੀਤ ਕੌਰ, ਰਮਨਦੀਪ, ਅਮਰਜੀਤ ਕੌਰ, ਰੁਪਿੰਦਰਜੀਤ ਕੌਰ, ਇੰਦਰਜੀਤ ਸਿੰਘ, ਕੁਲਦੀਪ ਕੌਰ, ਕਵਲਜੀਤ ਕੋਰ ਸਮੇਤ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

## ਬਾਸਰਕੇ ਤੱਕ ਬਣਨ ਵਾਲੀ ਸੜਕ ਦੇ ਨਿਰਮਾਣ ਮਟੀਰੀਅਲ 'ਚ ਵੱਡੀ ਘਪਲੇਬਾਜ਼ੀ

**ਭਿੱਖੀਵਿੰਡ (ਰਣਬੀਰ ਸਿੰਘ ਗੋਲਣ)**- ਏ.ਬੀ.ਕੇ ਰੋਡ ਤੋਂ ਸ਼ੁਰੂ ਹੋ ਕੇ ਬਾਸਰਕੇ ਤੱਕ ਬਣਨ ਵਾਲੀ 6.15 ਕਿਲੋਮੀਟਰ ਲੰਬੀ ਸੜਕ ਜੋ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪੰਜ ਸਾਲ ਬਾਅਦ ਬਣਨ ਜਾ ਰਹੀ ਹੈ, ਦੇ ਨਿਰਮਾਣ ਕਾਰਜਾਂ ਵਿੱਚ ਵੱਡੇ ਪੱਧਰ 'ਤੇ ਘਪਲੇਬਾਜ਼ੀ ਚੱਲ ਰਹੀ ਹੈ। ਜਿਸ ਬਾਬਤ ਇਲਾਕੇ ਦੇ ਲੋਕਾਂ ਅੰਦਰ ਵੱਡਾ ਰੋਸ ਹੈ। ਇਸ ਬਾਬਤ ਗੁਰਸਾਹਿਬ ਸਿੰਘ ਅਤੇ ਰਸਾਲ ਸਿੰਘ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੇ 60 ਪ੍ਰਤੀਸ਼ਤ ਅਤੇ 40% ਹਿੱਸੇਦਾਰੀ ਤਹਿਤ ਇਹ ਸੜਕ 423.80 ਲੱਖ ਰੁਪਏ ਦੀ ਲਾਗਤ ਨਾਲ ਬਣ ਜਾ ਰਹੀ ਹੈ । ਪਰ ਇਸ ਵਿੱਚ ਬਣਨ ਵਾਲੀਆਂ 19 ਪੁਲੀਆਂ ਜੋ ਕਿ ਨਵੇਂ ਸਿਰਿਓਂ ਸੜਕ ਦੀ ਉਚਾਈ ਮੁਤਾਬਕ ਬਣਾਉਣੀਆਂ ਸਨ, ਦੀ ਬਜਾਏ ਸਿਰਿਆਂ ਉੱਪਰ ਇੱਟਾਂ ਲਗਾ ਕੇ ਕੰਮ ਸਾਰਿਆ ਜਾ ਰਿਹਾ ਹੈ। ਸੜਕ ਦੀ ਕਿਨਾਰੀ ਅਤੇ ਪੁਲੀਆਂ ਆਦਿ ਦੇ ਨਿਰਮਾਣ ਵਿੱਚ ਹੱਦੋਂ ਵੱਧ ਘਟੀਆ ਮਿਆਰ ਦੀਆਂ ਇੱਟਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਸਲ ਸ਼ਰਤਾਂ ਮੁਤਾਬਕ ਇਸ ਸੜਕ ਉੱਪਰ 197 ਟਰੱਕ ਯਾਨੀ ਕਿ 7.5 ਸੈਂ.ਮੀ. ਮੋਟੀ ਚਿੱਟੇ ਪੱਥਰ ਦੀ ਤੈਅ ਵਿਛਾਉਣੀ ਸੀ, ਜਿਸ ਉੱਪਰ ਮਿੱਟੀ ਅਤੇ ਪਾਣੀ ਪਾ ਕੇ ਕੁਟਾਈ ਅਤੇ ਸੁਕਾਈ ਕਰਨ ਤੋਂ ਬਾਅਦ ਪੀਸੀ (ਲੁੱਕ ਵਾਲੀ ਬੱਜਰੀ) ਦਾ ਵਰਕ ਹੋਣਾ ਸੀ। ਪਰ ਇੱਥੇ ਸਿੱਧੀ ਹੀ ਲੁੱਕ ਵਾਲੀ ਬੱਜਰੀ ਪਾ ਕੇ ਕੰਮ ਸਾਰ ਦਿੱਤਾ ਗਿਆ ਹੈ ਅਤੇ ਕਈ ਜਗ੍ਹਾ ਸੜਕ ਦੀ ਕਿਨਾਰੀ ਵੀ ਬਣਾਉਣੀ ਮੁਨਾਸਿਬ ਨਹੀਂ ਸਮਝੀ । ਰੇਤ ਦੀ ਬਜਾਏ ਲੋਕਲ ਮਿੱਟੀ ਵਾਲੀ ਰੇਤ ਦੀ ਵਰਤੋਂ ਕੀਤੀ ਜਾ ਰਹੀ ਹੈ। ਜੋ ਸੜਕ ਉੱਪਰ ਪੀਸੀ ਪਾਈ ਗਈ ਹੈ ਉਸ ਦੀ ਘੱਟ ਮਾਤਰਾ ਅਤੇ ਲੁੱਕ ਦੀ ਕਮੀ ਸ਼ਰੇਆਮ ਦਿਖਾਈ ਦਿੰਦੀ ਹੈ। ਜਿਸ ਦੇ ਚਲਦਿਆਂ ਸੜਕ ਬਣਨ ਤੋਂ ਬਾਅਦ ਉਖੜਨੀ ਸ਼ੁਰੂ ਹੋ ਗਈ ਹੈ। ਸੜਕ ਦੇ ਬਰਮਾਂ ਉੱਪਰ ਮਿੱਟੀ ਨਾ ਪਾਉਣ ਕਾਰਨ ਵੀ ਕਈ ਥਾਵਾਂ ਤੋਂ ਸੜਕ ਟੁੱਟ ਗਈ ਹੈ । ਸੜਕ ਦੇ ਨਿਰਮਾਣ ਕਾਰਜਾਂ ਬਾਬਤ ਜਦੋਂ ਸੰਬੰਧਤ ਠੇਕੇਦਾਰ ਨਾਲ ਗੱਲ ਕਰਕੇ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨਾਂ ਵੱਲੋਂ ਇਸ ਬਾਰੇ ਸਬੰਧਤ ਐਸ ਡੀ ਓ ਨਾਲ ਗੱਲ ਕਰਨ ਦਾ ਕਹਿ ਕੇ ਆਪਣਾ ਪੱਲਾ ਝਾੜ ਲਿਆ ਗਿਆ । ਦੂਜੇ ਪਾਸੇ ਜਦੋਂ ਇਸ ਬਾਬਤ ਨਿਗਰਾਨ ਇੰਜੀਨੀਅਰ ਐਕਸੀਅਨ ਪੰਜਾਬ ਰਾਜ ਮੰਡੀਕਰਨ ਬੋਰਡ ਰੁਪਿੰਦਰ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਵੱਲੋਂ ਜਿੱਥੇ ਘਟੀਆ ਮਟੀਰੀਅਲ ਅਤੇ ਖਰਾਬ ਸੜਕ ਨਿਰਮਾਣ ਨੂੰ ਠੀਕ ਕਰਨ ਦੀ ਗੱਲ ਆਖੀ, ਉੱਥੇ ਹੀ ਸੜਕ ਦੇ ਬਰਮਾਂ ਉੱਪਰ ਮਿੱਟੀ ਪਾਉਣ ਨੂੰ ਲੈ ਕੇ ਬੜਾ ਹਾਸੋਹੀਣਾ ਜਵਾਬ ਦਿੱਤਾ ਗਿਆ । ਉਹਨਾਂ ਦਾ ਕਹਿਣਾ ਸੀ ਕਿ ਸੜਕ ਦੇ ਬਰਮਾਂ (ਕੰਢਿਆਂ) ਉੱਪਰ ਨੇੜਲੇ ਜ਼ਿਮੀਦਾਰਾਂ (ਕਿਸਾਨਾਂ) ਨੇ ਮਿੱਟੀ ਪਾਉਣੀ ਹੁੰਦੀ ਹੈ। ਸਬ ਡਵੀਜ਼ਨ ਭਿੱਖੀਵਿੰਡ ਦੇ ਐਸ ਡੀ ਐਮ ਗੁਰਦੇਵ ਸਿੰਘ ਧੰਮ ਦੇ ਧਿਆਨ ਵਿੱਚ ਜਦੋਂ ਇਹ ਸਾਰਾ ਮਾਮਲਾ ਲਿਆਂਦਾ ਗਿਆ ਤਾਂ ਉਹਨਾਂ ਵੱਲੋਂ ਸੜਕ ਨਿਰਮਾਣ ਵਿੱਚ ਵਰਤੇ ਜਾ ਰਹੇ ਘਟੀਆ ਮਟੀਰੀਅਲ ਅਤੇ ਮਾੜੇ ਨਿਰਮਾਣ ਕਾਰਜਾਂ ਦੀ ਜਾਂਚ ਦਾ ਭਰੋਸਾ ਦਿੱਤਾ ਗਿਆ।

## ਬਾਬਾ ਆਇਆ ਸਿੰਘ ਰਿਆੜਕੀ ਕਾਲਜ ਦੀਆਂ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਦਿੱਤੀ ਧਾਰਮਿਕ ਪ੍ਰੀਖਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੀਆਂ ਸਿੱਖਿਆ ਸੰਸਥਾਵਾਂ ਦੇ 1222 ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਬਿਨਾਂ ਨਕਲ 'ਤੇ 21000 ਰੁ. ਦਾ ਨਕਦ ਇਨਾਮ ਰੱਖ ਕੇ ਦਿੱਤੀ । ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਜੇਕਰ ਅਕਾਦਮਿਕਤਾ ਦੇ ਨਤੀਜੇ ਹੋਣ ਤਾਂ ਵੀ ਸਾਡੇ ਵਿਦਿਆਰਥੀ 100 ਫੀਸਦੀ ਫਸਟ ਡਵੀਜ਼ਨਾਂ 'ਚ ਮੱਲਾਂ ਮਾਰਦੇ ਹਨ ਤੇ ਜੇਕਰ ਧਾਰਮਿਕਤਾ ਦਾ ਖੇਤਰ ਹੋਵੇ ਤਾਂ ਉਸ ਵਿੱਚ ਵੀ ਪੰਜਾਬ ਭਰ ਵਿੱਚੋਂ ਪਹਿਲੇ ਸਥਾਨਾਂ 'ਤੇ ਕਾਬਜ਼ ਹੁੰਦੇ ਹਨ। ਉਹਨਾਂ ਕਿਹਾ ਕਿ ਧਾਰਮਿਕਤਾ - ਸੱਚ ਆਚਾਰ, ਸਦਾਚਾਰ, ਉੱਚ ਕਿਰਦਾਰ ਤੇ ਚੰਗੇ ਕਰੈਕਟਰ ਦਾ ਬੀਜ ਬੀਜਦੀ ਹੈ ਅਤੇ ਅਜਿਹਾ ਬੀਜ ਬੀਜਣ ਲਈ ਸੰਸਥਾ ਦਾ ਹਰ ਵਿਦਿਆਰਥੀ ਧਾਰਮਿਕ ਪ੍ਰੀਖਿਆ ਵਿੱਚ ਅਪੀਅਰ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਸੈਂਕੜੇ ਵਿਦਿਆਰਥੀ ਸ਼ੀਲਡਾਂ ਜਿੱਤਦੇ ਹਨ ਅਤੇ ਲੱਖਾਂ ਦੇ ਵਜ਼ੀਫੇ ਜਿੱਤ ਕੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਦੇ ਹਨ।ਇਸ ਸਾਲ ਇਸ ਪ੍ਰੀਖਿਆ ਵਿੱਚ ਪਹਿਲੇ ਦਰਜੇ ਦੇ 247 ਵਿਦਿਆਰਥੀ ਅਪੀਅਰ ਹੋਏ, ਦੂਸਰੇ ਦਰਜੇ ਦੇ 377 ਵਿਦਿਆਰਥੀ, ਤੀਸਰੇ ਦਰਜੇ ਦੇ 527 ਵਿਦਿਆਰਥੀ, ਚੌਥੇ ਦਰਜੇ ਦੇ 71 ਵਿਦਿਆਰਥੀ ਅਤੇ ਕੁੱਲ 1222 ਵਿਦਿਆਰਥੀਆਂ ਨੇ ਮਿਹਨਤ ਤੇ ਸ਼ਿੱਦਤ ਨਾਲ ਪ੍ਰੀਖਿਆ ਦਿੱਤੀ। ਕੈਂਪਸ ਵਿੱਚ ਚਾਰ ਵੱਖੋ ਵੱਖਰੇ ਪ੍ਰੀਖਿਆ ਕੇਂਦਰਾਂ ਵਿੱਚ ਸਿੱਖ ਮਿਸ਼ਨਰੀ ਦੇ ਸੁਪਰਡੈਂਟ ਅਧੀਨ ਸੰਸਥਾ ਦੇ ਵਿਦਿਆਰਥੀਆਂ ਨੇ ਬਾਖੂਬੀ ਡਿਊਟੀ ਨਿਭਾਈ।ਇਸ ਮੌਕੇ ਬਾਹਰੋਂ ਆਏ ਸੁਪਰਡੈਂਟ ਸਟਾਫ ਵੱਲੋਂ ਹੈਰਾਨਗੀ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਤੱਕ ਉਹਨਾਂ ਨੇ ਅਜਿਹਾ ਕੋਈ ਵੀ ਪ੍ਰੀਖਿਆ ਕੇਂਦਰ ਨਹੀਂ ਵੇਖਿਆ ਜਿੱਥੇ ਵਿਦਿਆਰਥੀ ਨਕਲ ਨਹੀਂ ਕਰਦੇ ਅਤੇ ਸਾਰੀਆਂ ਜ਼ਿੰਮੇਵਾਰੀਆਂ ਖੁਦ ਹੀ ਨਿਭਾਉਂਦੇ ਹਨ। ਅਖੀਰ ਸੁਪਰਡੈਂਟ ਅਤੇ ਸੁਪਰਵਾਈਜ਼ਰ ਸਟਾਫ ਦਾ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਅਤੇ ਸਟੂਡੈਂਟ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

## ਨਗਰ ਪੰਚਾਇਤ ਵੱਲੋਂ ਸਫਾਈ ਅਭਿਆਨ ਚਲਾਉਣਾ ਸ਼ਲਾਘਾਯੋਗ ਕਦਮ : ਅਮਨਦੀਪ ਕੌਰ ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਨਗਰ ਪੰਚਾਇਤ ਅਜਨਾਲਾ ਵੱਲੋਂ ਸਫਾਈ ਪੰਦਰਵਾੜਾ ਮੁਹਿੰਮ ਦੀ ਸ਼ੁਰੂਆਤ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਦੇ ਨੂੰਹ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਸਫਾਈ ਪੰਦਰਵਾੜਾ ਮੁਹਿੰਮ 'ਚ ਸਹਿਯੋਗ ਕਰਨਾ ਸਾਡੇ ਸਾਰਿਆਂ ਦਾ ਮੁਢਲਾ ਫਰਜ਼ ਹੈ। ਉਹਨਾਂ ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੀ ਤਾਰੀਫ ਕਰਦਿਆਂ ਕਿਹਾ ਕਿ ਨਗਰ ਪੰਚਾਇਤ ਅਜਨਾਲਾ ਆਪਣੇ ਹਰ ਫਰਜ਼ ਨੂੰ ਬਾਖੂਬੀ ਨਾਲ ਨਿਭਾਉਂਦੀ ਹੈ ਜਿੱਥੇ ਡੇਂਗੂ ਦੀ ਰੋਕਥਾਮ ਲਈ ਰੋਜ਼ਾਨਾ ਸਪਰੇ ਅਤੇ ਸਫਾਈ ਅਭਿਆਨ ਦੌਰਾਨ ਵੀ ਉਹਨਾਂ ਨੇ ਅਜਨਾਲੇ ਸ਼ਹਿਰ ਨੂੰ ਸਾਫ ਰੱਖਣ ਵਿੱਚ ਆਪਣਾ ਮੋਹਰੀ ਰੋਲ ਅਦਾ ਕੀਤਾ ਹੈ। ਇਸ ਮੌਕੇ ਉਹਨਾਂ ਨਾਲ ਕੌਂਸਲਰ ਰਾਜਬੀਰ ਕੌਰ ਚਾਹਲ, ਨੰਦ ਲਾਲ, ਬਲਜਿੰਦਰ ਕੌਰ, ਰਮਿੰਦਰ ਕੌਰ ਸਾਰੇ ਕੌਂਸਲਰ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਸੁਖਦਿਆਲ ਸਿੰਘ ਭੱਖਾ, ਗੋਰਾ ਸੱਗੂ, ਸ਼ਮਸ਼ੇਰ ਸਿੰਘ, ਗੁਰਦੀਪ ਕੌਰ, ਮੈਡਮ ਸੀਮਾ, ਹਰਪ੍ਰੀਤ ਸਿੰਘ ਸੋਹਲ, ਗੁਰਨਾਮ ਸਿੰਘ, ਅਜੇ ਕੁਮਾਰ, ਬਲਜਿੰਦਰ ਸਿੰਘ ਮਾਹਲ, ਹੈਪੀ ਗਿੱਲ, ਗੁਰਿੰਦਰ ਸਿੰਘ ਗੁਜਰਪੁਰਾ ਅਤੇ ਨਗਰ ਪੰਚਾਇਤ ਦੇ ਇੰਸਪੈਕਟਰ ਦਵਿੰਦਰ ਕੁਮਾਰ, ਠਾਕਰ ਪ੍ਰਦੀਪ ਕੁਮਾਰ ਤਰੇਹਨ, ਕੁਲਦੀਪ ਰਾਜ ਸ਼ਰਮਾ ਅਤੇ ਦਿਲਬਾਗ ਸਿੰਘ ਭੁੱਲੀ ਆਦੀ ਹਾਜ਼ਰ ਸਨ।

## ਬਾਬਾ ਸ੍ਰੀ ਚੰਦ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਵ. ਮੇਜਰ ਸਤਿੰਦਰ ਪਾਲ ਸਿੰਘ ਬੇਦੀ ਦੇ ਪਰਵਾਰ ਵੱਲੋਂ ਅੱਜ ਯੋਗੇਸ਼ਵਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ ਉਨ੍ਹਾਂ ਦੇ ਗ੍ਰਹਿ ਗਲੀ ਆਰੀਆ ਸਮਾਜ ਮੰਦਰ ਡੇਰਾ ਬਾਬਾ ਨਾਨਕ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਭਾਈ ਗੁਰਪ੍ਰੀਤ ਸਿੰਘ ਜੌੜੀਆਂ ਕਲਾਂ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਕੀਰਤਨੀ ਜਥੇ ਵੱਲੋਂ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਪਰਵਾਰ ਵੱਲੋਂ ਲੰਗਰ ਭੰਡਾਰਾ ਲਗਾਇਆ ਗਿਆ । ਇਸ ਮੌਕੇ ਪਰਵਾਰ ਦੇ ਮੁਖੀ ਪਰਮਿੰਦਰ ਸਿੰਘ ਬੇਦੀ, ਮਨਿੰਦਰ ਸਿੰਘ ਬੇਦੀ, ਕਮਲੇਸ਼ਵਰ ਸਿੰਘ ਬੇਦੀ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ । ਇਸ ਮੌਕੇ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਮਹੰਤ ਬਾਬਾ ਮੇਜਰ ਦਾਸ, ਐਡਵੋਕੇਟ ਰਾਜਨ ਬੇਦੀ, ਸੁਭਾਸ਼ ਚੰਦਰ ਮਰਵਾਹਾ, ਪ੍ਰਮੋਦ ਕੁਮਾਰ ਭੰਡਾਰੀ, ਐਡਵੋਕੇਟ ਅਸ਼ਵਨੀ ਪੁਰੀ ਗੁਰਦਾਸਪੁਰ, ਰਵੀ ਪੁਰੀ ਐਸ.ਐਸ.ਪੀ ਪੋਸਟਲ ਗੁਰਦਾਸਪੁਰ, ਮਨਿੰਦਰ ਬੇਦੀ ਐਸ ਪੀ ਪੁਲਸ ਲੁਧਿਆਣਾ, ਰਾਜੇਸ਼ ਜਸਵਾਲ ਗੁਰਦਾਸਪੁਰ, ਡਾਕਟਰ ਸੁਸ਼ਾਤ ਖੋਸਲਾ, ਯੁਵਰਾਜ ਖੋਸਲਾ, ਸੰਜੀਵ ਸੋਧੀ, ਅੰਕੁਸ਼ ਸੋਢੀ, ਸੁਮਿਤ ਮਹਿੰਦਰੂ, ਜੁਗਲ ਕਿਸ਼ੋਰ ਖੋਸਲਾ, ਅਨੀਤਾ ਖੋਸਲਾ, ਰਾਹੁਲ ਮਰਵਾਹਾ, ਦਰਸ਼ਨਾਂ ਮਰਵਾਹਾ, ਤੇਜਿੰਦਰ ਸਿੰਘ ਪੂੰਨੀ, ਹੀਰਾ ਲਾਲ ਜੰਡਿਆਲ, ਰੁਪੇਸ਼ ਐਸ ਬੇਦੀ, ਸ਼ੁਭ ਆਗਮਨ ਸਿੰਘ ਬੇਦੀ, ਰੋਹਿਤ ਭੰਡਾਰੀ, ਐਡਵੋਕੇਟ ਅਭਿਸ਼ੇਕ ਪੁਰੀ, ਸਰਵ ਸਰੇਸ਼ਟ ਬੇਦੀ, ਅੰਜੂ ਬੇਦੀ, ਸੁਨੀਤਾ ਪੁਰੀ ਨਬ, ਸੰਗੀਤਾ ਭੰਡਾਰੀ, ਨਿਸ਼ਕਾਮਨੀ ਬੇਦੀ, ਮਹਿਮਾ ਬੇਦੀ, ਪ੍ਰਤਿਸ਼ਟਾ ਬੇਦੀ, ਸ਼ਕਤੀ ਸੰਪੰਨ ਬੇਦੀ, ਸੁਖਪ੍ਰੀਤ ਕੌਰ, ਅਨੀਤਾ ਬੇਦੀ, ਮਾਸਟਰ ਜੋਗਿੰਦਰ ਬੇਦੀ, ਪਾਲੀ ਬੇਦੀ, ਜਸਪਾਲ ਸਿੰਘ ਬੇਦੀ, ਲੈਕਚਰਾਰ ਪਰਮਿੰਦਰ ਸਿੰਘ, ਚੇਤਨ ਭਾਸਕਰ, ਸੱਤਪਾਲ ਜਖਮੀ, ਲਵ ਸਰਨਾ ਅਤੇ ਰਮੇਸ਼ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।

## ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਨੇ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਕੱਢੀ ਜਾਗਰੂਕਤਾ ਰੈਲੀ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਾਰ ਸੇਵਾ ਖਡੂਰ ਸਾਹਿਬ ਦੇ ਮੁਖੀ ਸਤਿਕਾਰਯੋਗ ਬਾਬਾ ਸੇਵਾ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ ਦੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਦੀਵਾਲੀ 'ਤੇ ਪਟਾਕੇ ਨਾ ਚਲਾਉਣ ਸਬੰਧੀ ਖਡੂਰ ਸਾਹਿਬ ਦੇ ਬਜ਼ਾਰਾਂ ਵਿੱਚ ਜਾਗਰੂਕਤਾ ਰੈਲੀ ਕੱਢੀ ਗਈ। ਸਕੂਲ ਪ੍ਰਿੰਸੀਪਲ ਅਮਰਜੀਤ ਸਿੰਘ ਨੇ ਦੱਸਿਆ ਕਿ ਵਾਤਾਵਰਣ ਦੀ ਸੰਭਾਲ ਨੂੰ ਮੁੱਖ ਰੱਖਦਿਆਂ ਸਕੂਲ ਦੇ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਸਟਾਫ ਵਲੋਂ ਨਿਸ਼ਾਨ-ਏ-ਸਿੱਖੀ ਸਕੂਲ ਖਡੂਰ ਸਾਹਿਬ ਤੋਂ ਪੈਦਲ ਚੱਲ ਕੇ ਪਰਾਲੀ ਨੂੰ ਅੱਗ ਨਾ ਲਗਾਉਣ, ਦੀਵਾਲੀ 'ਤੇ ਪਟਾਕੇ ਨਾ ਚਲਾਉਣ ਅਤੇ ਵਾਤਾਵਰਣ ਦੀ ਸਾਂਭ- ਸੰਭਾਲ ਸਬੰਧੀ ਵੱਖ-ਵੱਖ ਨਾਅਰਿਆਂ ਦੀਆਂ ਤਖਤੀਆਂ ਫੜ ਕੇ ਖਡੂਰ ਸਾਹਿਬ ਦੇ ਬਜ਼ਾਰ ਅਤੇ ਗਲੀਆਂ ਵਿੱਚ ਪੈਦਲ ਰੈਲੀ ਕੱਢੀ ਗਈ।ਵਿਦਿਆਰਥੀਆਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਰੱਖਣ ਸਬੰਧੀ ਵੱਖ-ਵੱਖ ਨਾਅਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਪਟਾਕੇ ਨਾ ਚਲਾ ਕੇ ਹਰੀ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਗਈ। ਇਸ ਰੈਲੀ ਵਿੱਚ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਦੇ ਸਕੱਤਰ ਅਵਤਾਰ ਸਿੰਘ ਬਾਜਵਾ, ਕਾਰ ਸੇਵਾ ਖਡੂਰ ਸਾਹਿਬ ਵੱਲੋਂ ਬਾਬਾ ਬਲਦੇਵ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਇਸ ਰੈਲੀ ਦੀ ਸ਼ਲਾਘਾ ਕੀਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਅੰਤ ਵਿੱਚ ਸਤਿਕਾਰਯੋਗ ਬਾਬਾ ਸੇਵਾ ਸਿੰਘ ਵੱਲੋਂ ਇਸ ਰੈਲੀ ਵਿੱਚ ਸ਼ਾਮਿਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਦੀਵਾਲੀ 'ਤੇ ਪਟਾਕੇ ਨਾ ਚਲਾਉਣ ਅਤੇ ਪਰਾਲੀ ਨਾ ਸਾੜਨ ਦੀ ਸ਼ੁਰੂਆਤ ਸਾਨੂੰ ਆਪਣੇ ਘਰਾਂ ਤੋਂ ਕਰਨੀ ਜ਼ਰੂਰੀ ਹੈ ਤਾਂ ਹੀ ਇਸ ਰੈਲੀ ਦੇ ਅਸਲੀ ਮੰਤਵ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ।

## ਸਰਕਾਰੀ ਆਈ ਟੀ ਆਈ 'ਚ 'ਕੌਸ਼ਲ ਦੀਕਸ਼ਾਂਤ ਸਮਾਰੋਹ ' ਕਰਵਾਇਆ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)** -ਮਿਨਿਸਟਰੀ ਆਫ ਸਕਿਲ ਡਿਵੈਲਪਮੈਂਟ ਅਤੇ ਇੰਟਰਪ੍ਰਨਿਅਰਸ਼ਿਪ, ਭਾਰਤ ਸਰਕਾਰ ਦਾ ਮੰਤਰਾਲਿਆ ਵੱਲੋਂ ਅਤੇ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਸਰਕਾਰੀ ਆਈ ਟੀ ਆਈ ਰਣਜੀਤ ਐਵਨਿਊ ਵਿਖੇ ਇਸ ਸੰਸਥਾ ਅਤੇ ਦਇਆਨੰਦ ਆਈ ਟੀ ਆਈ ਅੰਮ੍ਰਿਤਸਰ ਦੇ ਸਾਂਝੇ ਉਪਰਾਲੇ ਦੇ ਨਾਲ ਅੱਜ 'ਕੌਸ਼ਲ ਦੀਕਸ਼ਾਂਤ ਸਮਾਰੋਹ' ਸਮਾਗਮ ਕਰਵਾਇਆ ਗਿਆ। ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਸਨ। ਉਹਨਾਂ ਦੇ ਨਾਲ ਪ੍ਰਮੁੱਖ ਉਦੋਗਪਤੀ ਲਵਤੇਸ਼ ਸਚਦੇਵਾ ਮਾਲਕ ਨਾਵਲਟੀ ਗਰੁੱਪ ਅਤੇ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ, ਜਤਿੰਦਰ ਪਾਲ ਸਿੰਘ ਮੋਤੀ ਭਾਟੀਆ ਸਾਬਕਾ ਕੌਂਸਲਰ ਅਤੇ ਗੌਰਵ ਅਗਰਵਾਲ ਆਗੂ ਆਪ ਪਾਰਟੀ ਦੇ ਨੁਮਾਇੰਦੇ ਹਾਜ਼ਰ ਸਨ ।ਧਾਲੀਵਾਲ ਨੇ ਤਕਰੀਬਨ 150 ਸਿਖਿਆਰਥੀਆਂ ਨੂੰ ਜੋ ਕਿ ਆਪਣੀ ਆਪਣੀ ਟ੍ਰੇਡ 'ਚੋਂ ਫਸਟ, ਸੈਕੰਡ, ਥਰਡ ਆਏ ਸਨ, ਨੂੰ ਅਤੇ ਦੋਨਾਂ ਸੰਸਥਾਵਾਂ ਦੇ ਇੰਸਟਰਕਟਰ ਸਾਹਿਬਾਨ ਜਿਨ੍ਹਾਂ ਨੂੰ ਟਾਟਾ ਸਟਰਾਈਵ ਅਤੇ ਸੀਮਨ ਕੰਪਨੀ ਵੱਲੋਂ ਟ੍ਰੇਨਿੰਗ ਕਰਵਾਈ ਗਈ ਸੀ, ਉਸ ਦੇ ਸਰਟੀਫਿਕੇਟ ਵੰਡੇ। ਪ੍ਰਿੰਸੀਪਲ ਇੰਜੀਨੀਅਰ ਸੰਜੀਵ ਸ਼ਰਮਾ ਅਤੇ ਦੋਨਾਂ ਸੰਸਥਾਵਾਂ ਦੇ ਸਟਾਫ ਅਤੇ ਸਿਖਿਆਰਥੀਆਂ ਨੇ ਉਹਨਾਂ ਦਾ ਸਵਾਗਤ ਕਰਦਿਆਂ ਉਹਨਾਂ ਨੂੰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਉਚੇਚੇ ਉਪਰਾਲਿਆਂ ਦੇ ਨਾਲ ਤਕਨੀਕੀ ਸਿੱਖਿਆ ਦਾ ਵਧੀਆ ਮਿਆਰ ਕਰਵਾਉਣ ਦੇ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਇਸ ਸੰਸਥਾ ਵਿਖੇ ਸਾਰੇ ਸਿਖਿਆਰਥੀਆਂ ਨੂੰ ਨੌਕਰੀਆਂ 100% ਦਿਵਾਈਆਂ ਜਾਂਦੀਆਂ ਹਨ ਅਤੇ 100% ਦਾਖਲਾ ਹੁੰਦਾ ਹੈ। ਇਹ ਸਾਰਾ ਇੱਥੋਂ ਦੇ ਮਿਹਨਤੀ ਸਟਾਫ ਦੀ ਮਿਹਨਤ ਦੇ ਨਾਲ ਸਫਲ ਹੁੰਦਾ ਹੈ। ਧਾਲੀਵਾਲ ਨੇ ਦੱਸਿਆ ਕਿ ਉਹ ਵੀ ਦਇਆਨੰਦ ਆਈ ਟੀ ਆਈ ਦੇ ਹੀ ਪੁਰਾਣੇ ਸਿਖਿਆਰਥੀ ਸਨ ਅਤੇ ਅੱਜ ਉਹਨਾਂ ਨੂੰ ਇੱਥੇ ਆ ਕੇ ਬਹੁਤ ਚੰਗਾ ਲੱਗ ਰਿਹਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਮਿਹਨਤ ਦਾ ਸਬਕ ਦਿੱਤਾ ਅਤੇ ਕਿਹਾ ਕਿ ਜ਼ਿੰਦਗੀ ਦੇ ਵਿੱਚ ਸਖਤ ਮਿਹਨਤ ਬਹੁਤ ਰੰਗ ਲਿਆਉਂਦੀ ਹੈ ਅਤੇ ਆਪਣੇ ਅਧਿਆਪਕਾਂ ਦਾ ਪੂਰਾ ਸਨਮਾਨ ਕਰਿਆ ਕਰੋ। ਉਹਨਾਂ ਨੇ ਇਸ ਮੌਕੇ ਤੇ ਆਪਣੇ ਅਧਿਆਪਕ ਸਵਰਗਵਾਸੀ ਸੰਤੋਖ ਸਿੰਘ ਨਾਗੀ ਨੂੰ ਵੀ ਯਾਦ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਾਰੇ ਸਟਾਫ ਰਵਿੰਦਰ ਸਿੰਘ ਕੋਆਰਡੀਨੇਟਰ, ਗੁਰਮੀਤ ਸਿੰਘ, ਰਾਜਦੀਪ ਸਿੰਘ, ਰਣਜੀਤ ਸਿੰਘ, ਨਵਦੀਪ ਸਿੰਘ, ਸੁਖਦੇਵ ਸਿੰਘ ਟਰੇਨਿੰਗ ਅਫਸਰ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਦੀਪਕ ਕੁਮਾਰ, ਗੁਰਸਿਮਰਨ ਸਿੰਘ, ਗੁਰਸ਼ਰਨ ਸਿੰਘ, ਮਨਦੀਪ ਸਿੰਘ, ਅਮਰੀਕ ਸਿੰਘ, ਹਰਵਿੰਦਰ ਸਿੰਘ, ਲਾਲ ਚੰਦ, ਨਰਿੰਦਰ ਪਾਲ ਸਿੰਘ, ਜਗਜੀਤ ਕੌਰ ਸੁਪਰਡੈਂਟ ਅਤੇ ਹੋਰ ਸਾਰੇ ਸਟਾਫ ਅਤੇ ਸਿਖਿਆਰਥੀਆਂ ਨੇ ਬਹੁਤ ਮਿਹਨਤ ਕੀਤੀ।

## ਬੁਤਾਲਾ ਦੀ ਨਵੀਂ ਪੰਚਾਇਤ ਨੇ ਕੀਤਾ ਅਕਾਲ ਪੁਰਖ ਦਾ ਸ਼ੁਕਰਾਨਾ



**ਬੁਤਾਲਾ ( ਨਿਰਮਲ ਸਿੰਘ ਸੰਘਾ)**- ਪਿੰਡ ਬੁਤਾਲੇ ਦੀ ਨਵੀਂ ਚੁਣੀ ਪੰਚਾਇਤ ਵੱਲੋਂ ਗੁਰਦੁਆਰਾ ਬਾਬਾ ਪੱਲ੍ਹ ਜੀ ਵਿਖੇ ਜਾ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਅਤੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਸਭ ਸੰਗਤਾਂ ਨੂੰ ਚਾਹ ਪਕੌੜਿਆਂ ਦਾ ਲੰਗਰ ਛਕਾਇਆ ਗਿਆ। ਇਸ ਮੌਕੇ ਬਾਬਾ ਸੁਰਜਨ ਸਿੰਘ (ਡੇਰਾ ਬਾਬਾ ਨੱਥਾ ਸਿੰਘ ਬੁਤਾਲਾ), ਬਲਜੀਤ ਸਿੰਘ ਜਲਾਲ ਉਸਮਾ (ਸਾਬਕਾ ਐਮ. ਐਲ. ਏ.), ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਬਕਾਲਾ ਸਾਹਿਬ, ਗੁਰਪ੍ਰੀਤ ਸਿੰਘ ਗੋਪੀ, ਰਵੇਲ ਸਿੰਘ, ਹਰਵਿੰਦਰ ਸਿੰਘ ਫੌਜੀ, ਹਰਵਿੰਦਰ ਸਿੰਘ (ਫਕਾਈ), ਸੂਬੇਦਾਰ ਅਮਨਦੀਪ ਸਿੰਘ, ਸੂਬੇਦਾਰ ਨਿਰਵੈਲ ਸਿੰਘ, ਹਰਪਾਲ ਸਿੰਘ, ਜਗਰੂਪ ਸਿੰਘ, ਪ੍ਰਧਾਨ ਗਿਆਨ ਸਿੰਘ ਮਾਣਾ, ਸਰਪੰਚ ਤੇਜਿੰਦਰ ਸਿੰਘ (ਰਾਜਪੁਰ), ਯਾਦਵਿੰਦਰ ਸਿੰਘ ਸਾਬੀ (ਸਾਬਕਾ ਸਰਪੰਚ ਰਾਜਪੁਰ), ਸਰਪੰਚ ਬੀਬੀ ਕੁਲਜੀਤ ਕੌਰ, ਸੁਖਵਿੰਦਰ ਸਿੰਘ ਸੁੱਖਾ, ਸਾਰੇ ਮੈਂਬਰ ਪੰਚਾਇਤ, ਸਮੂਹ ਵੀਰ ਮੈਰੇ ਵਾਲੇ ਅਤੇ ਸਾਰੇ ਨਗਰ ਨਿਵਾਸੀ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਵਿਖੇ ਸੱਭਿਆਚਾਰਕ ਮੇਲਾ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ.ਟੀ ਰੋਡ ਵਿਖੇ ਚੌਥੇ ਸੀ.ਕੇ.ਡੀ. ਸੱਭਿਆਚਾਰਕ ਮੇਲੇ ਦਾ ਆਯੋਜਨ ਬੜੀ ਧੂਮ-ਧਾਮ ਨਾਲ ਹੋਇਆ । ਇਸ ਸੱਭਿਆਚਾਰਕ ਮੇਲੇ ਦਾ ਸ਼ੁੱਭ ਆਰੰਭ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਕੀਤਾ ਜੋ ਅੱਜ ਦੇ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਉਹਨਾਂ ਕਿਹਾ ਕਿ ਸੀ.ਕੇ.ਡੀ. ਸੱਭਿਆਚਰਕ ਮੇਲੇ ਨੂੰ ਆਯੋਜਿਤ ਕਰਨ ਦਾ ਮੰਤਵ ਵਿਦਿਆਰਥੀਆਂ ਅੰਦਰਲੇ ਹੁਨਰ ਅਤੇ ਪ੍ਰਤਿਭਾ ਦੇ ਪ੍ਰਗਟਾਵੇ ਲਈ ਇਕ ਮੰਚ ਪ੍ਰਦਾਨ ਕਰਨਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪੰਜਾਬੀ ਵਿਰਸੇ ਨਾਲ ਜੋੜਨਾ ਹੈ ।ਇਸ ਸਮਾਰੋਹ ਦਾ ਆਯੋਜਨ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਨਿਗਰਾਨੀ ਵਿੱਚ ਕੀਤਾ ਗਿਆ ।ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੇ ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਪੰਜਾਬ ਦੇ ਮਾਣਮੱਤੇ ਸੱਭਿਆਚਾਰ ਦਾ ਪ੍ਰਦਰਸ਼ਨ ਕਰ ਰਹੇ ਸਨ । ਇਸ ਮੇਲੇ ਵਿੱਚ ਅੰਮ੍ਰਿਤਸਰ ਅਤੇ ਤਰਨ ਤਾਰਨ ਜਿਲ੍ਹੇ ਦੇ ਸਮੂਹ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਵੱਖ-ਵੱਖ ਬ੍ਰਾਂਚਾਂ ਦੇ ਲਗਭਗ 700 ਪ੍ਰਤਿਯੋਗੀਆਂ ਨੇ ਹਿੱਸਾ ਲਿਆ ਅਤੇ 17 ਵੱਖ-ਵੱਖ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿੱਚ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ, ਚਿੱਤਰਕਲਾ ਮੁਕਾਬਲੇ, ਸੰਗੀਤ ਵਿਭਾਗ ਵੱਲੋਂ ਸੂਫੀ ਗਾਇਨ, ਲੋਕ ਨਾਚ ਅਤੇ ਕੰਪਿਊਟਰ ਵਿਭਾਗ ਵੱਲੋਂ ਪੀ.ਪੀ.ਟੀ. ਮੁਕਾਬਲਿਆਂ ਦੀ ਬਹੁਤ ਵਧੀਆ ਪੇਸ਼ਕਾਰੀ ਕੀਤੀ ਗਈ । ਅੱਜ ਦੇ ਸੀ.ਕੇ.ਡੀ ਸੱਭਿਆਚਾਰਕ ਮੇਲੇ ਵਿੱਚ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ.ਟੀ. ਰੋਡ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਕੇ ਓਵਆਰਲ ਟਰਾਫੀ ਹਾਸਲ ਕੀਤੀ ।ਸਮਾਰੋਹ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ, ਐਡੀਸ਼ਨਲ ਆਨਰੇਰੀ ਸੱਕਤਰ ਅਤੇ ਮੈਂਬਰ ਇੰਚਾਰਜ ਜੀ. ਟੀ. ਰੋਡ ਸਕੂਲ ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸੱਕਤਰ ਜਸਪਾਲ ਸਿੰਘ ਢਿੱਲੋਂ, ਮੈਂਬਰ ਇੰਚਾਰਜ ਰਬਿੰਦਰਬੀਰ ਸਿੰਘ ਭੱਲਾ ਅਤੇ ਗੁਰਪ੍ਰੀਤ ਸਿੰਘ ਸੇਠੀ, ਰਣਦੀਪ ਸਿੰਘ, ਹਰਮਨਜੀਤ ਸਿੰਘ, ਤਰਲੋਚਨ ਸਿੰਘ, ਮੋਹਨਜੀਤ ਸਿੰਘ ਭੱਲਾ, ਡਾਇਰੈਕਟਰ ਡਾ. ਅੰਮ੍ਰਿਤਪਾਲ ਸਿੰਘ ਚਾਵਲਾ, ਪ੍ਰਿੰਸੀਪਲ ਕਵਲਪ੍ਰੀਤ ਕੌਰ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ।

# ਦੀਵਾਲੀ/ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ 'ਤੇ ਜਗਰਾਉਂ ਤੋਂ ਵਿਸ਼ੇਸ਼ ਸਪਲੀਮੈਂਟ

ਬਾਬਾ ਸਿੱਧ ਸੁਲੱਖਣ ਬਾਬਾ ਗੁਗਾ ਪੀਰ ਜੀ ਦੇ ਸੇਵਾਦਾਰ
ਹੈਪੀ ਬਾਬਾ ਜੀ
ਵੱਲੋਂ
ਜਗਰਾਉਂ ਦੇ ਵਾਸੀਆਂ ਨੂੰ
ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਲੱਖ-ਲੱਖ ਮੁਬਾਰਕਾਂ
ਸਰਪੰਚ
ਬਾਈ ਬਿੰਦਰ
ਮਨੀਲਾ
ਪਿੰਡ ਸੰਗਤਪੁਰਾ ਢੈਪਈ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
RAJU
FAST FOOD & CHART BHANDAR
Spl. Paneer Tikka & Malai Chaap
All Types of Catering Also Available Here.
Shop: Ravi Tower, Baba Nand Singh Road, Kamal Chowk, Jagraon
Ph: 81949-54000, 73738-40002

ਦੀਵਾਲੀ ਅਤੇ ਬੰਦੀ ਛੋੜ ਦਿਵਸ,
ਵਿਸ਼ਵਕਰਮਾ ਦਿਵਸ ਅਤੇ ਗੁਰਪੁਰਬ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
PARVEEN GARG
M/S Shree Ram Kirpa Cold Storage & ICE Factory
G.T. Road Jagraon.
M: 99155-55723

ਧੰਨਵਾਦ
ਮੈਂ, ਅਦਾਰਾ 'ਨਵਾਂ ਜ਼ਮਾਨਾ' ਰਾਹੀਂ ਜਗਰਾਉਂ ਤੋਂ ਵਿਸ਼ੇਸ਼ ਸਪਲੀਮੈਂਟ ਪਾਠਕਾਂ ਦੇ ਰੂਬਰੂ ਕੀਤਾ ਹੈ। ਉਮੀਦ ਹੈ ਕਿ ਸਭ ਨੂੰ ਚੰਗਾ ਲੱਗਿਆ ਹੋਵੇਗਾ। ਮੈਂ, ਇਸ ਵਿੱਚ ਸਹਿਯੋਗ ਦੇਣ ਵਾਲੇ ਸਭ ਦੋਸਤਾਂ ਦਾ ਰਿਣੀ ਰਹਾਂਗਾ। ਉਮੀਦ ਕਰਦਾ ਰਹਾਂਗਾ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਹੀ ਮੇਰਾ ਸਹਿਯੋਗ ਕਰਦੇ ਰਹੋਗੇ ਤੇ ਮੈਂ ਪੱਤਰਕਾਰੀ ਦੇ ਖੇਤਰ ਰਾਹੀਂ ਇਨਸਾਫ਼ ਦੀ ਆਵਾਜ਼ ਨੂੰ ਬੁਲੰਦ ਕਰਦਾ ਰਹਾਂਗਾ।
ਸੰਜੀਵ ਅਰੋੜਾ (ਪੱਤਰਕਾਰ ਜਗਰਾਉਂ)
M: 98145-56990
E-mail: jagraonnawanzamana@gmail.com

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
Amrik Singh 98778-71295 97805-03939
Ramandeep 62802-53893 95924-70006
Aman
READYMADE EMPORIUM
MAIN BAZAR, JAGRAON (LUDHIANA)

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਵੱਲੋਂ
GOPAL BANSAL
M: 98152-45074
ASHOK SINGLA
M: 79732-42797
SHIV KUMAR
M: 94174-42781

ਦੀਵਾਲੀ ਅਤੇ ਬੰਦੀ ਛੋੜ ਦਿਵਸ
ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
VIPAN PAL BANSAL
M: 94170-23163

M: 85915-05000
S.K.
MOBILE ACCESSORIES
ALL MOBILE ACCESSORIES CHARGER, TEMPRED GLASS, DATA CABLES & MEMORIES CARD ETC.
REGAL MARKET, JHANSI RANI CHOWK, JAGRAON.

ਦੀਵਾਲੀ ਅਤੇ ਬੰਦੀ ਛੋੜ ਦਿਵਸ,
ਵਿਸ਼ਵਕਰਮਾ ਦਿਵਸ ਅਤੇ ਗੁਰਪਰਬ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
Shiv Narain Garg M. 98148-71980
Vikas Garg M. 80545-88545
*PAINT *TILES *SANITARY
bathsense asianpaints KANSAI NEROLAC SHALIMAR PAINTS Berger
B N SALES CORPORATION
Near Atam Nagar, Opp. Govt. School, JAGRAON

ਦੀਵਾਲੀ ਅਤੇ ਬੰਦੀ ਛੋੜ ਦਿਵਸ,
ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਅਸ਼ਵਨੀ ਗਰਗ ਰਾਘਵ ਗਰਗ ਸਈਅਮ ਗਰਗ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਵੱਲੋਂ
HOTEL FIVE RIVERS
ਬੇਅੰਤ ਬਾਵਾ
Achieverz English Academy Jagraon

ਦੀਵਾਲੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਕੁੱਡੀਕੇ ਵਾਲੇ Your Favourite Shopping Spot
Tej Silk STORE
DESIGNER SUITS
FABRICS | DRESSES
STITCHING
Jhansi Rani Chowk Jagraon (LDH)
M: 97812-05354, 98551-58925, 97813-11000

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਵੱਲੋਂ
Sunny
MOBILE PIONT
All Types of Mobile Sale Repair & Orginal Accessories
Shop: Galib Complex, Tehsil Road, Jagraon.
M: 99145-82877, 87270-00042

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
UltraTech CEMENT The Engineer's Choice
KAMDHENU NXT
HARKIRAT SINGH
M: 94170-58128, 98780-07655
Auth. Dealser
ਲਾਭ ਸਿੰਘ ਬਲਬੀਰ ਸਿੰਘ
ਲਾਜਪਤ ਰਾਏ ਰੋਡ, ਜਗਰਾਉਂ (ਲੁਧਿਆਣਾ)

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਟੈਟੂ ਸਟਾਰਟਿੰਗ ਰੇਟ 700/-
BUTA 99882-55002
Black Lion Tattoo Studio
Black Lion Tattoo Studio
Basement of Galib Complex Jagraon (Ludhiana)
Spl. TATTOO- BODY PIERCING TATTOO TRAINING
BLACK LION TATTOO Since : 2012

ਦੀਵਾਲੀ ਅਤੇ ਬੰਦੀ ਛੋੜ ਦਿਵਸ,
ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
Karanjot Singh
हिन्दुस्तान पेट्रोलियम HP
ਬੀ.ਕੇ. ਫਿਲਿੰਗ ਸਟੇਸ਼ਨ
ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ
Office: 01624-222546,
M: 98140-25619

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
M: 80602-84625
Deep Jeweller
Specialist in: All Type of Fancy Jewellery & Rashi Stone Available Here.
Shop: Old Civil Hospital Road, Jagraon-142026

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈਆਂ
Raju Chawla M: 94176-60290
Happy Chawla M: 94637-48506
Tanveer Chawla M: 88722-52027
CHAWLA BAKERS
Biscuits Pastries Cake 5 Step Cake
All Kinds of Birthday Cake & Wedding Cake Available

ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਪ੍ਰੋ: ਰਾਕੇਸ਼ ਸਪਰਾ
ਸਪਰਾ ਕਲਾਥ ਹਾਊਸ
ਮੇਨ ਬਜ਼ਾਰ, ਜਗਰਾਉਂ
M: 98154-05556, 79733-22199

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
SAURAV BOOK STALL
ਸਾਰੇ ਸਕੂਲਾਂ ਦੀਆਂ ਕਿਤਾਬਾਂ, ਕਾਪੀਆਂ, ਸਟੇਸ਼ਨਰੀ, ਸਕੂਲ ਬੈਗ ਤੇ ਖੇਡਾਂ ਦਾ ਸਮਾਨ
All Type Gift item, Floers, wall clock baby toy & games
ਬਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਖਰੀਦੋ
ਸੌਰਵ ਬੁੱਕ ਸਟਾਲ
ਅਨਾਰਕਲੀ ਬਜ਼ਾਰ, ਜਗਰਾਉਂ ਮੋਬਾ: 98150-73188, 98884-00626

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
JRM
JAGJIT
RICE & GEN. MILLS
Shakti Nagar, Tehsil Road, Jagraon-142026 (Ludhiana) Punjab.
M: 98145-58651, 99143-58649

ਦੀਵਾਲੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਿੱਲੇ ਦੀ ਹੱਟੀ M: 99144-00644
Gurmukh Singh & Sons
Deals in: All Types of Hand Tools, Power Tools, Cutting Wheels, Nut Bolts, P.V.C Pipe, Tarapl Etc.
Near Kamal, Chowk, Lajpat Rai Road, Jagraon.

27-Oct-Sunday.qxd 10/26/2024 10:05 PM Page 1


# ਨਵਾਂ ਜ਼ਮਾਨਾ ਐਤਵਾਰਤਾ




ਭਾਰਤੀ ਸਮਾਜ ਤੇ ਜਮਹੂਰੀਅਤ ਨੂੰ ਚੁਣੌਤੀਆਂ
(ਆਖਰੀ ਸਫ਼ੇ 'ਤੇ)

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 27 ਅਕਤੂਬਰ 2024
www.nawanzamana.in
ਕੀਮਤ 5.00 ਰੁਪਏ

## ਭਾਰਤ ਦੀ ਅਜੋਕੀ ਸਿਆਸੀ ਸਥਿਤੀ ਤੇ ਇਸ 'ਚ ਪੰਜਾਬ ਦੀ ਭੂਮਿਕਾ

**ਸਵਰਾਜਬੀਰ**

ਜੇਕਰ ਅਸੀਂ ਅਜੋਕੇ ਭਾਰਤ ਦੀ ਸਿਆਸੀ ਸਥਿਤੀ ਜਾਂ ਲੈਂਡ-ਸਕੇਪ ਵਿੱਚ ਪੰਜਾਬ ਦੀ ਭੂਮਿਕਾ 'ਤੇ ਵਿਚਾਰ ਕਰਨਾ ਹੈ, ਤਾਂ ਇਹ ਜ਼ਰੂਰੀ ਹੈ ਕਿ ਪਹਿਲਾਂ ਕੁਝ ਗੱਲਾਂ ਦੇਸ਼ ਦੀ ਸਿਆਸਤ ਅਤੇ ਇਸ ਦੇ ਪ੍ਰਮੁੱਖ ਰੁਝਾਨਾਂ ਬਾਰੇ ਕਰੀਏ। ਜੇ ਅਸੀਂ ਪੂਰੇ ਦੇਸ਼ ਦੇ ਸਿਆਸੀ ਲੈਂਡ-ਸਕੇਪ ਨੂੰ ਵੇਖੀਏ, ਤਾਂ ਇਸ ਨੂੰ ਕਿਸੇ ਅਜਿਹੇ ਨਜ਼ਰੀਏ ਤੋਂ ਵੇਖਣਾ ਮੁਸ਼ਕਲ ਹੋਵੇਗਾ, ਜਿਸ ਵਿੱਚ ਇਸ ਪੂਰੇ ਭੂਗੋਲਿਕ ਖ਼ਿੱਤੇ ਦੀ ਸਿਆਸਤ ਨੂੰ ਇਕਸਾਰ ਦ੍ਰਿਸ਼ਟੀ ਰਾਹੀਂ ਦੇਖਣ ਦੀ ਚਾਹਤ ਹੋਵੇ, ਕਿਉਂਕਿ ਜੰਮੂ ਤੇ ਕਸ਼ਮੀਰ ਦੀ ਸਿਆਸਤ ਤਾਮਿਲਨਾਡੂ ਦੀ ਸਿਆਸਤ ਤੋਂ ਬਿਲਕੁੱਲ ਵੱਖਰੀ ਹੈ, ਛੱਤੀਸਗੜ੍ਹ ਦੀ ਸਿਆਸਤ ਅਸਾਮ ਦੀ ਸਿਆਸਤ ਤੋਂ, ਜੋ ਮਨੀਪੁਰ ਵਿੱਚ ਵਾਪਰ ਰਿਹੈ, ਉਹ ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਨਹੀਂ ਵਾਪਰ ਰਿਹਾ। ਪੱਛਮੀ ਬੰਗਾਲ ਦੀ ਸਿਆਸਤ ਦੀ ਆਪਣੀ ਨੁਹਾਰ ਹੈ, ਕੇਰਲ ਦੀ ਸਿਆਸਤ ਦੀ ਆਪਣੀ, ਪੰਜਾਬ ਦੀ ਆਪਣੀ। ਭਾਰਤ ਜਿਹੇ ਵਿਸ਼ਾਲ ਦੇਸ਼ ਨੂੰ ਕਦੇ ਵੀ ਇੱਕ ਰੰਗਤ ਵਾਲੀ ਸਿਆਸਤ ਦੇ ਰੰਗ ਵਿੱਚ ਨਹੀਂ ਰੰਗਿਆ ਜਾ ਸਕਦਾ, ਪਰ ਇਹ ਜ਼ਰੂਰ ਹੋ ਸਕਦਾ ਹੈ, ਇੱਕ ਖ਼ਾਸ ਤਰ੍ਹਾਂ ਦੀ ਸਿਆਸਤ ਕੇਂਦਰੀ ਸਰਕਾਰ ਅਤੇ ਕੁਝ ਸੂਬਿਆਂ ਵਿੱਚ ਹਾਵੀ ਹੋ ਜਾਵੇ ਅਤੇ ਦੇਸ਼ ਦੀ ਮੁਹਾਰ ਉਸ ਪਾਸੇ ਨੂੰ ਤੋਰਨ ਦੀ ਕੋਸ਼ਿਸ਼ ਕਰੇ, ਜਿਸ ਤਰ੍ਹਾਂ ਦਾ ਉਸ ਸਿਆਸਤ ਦਾ ਖ਼ਾਸਾ ਹੋਵੇ। ਤੇ ਇਹ ਵਰਤਾਰਾ ਸਾਡੇ ਦੇਸ਼ ਵਿੱਚ ਵਾਪਰ ਰਿਹਾ ਹੈ।

ਸਾਡੇ ਦੇਸ਼ ਵਿੱਚ ਹਾਵੀ ਸਿਆਸਤ ਦਾ ਖ਼ਾਸਾ ਕੀ ਹੈ? ਸਿਆਸੀ ਵਿਸ਼ਲੇਸ਼ਕਾਂ ਨੇ ਇਸ ਨੂੰ ਕਈ ਨਾਂਅ ਦਿੱਤੇ ਹਨ; ਕਈਆਂ ਨੇ ਇਸ ਨੂੰ ਸੰਵਿਧਾਨਕ ਤਾਨਾਸ਼ਾਹੀ ਅਤੇ ਕਈਆਂ ਬਹੁਗਿਣਤੀ ਦੀ ਤਾਨਾਸ਼ਾਹੀ। ਕਈ ਵਿਦਵਾਨਾਂ ਨੇ ਇਸ ਵਿਚਲੇ ਫ਼ਾਸ਼ੀਵਾਦੀ ਰੁਝਾਨਾਂ ਵੱਲ ਸੰਕੇਤ ਕੀਤਾ ਹੈ ਅਤੇ ਕਈਆਂ ਨੇ ਇਸ ਸਿਆਸਤ ਨੂੰ ਦੇਸ਼ ਨੂੰ ਆਪਣੇ ਸੰਵਿਧਾਨ ਤੋਂ ਵਿਰਵੇ ਕੀਤੇ ਜਾਣ ਵਾਲਾ ਵਰਤਾਰਾ ਕਿਹਾ। ਕੁਝ ਲੋਕ ਇਸ ਨੂੰ ਦੇਸ਼ ਦੀ ਵੱਡੀ ਬਹੁਗਿਣਤੀ ਵਾਲੇ ਫ਼ਿਰਕੇ ਵਿਚਲੇ ਕੱਟੜਪੰਥੀਆਂ ਦੀ ਸਿਆਸਤ ਨੂੰ ਮੁੱਖ-ਧਾਰਾ ਦੀ ਸਿਆਸਤ ਬਣਾਉਣ ਦੇ ਯਤਨ ਵਜੋਂ ਦੇਖਦੇ ਹਨ ਅਤੇ ਕੁਝ ਇਸ ਨੂੰ ਅਜਿਹੇ ਰੁਝਾਨਾਂ ਦੇ ਨਾਲ-ਨਾਲ ਕਾਰਪੋਰੇਟ ਅਦਾਰਿਆਂ ਦੀ ਅਜਾਰੇਦਾਰੀ ਕਾਇਮ ਹੋਣ ਦੇ ਸਮੇਂ ਵਜੋਂ। ਇਹ ਸਭ ਨਿਸ਼ਾਨਦੇਹੀਆਂ ਸਹੀ ਹਨ ਅਤੇ ਇਨ੍ਹਾਂ ਵਿੱਚ ਸਾਂਝੀ ਗੱਲ ਇਹ ਹੈ ਕਿ ਸਭ ਕੁਝ ਕਾਨੂੰਨ ਤੇ ਸੰਵਿਧਾਨ ਦੀ ਵਰਤੋਂ ਕਰਕੇ ਕੀਤਾ ਜਾ ਰਿਹਾ ਹੈ। ਉੱਘੇ ਮਾਰਕਸਵਾਦੀ ਦਾਨਿਸ਼ਵਰ ਏਜਾਜ਼ ਅਹਿਮਦ ਨੇ ਸਾਨੂੰ ਕਈ ਵਰ੍ਹੇ ਪਹਿਲਾਂ ਚੇਤੰਨ ਕੀਤਾ ਸੀ ਕਿ ਅਸੀਂ ਇਸ ਨਵੇਂ ਉੱਭਰ ਰਹੇ ਨਿਜ਼ਾਮ ਦੇ ਖ਼ਾਸੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ; ਫ਼ਤਵਾਬਾਜ਼ੀ ਨਾ ਕਰੀਏ। ਬਹੁਤ ਵਾਰ ਸਾਡੇ ਕੁਝ ਦੋਸਤ ਇਸ ਨੂੰ ਫ਼ਾਸ਼ੀਵਾਦੀ ਨਿਜ਼ਾਮ ਕਹਿ ਕੇ ਆਪਣੇ ਆਪ ਨੂੰ ਸੁਰਖ਼ਰੂ ਹੋਇਆ ਸਮਝਦੇ ਹਨ। ਨਿਸ਼ਚੇ ਹੀ ਪਿਛਲੇ ਕੁਝ ਦਹਾਕਿਆਂ ਤੋਂ ਇਸ ਉੱਭਰ ਰਹੀ ਸਿਆਸਤ ਅਤੇ ਪਿਛਲੇ ਦਸ ਵਰ੍ਹਿਆਂ ਵਿੱਚ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਇਸ ਸਿਆਸਤ ਵਿੱਚ ਇਹ ਰੁਝਾਨ ਹਨ, ਪਰ ਇਹ ਸਿਆਸਤ ਦਾ ਖ਼ਾਸਾ ਨਿਰੋਲ ਫ਼ਾਸ਼ੀਵਾਦੀ ਨਹੀਂ ਹੈ; ਨਿਰੋਲ ਫ਼ਾਸ਼ੀਵਾਦੀ ਸੰਵਿਧਾਨ ਅਤੇ ਕਾਨੂੰਨ ਨੂੰ ਇਕਦਮ ਖ਼ਤਮ ਕਰ ਦਿੰਦੇ ਹਨ; ਉਹ ਪੈਦਾਵਾਰ (production) ਦੇ ਸਰੋਤਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਜੰਗ ਦੇ ਸਰੋਤਾਂ ਵਿੱਚ ਬਦਲ ਦਿੰਦੇ ਹਨ; ਉਹ ਸੰਵਿਧਾਨਕ ਸੰਸਥਾਵਾਂ ਅਤੇ ਜਮਹੂਰੀ ਪ੍ਰਕਿਰਿਆ ਨੂੰ ਖ਼ਤਮ ਕਰ ਦਿੰਦੇ ਹਨ; ਘੱਟਗਿਣਤੀਆਂ ਦੀ ਨਸਲਕੁਸ਼ੀ ਕਰਦੇ ਹਨ। ਮੌਜੂਦਾ ਹਾਵੀ ਸਿਆਸਤ ਅਜਿਹਾ ਕਰਨਾ ਤਾਂ ਲੋਚਦੀ ਹੈ, ਪਰ ਕਰ ਨਹੀਂ ਸਕਦੀ, ਕਿਉਂ? ਕਿਉਂਕਿ ਇਸ ਦੇ ਰਾਹ ਵਿੱਚ ਕਈ ਔਕੜਾਂ ਹਨ। ਪਹਿਲੀ ਹੈ ਇਸ ਦੇਸ਼ ਦੀ ਖੇਤਰੀ, ਸੱਭਿਆਚਾਰਕ, ਭਾਸ਼ਾਈ, ਨਸਲੀ ਤੇ ਜਾਤੀ-ਵਾਦੀ ਵਿਭਿੰਨਤਾ। ਇਹ ਇਸ ਦੇਸ਼ ਦੀ ਤਾਕਤ ਹੈ। ਦੂਸਰੀ ਹੈ ਅੰਗਰੇਜ਼ ਹਕੂਮਤ ਵਿਰੁੱਧ ਹੋਏ ਬਸਤੀਵਾਦੀ-ਵਿਰੋਧੀ ਸੰਘਰਸ਼ 'ਚੋਂ ਪੈਦਾ ਹੋਈਆਂ ਕਦਰਾਂ-ਕੀਮਤਾਂ ਅਤੇ ਸੰਸਥਾਵਾਂ, ਜਿਨ੍ਹਾਂ ਵਿੱਚ ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ ਪ੍ਰਮੁੱਖ ਹਨ।

ਤੇ ਦੇਸ਼ ਦੀ ਹਾਵੀ ਸਿਆਸਤ ਇਨ੍ਹਾਂ ਤਾਕਤਾਂ ਬਾਰੇ ਚੇਤੰਨ ਹੈ। ਉਸ ਦਾ ਪ੍ਰਮੁੱਖ ਸਿਆਸੀ ਪੜੁੱਲ ਇਸ ਦੇਸ਼ ਦੀ ਖੇਤਰੀ ਸੱਭਿਆਚਾਰਕ, ਭਾਸ਼ਾਈ ਤੇ ਨਸਲੀ ਵਿਭਿੰਨਤਾ ਦੀ ਤਾਕਤ ਨੂੰ ਖ਼ਤਮ ਕਰਨਾ ਹੈ ਅਤੇ ਇਸ ਸਿਆਸੀ ਪੜੁੱਲ ਦਾ ਵਿਚਾਰਧਾਰਕ ਆਧਾਰ ਹੈ ਸਾਵਰਕਰਵਾਦੀ ਸੋਚ। ਨਵੰਬਰ 2021 ਵਿੱਚ ਇੰਦੌਰ ਲਿਟਰੇਰੀ ਫ਼ੈਸਟੀਵਲ ਵਿੱਚ ਦੇਸ਼ ਦੇ ਕੇਂਦਰੀ ਸੂਚਨਾ ਕਮਿਸ਼ਨਰ ਉਦੈ ਮਾਹੂਰਕਰ ਨੇ ਕਿਹਾ ਸੀ, "ਦੇਸ਼ ਵਿੱਚ ਸਾਵਰਕਰ ਯੁੱਗ ਦੀ ਸ਼ੁਰੂਆਤ ਹੋ ਗਈ ਹੈ।"

ਸਾਵਰਕਰਵਾਦੀ ਸੋਚ ਇਸ ਦੇਸ਼ ਨੂੰ ਕਿਵੇਂ ਵੇਖਦੀ ਹੈ। ਕਈ ਵਾਰ ਅਸੀਂ ਇਸ ਨੂੰ ਹਿੰਦੂਤਵੀ ਸੋਚ ਦਾ ਫ਼ਤਵਾ ਦੇ ਕੇ ਤਸੱਲੀ ਮਹਿਸੂਸ ਕਰਦੇ ਹਾਂ, ਪਰ ਸਮਝਣ ਦੀ ਜ਼ਰੂਰਤ ਇਹ ਹੈ ਕਿ ਹਿੰਦੂਤਵ ਦਾ ਸੰਕਲਪ ਇੱਕ ਬਹੁਤ ਹੀ ਸੋਚ-ਸਮਝ ਕੇ ਉਸਾਰਿਆ ਗਿਆ ਅਜਿਹਾ ਸੰਕਲਪ ਹੈ, ਜਿਹੜਾ ਦੇਸ਼ ਦੀ ਵੱਡੀ ਬਹੁਗਿਣਤੀ, ਭਾਵ ਹਿੰਦੂ ਭਾਈਚਾਰੇ ਨੂੰ ਇਹ ਭੁਲਾਵਾ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਉਨ੍ਹਾਂ ਦੇ ਧਰਮ ਅਤੇ ਇਸ ਦੀ ਤਰੱਕੀ ਦੇ ਅਰਥ ਇਸ ਸੰਕਲਪ ਵਿੱਚ ਪਏ ਹਨ। ਇਸ ਤਰ੍ਹਾਂ ਸਾਵਰਕਰਵਾਦੀ ਸੋਚ ਦੇ ਅਰਥ ਹਿੰਦੂਤਵ ਦੇ ਹਿੰਦੂ ਸ਼ਬਦ ਨਾਲ ਜੁੜੇ ਹੋਏ ਹਨ। ਇਸ ਸੰਕਲਪ ਦੇ ਆਧਾਰ 'ਤੇ ਸਾਵਰਕਰ ਇਹ ਧਾਰਨਾ ਪੇਸ਼ ਕਰਦਾ ਹੈ ਕਿ ਇਸ ਦੇਸ਼ ਵਿੱਚ ਦੋ ਤਰ੍ਹਾਂ ਦੇ ਲੋਕ ਹਨ: ਪਹਿਲੀ ਤਰ੍ਹਾਂ ਦੇ ਲੋਕ, ਜਿਨ੍ਹਾਂ ਵਿੱਚ ਉਹ ਹਿੰਦੂਆਂ, ਇੱਥੋਂ ਦੇ ਮੂਲ ਕਬੀਲਿਆਂ, ਬੁੱਧ, ਜੈਨ ਤੇ ਸਿੱਖ ਭਾਈਚਾਰੇ ਦੇ ਲੋਕ ਕਰਦਾ ਹੈ, ਜਿਨ੍ਹਾਂ ਦੇ ਵਡੇਰਿਆਂ ਦੀ ਜੰਮਣ ਭੋਇੰ, ਜਿਸ ਨੂੰ ਸਾਵਰਕਰ ਪਿਤਰ-ਭੋਇੰ ਕਹਿੰਦਾ ਹੈ, ਭਾਰਤ ਹੈ ਅਤੇ ਜਿਨ੍ਹਾਂ ਦੇ ਧਰਮ ਵੀ ਇਸ ਭੋਇੰ 'ਤੇ ਹੀ ਜਨਮੇ-ਪਨਪੇ ਹਨ। ਉਨ੍ਹਾਂ ਦੇ ਧਾਰਮਿਕ ਸਥਾਨ ਭਾਰਤ ਵਿੱਚ ਹਨ; ਉਨ੍ਹਾਂ ਦੀ ਪੁੰਨਯ ਭੂਮੀ ਭਾਰਤ ਹੈ। ਇਸ ਤਰ੍ਹਾਂ ਸਾਵਰਕਰ ਅਨੁਸਾਰ ਇਨ੍ਹਾਂ ਲੋਕਾਂ ਦੀ ਪਿਤਰ ਭਾਵ ਪਿਤਾ ਭੂਮੀ ਅਤੇ ਧਾਰਮਿਕ ਸਥਾਨ ਭਾਵ ਪੁੰਨਯ ਭੂਮੀ ਦੋਵੇਂ ਭਾਰਤ ਹਨ ਅਤੇ ਇਸ ਵਿਆਖਿਆ ਅਨੁਸਾਰ ਹਿੰਦੂ ਧਰਮ ਦੇ ਵੱਖ-ਵੱਖ ਪੰਥਾਂ ਦੇ ਲੋਕ, ਕਬਾਇਲੀ, ਬੁੱਧ, ਜੈਨ, ਲਿੰਗਾਇਤ, ਸਿੱਖ ਆਦਿ ਭਾਈਚਾਰਿਆਂ ਦੇ ਲੋਕ ਇਸ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਹਿੰਦੂਤਵ ਦੇ ਸਿਧਾਂਤ ਅਨੁਸਾਰ ਹਿੰਦੂ ਤੇ ਭਾਰਤੀ ਹਨ। ਸਾਵਰਕਰ ਆਪਣੀ ਕਿਤਾਬ 'ਹਿੰਦੂਤਵ: ਹਿੰਦੂ ਕੌਣ ਹੈ' ਵਿੱਚ ਸਿੱਖਾਂ ਨੂੰ ਇੱਕ ਪ੍ਰਮੁੱਖ ਹਿੰਦੂ ਭਾਈਚਾਰੇ ਵਜੋਂ ਪੇਸ਼ ਕਰਦਾ ਹੈ।

ਫਿਰ ਸਾਵਰਕਰ ਮੁਸਲਮਾਨ ਤੇ ਇਸਾਈ ਭਾਈਚਾਰਿਆਂ ਬਾਰੇ ਗੱਲ ਕਰਦਾ ਹੈ। ਉਸ ਅਨੁਸਾਰ ਉਨ੍ਹਾਂ ਦੀ ਪਿਤਰ ਭੂਮੀ ਭਾਵ ਵਡੇਰਿਆਂ ਦੀ ਭੋਇੰ ਤਾਂ ਭਾਰਤ ਹੈ, ਪਰ ਉਨ੍ਹਾਂ ਦੀ ਪੁੰਨਯ-ਭੂਮੀ ਭਾਵ ਉਨ੍ਹਾਂ ਦੀ ਧਾਰਮਿਕ ਭੂਮੀ ਭਾਰਤ ਨਹੀਂ, ਵਿਦੇਸ਼ਾਂ ਵਿੱਚ ਹੈ। ਸਾਵਰਕਰ ਅਨੁਸਾਰ ਦੇਸ਼ ਦੀ ਪ੍ਰਮੁੱਖ ਸਮੱਸਿਆ ਇਨ੍ਹਾਂ ਲੋਕਾਂ ਨੂੰ, ਜੋ ਪੂਰੀ ਤਰ੍ਹਾਂ ਭਾਰਤੀ ਨਹੀਂ ਹਨ, ਨੂੰ ਭਾਰਤੀ ਬਣਾਉਣਾ ਹੈ।

ਦੇਸ਼ ਦੇ ਵੱਡੀ ਬਹੁਗਿਣਤੀ ਫ਼ਿਰਕੇ ਲੋਕਾਂ ਦੇ ਸੋਚਣ ਦੇ ਪੱਖ ਤੋਂ ਇਹ ਸੰਕਲਪ ਕਿੰਨਾ ਵੱਡਾ ਮੋਹਿਨੀ-ਮੰਤਰ ਹੈ। ਇਸ ਪੇਸ਼ਕਾਰੀ ਅਨੁਸਾਰ ਅਸੀਂ ਸਾਰੇ ਏਥੇ ਰਹਿਣ ਵਾਲੇ, ਜਿਨ੍ਹਾਂ ਦੇ ਪਿੱਤਰਾਂ-ਵਡੇਰਿਆਂ ਦੀ ਭੂਮੀ ਤੇ ਸਾਡੇ ਧਾਰਮਿਕ ਆਗੂਆਂ ਦੇ ਜਨਮ-ਅਸਥਾਨ ਭਾਰਤ ਵਿੱਚ ਹਨ, ਅਸਲੀ ਭਾਰਤੀ ਜਾਂ ਹਿੰਦੂ ਹਾਂ। ਜ਼ਰਾ ਸੋਚੋ, ਇਹ ਸੰਕਲਪ ਹਿੰਦੂ ਲੋਕ-ਮਨ ਵਿੱਚ ਕਿੰਨਾ ਵਿਸ਼ਵਾਸ ਪੈਦਾ ਕਰਦਾ ਤੇ ਉਸ ਨੂੰ ਮੋਂਹਦਾ ਹੈ; ਇਹ ਉਸ ਨੂੰ ਨਾ ਸਿਰਫ਼ ਪੂਰੀ ਤਰ੍ਹਾਂ ਰਾਸ਼ਟਰਵਾਦੀ ਬਣਾ ਦਿੰਦਾ ਹੈ ਅਤੇ ਉਸ ਨੂੰ ਇੱਕ ਵੱਡੇ ਕਲੇਵਰ ਦੇ ਹਿੱਸੇ ਬਣਾਉਂਦਾ ਹੈ, ਜਿਸ ਵਿੱਚ ਕਬਾਇਲੀ, ਬੋਧੀ, ਜੈਨੀ, ਸਿੱਖ ਭਾਈਚਾਰਿਆਂ ਦੇ ਲੋਕ ਵੀ ਸ਼ਾਮਲ ਹਨ; ਅਤੇ ਇਹ ਬੇਗਾਨੇ ਜਾਂ ਪਰਾਏ ਕਰਾਰ ਦਿੰਦਾ ਹੈ ਮੁਸਲਮਾਨਾਂ ਤੇ ਇਸਾਈਆਂ ਨੂੰ, ਅਤੇ ਆਮ ਹਿੰਦੂ ਨੂੰ ਇਹ ਗੱਲ ਠੀਕ ਵੀ ਲੱਗਦੀ ਹੈ ਕਿ ਬੋਧੀ, ਜੈਨੀ, ਸਿੱਖ ਸਾਡੇ ਭਰਾ ਹਨ, ਜਦੋਂ ਕਿ ਮੁਸਲਮਾਨ ਤੇ ਇਸਾਈ ਸਾਡੇ ਤੋਂ ਵੱਖਰੇ, ਬੇਗਾਨੇ ਤੇ ਪਰਾਏ ਹਨ। ਤੇ ਸਾਵਰਕਰ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਉਸ ਦੇ ਸਿਧਾਂਤ 'ਤੇ ਕਾਰਗਰ ਹਮਲਾ ਨਾ ਹੋ ਸਕੇ, ਉਹ ਇਸ ਨੂੰ ਹਿੰਦੂਤਵ ਦਾ ਨਾਂਅ ਦਿੰਦਾ ਹੈ ਤੇ ਜੇ ਤੁਸੀਂ ਹਿੰਦੂਤਵ ਦਾ ਵਿਰੋਧ ਕਰਦੇ ਹੋ, ਤਾਂ ਆਮ ਹਿੰਦੂ ਨੂੰ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਹਿੰਦੂ ਧਰਮ ਦਾ ਵਿਰੋਧ ਕਰ ਰਹੇ ਹੋ। ਉਹ ਤੁਹਾਡੀ ਗੱਲ ਸੁਣਨ ਤੋਂ ਇਨਕਾਰ ਕਰਦਾ ਹੈ।

ਇਸ ਦੇ ਨਾਲ-ਨਾਲ ਵੱਡੀ ਭੂਮਿਕਾ ਵੱਡੇ ਸਰਮਾਏ ਤੇ ਸਰਮਾਏਦਾਰੀ ਦੀ ਹੈ। ਜਿਵੇਂ ਕਾਰਲ ਮਾਰਕਸ ਨੇ ਕਿਹਾ ਸੀ, "ਇਹ ਕਿਰਤੀਆਂ ਦਾ ਲਹੂ ਪੀਂਦੀ ਹੈ, ਜਿੰਨਾ ਜ਼ਿਆਦਾ ਜੀਉਂਦੀ ਹੈ, ਓਨਾ ਹੀ ਕਿਰਤੀਆਂ ਨੂੰ ਚੂਸਦੀ ਹੈ।" ਸਰਮਾਏਦਾਰੀ ਕਈ ਵਾਰ ਆਪਣੇ-ਆਪ ਨੂੰ ਜਮਹੂਰੀ ਕਦਰਾਂ-ਕੀਮਤਾਂ, ਮਨੁੱਖੀ ਅਧਿਕਾਰਾਂ, ਆਜ਼ਾਦ ਮੰਡੀ ਤੇ ਕਾਨੂੰਨ ਦੀ ਰੱਖਿਆ ਕਰਨ ਵਾਲੀ, ਉਦਾਰਵਾਦੀ ਅਤੇ ਤਰੱਕੀ ਦੇ ਇੱਕੋ-ਇੱਕ ਰਾਹ ਵਜੋਂ ਪੇਸ਼ ਕਰਦੀ ਹੈ, ਪਰ ਇਹ ਹੈ ਨਹੀਂ। ਇਹ ਤਾਨਾਸ਼ਾਹਾਂ ਦੀ ਛਾਂ ਵਿੱਚ ਵੀ ਪਲਦੀ ਹੈ ਅਤੇ ਧਾਰਮਿਕ ਕੱਟੜਪੰਥੀਆਂ ਦੀ ਗੋਦੀ ਵਿੱਚ ਵੀ। ਜਮਹੂਰੀਅਤਾਂ ਵਿੱਚ ਵੀ, ਬਸਤੀਵਾਦ ਵਿੱਚ ਵੀ। ਇਸ ਦਾ ਧੁਰਾ ਲਾਲਚ ਤੇ ਮੁਨਾਫ਼ਾ ਹੈ ਅਤੇ ਉਸ ਲਈ ਉਹ ਕੋਈ ਵੀ ਸਮਝੌਤਾ ਕਰ ਸਕਦੀ ਹੈ। ਇਹ ਜਮਹੂਰੀਅਤ ਧਰਮ-ਨਿਰਪੱਖਤਾ, ਸੰਵਿਧਾਨ ਤੇ ਅਜਿਹੀਆਂ ਹੋਰ ਕਦਰਾਂ-ਕੀਮਤਾਂ ਦੀ ਨਿਗਾਹਬਾਨ ਨਹੀਂ ਹੈ। ਭਾਰਤ ਵਿੱਚ ਇਹ ਹਰ ਹਾਵੀ ਸਿਆਸੀ ਤਾਕਤ ਦੀ ਭਾਈਵਾਲ ਬਣ ਕੇ ਕਿਰਤੀਆਂ ਦਾ ਲਹੂ ਚੂਸਦੀ ਰਹੀ ਹੈ ਅਤੇ ਚੂਸਦੀ ਰਹੇਗੀ। ਅੱਜ ਇਹ ਧਾਰਮਿਕ ਕੱਟੜਪੰਥੀ 'ਤੇ ਪਣਪ ਰਹੀ ਸਿਆਸਤ ਦੀ ਭਾਈਵਾਲ ਹੈ। ਮੁਨਾਫ਼ਾ ਅਕਾਸ਼ ਛੂਹ ਰਿਹਾ ਹੈ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। ਇਸ ਦੇ ਨਾਲ-ਨਾਲ ਦੇਸ਼ ਵਿੱਚ ਧਾਰਮਿਕ ਤੇ ਸਿਆਸੀ ਦਮਨ ਵਧਿਆ ਹੈ; ਕੱਟੜਪੰਥੀ ਜਥੇਬੰਦੀਆਂ ਅਤੇ ਸਰਕਾਰੀ ਏਜੰਸੀਆਂ ਨੂੰ ਇਸ ਲਈ ਵਰਤਿਆ ਗਿਆ ਹੈ। ਕੇਂਦਰ ਸਰਕਾਰ ਵਿੱਚ ਕੇਂਦਰਵਾਦੀ ਅਤੇ ਤਾਨਾਸ਼ਾਹੀ ਰੁਝਾਨ ਵਧੇ ਤੇ ਸਿਖਰ 'ਤੇ ਪਹੁੰਚੇ ਹਨ। ਸੂਬਿਆਂ ਦੀਆਂ ਤਾਕਤਾਂ ਖੋਹੀਆਂ ਗਈਆਂ ਹਨ ਅਤੇ ਫ਼ੈਡਰਲਇਜ਼ਮ ਦੇ ਸਿਧਾਂਤ ਨੂੰ ਨੁੱਕਰੇ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਮਹੂਰੀ ਕਦਰਾਂ-ਕੀਮਤਾਂ ਨੂੰ ਖੋਰਾ ਲੱਗਾ ਹੈ ਅਤੇ ਧਾਰਮਿਕ ਨਿਰਪੱਖਤਾ ਨੂੰ ਵਿਸਾਰ ਦਿੱਤਾ ਗਿਆ ਹੈ। ਵਾਰ-ਵਾਰ ਹਿੰਦੂ-ਰਾਸ਼ਟਰਵਾਦ ਦਾ ਨਾਅਰਾ ਬੁਲੰਦ ਹੁੰਦਾ ਹੈ। ਹੁਣ ਇਹ ਦਾਅਵਾ ਸਵੈਮ ਸੇਵਕ ਸੰਘ ਦੇ ਪ੍ਰਮੁੱਖ ਆਗੂ ਪੇਸ਼ ਕਰਦੇ ਹਨ। ਇਨ੍ਹਾਂ ਸਭ ਵਰਤਾਰਿਆਂ ਕਾਰਨ ਦੇਸ਼ ਦਾ ਉਹ ਪ੍ਰੋਜੈਕਟ ਜੋ ਸੰਵਿਧਾਨ ਰਾਹੀਂ ਸਾਹਮਣੇ ਆਇਆ ਸੀ, ਜਿਸ ਦਾ ਨਿਸ਼ਾਨਾ ਸਭ ਵਰਗਾਂ ਤੇ ਸ਼੍ਰੇਣੀਆਂ ਦੀ ਸ਼ਮੂਲੀਅਤ ਦਾ, ਜੋ ਇਨਕਲੂਸਿਵ (inclusive) ਭਾਵ ਸ਼ਮੂਲੀਅਤ ਵਾਲਾ ਪ੍ਰੋਜੈਕਟ ਸੀ, ਉਹ ਖ਼ਤਰੇ ਵਿੱਚ ਹੈ, ਤੇ ਫ਼ੈਡਰਲਇਜ਼ਮ ਖ਼ਤਰੇ ਵਿੱਚ ਹੈ, ਕਿਰਤੀਆਂ ਦੀ ਹੋਂਦ ਖ਼ਤਰੇ ਵਿੱਚ ਹੈ।

ਅਜਿਹੇ ਹਾਲਾਤ ਵਿੱਚ ਪੰਜਾਬ ਦੀ ਕੀ ਭੂਮਿਕਾ ਹੈ? ਕੀ ਕੌਮੀ ਪੱਧਰ 'ਤੇ ਸਾਡੀ ਕੋਈ ਭੂਮਿਕਾ ਹੈ ਵੀ ਜਾਂ ਨਹੀਂ? ਇਹ ਬਹੁਤ ਜਟਿਲ ਸਵਾਲ ਹੈ। ਇਸ ਦਾ ਇੱਕ ਉੱਤਰ ਇਹ ਹੋ ਸਕਦਾ ਹੈ ਕਿ ਦੇਸ਼ ਵਿੱਚ ਦੋ ਫ਼ੀਸਦੀ ਪੰਜਾਬੀਆਂ ਦੀ ਭੂਮਿਕਾ ਕਿੰਨੀ ਕੁ ਵੱਡੀ ਹੋ ਸਕਦੀ ਹੈ; ਥੋੜ੍ਹੀ-ਬਹੁਤ ਹੋ ਸਕਦੀ ਹੈ, ਪਰ ਹੋਵੇਗੀ ਸੀਮਤ ਹੀ। ਇਹ ਜਵਾਬ ਬਹੁਤ ਵਾਜਿਬ ਲੱਗ ਸਕਦਾ ਹੈ, ਪਰ ਸਾਡਾ ਕਾਰਜ ਇਹ ਵੇਖਣਾ ਹੈ ਕਿ ਪੰਜਾਬ ਤੇ ਪੰਜਾਬੀਆਂ ਦੀ ਭੂਮਿਕਾ ਹੈ ਕੀ ਅਤੇ ਇਸ ਦੇ ਕੀ ਪਸਾਰ ਹਨ।

ਪੰਜਾਬ ਨੇ 2020-21 ਵਿੱਚ ਕਿਸਾਨ ਅੰਦੋਲਨ ਨੂੰ ਜਨਮ ਦੇ ਕੇ ਦੇਸ਼ ਦੀ ਸਿਆਸਤ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਹੈ। ਇਹ ਉਹ ਸਮਾਂ ਸੀ, ਜਦੋਂ ਲੋਕ ਉਦਾਸੀਨਤਾ ਤੇ ਨਿਰਾਸ਼ਾ ਦੀ ਖੱਡ ਵਿੱਚ ਡਿੱਗ ਚੁੱਕੇ ਸਨ ਅਤੇ ਇਹ ਸਮਝਿਆ ਜਾ ਰਿਹਾ ਸੀ ਕਿ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਅਤੇ ਉਸ ਦੀਆਂ ਨੀਤੀਆਂ ਦਾ ਵਿਰੋਧ ਨਾਮੁਮਕਿਨ ਹੈ ਜਾਂ ਇਹ ਕਿ ਸੀਮਤ ਵਿਰੋਧ ਤਾਂ ਕੀਤਾ ਜਾ ਸਕਦਾ ਹੈ, ਪਰ ਉਸ ਦੇ ਕੋਈ ਸਿੱਟੇ ਨਹੀਂ ਨਿਕਲਣੇ। ਸਰਕਾਰ ਨੇ ਆਪਣੀਆਂ ਨੀਤੀਆਂ ਜਾਂ ਕੀਤੇ ਹੋਏ ਫ਼ੈਸਲੇ ਵਾਪਸ ਨਹੀਂ ਕਰਨੇ। ਸਰਕਾਰ ਅਤਿਅੰਤ ਸ਼ਕਤੀਸ਼ਾਲੀ ਬਣ ਚੁੱਕੀ ਹੈ ਅਤੇ ਲੋਕ-ਸ਼ਕਤੀ ਨਿਤਾਣੀ ਹੋ ਚੁੱਕੀ ਹੈ। ਉਨ੍ਹਾਂ ਸਮਿਆਂ ਵਿੱਚ ਪੰਜਾਬ ਨੇ ਅਜਿਹੇ ਸੰਘਰਸ਼ ਨੂੰ ਜਨਮ ਦਿੱਤਾ, ਜਿਸ ਵਿੱਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਕਈ ਦਹਾਕਿਆਂ ਤੋਂ ਕਮਾਏ ਤਜਰਬੇ ਦੀ ਅਗਵਾਈ ਵਿੱਚ ਅੰਦੋਲਿਤ ਹੋਏ, ਕਿਸਾਨ ਖੇਤੀ ਕਾਨੂੰਨਾਂ ਦੇ ਵਿਰੁੱਧ ਲਾਮਬੰਦ ਹੋਏ। ਇਸ ਲਾਮਬੰਦੀ ਵਿੱਚ ਜਿੱਥੇ ਜਥੇਬੰਦਕ ਸੰਜਮ ਤੇ ਅਗਵਾਈ ਸੀ, ਉੱਥੇ ਪੰਜਾਬੀਆਂ ਦੇ ਮਨ ਵਿੱਚ ਕੇਂਦਰ ਸਰਕਾਰ ਦੀਆਂ ਕਾਰਵਾਈਆਂ ਕਾਰਨ ਉਪਜੇ ਗੁੱਸੇ ਤੇ ਰੋਹ ਕਾਰਨ ਜਨਮਿਆ ਵੇਗ ਵੀ ਸੀ। ਇਹ ਅਜਿਹਾ ਲੋਕ-ਪੱਖੀ ਅੰਦੋਲਨ ਸੀ, ਜਿਸ ਵਿੱਚ ਨੌਜਵਾਨਾਂ ਅਤੇ ਸਮਾਜ ਦੇ ਸਾਰੇ ਵਰਗਾਂ ਨੇ ਸ਼ਮੂਲੀਅਤ ਕੀਤੀ ਅਤੇ ਨਾਲ-ਨਾਲ ਇਹ ਠੋਸ ਵਿਚਾਰਧਾਰਕ ਜ਼ਮੀਨ 'ਤੇ ਪੈਰ ਰੱਖੀ ਖੜ੍ਹਾ ਸੀ। ਇਸ ਅੰਦੋਲਨ ਵਿੱਚ ਸਮੂਹ ਪੰਜਾਬੀਆਂ ਦੀ ਸ਼ਮੂਲੀਅਤ ਨੇ ਇਸ ਨੂੰ ਲੋਕ-ਵੇਗ ਅਤੇ ਸੰਜਮ ਦਾ ਅਜਿਹਾ ਸੰਗਮ ਬਣਾ ਦਿੱਤਾ, ਜਿਸ ਵਿੱਚ ਹਰਿਆਣਾ ਦੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਤੇ ਹੋਰ ਵਰਗਾਂ ਦੇ ਲੋਕ ਇਕਜੁਟ ਹੋਏ ਹੋਰ ਸੂਬਿਆਂ ਵਿੱਚ ਲੋਕ ਊਰਜਿਤ ਹੋਏ ਅਤੇ ਉਨ੍ਹਾਂ ਨੇ ਇਸ ਅੰਦੋਲਨ ਦੀ ਹਮਾਇਤ ਕੀਤੀ। ਇਸ ਅੰਦੋਲਨ ਨੇ ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ, ਲੇਖਕਾਂ, ਗਾਇਕਾਂ, ਰੰਗ-ਕਰਮੀਆਂ, ਕਲਾਕਾਰਾਂ, ਅਰਥ-ਸ਼ਾਸਤਰੀਆਂ, ਔਰਤਾਂ, ਵਿਦਿਆਰਥੀਆਂ, ਨੌਜਵਾਨਾਂ, ਸਭ ਦੇ ਮਨਾਂ ਵਿੱਚ ਆਸਾਂ-ਉਮੰਗਾਂ ਦੇ ਨਵੇਂ ਸੰਸਾਰ ਪੈਦਾ ਕੀਤੇ। ਸਮੂਹਿਕ ਊਰਜਾ, ਸਾਂਝੀਵਾਲਤਾ, ਸਮਾਜਿਕ ਏਕਤਾ ਇਸ ਅੰਦੋਲਨ ਦੇ ਆਦਰਸ਼ ਬਣ ਗਏ।

ਅੰਦੋਲਨ ਵਿੱਚ ਪੰਜਾਬ ਦੀ ਭੂਮਿਕਾ ਅਦੁੱਤੀ ਸੀ। ਥਾਂ-ਥਾਂ 'ਤੇ ਲੰਗਰ ਲੱਗੇ। ਗੁਰੂ ਨਾਨਕ ਦੇਵ ਜੀ ਦੁਆਰਾ ਬੁਲੰਦ ਕੀਤੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਆਦਰਸ਼ਾਂ ਦਾ ਜਲੌਅ ਦੇਖਣ ਨੂੰ ਮਿਲਿਆ। ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿੱਚ ਪੈਦਾ ਕੀਤੀ ਜਾ ਰਹੀ ਮਸਨੂਈ ਦੁਸ਼ਮਣੀ ਦੀਆਂ ਦੀਵਾਰਾਂ ਟੁੱਟੀਆਂ, ਕੁੜੱਤਣ ਤੇ ਸੰਕੀਰਨਤਾ ਘਟੀ ਤੇ ਲੋਕਾਂ ਦੇ ਆਪਸੀ ਪ੍ਰੇਮ ਅਤੇ ਇਸ ਸਮਝ ਦਾ ਦਰਿਆ ਵਹਿਣ ਲੱਗਾ ਕਿ ਇਹ ਏਕਤਾ ਰਾਹੀਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਅੰਦੋਲਨ ਨੇ ਦਿਖਾਇਆ ਕਿ ਸ਼ਾਂਤਮਈ ਤੇ ਸੰਜਮਮਈ ਤਰੀਕੇ ਨਾਲ ਅੰਦੋਲਨ ਚਲਾ ਕੇ ਉਨ੍ਹਾਂ ਤਾਕਤਾਂ ਨੂੰ ਹਰਾਇਆ ਜਾ ਸਕਦਾ ਹੈ, ਜਿਹੜੀਆਂ ਆਪਣੇ-ਆਪ ਨੂੰ ਅਜਿੱਤ ਸਮਝਦੀਆਂ ਸਨ। ਅੰਦੋਲਨ ਨੇ ਜਿੱਥੇ ਸ਼ਾਸਕ ਵਰਗ ਦੀ ਹਉਮੈਂ ਤੇ ਗ਼ਰੂਰ ਨੂੰ ਤੋੜਿਆ, ਉੱਥੇ ਕਿਸਾਨ ਜਥੇਬੰਦੀਆਂ ਵਿਚਲੀ ਅੰਦਰੂਨੀ ਹਉਮੈਂ, ਸਵੈ-ਕੇਂਦਰਿਤ ਰੁਝਾਨਾਂ ਤੇ ਸੰਕੀਰਨਤਾ ਨੂੰ ਵੀ ਘਟਾਇਆ ਅਤੇ ਇਹੀ ਕਾਰਨ ਸੀ ਕਿ ਕਿਸਾਨ ਅੰਦੋਲਨ ਜਨ-ਅੰਦੋਲਨ ਹੋ ਨਿੱਬੜਿਆ।

ਇਸ ਦੇ ਮੁੱਖ ਸਬਕ ਇਹ ਸਨ: ਜੇਕਰ ਲੋਕਾਂ ਵਿੱਚ ਏਕਤਾ ਤੇ ਆਗੂਆਂ ਵਿੱਚ ਸੁਹਿਰਦਤਾ ਹੋਵੇ, ਤਾਂ ਜਨ-ਅੰਦੋਲਨ ਕੀਤੇ ਜਾ ਸਕਦੇ ਹਨ। ਆਪਣੀ ਸਫਲਤਾ ਦੇ ਬਾਵਜੂਦ ਕਿਸਾਨ ਅੰਦੋਲਨ ਇਸ ਗੱਲ ਦੀ ਚਿਤਾਵਨੀ ਵੀ ਸੀ ਕਿ ਦੇਸ਼ ਵਿੱਚ ਅੰਦੋਲਨ ਕਰਨ ਦੀ ਤਾਕਤ ਕਿਸਾਨ ਜਮਾਤ ਤੱਕ ਸਿਮਟ ਚੁੱਕੀ ਹੈ ਅਤੇ ਭਵਿੱਖ ਵਿੱਚ ਹੋਣ ਵਾਲੇ ਅੰਦੋਲਨਾਂ ਵਿੱਚ ਕਿਸਾਨ ਜਥੇਬੰਦੀਆਂ ਦੀ ਭੂਮਿਕਾ ਅਹਿਮ ਹੋਵੇਗੀ ਤੇ ਇਹ ਵੀ ਕਿ ਉਨ੍ਹਾਂ ਵਿੱਚ ਪੰਜਾਬ ਦੀ ਕਿਸਾਨੀ ਦੀ ਭੂਮਿਕਾ ਨਿਰਣਾਇਕ ਹੋ ਸਕਦੀ ਹੈ।

ਕਿਉਂ ਨਿਰਣਾਇਕ ਹੋ ਸਕਦੀ ਹੈ? ਕਿਉਂ ਇਸ ਸਦੀ ਦੇ ਸਭ ਤੋਂ ਉਦਾਸ ਸਮਿਆਂ ਵਿੱਚ ਅਜਿਹਾ ਊਰਜਾ ਵਾਲਾ ਅੰਦੋਲਨ ਪੰਜਾਬ ਦੀ ਧਰਤੀ 'ਤੇ ਉਗਮਿਆ? ਇਸ ਦੇ ਕਾਰਨ ਪੰਜਾਬ ਦੇ ਇਤਿਹਾਸ ਵਿੱਚ ਪਏ ਹਨ।

ਜਦੋਂ ਅਸੀਂ ਮੱਧਕਾਲੀਨ ਭਾਰਤ 'ਤੇ ਨਜ਼ਰ ਮਾਰਦੇ ਹਾਂ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਵਰਣ ਆਸ਼ਰਮ ਤੇ ਜਾਤੀਵਾਦ ਨੇ ਸਮਾਜ ਦੀ ਊਰਜਾ ਡੀਕ ਲਈ ਸੀ। ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਸਮਾਜ ਇੱਕ-ਦੂਸਰੇ ਤੋਂ ਹੀ ਟੁੱਟੇ ਹੋਏ ਨਹੀਂ ਸਨ, ਸਗੋਂ ਜਾਤ-ਪਾਤ ਦੀ ਪ੍ਰਥਾ ਕਾਰਨ ਸਮਾਜ ਦੀ ਅੰਦਰੂਨੀ ਟੁੱਟ-ਭੱਜ ਵੀ ਸਿਖਰ 'ਤੇ ਸੀ। ਕਰਮ-ਕਾਂਡ ਤੇ ਮਨੂੰਵਾਦੀ ਸੋਚ-ਸਮਝ ਸਮਾਜ ਦੇ ਕੇਂਦਰ ਵਿੱਚ ਹੋਣ ਕਾਰਨ ਸਮਾਜ ਵਿੱਚ ਆਪਣੀ ਹੋਣੀ ਨੂੰ ਸੁਧਾਰਨ ਦੇ ਹੀਲੇ ਸੀਮਤ ਹੋ ਚੁੱਕੇ ਸਨ। ਉਨ੍ਹਾਂ ਸਮਿਆਂ ਵਿੱਚ ਹੀ ਦੇਸ਼ ਵਿੱਚ ਇਨ੍ਹਾਂ ਰੁਝਾਨਾਂ ਵਿਰੁੱਧ ਆਵਾਜ਼ ਬੁਲੰਦ ਹੋ ਰਹੀ ਸੀ, ਜਿਸ ਦੇ ਨਕਸ਼ ਦੇਸ਼ ਦੇ ਹਰ ਖ਼ਿੱਤੇ ਵਿੱਚ ਦੇਖੇ ਜਾ ਸਕਦੇ ਹਨ। ਜਿੱਥੇ ਦੱਖਣ ਵਿੱਚ ਬਸੇਸਵਰ ਜਿਹੇ ਸੰਤ ਜਾਤ-ਪਾਤ ਵਿਰੁੱਧ ਸੰਘਰਸ਼ ਕਰ ਰਹੇ ਸਨ, ਉੱਥੇ ਉੱਤਰੀ ਭਾਰਤ ਵਿੱਚ ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ ਤੇ ਭਗਤੀ ਲਹਿਰ ਦੇ ਹੋਰ ਸੰਤ-ਚਿੰਤਕਾਂ ਦੀ ਵਾਣੀ ਬੁਲੰਦ ਹੋ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਰੁਝਾਨ ਨੂੰ ਇਨਕਲਾਬੀ ਮੋੜ ਦਿੱਤਾ ਅਤੇ ਉਨ੍ਹਾਂ ਦੀ ਆਵਾਜ਼ ਸਾਂਝੀਵਾਲਤਾ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ ਦੇ ਹੱਕ ਵਿੱਚ ਤੇ ਸਮਾਜਿਕ ਅਨਿਆਂ, ਜਬਰ, ਕਰਮ-ਕਾਂਡ, ਜਾਤ-ਪਾਤ ਦੇ ਵਿਰੁੱਧ ਅਜਿਹੀ ਊਰਜਾਵਾਨ ਤਾਕਤ ਬਣੀ, ਜਿਸ ਨੇ ਇੱਕ ਸੰਗਠਿਤ ਧਰਮ, ਸਿੱਖ ਧਰਮ ਨੂੰ ਜਨਮ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਦੇ ਨਵੇਂ ਆਯਾਮ ਪੇਸ਼ ਕੀਤੇ। ਉਨ੍ਹਾਂ ਨੇ ਜਿੱਥੇ ਕਰਮ-ਕਾਂਡ ਤੇ ਜਾਤੀਵਾਦ ਵਿਰੁੱਧ ਆਵਾਜ਼ ਉਠਾਈ ਅਤੇ ਰਾਜਿਆਂ, ਰਜਵਾੜਿਆਂ, ਹਾਕਮਾਂ, ਮੁਕੱਦਮਾਂ, ਅਹਿਲਕਾਰਾਂ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਬਾਬਰਵਾਣੀ ਲਿਖ ਕੇ ਉਨ੍ਹਾਂ ਨੇ ਉਸ ਸਮੇਂ ਦੇ ਸਭ ਤੋਂ ਤਾਕਤਵਰ ਹਾਕਮ ਦਾ ਵਿਰੋਧ ਕੀਤਾ। ਜਿੱਥੇ ਸਮਾਜਿਕ ਤੇ ਸਿਆਸੀ ਅਨਿਆਂ ਵਿਰੁੱਧ ਇਹ ਬਗ਼ਾਵਤ ਅਦੁੱਤੀ ਸੀ, ਉੱਥੇ ਆਪਣੀ ਬਾਣੀ ਵਿੱਚ ਉਨ੍ਹਾਂ ਨੇ ਸ਼ੇਖ਼ ਫ਼ਰੀਦ, ਭਗਤ ਕਬੀਰ ਤੇ ਹੋਰ ਸੰਤ-ਚਿੰਤਕਾਂ ਨਾਲ ਸੰਵਾਦ ਕੀਤਾ ਅਤੇ ਉਸ ਸੰਵਾਦ ਨੂੰ ਪੰਜਾਬ ਤੇ ਸਿੱਖ ਵਿਰਸੇ ਦੇ ਭਾਈਵਾਲ ਬਣਾ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਸਮੇਂ ਸ਼ੇਖ਼ ਫ਼ਰੀਦ, ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਭੀਖਨ, ਭਗਤ ਪੀਪਾ, ਭਗਤ ਸਧਨਾ, ਭਗਤ ਸੁਥਰਾ, ਭਗਤ ਧੰਨਾ ਅਤੇ ਹੋਰ ਸੰਤਾਂ ਦੀ ਬਾਣੀ ਸ਼ਾਮਲ ਕਰਕੇ ਸਾਂਝੀਵਾਲਤਾ ਦਾ ਅਜਿਹਾ ਪਸਾਰ ਪੇਸ਼ ਕੀਤਾ, ਜਿਸ ਨੇ ਪੰਜਾਬ ਦੇ ਸਿੱਖ ਧਰਮ ਨੂੰ ਸਾਂਝੀਵਾਲਤਾ ਤੇ ਸਮਾਜਿਕ ਏਕਤਾ ਦੇ ਲੜ ਲਾ ਦਿੱਤਾ। ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਜੀ ਦੀਆਂ ਕੁਰਬਾਨੀਆਂ ਤੇ ਗੁਰੂ ਹਰਗੋਬਿੰਦ ਜੀ ਦੁਆਰਾ ਸ਼ੁਰੂ ਕੀਤੇ ਗਏ ਸੰਘਰਸ਼ ਦੀ ਸਿਖਰ ਖ਼ਾਲਸੇ ਦੀ ਸਥਾਪਨਾ ਦੇ ਰੂਪ ਵਿੱਚ ਸਿਖਰ 'ਤੇ ਪਹੁੰਚੀ ਤੇ ਗੁਰੂ ਗੋਬਿੰਦ ਸਿੰਘ ਦੀ ਬਗ਼ਾਵਤ ਅਤੇ ਸਾਹਿਬਜ਼ਾਦਿਆਂ ਤੇ ਸਿੱਖ ਵੀਰਾਂ ਦੀਆਂ ਕੁਰਬਾਨੀਆਂ ਨੇ ਪੰਜਾਬ ਨੂੰ ਝੰਜੋੜਦਿਆਂ ਇਹ ਕਦਰ-ਕੀਮਤ ਸਾਹਮਣੇ ਲਿਆਂਦੀ ਕਿ ਜਬਰ ਵਿਰੁੱਧ ਲੜਿਆ ਜਾ ਸਕਦਾ ਹੈ ਅਤੇ ਉਸ ਲਈ ਕੁਰਬਾਨੀਆਂ ਦੇਣੀਆਂ ਪੈਣਗੀਆਂ। ਸਿੱਖ ਗੁਰੂਆਂ ਦੀ ਇਸ ਦੇਣ ਨੇ ਪੰਜਾਬ ਦੇ ਲੋਕਾਂ ਨੂੰ ਭੈਅ ਤੋਂ ਮੁਕਤ ਕੀਤਾ ਅਤੇ ਉਨ੍ਹਾਂ ਨੂੰ ਸਮਾਜਿਕ ਅਨਿਆਂ ਤੇ ਜਬਰ ਵਿਰੁੱਧ ਲੜਨ ਦੀ ਸਿਖਲਾਈ ਦਿੰਦਿਆਂ ਉਨ੍ਹਾਂ ਨੂੰ ਇਤਿਹਾਸ-ਮੁਖੀ ਬਣਾ ਦਿੱਤਾ, ਭਾਵ ਅਜਿਹੀ ਤਾਕਤ ਬਣਾ ਦਿੱਤਾ, ਜਿਹੜੀ ਇਤਿਹਾਸ ਨੂੰ ਮੋੜਾ ਦੇ ਸਕਦੀ ਸੀ, ਇਤਿਹਾਸ ਵਿੱਚ ਆਪਣੀ ਥਾਂ ਸਿਰਜ ਸਕਦੀ ਤੇ ਉਸ ਦੀ ਰੱਖਿਆ ਕਰ ਸਕਦੀ ਸੀ। ਬੰਦਾ ਬਹਾਦਰ ਦੇ ਇਨਕਲਾਬ ਤੇ ਸਿੱਖ ਮਿਸਲਾਂ ਨੇ ਇਸ ਨੂੰ ਅੱਗੇ ਵਧਾਇਆ ਅਤੇ 18ਵੀਂ ਸਦੀ ਵਿੱਚ ਖ਼ਾਲਸਾ ਅਨਿਆਂ ਤੇ ਜਬਰ ਵਿਰੁੱਧ ਪੰਜਾਬ ਦਾ ਹਰਾਵਲ ਦਸਤਾ ਵੀ ਬਣ ਗਿਆ, ਅਜਿਹੀ ਤਾਕਤ, ਜਿਸ ਦੀ ਅਗਵਾਈ ਹਿੰਦੂ ਤੇ ਮੁਸਲਮਾਨ ਭਾਈਚਾਰਿਆਂ ਨੂੰ ਪ੍ਰਵਾਨ ਸੀ। ਇਸ ਪ੍ਰਵਾਨਗੀ ਕਾਰਨ ਹੀ ਕਈ ਸਦੀਆਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿੱਚ ਪੰਜਾਬੀਆਂ ਦਾ ਆਪਣਾ ਰਾਜ ਕਾਇਮ ਹੋਇਆ। ਉਸ ਸਮੇਂ ਪੰਜਾਬੀਆਂ ਦੇ ਮਾਨਸਿਕ ਸੰਸਾਰ ਵਿੱਚ ਖ਼ਾਲਸੇ ਬਾਰੇ ਕੀ ਧਾਰਨਾ ਸੀ? ਉਸ ਦੀ ਗਵਾਹੀ ਸ਼ਾਹ ਮੁਹੰਮਦ ਤੇ ਕਾਦਰ ਯਾਰ ਦੀਆਂ ਲਿਖਤਾਂ ਤੋਂ ਮਿਲਦੀ ਹੈ। ਲਾਹੌਰ ਦਰਬਾਰ ਤੇ ਅੰਗਰੇਜ਼ਾਂ ਦੇ ਯੁੱਧ ਸਮੇਂ ਸ਼ਾਹ-ਮੁਹੰਮਦ ਲਿਖਦਾ ਹੈ, "ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ, ਕੀਰਤ ਸਿੰਘ ਸਿਪਾਹੀ ਕੀ ਰੱਖਣੀ ਜੀ।" ਜਾਂ "ਸ਼ਾਹ ਮੁਹੰਮਦਾ ਅੰਤ ਨੂੰ ਓਹੀ ਹੋਣਾ ਜੋ ਕਰੇਗਾ ਖਾਲਸਾ ਪੰਥ ਮੀਆਂ।"

ਬਸਤੀਵਾਦੀ ਦੌਰ ਵਿੱਚ ਵੀ ਪੰਜਾਬ ਨੇ ਕੇਂਦਰੀ ਭੂਮਿਕਾ ਨਿਭਾਈ। ਨਾਮਧਾਰੀ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਗ਼ਦਰ ਪਾਰਟੀ ਲਹਿਰ, ਰੌਲਟ ਐਕਟ ਵਿਰੁੱਧ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੀ ਲਹਿਰ, ਅਦੁੱਤੀ ਕੁਰਬਾਨੀਆਂ ਵਾਲੀ ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਾਂਗਰਸ ਅਤੇ ਅਕਾਲੀ ਦਲ ਦੀ ਅਗਵਾਈ ਵਿੱਚ ਲੋਕ ਸਮੂਹਾਂ ਦੀ ਆਜ਼ਾਦੀ ਸੰਘਰਸ਼ ਵਿੱਚ ਸ਼ਮੂਲੀਅਤ, ਕਿਰਤੀ ਲਹਿਰ, ਭਗਤ ਸਿੰਘ ਨਾਲ ਸੰਬੰਧਤ ਲਹਿਰ, ਕਮਿਊਨਿਸਟ ਆਗੂਆਂ ਦੀ ਅਗਵਾਈ ਵਿੱਚ ਲੱਗੇ ਕਿਸਾਨ ਮੋਰਚੇ ਆਦਿ ਨੇ ਪੰਜਾਬ ਨੂੰ ਆਜ਼ਾਦੀ ਸੰਘਰਸ਼ ਦਾ ਅਜਿਹਾ ਕੇਂਦਰ ਬਣਾ ਦਿੱਤਾ, ਜਿਸ ਨੇ 1919 ਤੇ 1931 ਵਿੱਚ ਇਸ ਸੰਘਰਸ਼ ਨੂੰ ਨਿਰਣਾਇਕ ਮੋੜ ਦਿੱਤੇ।

ਪੰਜਾਬ ਨੇ 1947 ਦੀ ਦੁਖਾਂਤਕ ਵੰਡ ਦੇਖੀ। ਇਹ ਪੰਜਾਬੀ ਸੱਭਿਅਤਾ ਤੇ ਵਿਰਸੇ ਦੀ ਅਰਧ-ਮੌਤ ਸੀ, ਪੰਜਾਬ ਦੇ ਇਤਿਹਾਸ ਦਾ ਸਭ ਤੋਂ ਦੁਖਾਂਤਕ ਵਾਕਿਆ, ਜਿਸ ਨੂੰ ਲਿਖਣਾ ਨਾਮੁਮਕਿਨ ਹੈ, ਪਰ ਇਸ ਦੇ ਬਾਵਜੂਦ ਪੰਜਾਬ ਵੰਡ ਦੇ ਦੁਖਾਂਤ ਵਿੱਚੋਂ ਉੱਭਰਿਆ। ਪੈਪਸੂ ਦੀ ਮੁਜ਼ਾਰਾ ਲਹਿਰ ਨੇ ਆਪਣਾ ਇਤਿਹਾਸ ਸਿਰਜਿਆ। ਖ਼ੁਸ਼-ਹੈਸੀਅਤੀ ਮੋਰਚਾ ਅਤੇ ਹੋਰ ਕਿਸਾਨ ਸੰਘਰਸ਼ਾਂ ਨੇ ਇਹ ਸਥਾਪਤ ਕੀਤਾ ਕਿ ਪੰਜਾਬ ਦੀ ਕਿਸਾਨੀ ਆਪਣੇ ਹਿੱਤਾਂ ਲਈ ਲੜਨ ਦੀ ਸਮਰੱਥਾ ਰੱਖਦੀ ਹੈ। 1980ਵਿਆਂ ਦਾ ਸੰਤਾਪ ਵੀ ਪੰਜਾਬ ਦੀ ਕਿਸਾਨੀ ਵਿੱਚ ਉਪਜੇ ਸੰਕਟ ਦਾ ਧਾਰਮਿਕ ਰੂਪ ਵਿੱਚ ਵਿਦਰੋਹ ਸੀ। ਇਸ ਤਰ੍ਹਾਂ ਨਜ਼ਰ ਮਾਰੀਏ ਤਾਂ ਪਿਛਲੇ ਪੰਜ ਸੌ ਸਾਲਾਂ ਤੋਂ ਪੰਜਾਬ ਲਗਾਤਾਰ ਸੰਘਰਸ਼ ਵਿੱਚ ਨਜ਼ਰ ਆਉਂਦਾ ਹੈ। ਇਸ ਸੰਘਰਸ਼ ਵਿੱਚ ਜਿੱਤਾਂ ਵੀ ਹਨ ਤੇ ਹਾਰਾਂ ਵੀ; ਨਿਰਾਸ਼ਾ ਵੀ ਹੈ, ਖ਼ਾਮੀਆਂ ਵੀ ਹਨ, ਪਰ ਸੰਘਰਸ਼ ਦੀ ਲਗਾਤਾਰਤਾ ਕਾਇਮ ਰਹੀ ਹੈ। 1980ਵਿਆਂ ਦੇ ਦੁਖਾਂਤ ਨੇ ਪੰਜਾਬ ਦੀ ਆਤਮਾ ਨੂੰ ਵਲੂੰਧਰਿਆ ਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਵਿੱਚ ਪਣਪੇ ਨਸ਼ਿਆਂ ਦੇ ਰੁਝਾਨ ਨੇ ਪੰਜਾਬ ਨੂੰ ਅੰਤਾਂ ਦਾ ਪ੍ਰੇਸ਼ਾਨ ਕੀਤਾ, ਪਰ ਇਹ ਸਾਰੇ ਵਰਤਾਰੇ ਪੰਜਾਬ ਤੋਂ ਦੁੱਖ-ਦੁਸ਼ਵਾਰੀਆਂ, ਤਕਲੀਫ਼ਾਂ, ਮਜਬੂਰੀਆਂ, ਅਨਿਆਂ ਵਿਰੁੱਧ ਲੜਨ ਦਾ ਜਜ਼ਬਾ ਨਹੀਂ ਖੋਹ ਸਕੇ।

ਇਹ ਜਜ਼ਬਾ ਅੱਜ ਦੇ ਭਾਰਤ ਵਿੱਚ ਪੰਜਾਬ ਦੀ ਸਿਆਸੀ ਭੂਮਿਕਾ ਨੂੰ ਪਰਿਭਾਸ਼ਿਤ ਕਰਦਾ ਹੈ। ਜਿਵੇਂ ਉੱਪਰ ਕਿਹਾ ਗਿਆ ਹੈ, ਇਸ ਜਜ਼ਬੇ ਦੀ ਭੌਤਿਕ ਬਿਸਾਤ ਹੈ, ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਭੌਤਿਕ ਬਿਸਾਤ ਸੀਮਤ ਹੈ ਤੇ ਇਹ ਇਸ ਸਮੇਂ ਪੰਜਾਬ ਦੀ ਕਿਸਾਨੀ ਤੱਕ ਸੀਮਤ ਹੈ।

ਕਿਉਂ? ਸਵਾਲ ਹੈ ਕਿਉਂ, ਪੰਜਾਬ ਦੇ ਬਾਕੀ ਵਰਗਾਂ ਦੇ ਲੋਕ ਸੰਘਰਸ਼ ਤੋਂ ਬੇਗਾਨੇ ਹੋ ਗਏ ਹਨ।

ਪੰਜਾਬ ਇੱਕ ਖੇਤਰੀ ਪਾਰਟੀ ਸੀ, ਸ਼੍ਰੋਮਣੀ ਅਕਾਲੀ ਦਲ ਜਿਹੜੀ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ, ਖੇਤਰੀ ਪਾਰਟੀਆਂ ਦੇ ਹੱਕਾਂ ਵਿੱਚ ਤੇ ਫ਼ੈਡਰਲਇਜ਼ਮ ਦੇ ਹੱਕ ਲਈ ਆਵਾਜ਼ ਬੁਲੰਦ ਕਰਦੀ ਸੀ। ਗੁਰਦੁਆਰਾ ਸੁਧਾਰ ਲਹਿਰ ਦੀਆਂ ਅਨੂਠੀਆਂ ਕੁਰਬਾਨੀਆਂ 'ਚੋਂ ਉਗਮੀ ਇਹ ਪਾਰਟੀ ਇੱਕੀਵੀਂ ਸਦੀ ਵਿੱਚ ਪਰਵਾਰਵਾਦ, ਰਿਸ਼ਵਤਖੋਰੀ ਅਤੇ ਲਾਲਚ ਦੀ ਅਜਿਹੀ ਖੱਡ ਵਿੱਚ ਡਿੱਗੀ ਕਿ ਇਸ ਨੇ ਆਪਣੀ ਸੱਤਾ ਤੇ ਧਨ-ਦੌਲਤ ਦੇ ਅੰਬਾਰ ਇਕੱਠੇ ਕਰਨ ਲਈ ਪੰਜਾਬ ਦੇ ਹਿੱਤ ਵੇਚ ਦਿੱਤੇ। ਇਸ ਨੇ ਪੰਜਾਬ ਨੂੰ ਤਿਆਗ ਦਿੱਤਾ ਤੇ ਸੱਤਾ ਤੇ ਧਨ-ਦੌਲਤ ਦੀ ਗੋਲੀ ਬਣ ਗਈ ਤੇ ਇਸ ਕਾਰਨ ਪੰਜਾਬ ਉਸ ਆਵਾਜ਼ ਤੋਂ ਵਿਰਵਾ ਹੋ ਗਿਆ, ਜਿਹੜੀ ਖੇਤਰੀ ਤੇ ਫ਼ੈਡਰਲਇਜ਼ਮ ਦੇ ਹਿੱਤਾਂ ਵਿੱਚ ਉੱਭਰਦੀ ਤੇ ਦੇਸ਼ ਨੂੰ ਅਗਵਾਈ ਦਿੰਦੀ ਸੀ। ਅੱਜ ਇਸ ਦੀ ਹਾਲਤ ਤਰਸਮਈ ਵੀ ਹੈ ਤੇ ਦੁਖਾਂਤਕ ਵੀ।

ਪੰਜਾਬ ਦੇ ਸਨਅਤੀ ਮਜ਼ਦੂਰਾਂ ਨੇ 1955, 1965 ਤੇ ਕਈ ਹੋਰ ਸਮਿਆਂ ਵਿੱਚ ਇਤਿਹਾਸਕ ਘੋਲ ਕੀਤੇ। 1990ਵਿਆਂ ਦੇ ਤਥਾਕਥਿਤ ਆਰਥਿਕ ਸੁਧਾਰਾਂ ਨੇ ਸਨਅਤਾਂ ਦੇ ਰਵਾਇਤੀ ਰੂਪ ਨੂੰ ਤੋੜ ਕੇ ਸਨਅਤੀ ਮਜ਼ਦੂਰਾਂ ਦੀ ਤਾਕਤ ਨੂੰ ਲੱਗਭੱਗ ਖ਼ਤਮ ਕਰ ਦਿੱਤਾ ਹੈ। ਖੱਬੇ-ਪੱਖੀ ਆਗੂ ਗ਼ੈਰ-ਰਸਮੀ ਖੇਤਰ ਵਿੱਚ ਰੁਲਦੇ ਮਜ਼ਦੂਰਾਂ ਨੂੰ ਸੰਗਠਿਤ ਕਰਨ ਵਿੱਚ ਕਾਮਯਾਬ ਨਾ ਹੋ ਸਕੇ ਅਤੇ ਇਸ ਨਾਕਾਮਯਾਬੀ ਨੇ ਅਜਿਹੇ ਸਮੂਹਿਕ ਦੁਖਾਂਤ ਨੂੰ ਜਨਮ ਦਿੱਤਾ ਹੈ, ਜਿਹੜਾ ਜਮਹੂਰੀਅਤ ਨੂੰ ਖ਼ਤਮ ਕਰਕੇ ਸਮਾਜ ਨੂੰ ਨਾਬਰਾਬਰੀ ਦੀ ਅਜਿਹੀ ਜ਼ਾਲਮਾਨਾ ਵਾਦੀ ਵਿੱਚ ਕੈਦ ਕਰ ਰਿਹਾ ਹੈ, ਜਿਸ ਵਿੱਚ ਮਨੁੱਖੀ ਜ਼ਿੰਦਗੀ ਦੇ ਅਣਮਨੁੱਖੀ ਬਣਨ ਦਾ ਖ਼ਤਰਾ ਹੈ। ਖੱਬੇ-ਪੱਖੀ ਪਾਰਟੀਆਂ ਤੇ ਜਥੇਬੰਦੀਆਂ ਦੀ ਆਪਣੀ ਫ਼ਰੈਗਮੈਂਟੇਸ਼ਨ (fragmentation) ਇਸ ਨਿਰਾਸ਼ਾ ਨੂੰ ਵਧਾ ਰਹੀ ਹੈ।

ਅਜਿਹੇ ਖ਼ਲਾਅ ਵਿੱਚ ਪੰਜਾਬ ਵਿੱਚ ਇੱਕ ਅਸਥਾਈ ਸਿਆਸੀ ਤਾਕਤ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਸਾਹਮਣੇ ਆਈ, ਜਿਸ ਦੇ ਖੋਲ ਤਾਂ ਆਦਰਸ਼ਮਈ ਸੀ, ਪਰ ਅੰਦਰੂਨ ਤੇ ਅਧਾਰ ਵਿਚਾਰਧਾਰਕ ਖੋਖਲੇਪਣ ਦੇ ਬਣੇ ਸਨ। ਅਜਿਹੀਆਂ ਤਾਕਤਾਂ ਇਤਿਹਾਸਕ ਭੂਮਿਕਾ ਨਿਭਾਉਣ ਤੋਂ ਅਸਮਰੱਥ ਹੁੰਦੀਆਂ ਹਨ।

ਤੇ ਫਿਰ ਬਚਦੀ ਹੈ ਪੰਜਾਬ ਦੀ ਕਿਸਾਨ ਲਹਿਰ, ਜੋ ਆਪਣੀਆਂ ਸੀਮਾਵਾਂ ਤੇ ਕਮਜ਼ੋਰੀਆਂ ਦੇ ਬਾਵਜੂਦ ਸਮਾਜਿਕ ਤੇ ਸਿਆਸੀ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦੀ ਸਮਰੱਥਾ ਰੱਖਦੀ ਹੈ। ਕਿਸਾਨ ਜਥੇਬੰਦੀਆਂ ਨੇ ਸ਼ਾਹੀਨ ਬਾਗ਼ ਵਾਲੇ ਅੰਦੋਲਨ ਵਿੱਚ ਵੀ ਉਸ ਅੰਦੋਲਨ ਨੂੰ ਅਜਿਹੇ ਸਮੇਂ ਉਹ ਤਾਕਤ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



# ਵਿਸ਼ਵਾਸ ਹੈ ਭਾਰਤ ਦੀ ਨਿਆਂ ਪਾਲਿਕਾ ਉੱਤੇ, ਪਰ 'ਪੂਰਨ ਵਿਸ਼ਵਾਸ' ਮੈਂ ਨਹੀਂ ਕਹਿ ਸਕਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਲੰਮਾ ਸਮਾਂ ਜੇਲ੍ਹ ਵਿੱਚ ਰਹਿ ਚੁੱਕਾ ਲਾਲੂ ਪ੍ਰਸਾਦ ਯਾਦਵ ਵੀ ਕਹਿੰਦਾ ਹੈ ਕਿ ਉਸ ਦਾ ਦੇਸ਼ ਦੀ ਨਿਆਂ ਪਾਲਿਕਾ ਵਿੱਚ 'ਪੂਰਨ ਵਿਸ਼ਵਾਸ' ਹੈ। ਹਰਿਆਣਾ ਦੇ ਟੀਚਰ ਭਰਤੀ ਘੁਟਾਲਾ ਮਾਮਲੇ ਵਿੱਚ ਪੁੱਤਰ ਸਮੇਤ ਦਸ ਸਾਲ ਲੰਮੀ ਜੇਲ੍ਹ ਦੀ ਸਜ਼ਾ ਭੁਗਤ ਚੁੱਕਾ ਓਥੋਂ ਦਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਵੀ ਕਹਿੰਦਾ ਹੈ ਕਿ ਉਸ ਦਾ ਦੇਸ਼ ਦੀ ਨਿਆਂ ਪਾਲਿਕਾ ਵਿੱਚ 'ਪੂਰਨ ਵਿਸ਼ਵਾਸ' ਹੈ। ਬਾਕੀ ਲੋਕ ਵੀ ਇਹੋ ਕੁਝ ਕਹਿੰਦੇ ਤੇ ਇਸ ਨਾਲ ਆਪਣੇ ਮਨ ਨੂੰ ਕੁਝ ਤਸੱਲੀ ਦੇਂਦੇ ਹੋਣ ਜਾਂ ਨਾ, ਇਸ ਦੇਸ਼ ਦੇ ਲੋਕਾਂ ਨੂੰ ਇਹ ਕਹਿਣ ਨੂੰ ਪ੍ਰੇਰਦੇ ਹਨ ਕਿ 'ਦੇਸ਼ ਦੀ ਨਿਆਂ ਪਾਲਿਕਾ ਵਿੱਚ ਸਾਡਾ ਪੂਰਨ ਵਿਸ਼ਵਾਸ ਹੈ।' ਮੈਥੋਂ ਇਹ ਗੱਲ ਨਹੀਂ ਕਹੀ ਜਾਂਦੀ, ਬੱਸ ਇਹ ਕਹਿ ਦੇਣ ਤੱਕ ਸੀਮਤ ਰਹਿੰਦਾ ਹਾਂ ਕਿ ਇਸ ਦੇਸ਼ ਦੇ ਸਿਸਟਮ ਦੇ ਹੋਰ ਸਾਰੇ ਅੰਗ ਲੋਕਾਂ ਦਾ ਭਰੋਸਾ ਪੂਰੀ ਤਰ੍ਹਾਂ ਖਤਮ ਕਰੀ ਜਾ ਰਹੇ ਹਨ, ਇੱਕੋ ਨਿਆਂ ਪਾਲਿਕਾ ਬਚੀ ਹੈ, ਜਿਸ ਵਿੱਚ ਹਾਲੇ ਵੀ ਕੁਝ ਨਾ ਕੁਝ ਵਿਸ਼ਵਾਸ ਹੈ, ਪਰ 'ਪੂਰਨ ਵਿਸ਼ਵਾਸ' ਦੀ ਗੱਲ ਮੈਂ ਸ਼ਾਇਦ ਕਦੇ ਵੀ ਕਹੀ ਹੋਵੇ। ਜਦੋਂ ਕਈ ਕੇਸਾਂ ਵਿੱਚ ਅਦਾਲਤਾਂ ਨੇ ਬਹੁਤ ਚੰਗੇ ਅਤੇ ਹਰ ਕਿਸੇ ਦੀ ਸ਼ਲਾਘਾ ਖੱਟ ਸਕਣ ਵਾਲੇ ਫੈਸਲੇ ਦਿੱਤੇ ਤਾਂ ਅਸੀਂ ਇਸ ਦੀ ਸ਼ਲਾਘਾ ਕੀਤੀ ਸੀ, ਪਰ ਅਦਾਲਤੀ ਸਿਸਟਮ ਦੇ 'ਪੂਰਨ ਵਿਸ਼ਵਾਸ' ਵਾਲੀ ਗੱਲ ਜਦੋਂ ਕਦੇ ਕਹਿਣੀ ਪਈ, ਮੇਰੀ ਜ਼ਬਾਨ ਮੇਰਾ ਸਾਥ ਨਹੀਂ ਦੇਂਦੀ।

ਭਾਰਤੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਧਨੰਜੇ ਯਸ਼ਵੰਤ ਚੰਦਰਚੂੜ ਉਰਫ ਜਸਟਿਸ ਡੀ ਵਾਈ ਚੰਦਰਚੂੜ ਦੀ ਰਿਟਾਇਰਮੈਂਟ ਹੋਣ ਮੌਕੇ ਇੱਕ ਵਾਰ ਫਿਰ ਭਾਰਤ ਦੀ ਨਿਆਂ ਪਾਲਿਕਾ ਉੱਤੇ ਜਿਸ ਤਰ੍ਹਾਂ ਦੀਆਂ ਉਂਗਲਾਂ ਉੱਠਣ ਲੱਗ ਪਈਆਂ ਹਨ ਅਤੇ ਇਹ ਸਭ ਕੁਝ ਹੋਣ ਦਾ ਮੌਕਾ ਉਨ੍ਹਾਂ ਆਪਣੇ ਵਿਹਾਰ ਨਾਲ ਖੁਦ ਪੈਦਾ ਕੀਤਾ ਹੈ, ਉਸ ਨਾਲ ਇੱਕ ਵਾਰ ਫਿਰ ਨਿਆਂ ਪਾਲਿਕਾ ਉੱਤੇ ਬਹੁਤ ਸਾਰੇ ਲੋਕਾਂ ਦੇ ਵਿਸ਼ਵਾਸ ਨੂੰ ਸੱਟ ਵੱਜੀ ਹੈ। ਅਗਲੇ ਮੁੱਖ ਜੱਜ ਸਾਹਿਬ ਕਿਹੋ ਜਿਹੇ ਹੋਣਗੇ, ਉਨ੍ਹਾਂ ਦੇ ਪਿਛਲੇ ਕੀਤੇ ਫੈਸਲਿਆਂ ਕਾਰਨ ਉਨ੍ਹਾਂ ਉੱਤੇ ਵਿਸ਼ਵਾਸ ਜਤਾਇਆ ਜਾ ਰਿਹਾ ਹੈ ਤਾਂ ਮੈਂ ਕੋਈ ਕਿੰਤੂ ਨਹੀਂ ਕਰ ਸਕਦਾ, ਪਰ ਵਿਸ਼ਵਾਸ ਪ੍ਰਗਟਾਵੇ ਲਈ ਖੁਦ ਕਾਹਲੀ ਕਰਨ ਨੂੰ ਮਨ ਨਹੀਂ ਕਰ ਰਿਹਾ।

ਕਾਰਨ ਇਸ ਦਾ ਇਹ ਹੈ ਕਿ ਜਸਟਿਸ ਡੀ ਵਾਈ ਚੰਦਰਚੂੜ ਆਪਣੇ ਪਰਵਾਰ ਵਿੱਚੋਂ ਸੁਪਰੀਮ ਕੋਰਟ ਤੱਕ ਪੁੱਜਣ ਦਾ ਮਾਣ ਹਾਸਲ ਕਰਨ ਵਾਲੇ ਤੀਸਰੇ ਜੱਜ ਸਨ। ਭਾਰਤ ਵਿੱਚ ਮੁੱਖ ਜੱਜ ਵਜੋਂ ਸਭ ਤੋਂ ਲੰਮੀ ਸਰਵਿਸ ਦਾ ਰਿਕਾਰਡ ਵੀ ਉਨ੍ਹਾ ਦੇ ਪਿਤਾ ਜੀ ਜਸਟਿਸ ਯਸ਼ਵੰਤ ਵਿਸ਼ਣੂ ਚੰਦਰਚੂੜ ਉਰਫ ਵਾਈ ਵੀ ਚੰਦਰਚੂੜ ਦਾ ਸੀ। ਉਹ ਬਹੁਤ ਮਹੱਤਵ ਵਾਲੇ ਕੇਸਾਂ ਦਾ ਇਹੋ ਜਿਹਾ ਫੈਸਲਾ ਦੇਣ ਲਈ ਅੱਜ ਤੱਕ ਯਾਦ ਕੀਤੇ ਜਾਂਦੇ ਹਨ, ਜਿਨ੍ਹਾਂ ਵਾਸਤੇ ਸਿਆਸੀ ਵਿਰੋਧੀਆਂ ਦੀ ਕੌੜ ਦੇ ਬਾਵਜੂਦ ਦੇਸ਼ ਦੇ ਆਮ ਲੋਕਾਂ ਨੂੰ ਕਦੀ ਕੋਈ ਨੁਕਸ ਨਹੀਂ ਦਿੱਸਿਆ। ਦੋ ਸਾਲ ਪਹਿਲਾਂ ਜਦੋਂ ਉਨ੍ਹਾ ਦੇ ਪੁੱਤਰ ਵਾਈ ਵੀ ਨੇ ਭਾਰਤੀ ਨਿਆਂ ਪਾਲਿਕਾ ਦੀ ਸਿਖਰਲੀ ਪਦਵੀ ਸੰਭਾਲੀ ਤਾਂ ਉਨ੍ਹਾਂ ਕੋਲੋਂ ਆਮ ਲੋਕਾਂ ਨੂੰ ਉਨ੍ਹਾਂ ਦੇ ਬਾਪ ਵਾਂਗ ਨਿਆਂ ਦੇਣ ਵਾਲੇ ਜੱਜ ਦੀ ਝਲਕ ਦਿਖਾਈ ਦਿੱਤੀ ਸੀ ਅਤੇ ਕੁਝ ਦੇਰ ਤੱਕ ਇਹ ਵਿਲੱਖਣ ਝਲਕ ਕਾਇਮ ਵੀ ਰਹੀ ਸੀ। ਆਪਣੀ ਰਿਟਾਇਰਮੈਂਟ ਦੇ ਐਨ ਨੇੜੇ ਪੁੱਜ ਕੇ ਉਨ੍ਹਾਂ ਉਹ ਝਲਕ ਨਹੀਂ ਰਹਿਣ ਦਿੱਤੀ ਅਤੇ ਆਪਣੇ ਫੈਸਲਿਆਂ ਨੂੰ ਸੰਵਿਧਾਨ ਦੇ ਮੁਤਾਬਕ ਕਹਿ ਕੇ ਦੇਸ਼ ਦੇ ਲੋਕਾਂ ਦੀ ਸ਼ਲਾਘਾ ਖੱਟਣ ਦੀ ਥਾਂ ਇਹ ਕਹਿ ਕੇ ਵਿਵਾਦਤ ਬਣਾ ਦਿੱਤਾ ਕਿ ਰਾਮ ਜਨਮ ਭੂਮੀ ਮਾਮਲੇ ਵਿੱਚ ਉਹ ਭਗਵਾਨ ਸਾਹਮਣੇ ਜਾ ਬੈਠੇ ਸਨ ਤੇ ਕੇਸ ਦਾ ਫੈਸਲਾ ਕਰਨ ਦਾ ਰਾਹ ਭਗਵਾਨ ਨੇ ਦਿੱਤਾ ਸੀ। ਜਿਹੜਾ ਫੈਸਲਾ ਇਸ ਤੋਂ ਪਹਿਲਾਂ ਹੀ ਵਿਵਾਦ ਵਿੱਚ ਘਿਰਿਆ ਪਿਆ ਸੀ ਕਿ ਮੁੱਦਾ ਮੁੱਕਿਆ ਹੈ ਤਾਂ ਮੁੱਕਣ ਦਿਓ, ਪਰ ਉਸ ਇੱਕ ਧਿਰ ਨਾਲ ਧਾਰਮਿਕ ਪੱਖ ਤੋਂ ਇਨਸਾਫ ਨਹੀਂ ਹੋਇਆ, ਉਸ ਨੂੰ ਉਨ੍ਹਾਂ ਨੇ ਵਿਵਾਦ ਵਿੱਚ ਫਸਾ ਛੱਡਿਆ ਹੈ।

ਸਾਨੂੰ ਯਾਦ ਹੈ ਕਿ ਜਸਟਿਸ ਚੰਦਰਚੂੜ ਦੇ ਆਉਣ ਤੋਂ ਪਹਿਲਾਂ ਜਸਟਿਸ ਰੰਜਨ ਗੋਗੋਈ ਦਾ ਇਸੇ ਜ਼ਿੰਮੇਵਾਰੀ ਦੇ ਵਕਤ ਜਿੱਦਾਂ ਦਾ ਤਜਰਬਾ ਸੀ, ਉਸ ਨਾਲ ਉਮਰ ਭਰ ਦਾ ਉਨ੍ਹਾ ਦਾ ਸਮਾਜ ਵਿੱਚ ਬਣਿਆ ਸਨਮਾਨਤ ਅਕਸ ਖਰਾਬ ਹੋ ਗਿਆ ਸੀ। ਜਸਟਿਸ ਚੰਦਰਚੂੜ ਨੂੰ ਉਹ ਕੌੜਾ ਤਜਰਬਾ ਵੀ ਭੁੱਲ ਗਿਆ। ਇੱਕ ਸਮੇਂ ਜਸਟਿਸ ਗੋਗੋਈ ਅਤੇ ਉਨ੍ਹਾ ਨਾਲ ਤਿੰਨ ਹੋਰ ਜੱਜ ਸਾਹਿਬਾਨ ਨੇ ਆਪਣੇ ਚੀਫ ਜਸਟਿਸ ਦੇ ਖਿਲਾਫ ਪ੍ਰੈੱਸ ਕਾਨਫਰੰਸ ਕੀਤੀ ਸੀ ਤੇ ਭਾਰਤੀ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਸੁਪਰੀਮ ਕੋਰਟ ਦੇ ਜੱਜਾਂ ਨੂੰ ਇਹ ਪ੍ਰੈੱਸ ਕਾਨਫਰੰਸ ਕਰਨੀ ਪਈ। ਜਦੋਂ ਜਸਟਿਸ ਗੋਗੋਈ ਨੇ ਚੀਫ ਜਸਟਿਸ ਦਾ ਅਹੁਦਾ ਸੰਭਾਲਿਆ ਤਾਂ ਉਨ੍ਹਾ ਦੇ ਪਿਛਲੇ ਰਿਕਾਰਡ ਮੁਤਾਬਕ ਹਰ ਪਾਸੇ ਸ਼ਲਾਘਾ ਦੇ ਨਾਲ ਉਨ੍ਹਾਂ ਤੋਂ ਨਿਆਂ ਪਾਲਿਕਾ ਨੂੰ ਠੀਕ ਸੇਧ ਵਿੱਚ ਅੱਗੇ ਲਿਜਾਣ ਵਾਲੀ ਆਸ ਪ੍ਰਗਟ ਕੀਤੀ ਜਾਂਦੀ ਸੀ। ਉਨ੍ਹਾ ਆਮ ਲੋਕਾਂ ਦੇ ਵਿਸ਼ਵਾਸ ਨੂੰ ਅੱਗੇ ਵਧਾਉਣ ਵਾਲੇ ਕੁਝ ਫੈਸਲੇ ਦਿੱਤੇ ਵੀ, ਪਰ ਉਸ ਦੇ ਬਾਅਦ ਅਚਾਨਕ ਉਨ੍ਹਾ ਦਾ ਰੁਖ ਬਦਲ ਗਿਆ ਅਤੇ ਹਰ ਨਵੇਂ ਕੇਸ ਬਾਰੇ ਇਹ ਚਰਚਾ ਚੱਲਣ ਲੱਗ ਪਈ ਕਿ ਫੈਸਲਾ ਠੀਕ ਨਹੀਂ ਆਉਣਾ, ਕਿਉਂਕਿ ਜੱਜ ਵਾਲੀ ਕੁਰਸੀ ਉੱਤੇ ਜਸਟਿਸ ਗੋਗੋਈ ਸਾਹਿਬ ਬੈਠੇ ਹਨ। ਫਿਰ ਇਹ ਪਤਾ ਲੱਗਾ ਕਿ ਉਨ੍ਹਾ ਵਿਰੁੱਧ ਦੋਹਰੀ ਹਮਲਾਵਰੀ ਹੋਈ ਹੈ ਤੇ ਉਹ ਦਬਾਅ ਥੱਲੇ ਹਨ। ਚਰਚਾ ਸੀ ਕਿ ਉਨ੍ਹਾ ਦੇ ਨਿੱਜ ਦੇ ਖਿਲਾਫ ਇੱਕ ਸ਼ਿਕਾਇਤ ਹੋਈ ਹੈ ਅਤੇ ਦੂਸਰੇ ਪਾਸੇ ਉਨ੍ਹਾ ਦੇ ਪਰਵਾਰ ਦੇ ਇੱਕ ਜੀਅ ਵਿਰੁੱਧ ਕੁਝ ਕੇਸਾਂ ਦੀ ਚਰਚਾ ਵੀ ਚੱਲਣ ਲੱਗ ਪਈ ਤੇ ਉਸ ਦੇ ਬਾਅਦ ਪਹਿਲੇ ਜਸਟਿਸ ਗੋਗੋਈ ਵਾਲੀ ਰਵਾਨਗੀ ਤੇ ਪੈਂਤੜਾ ਨਹੀਂ ਸੀ ਰਹਿ ਗਿਆ। ਫਿਰ ਜਦੋਂ ਰਿਟਾਇਰ ਹੋਏ ਅਤੇ ਕੁਝ ਦਿਨ ਬਾਅਦ ਉਨ੍ਹਾ ਨੂੰ ਰਾਜ ਸਭਾ ਮੈਂਬਰੀ ਮਿਲ ਗਈ ਤਾਂ ਸਮੁੱਚੇ ਦੇਸ਼ ਵਿੱਚ ਉਨ੍ਹਾ ਬਾਰੇ ਜਿਹੜੀਆਂ ਟਿਪਣੀਆਂ ਕੀਤੀਆਂ ਸੁਣੀਆਂ ਜਾਣ ਲੱਗ ਪਈਆਂ, ਉਨ੍ਹਾਂ ਸਿਰਫ ਜਸਟਿਸ ਗੋਗੋਈ ਬਾਰੇ ਨਹੀਂ, ਭਾਰਤ ਦੀ ਨਿਆਂ ਪਾਲਿਕਾ ਬਾਰੇ ਵੀ ਕਈ ਲੋਕਾਂ ਅੰਦਰ ਉਸ ਸੋਚ ਨੂੰ ਖੋਰਾ ਲਾਇਆ ਸੀ, ਜਿਸ ਸੋਚ ਹੇਠ ਕਿਹਾ ਜਾਂਦਾ ਹੈ ਕਿ ਦੇਸ਼ ਦੀ ਨਿਆਂ ਪਾਲਿਕਾ ਵਿੱਚ ਲੋਕਾਂ ਦਾ ਪੂਰਨ ਵਿਸ਼ਵਾਸ ਹੈ।

ਅਸੀਂ ਉਸ ਦੇਸ਼ ਵਿੱਚ ਅਤੇ ਉਸ ਪ੍ਰਬੰਧ ਹੇਠ ਰਹਿੰਦੇ ਹਾਂ, ਜਿੱਥੇ ਪਹਿਲਾਂ ਹੀ ਕਿਸੇ ਪਾਸੇ ਭਰੋਸੇਯੋਗਤਾ ਦੀ ਗੱਲ ਨਹੀਂ ਰਹਿ ਗਈ ਅਤੇ ਹਰ ਦਿਨ ਇਹ ਰੰਗ ਹੋਰ ਵਧਦਾ ਜਾਂਦਾ ਹੈ। ਰਾਜ ਪ੍ਰਬੰਧ ਤੋਂ ਜਿਹੜੀ ਵਿਸ਼ਵਾਸ ਦੀ ਕਮੀ ਨਿਆਂ ਪਾਲਿਕਾ ਤੱਕ ਆ ਪੁੱਜੀ ਹੈ, ਉਹ ਉਸ ਧਾਰਮਿਕ ਖੇਤਰ ਤੱਕ ਵੀ ਜਨਤਕ ਵਿਸ਼ਵਾਸ ਨੂੰ ਢਾਹ ਲਾਈ ਜਾ ਰਹੀ ਹੈ, ਜਿਸ ਬਾਰੇ ਆਮ ਲੋਕ ਇਹ ਕਹਿੰਦੇ ਹਨ ਕਿ ਜਿਸ ਨੂੰ ਕਿਧਰੇ ਨਿਆਂ ਨਹੀਂ ਮਿਲਦਾ, ਉਸ ਨੂੰ ਨਿਆਂ ਲੈਣ ਵਾਸਤੇ ਈਸ਼ਵਰ ਤੋਂ ਨਿਆਂ ਦੀ ਆਸ ਰੱਖਣੀ ਚਾਹੀਦੀ ਹੈ। ਦੱਖਣ ਭਾਰਤ ਵਿੱਚ ਹਿੰਦੂ ਧਰਮ ਦੇ ਪ੍ਰਮੁੱਖ ਆਸਥਾ ਕੇਂਦਰ ਕਾਂਚੀ ਕਾਮਕੋਟੀ ਪੀਠ ਦੇ ਮੁਖੀ ਜਗਤ ਗੁਰੂ ਸ਼ੰਕਰਾਚਾਰੀਆ ਜੈਇੰਦਰ ਸਰਸਵਤੀ ਖਿਲਾਫ ਇੱਕ ਕੇਸ ਬਣਿਆ ਸੀ। ਮੁੱਦਾ ਉਸ ਧਰਮ ਅਸਥਾਨ ਦੇ ਪ੍ਰਬੰਧ ਨਾਲ ਜੁੜੇ ਹੋਏ ਇੱਕ ਅਧਿਕਾਰੀ ਦੇ ਕਤਲ ਦਾ ਸੀ, ਜਿਸ ਬਾਰੇ ਕਿਹਾ ਗਿਆ ਕਿ ਸਾਰਾ ਕੁਝ ਸ਼ੰਕਰਾਚਾਰੀਆ ਨੇ ਕਰਵਾਇਆ ਹੈ। ਜਿਹੜੇ ਤਾਮਿਲ ਨਾਡੂ ਰਾਜ ਦੀ ਪੁਲਸ ਨੇ ਇਹ ਜਾਂਚ ਕੀਤੀ ਅਤੇ ਫਿਰ ਜਗਤ ਗੁਰੂ ਸ਼ੰਕਰਾਚਾਰੀਆ ਦੀ ਗ੍ਰਿਫਤਾਰੀ ਤੱਕ ਲੈ ਗਈ, ਓਦੋਂ ਉਸ ਰਾਜ ਵਿੱਚ ਮੁੱਖ ਮੰਤਰੀ ਜੈਲਲਿਤਾ ਹੁੰਦੀ ਸੀ, ਜਿਸ ਦਾ ਨੇੜ ਕਾਂਗਰਸ ਨਾਲ ਸੀ ਤੇ ਭਾਜਪਾ ਆਗੂਆਂ ਅਟਲ ਬਿਹਾਰੀ ਵਾਜਪਾਈ ਤੇ ਹੋਰਨਾਂ ਨੇ ਦੋਸ਼ ਲਾਇਆ ਸੀ ਕਿ ਕਾਂਗਰਸ ਨਾਲ ਨੇੜਤਾ ਪੱਕੀ ਕਰਨ ਲਈ ਜੈਲਲਿਤਾ ਨੇ ਇਹ ਕੁਝ ਕਰਾਇਆ ਹੈ। ਸਬੂਤ ਅਤੇ ਗਵਾਹ ਬਹੁਤ ਸਨ, ਪਰ ਅੰਤ ਵਿੱਚ ਇਸ ਕੇਸ ਦੇ ਸਾਰੇ ਦੋਸ਼ੀ ਬਰੀ ਕਰ ਦਿੱਤੇ ਗਏ, ਹਾਲਾਂਕਿ ਅਦਾਲਤ ਨੂੰ ਇਹ ਦੱਸਿਆ ਗਿਆ ਸੀ ਕਿ ਹੋਰਨਾਂ ਦੀ ਗੱਲ ਛੱਡੋ, ਜੈਇੰਦਰ ਸਰਸਵਤੀ ਜੀ ਨੇ ਖੁਦ ਦੋਸ਼ ਮੰਨ ਲਏ ਹਨ। ਅਦਾਲਤ ਵਿੱਚ ਪਹੁੰਚ ਕੇ ਅੱਧੇ ਦੇ ਕਰੀਬ ਗਵਾਹ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰ ਗਏ ਤਾਂ ਦੋਸ਼ੀ ਬਰੀ ਹੋ ਗਏ। ਜਿਹੜੇ ਦੋ ਅਫਸਰ ਇਸ ਕੇਸ ਦੀ ਜਾਂਚ ਕਰ ਰਹੇ ਸਨ, ਦੋਵੇਂ ਜਣੇ ਹਿੰਦੂ ਸਨ ਅਤੇ ਉਨ੍ਹਾਂ ਵਿਚਲੇ ਸੀਨੀਅਰ ਅਫਸਰ ਨੇ ਪੂਰੀ ਪੁਲਸ ਵਰਦੀ ਵਿੱਚ ਕੇਸ ਦੀ ਫਾਈਲ ਜਾ ਕੇ ਉਸੇ ਧਰਮ ਅਸਥਾਨ ਵਿੱਚ ਭਗਵਾਨ ਦੇ ਅੱਗੇ ਰੱਖ ਕੇ ਇਹ ਆਸ਼ੀਰਵਾਦ ਕੈਮਰੇ ਦੇ ਸਾਹਮਣੇ ਮੰਗਿਆ ਸੀ ਕਿ ਉਹ ਸੱਚ ਦੀ ਪਹਿਰੇਦਾਰੀ ਕਰ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਫਰਜ਼ ਨਿਭਾ ਸਕੇ। ਮੈਨੂੰ ਉਸ ਕੇਸ ਬਾਰੇ ਅੱਜ ਤੱਕ ਸਾਫ ਸ਼ਬਦਾਂ ਵਿੱਚ ਇਹ ਕਹਿਣ ਤੋਂ ਝਿਜਕ ਹੈ ਕਿ ਲਾਏ ਗਏ ਸਾਰੇ ਦੋਸ਼ ਸੱਚੇ ਸਨ ਜਾਂ ਇਹ ਗੱਲ ਕਿ ਕੇਸ ਸ਼ਾਇਦ ਝੂਠਾ ਬਣਾਇਆ ਗਿਆ ਹੋਵੇਗਾ, ਕਿਉਂਕਿ ਬਹੁਤ ਸਾਰੇ ਕੇਸਾਂ ਵਾਂਗ ਇਹ ਕੇਸ ਵੀ ਵਿਵਾਦਾਂ ਵਿੱਚ ਫਸਿਆ ਫਿਰਦਾ ਸੀ। ਜਿਹੜੀ ਜੈਲਲਿਤਾ ਉੱਤੇ ਭਾਜਪਾ ਆਗੂਆਂ ਨੇ ਝੂਠਾ ਕੇਸ ਬਣਾਉਣ ਦਾ ਦੋਸ਼ ਲਾਇਆ ਸੀ, ਉਹ ਬਾਅਦ ਵਿੱਚ ਭਾਜਪਾ ਗੱਠਜੋੜ ਵਿੱਚ ਸ਼ਾਮਲ ਹੋ ਗਈ ਸੀ। ਉਸ ਦੀ ਮੌਤ ਦੇ ਬਾਅਦ ਵੀ ਭਾਜਪਾ ਆਗੂਆਂ ਨੇ ਉਸ ਦੀ ਪਾਰਟੀ ਨਾਲ ਰਾਜਸੀ ਸਾਂਝ ਨਹੀਂ ਸੀ ਛੱਡੀ ਤੇ ਇਹ ਗੱਲ ਭੁਲਾ ਦਿੱਤੀ ਸੀ ਕਿ ਪ੍ਰਮੁੱਖ ਹਿੰਦੂ ਧਾਰਮਿਕ ਪੀਠ ਦੇ ਮੁਖੀ ਸੰਤ ਉੱਤੇ ਝੂਠਾ ਕੇਸ ਬਣਾਉਣ ਦਾ ਦੋਸ਼ ਉਸ ਪਾਰਟੀ ਦੀ ਆਗੂ ਜੈਲਲਿਤਾ ਉੱਤੇ ਉਨ੍ਹਾਂ ਖੁਦ ਹੀ ਲਾਇਆ ਸੀ ਅਤੇ ਇਹ ਵੀ ਕਿ ਫਿਰ ਅਦਾਲਤ ਵਿੱਚ ਜਾ ਕੇ ਉਸ ਕੇਸ ਦਾ ਕੀ ਬਣਿਆ ਸੀ!

ਜਿੱਦਾਂ ਰਿਟਾਇਰਮੈਂਟ ਦੇ ਨੇੜੇ ਪੁੱਜ ਕੇ ਜਸਟਿਸ ਰੰਜਨ ਗੋਗੋਈ ਦਾ ਅਕਸ ਪਹਿਲਾਂ ਵਾਲਾ ਨਹੀਂ ਸੀ ਰਹਿ ਗਿਆ, ਅੱਜ ਕਈ ਲੋਕ ਕਹਿ ਰਹੇ ਹਨ, ਉਵੇਂ ਹੀ ਜਸਟਿਸ ਚੰਦਰਚੂੜ ਦਾ ਅਕਸ ਵੀ ਰਿਟਾਇਰਮੈਂਟ ਵੇਲੇ ਪਹਿਲਾਂ ਵਰਗਾ ਨਹੀਂ ਰਿਹਾ। ਜਸਟਿਸ ਚੰਦਰਚੂੜ ਕਹਿੰਦੇ ਹਨ ਕਿ ਮੈਂ ਫਲਾਣੇ ਕੇਸ ਦਾ ਫੈਸਲਾ ਕਰਨ ਤੋਂ ਪਹਿਲਾਂ ਭਗਵਾਨ ਦੀ ਸ਼ਰਨ ਗਿਆ ਸਾਂ ਕਿ ਕੋਈ ਰਾਹ ਨਹੀਂ ਲੱਭ ਰਿਹਾ ਅਤੇ ਮੇਰੀ ਆਸਥਾ ਕਾਰਨ ਭਗਵਾਨ ਨੇ ਮਾਰਗ ਦਿਖਾਇਆ ਸੀ, ਤਾਮਿਲ ਨਾਡੂ ਵਿੱਚ ਸ਼ੰਕਰਾਚਾਰੀਆ ਜੈਇੰਦਰ ਸਰਸਵਤੀ ਦੇ ਖਿਲਾਫ ਕੇਸ ਬਣਾਉਣ ਵਾਲੇ ਪੁਲਸ ਅਫਸਰ ਨੇ ਵੀ ਕੇਸ ਦੀ ਫਾਈਲ ਓਵੇਂ ਹੀ ਭਗਵਾਨ ਅੱਗੇ ਜਾ ਕੇ ਰੱਖੀ ਤੇ ਕਹਿੰਦਾ ਸੀ ਕਿ ਉਸ ਨੂੰ ਭਗਵਾਨ ਨੇ ਰਾਹ ਵਿਖਾਇਆ ਹੈ। ਮਾਰਗ-ਦਰਸ਼ਨ ਕਰਨ ਲਈ ਭਗਵਾਨ ਦਾ ਧੰਨਵਾਦ ਕੋਈ ਕਰੇਗਾ ਤਾਂ ਉਸ ਦੀ ਆਸਥਾ ਉੱਤੇ ਕਿੰਤੂ ਕਰਨ ਦਾ ਮੈਨੂੰ ਕੋਈ ਹੱਕ ਨਹੀਂ ਹੋ ਸਕਦਾ, ਪਰ ਲੋਕਾਂ ਨੂੰ ਭਗਵਾਨ ਵੱਲੋਂ ਵਿਖਾਏ ਦੱਸੇ ਜਾਂਦੇ ਮਾਰਗ ਉੱਤੇ ਕਹਾਣੀ ਓਥੇ ਪਹੁੰਚਦੀ ਦਿੱਸਣੀ ਚਾਹੀਦੀ ਹੈ, ਜਿਸ ਨੂੰ ਕੋਈ ਇਨਸਾਫ ਦੀ ਮੰਜ਼ਲ ਕਹਿ ਸਕੇ। ਆਪਣੇ ਕੀਤੇ ਚੰਗੇ-ਮਾੜੇ ਹਰ ਕੰਮ ਵਾਸਤੇ ਭਗਵਾਨ ਦੀ ਆਸਥਾ ਦਾ ਆਸਰਾ ਲੈਣ ਦੀ ਕਹਾਣੀ ਅਸਲ ਵਿੱਚ ਉਸ ਕੰਮ ਬਾਰੇ ਕਿੰਤੂ ਕਰਨ ਵਾਲਿਆਂ ਨੂੰ ਇਹ ਕਹਿ ਕੇ ਚੁੱਪ ਕਰਾਉਣ ਦਾ ਯਤਨ ਹੁੰਦਾ ਹੈ ਕਿ ਮੈਂ ਤਾਂ ਕੁਝ ਕੀਤਾ ਹੀ ਨਹੀਂ, ਸਾਰਾ ਭਗਵਾਨ ਦਾ ਕੀਤਾ-ਕਰਾਇਆ ਹੈ। ਜਸਟਿਸ ਚੰਦਰਚੂੜ ਸਾਹਿਬ ਤਾਂ ਓਦੋਂ ਇਸ ਤੋਂ ਵੀ ਬਹੁਤ ਅੱਗੇ ਨਿਕਲ ਗਏ, ਜਦੋਂ ਆਪਣੇ ਘਰ ਪੂਜਾ ਦੇ ਵਕਤ ਆਪਣੇ ਪਰਵਾਰ ਵੱਲੋਂ ਕੀਤੀ ਜਾ ਰਹੀ ਪੂਜਾ ਵਾਲੀ ਥਾਲੀ ਓਥੇ ਆਏ ਹੋਏ ਜਾਂ ਉਚੇਚੇ ਬੁਲਾਏ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਦਿੱਤੀ ਸੀ। ਭਾਰਤ ਦੇ ਲੋਕਾਂ ਨੂੰ ਉਸ ਦਿਨ ਉਸ ਥਾਲੀ ਅਤੇ ਉਸ ਪੂਜਾ ਵਿੱਚੋਂ ਜਸਟਿਸ ਚੰਦਰਚੂੜ ਦੇ ਭਵਿੱਖ ਦੀ ਮੰਜ਼ਲ ਓਦਾਂ ਹੀ ਦਿਖਾਈ ਦੇਣ ਲੱਗ ਪਈ ਤੇ ਕਿੰਤੂ ਹੋਣ ਲੱਗ ਪਏ ਸਨ, ਜਿੱਦਾਂ ਜਸਟਿਸ ਰੰਜਨ ਗੋਗੋਈ ਬਾਰੇ ਹੁੰਦੇ ਸੁਣਦੇ ਰਹੇ ਸਨ। ਇਸ ਦੇਸ਼ ਦੀ ਨਿਆਂ ਪਾਲਿਕਾ ਬਾਰੇ ਜਿਹੜੇ ਚੰਗੇ ਲੋਕ ਵੀ ਅਤੇ ਪਾਪ ਦੀਆਂ ਸਜ਼ਾਵਾਂ ਭੁਗਤ ਚੁੱਕੇ ਲੋਕ ਵੀ ਇਹ ਕਹਿੰਦੇ ਹਨ ਕਿ ਨਿਆਂ ਪਾਲਿਕਾ ਵਿੱਚ ਉਨ੍ਹਾਂ ਦਾ 'ਪੂਰਨ ਵਿਸ਼ਵਾਸ' ਹੈ, ਉਨ੍ਹਾਂ ਦਾ ਪੇਸ਼ ਕੀਤਾ ਅਕਸ ਲੋਕ ਯਾਦ ਰੱਖਣਗੇ ਜਾਂ ਨਹੀਂ, ਪਰ ਮੁਲਕ ਦੇ ਮੁੱਖ ਜੱਜ ਦੀ ਸਤਿਕਾਰਤ ਪਦਵੀ ਵਾਲੇ ਜੱਜ ਸਾਹਿਬ ਬਾਰੇ ਟਿਪਣੀਆਂ ਦੀ ਅਜੋਕੀ ਨੌਬਤ ਨਹੀਂ ਸੀ ਆਉਣੀ ਚਾਹੀਦੀ।

ਇਹ ਸਾਰਾ ਕੁਝ ਹੁੰਦਾ ਆਪਣੇ ਸਮਿਆਂ ਅਤੇ ਆਪਣੀਆਂ ਅੱਖਾਂ ਨਾਲ ਵੇਖਣ ਦੇ ਬਾਅਦ ਵੀ ਮੈਨੂੰ ਇਹ ਕਹਿਣ ਦੀ ਕੋਈ ਝਿਜਕ ਨਹੀਂ ਕਿ ਦੇਸ਼ ਦੀ ਨਿਆਂ ਪਾਲਿਕਾ ਵਿੱਚ ਵਿਸ਼ਵਾਸ ਹੈ, ਪਰ ਇਹੋ ਕਾਰਨ ਹੈ ਕਿ ਮੈਂ ਵਿਸ਼ਵਾਸ ਤੋਂ ਅਗਾਂਹ ਵਧ ਕੇ 'ਪੂਰਨ ਵਿਸ਼ਵਾਸ' ਦੀ ਗੱਲ ਕਹਿਣ ਤੋਂ ਝਿਜਕ ਜਾਂਦਾ ਹਾਂ। ਪਤਾ ਨਹੀਂ ਇਸ ਦੇਸ਼ ਵਿੱਚ ਕਿੰਨੇ ਲੋਕ ਹੋਰ ਅਜਿਹੇ ਹੋਣਗੇ, ਜਿਹੜੇ ਸੋਚਦੇ ਤਾਂ ਏਦਾਂ ਹੀ ਹੋਣਗੇ, ਪਰ ਸ਼ਾਇਦ ਇਹ ਕਹਿਣ ਦੀ ਹਿੰਮਤ ਨਹੀਂ ਕਰਦੇ ਹੋਣਗੇ।

# ਲੱਗਦੈ, ਦੌਣ ਕੱਸੀ ਗਈ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਸਿਆਣਿਆਂ ਮੁਤਾਬਕ ਸਮਾਂ ਆਪਣੀ ਤੋਰ ਮੁਤਾਬਕ ਚਲਦਾ ਰਹਿੰਦਾ ਹੈ। ਕਿਸੇ ਲਈ ਚੰਗਾ ਹੁੰਦਾ ਹੈ, ਕਿਸੇ ਲਈ ਬੁਰਾ, ਪਰ ਇਕ ਵਰਗ ਅਜਿਹਾ ਵੀ ਹੁੰਦਾ ਹੈ, ਜਿਹੜੇ ਸਮਾਜ ਵਿੱਚ ਆਪਣੀ ਚਾਲੇ ਚਲਦੇ ਰਹਿੰਦੇ ਹਨ। ਉਂਜ ਵੀ ਅਸੀਂ ਦੁਸਹਿਰੇ ਦਾ ਤਿਉਹਾਰ ਪਾਰ ਕਰ ਚੁੱਕੇ ਹਾਂ ਅਤੇ ਉਹ ਦੀਵਾਲੀ ਆਉਣ ਵਾਲੀ ਹੈ, ਜਿਸ ਦਿਨ ਲੋਕ ਦੇਸੀ ਘਿਓ ਦੇ ਦੀਵੇ ਤੱਕ ਜਗਾਉਣ ਦੀ ਖੁਸ਼ੀ ਵੀ ਪ੍ਰਾਪਤ ਕਰਦੇ ਹਨ, ਪਰ ਆਉਣ ਵਾਲੇ ਸਮੇਂ ਵਿੱਚ ਸਿਆਸੀ ਲੋਕਾਂ ਦਾ ਦੁਸਹਿਰਾ, ਦੀਵਾਲੀ ਵੀ ਆਉਣ ਵਾਲਾ ਹੈ, ਜਿਸ ਦਿਨ ਇਨ੍ਹਾਂ ਸਿਆਸੀ ਬੰਦਿਆਂ 'ਚੋਂ ਇੱਕ ਹਿੱਸਾ ਪਟਾਕਿਆਂ ਅਤੇ ਆਤਿਸ਼ਬਾਜ਼ੀ ਚਲਾ ਕੇ ਆਪਣਾ ਮਨੋਰੰਜਨ ਕਰਨਗੇ। ਇਹ ਦੁਸਹਿਰੇ-ਦੀਵਾਲੀ ਯੂ ਪੀ ਵਿੱਚ, ਝਾਰਖੰਡ ਅਤੇ ਮਹਾਰਾਸ਼ਟਰ ਨਾਲ ਪੰਜਾਬ ਵਿੱਚ ਦਿਸਣਗੇ। ਆਪਣੇ-ਆਪ ਨੂੰ ਸ੍ਰੀ ਰਾਮ ਅਤੇ ਦੂਸਰਿਆਂ ਨੂੰ ਰਾਵਣ ਆਖਣ ਵਾਲੇ ਆਪਸ ਵਿੱਚ ਭਿੜਨਗੇ। ਨਤੀਜਾ ਹੀ ਦੱਸੇਗਾ ਕਿ ਅਸਲ ਸ੍ਰੀ ਰਾਮ ਕੌਣ ਨਿਕਲਿਆ ਅਤੇ ਸ੍ਰੀ ਰਾਮ ਦੇ ਭੇਸ ਵਿੱਚ ਕਿਹੜਾ ਭੇੜੀਆ ਰਾਵਣ ਨਿਕਲਿਆ। ਜਿਵੇਂ ਦੁਸਹਿਰਾ ਵੀ ਆਪੋ-ਆਪਣੇ ਇਲਾਕੇ ਵਿੱਚ ਆਪਣੀ ਸਮਰੱਥਾ ਮੁਤਾਬਕ ਛੋਟਾ ਵੱਡਾ ਮਨਾਇਆ ਜਾਂਦਾ ਹੈ, ਉਵੇਂ ਹੀ ਦੁਸਹਿਰਾ, ਦੀਵਾਲੀ ਵੀ ਚੋਣਾਂ ਬਾਅਦ ਆਪੋ-ਆਪਣੇ ਅਧਾਰ ਮੁਤਾਬਕ ਮਨਾਇਆ ਜਾਵੇਗਾ, ਜਿਵੇਂ ਐਤਕੀਂ ਇਹਨਾਂ ਚੋਣਾਂ ਵਿੱਚ ਮਹਾਰਾਸ਼ਟਰ ਦਾ ਦੁਸਹਿਰਾ ਅਤੇ ਦੀਵਾਲੀ ਵੱਡੇ ਰੂਪ ਵਿੱਚ ਮਨਾਏ ਜਾਣਗੇ।

ਇਨ੍ਹਾਂ ਚੋਣਾਂ ਵਿੱਚ ਸਭ ਆਪਣੇ-ਆਪ ਨੂੰ ਸ੍ਰੀ ਰਾਮ ਸਮਝਣਗੇ ਅਤੇ ਆਪਣੇ ਵਿਰੋਧੀ ਦੀ ਤੁਲਨਾ ਰਾਵਣ ਨਾਲ ਕਰਨਗੇ, ਪਰ ਵੋਟਰ ਇਨ੍ਹਾਂ ਦੇ ਇਸ ਭਰਮ ਨੂੰ ਤੋੜ ਕੇ ਦੱਸਣਗੇ ਕਿ ਅਸਲ 'ਚ ਰਾਮ ਕੌਣ ਹੈ ਅਤੇ ਰਾਵਣ ਕੌਣ ਨਿਕਲਿਆ। ਸਭ ਸਿਆਸੀ ਸੋਚ ਰੱਖਣ ਵਾਲਿਆ ਲਈ ਅਗਲਾ ਤਿਉਹਾਰਾਂ ਦਾ ਮਹੀਨਾ ਕਿਸੇ ਮਹਾਂ-ਉਤਸਵ ਤੋਂ ਘੱਟ ਨਹੀਂ ਹੋਵੇਗਾ। ਰਾਵਣ ਨੂੰ ਹਰਾਉਣ ਲਈ ਜੋ ਉਨ੍ਹਾਂ ਨੂੰ ਪੁਲ ਪਾਰ ਕਰਨਾ ਪਵੇਗਾ, ਉਸ ਨੂੰ ਬੜੇ ਗਹੁ ਨਾਲ ਦੇਖਣਾ ਪਵੇਗਾ ਕਿ ਕਿਤੇ ਇਹ ਜੇਤੂ ਪੁਲ ਗੁਜਰਾਤੀ ਠੇਕੇਦਾਰ ਦਾ ਬਣਾਇਆ ਹੋਇਆ ਤਾਂ ਨਹੀਂ? ਕਾਰਨ, ਅੱਜ ਦੇ ਦਿਨ ਜਿਨ੍ਹਾਂ ਰਾਮ ਅਤੇ ਰਾਵਣ ਦਾ ਰੋਲ ਅਦਾ ਕਰਨਾ ਹੈ, ਉਹ ਨਾ ਅਸਲੀ ਰਾਮ ਹੋਣਗੇ ਅਤੇ ਨਾ ਹੀ ਅਸਲੀ ਰਾਵਣ। ਅਸਲ ਵਿੱਚ ਇਨ੍ਹਾਂ ਚੋਣ ਅਖਾੜਿਆਂ ਵਿੱਚ ਪ੍ਰਮੁੱਖ ਦੋ ਧਿਰਾਂ ਲੜ ਰਹੀਆਂ ਹੋਣਗੀਆਂ। ਇਕ ਧਿਰ ਦੀ ਅਗਵਾਈ ਐੱਨ ਡੀ ਏ ਦੇ ਹੱਥ, ਭਾਵ ਭਾਜਪਾ ਦੀ ਹੋਵੇਗੀ, ਦੂਜੀ ਧਿਰ ਦੀ ਅਗਵਾਈ ਜੋ 'ਇੰਡੀਆ' ਗੱਠਜੋੜ ਵਜੋਂ ਸਾਹਮਣੇ ਹੋਵੇਗੀ, ਵੱਡੇ ਭਰਾ ਕਰ ਰਹੇ ਹੋਣਗੇ। ਇੰਡੀਆ ਮਹਾਂ-ਗੱਠਜੋੜ, ਜੋ ਹਰਿਆਣੇ ਪ੍ਰਦੇਸ਼ ਦੀਆਂ ਚੋਣਾਂ ਸਮੇਂ ਢਿੱਲਾ ਪਿਆ ਰਿਹਾ, ਲਗਦੈ ਹੁਣ ਸਭ ਨੇ ਰਲ ਕੇ ਉਸ ਦੀ ਦੌਣ ਕੱਸ ਕਰ ਦਿੱਤੀ ਹੈ। ਅਗਰ ਇਹ ਦੌਣ ਸੱਚੀ-ਮੁੱਚੀ ਕੱਸੀ ਗਈ ਤਾਂ ਫਿਰ ਇਹ ਆਪਣਾ ਰੰਗ ਜ਼ਰੂਰ ਦਿਖਾਏਗੀ। ਊਠ ਦਾ ਬੁੱਲ੍ਹ ਡਿਗਦਾ ਦੇਖਣ ਲਈ ਆਪਣੇ ਵੱਲੋਂ ਐੱਨ ਡੀ ਏ ਨੇ ਕਾਫ਼ੀ ਨਾਂਹ-ਪੱਖੀ ਅਤੇ ਗੋਦੀ ਮੀਡੀਆ ਰਾਹੀਂ ਗੁੰਮਰਾਹਕੁੰਨ ਪ੍ਰਚਾਰ ਕਰਾਇਆ, ਜਿਸ ਵਿੱਚ ਉਸ ਨੂੰ ਆਖਰ ਮੂੰਹ ਦੀ ਖਾਣੀ ਪਈ। ਆਪਣੇ ਚਹੇਤੇ ਪ੍ਰਚਾਰਕਾਂ ਰਾਹੀਂ "ਵੱਡੇ ਭਰਾ ਦੀ ਭੂਮਿਕਾ ਵਿੱਚ ਕੌਣ ਹੋਵੇਗੀ?" ਸੰਘ ਪਾੜ ਬੇਲੋੜਾ ਰੌਲਾ ਪੁਆਇਆ ਗਿਆ। ਜੋ ਜੀਤੇਗਾ ਵੋਹੀ ਸਿਕੰਦਰ ਦੇ ਅਸੂਲ ਮੁਤਾਬਕ ਸਭ ਬਰਾਬਰ ਧਿਰਾਂ ਜ਼ਿੰਮੇਵਾਰੀ ਸੰਭਾਲਣਗੀਆ। ਜਿਹੜਾ ਚੋਣਾਂ ਬਾਅਦ ਜ਼ਿਆਦਾ ਜਿੱਤ ਕੇ ਆਪਣਾ ਕੱਦ ਉੱਚਾ ਕਰੇਗਾ, ਉਹੀ ਵੱਡਾ ਭਰਾ ਅਖਵਾਏਗਾ, ਜਿਸ ਤੋਂ ਬਾਅਦ ਸਭ ਨੂੰ ਇਹੀ ਸੁਨੇਹਾ ਜਾਂਦਾ ਦਿਸਿਆ ਕਿ 'ਇੰਡੀਆ' ਗੱਠਜੋੜ ਆਪਣੀਆਂ ਨਿੱਜੀ ਸੀਟਾਂ ਤੋਂ ਜ਼ਿਆਦਾ ਆਪਣੇ ਮਿਸ਼ਨ 'ਜਿੱਤ' ਵੱਲ ਵੱਧ ਧਿਆਨ ਕੇਂਦਰਤ ਕਰ ਰਿਹਾ ਹੈ।

'ਇੰਡੀਆ' ਗੱਠਜੋੜ ਵੱਲੋਂ ਆਪਣੀ ਦੌਣ ਕੱਸਣ ਤੋਂ ਬਾਅਦ ਐੱਨ ਡੀ ਏ ਦੇ ਸਹਿਯੋਗੀ ਡਰ ਦੇ ਮਹੌਲ 'ਚ ਹਨ। ਉਹ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਾਂ ਦਾ ਸਹਾਰਾ ਲੈ ਰਹੇ ਹਨ। ਮੋਦੀ ਦੇ ਬਦੇਸ਼ੀ ਦੌਰੇ ਨੂੰ ਵੱਧ ਤੋਂ ਵੱਧ ਪ੍ਰਚਾਰ ਰਹੇ ਹਨ। ਜਾਣਕਾਰ ਸਭ ਜਾਣਦੇ ਹਨ ਕਿ ਅਜਿਹੇ ਵਿਦੇਸ਼ੀ ਦੌਰੇ ਅਤੇ ਬਦਲਦੇ ਸੂਟ ਸੂਝਵਾਨ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਨਹੀਂ ਪਾ ਸਕਦੇ। ਸਿਰਫ਼ ਪੰਜ ਸਾਲ ਦੇ ਵਕਫ਼ੇ ਬਾਅਦ ਚੀਨ ਨੇ ਹੁੰਗਾਰਾ ਭਰਿਆ ਹੈ। ਜਿਸ ਹਿੱਸੇ 'ਤੇ ਉਹ ਪਹਿਲਾਂ ਕਾਬਜ਼ ਸੀ, ਉਹ ਅੱਜ ਵੀ ਹੈ। ਸੱਚ-ਮੁੱਚ ਅੱਜ ਦੇ ਦਿਨ ਭਾਰਤ ਕਈ ਗੱਲਾਂ ਵਿੱਚ ਚੀਨ ਤੋਂ ਪਿਛੇ ਹੈ। ਅੱਜ ਦੇ ਦਿਨ ਦੇਖਣ, ਸੁਣਨ ਅਤੇ ਪੜ੍ਹਨ ਤੋਂ ਬਾਅਦ ਜੋ ਦਿਸ ਰਿਹਾ ਹੈ, ਉਹ ਹੈ ਕਿ ਅੱਜ ਦੇ ਦਿਨ ਭਾਰਤ ਦਾ ਪ੍ਰਧਾਨ ਮੰਤਰੀ ਕਈ ਦੇਸ਼ਾਂ ਵਿਚਕਾਰ ਚੌਧਰੀ ਦੀ ਭੂਮਿਕਾ ਵਿੱਚ ਦਿਖਾਈ ਦੇ ਰਿਹਾ, ਜੋ ਭਾਰਤ ਲਈ ਮਾਣ ਵਾਲੀ ਗੱਲ ਵੀ ਹੈ, ਪਰ ਆਖਿਰ ਨਿਬੇੜਾ ਇਸ ਗੱਲ 'ਤੇ ਹੋਣਾ ਹੈ ਕਿ ਕੌਣ ਮੰਨ ਗਿਆ, ਕੌਣ ਉਥੇ ਹੀ ਖੜ੍ਹਾ ਰਿਹਾ? ਸਾਨੂੰ ਆਪਣੀ ਵਿਦੇਸ਼ੀ ਪਾਲਿਸੀ ਦੀ ਸਮੇਂ-ਸਮੇਂ ਸਿਰ ਨਜ਼ਰਸਾਨੀ ਕਰਨੀ ਚਾਹੀਦੀ ਹੈ, ਤਾਂ ਕਿ ਪੱਤਾ ਸਕੇ ਕਿ ਸਾਡੀ ਕਹਿਣੀ ਅਤੇ ਕਥਨੀ ਵਿੱਚ ਫ਼ਰਕ ਤਾਂ ਨਹੀਂ?

ਸਰਕਾਰੀ ਤੌਰ 'ਤੇ ਅਸੀਂ ਫਲਸਤੀਨੀਆਂ ਅਤੇ ਉਸ ਦੇ ਸਹਿਯੋਗੀਆਂ ਨਾਲ ਖੜੇ ਹਾਂ, ਪਰ ਗੋਦੀ ਮੀਡੀਆ ਦਿਨ-ਰਾਤ ਇਜ਼ਰਾਈਲੀਆਂ ਦੀਆਂ ਕਾਮਯਾਬੀਆਂ 'ਤੇ ਤਾੜੀ ਵਜਾ ਰਿਹਾ ਹੈ। ਬਾਹਰਮੁਖੀ ਵੀ ਇਹੀ ਮਹਿਸੂਸ ਹੁੰਦਾ ਹੈ। ਕੀ ਭਾਰਤ ਇਸ ਲੜਾਈ ਨੂੰ ਰੁਕਵਾਉਣ ਦੀ ਹੈਸੀਅਤ ਨਹੀਂ ਰੱਖਦਾ? ਜਿਸ ਲੜਾਈ ਵਿੱਚ ਪੰਜਾਹ ਹਜ਼ਾਰ ਤੋਂ ਜ਼ਿਆਦਾ ਨਿਰਦੋਸ਼ ਸਦਾ ਲਈ ਮੌਤ ਦੇ ਮੂੰਹ ਵਿੱਚ ਜਾ ਪਏ ਹਨ। ਭਾਵੇਂ ਅਜਿਹੇ ਵਿਦੇਸ਼ੀ ਫੈਸਲਿਆਂ ਦਾ ਸਿੱਧਾ ਅਸਰ ਸਾਡੀਆਂ ਸੂਬਾਈ ਚੋਣਾਂ 'ਤੇ ਨਹੀਂ ਪੈਂਦਾ, ਫਿਰ ਵੀ ਇਨਸਾਨੀਅਤ ਦਾ ਜਜ਼ਬਾ ਰੱਖਣ ਵਾਲਾ ਇਕ ਵਰਗ ਹਮੇਸ਼ਾ ਫਿਕਰਮੰਦ ਰਹਿੰਦਾ ਹੈ। ਭਾਜਪਾ ਦੇ ਅੰਦਰੂਨੀ ਡਰ 'ਚੋਂ ਹੀ ਯੋਗੀ ਜੀ ਦੇ ਮੂੰਹੋਂ ਨਿਕਲਿਆ ਹੈ: ਵਟੋਗੇ ਤਾਂ ਕਟੋਗੇ, ਭਾਵ ਹਿੰਦੂਆਂ ਨੂੰ ਡਰਾ ਕੇ ਇਕੱਠਾ ਕਰਨ ਦਾ ਇੱਕ ਉਪਰਾਲਾ ਕੀਤਾ ਗਿਆ ਹੈ। ਇਹੀ ਕੁਝ ਇਕ ਕੇਂਦਰੀ ਮੰਤਰੀ ਬਿਹਾਰ ਵਿੱਚ ਹਿੰਦੂਆਂ ਨੂੰ ਡਰਾ ਕੇ ਇਕੱਠਾ ਕਰ ਰਿਹਾ ਹੈ, ਉਹ ਸਮੁੱਚੇ ਸੰਵਿਧਾਨ ਦੀ ਸਹੁੰ ਖਾ ਕੇ ਫਿਰਕੂ ਏਜੰਡੇ ਚਲਾ ਰਹੇ ਹਨ। 'ਇੰਡੀਆ' ਗੱਠਜੋੜ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਸੰਵਿਧਾਨ ਸੰਬੰਧੀ ਜਾਗਰੂਕ ਕਰਕੇ ਅਜਿਹੇ ਫਿਰਕੂ ਨਾਅਰੇ ਦੇਣ ਵਾਲਿਆਂ ਨੂੰ ਨੰਗਾ ਕੀਤਾ ਜਾਵੇ। ਸਭ ਨੂੰ ਸਮਝਣਾ ਚਾਹੀਦਾ ਹੈ ਕਿ ਕੋਈ ਕੌਮ ਚੰਗੀ-ਮਾੜੀ ਨਹੀਂ ਹੁੰਦੀ। ਕੌਮ ਦੇ ਗਦਾਰ ਕੁਝ ਲੋਕ ਹੋ ਸਕਦੇ ਹਨ। ਸਭ ਧਿਰਾਂ ਨੂੰ ਹਿੰਦੂ-ਮੁਸਲਮਾਨ ਕਹਿਣ 'ਤੇ ਮੂੰਹ ਅੱਗੇ ਛਿਕਲੀ ਲਾਉਣੀ ਚਾਹੀਦੀ ਹੈ। ਭਾਰਤ ਨੂੰ ਅਜ਼ਾਦ ਕਰਾਉਣ ਲਈ ਜੋ ਕੁਰਬਾਨੀ ਹਿੰਦੂ-ਮੁਸਲਮਾਨ-ਸਿੱਖ-ਈਸਾਈ ਆਦਿ ਨੇ ਰਲ ਕੇ ਦਿੱਤੀ ਹੈ, ਉਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੌਜੂਦਾ ਚੋਣਾਂ ਅਤੇ ਜ਼ਿਮਨੀ ਚੋਣਾਂ ਵਿੱਚ ਸਿਰਫ਼ ਲੋਕ ਮੁੱਦਿਆਂ 'ਤੇ ਪ੍ਰਚਾਰ ਕਰਨਾ ਅਤੇ ਹੋਣਾ ਚਾਹੀਦਾ ਹੈ। ਜੋ ਪਾਰਟੀ ਜਾਂ ਪਾਰਟੀ ਕਾਰਕੁਨ ਜਾਤ-ਪਾਤ ਦੀ ਗੱਲ ਕਰੇ, ਭੜਕਾਵੇ ਜਾਂ ਤੇਲ ਪਾਵੇ, ਉਸ ਦੀ ਉਸ ਵੇਲੇ ਹੀ ਮੰਜੀ ਠੋਕ ਦੇਣੀ ਚਾਹੀਦੀ ਹੈ। ਇਨ੍ਹਾਂ ਆਉਣ ਵਾਲੀਆਂ ਚੋਣਾਂ ਵਿੱਚ ਖਾਸ ਕਰਕੇ 'ਇੰਡੀਆ ਫਰੰਟ' ਦੇ ਸਹਿਯੋਗੀਆ ਨੂੰ ਪੂਰੇ ਡਿਸਿਪਲਿਨ ਵਿੱਚ ਰਹਿ ਕੇ ਪ੍ਰਚਾਰ ਰਾਹੀਂ ਜਨਤਾ ਤੱਕ ਆਪਣੀ ਗੱਲ ਪਹੁੰਚਾਉਣੀ ਚਾਹੀਦੀ ਹੈ। ਗੱਲ ਕੀ ਆਪੋ ਵਿਚਲੇ ਛੋਟੇ-ਮੋਟੇ ਮਤਭੇਦ ਭੁਲਾ ਕੇ ਇੱਕ ਸਾਂਝੇ ਦੁਸ਼ਮਣ ਖ਼ਿਲਾਫ਼ ਇੱਕ ਹੋ ਕੇ ਲੜੋ, ਭਾਵ ਆਪਣੀਆਂ ਵੋਟਾਂ ਦਾ ਇਸਤੇਮਾਲ ਕਰੋ। ਫਿਰ ਜਿਹੜਾ ਕਮਾਲ ਹੋਵੇਗਾ, ਉਹ ਤੁਹਾਡੇ ਕਰਕੇ ਹੀ ਹੋਵੇਗਾ। ਜੋ ਤੁਹਾਨੂੰ ਅਤੇ ਤੁਹਾਡੀ ਰੂਹ ਨੂੰ ਸਕੂਨ ਦੇਵੇਗਾ।

ਸੰਪਰਕ : 98721-65741

# ਮਾਨਸਿਕ ਤਣਾਅ : ਵਿਸ਼ਵ ਸਿਹਤ ਸੰਗਠਨ ਲਈ ਚੁਣੌਤੀ

**ਸਤਿਨਾਮ ਔਜਲਾ**

ਅੱਜ ਇੱਕ ਨਵੀਂ ਚੁਣੌਤੀ ਵਿਸ਼ਵ ਸਿਹਤ ਸੰਗਠਨ ਅੱਗੇ ਇੱਕ ਵਿਰਾਟ ਰੂਪ 'ਚ ਆ ਰਹੀ ਹੈ। ਉਹ ਹੈ ਮਾਨਸਿਕ ਸਿਹਤ ਵਿੱਚ ਤੇਜ਼ੀ ਨਾਲ ਆ ਰਿਹਾ ਵਿਗਾੜ। ਮਨੁੱਖ ਨੂੰ ਜਿੰਨਾ ਸਰੀਰਕ ਸਿਹਤ ਵਿੱਚ ਰਿਸ਼ਟਪੁਸ਼ਟ ਹੋਣਾ ਚਾਹੀਦਾ ਹੈ, ਓਨਾ ਹੀ ਰਿਸ਼ਟਪੁਸ਼ਟ ਮਾਨਸਿਕ ਸਿਹਤ ਦਾ ਹੋਣਾ ਵੀ ਜ਼ਰੂਰੀ ਹੈ। ਸਰੀਰਕ ਤੌਰ 'ਤੇ ਮਨੁੱਖ ਜਿੰਨਾ ਮਰਜ਼ੀ ਰਿਸ਼ਟਪੁਸ਼ਟ ਹੋਵੇ, ਜੇਕਰ ਉਹ ਮਾਨਸਿਕ ਤੌਰ 'ਤੇ ਕਮਜ਼ੋਰ ਹੈ, ਉਹ ਕਿਤੇ ਵੀ ਸਫ਼ਲਤਾ ਨਹੀਂ ਪ੍ਰਾਪਤ ਕਰ ਸਕਦਾ। ਇੱਕ ਵਿਅਕਤੀ ਦਾ ਸਿਹਤਮੰਦ ਹੋਣਾ ਆਪਣੇ ਆਪ 'ਚ ਜ਼ਰੂਰੀ ਹੈ, ਓਨੀ ਹੀ ਮਾਨਸਿਕ ਤੰਦਰੁਸਤੀ ਪੂਰੇ ਪਰਵਾਰ, ਸਮਾਜਿਕ ਵਰਤਾਰਿਆਂ ਅਤੇ ਦੇਸ਼ ਲਈ ਉੱਨਤੀ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਰੱਖਦੀ ਹੈ, ਜਿਵੇਂ ਸਰੀਰਕ ਬਿਮਾਰੀ ਦੇ ਲੱਛਣ ਹਨ, ਉਵੇਂ ਹੀ ਮਾਨਸਿਕ ਬਿਮਾਰੀ ਦੇ ਆਪਣੇ ਲੱਛਣ ਹਨ। ਬਹੁਤ ਸਾਰੀ ਸਰੀਰਿਕ ਰੋਗਾਂ ਅਤੇ ਮਾਨਿਸਿਕ ਰੋਗਾਂ ਦੀ ਜੜ੍ਹ ਇੱਕ ਹੁੰਦੀ ਹੈ, ਪਰ ਸ਼ਾਖਾਵਾਂ ਵੱਖਰੀਆਂ ਹੋ ਜਾਂਦੀਆਂ ਹਨ। ਕਈ ਵਾਰੀ ਮਾਨਸਿਕ ਰੋਗਾਂ ਦੇ ਕਾਰਨ ਅਲੱਗ ਹੁੰਦੇ ਹਨ। ਮਾਨਸਿਕ ਰੋਗ ਜੋ ਅੱਜ ਪਾਏ ਜਾਣ ਲੱਗ ਪਏ ਹਨ, ਉਨ੍ਹਾਂ 'ਚ ਚਿੰਤਾ, ਤਨਾਅ, ਚੇਤਾ ਭੁੱਲਣਾ, ਉਦਾਸੀ, ਡਿਮੈਨਸ਼ੀਆ ਅਤੇ ਡਿਸਲੇਸ਼ੀਆ ਆਦਿ ਪ੍ਰਮੁੱਖ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਬੇਰੁਜ਼ਗਾਰ ਨੌਜਵਾਨ 18% ਤੋਂ ਵੱਧ ਪ੍ਰਭਾਵਤ ਉਦਾਸੀ ਅਤੇ ਚੇਤਾ ਭੁੱਲਣ ਦੀ ਬਿਮਾਰੀ ਤੋਂ ਪੀੜਤ ਹੋ ਰਹੇ ਹਨ। ਇਸ ਦਾ ਮੁੱਖ ਕਾਰਨ ਗਰੀਬੀ ਅਤੇ ਬੇਰੁਜ਼ਗਾਰੀ ਹੈ, ਜੋ ਇੱਕ ਸਤਹ 'ਤੇ ਪੁੱਜ ਕੇ ਵਿਅਕਤੀ ਦੀ ਚੋਰੀ ਕਰਨ ਜਾਂ ਹਿੰਸਕ ਪਰਵਿਰਤੀ ਬਣਾ ਦਿੰਦੀ ਹੈ। ਇਸ ਸਮੇਂ ਮਾਨਸਿਕ ਸਿਹਤ ਸਮੱਸਿਆ ਵਿਸ਼ਵ ਭਰ ਵਿੱਚ 6 ਤੋਂ 7.5 % ਵਿਚਕਾਰ ਬਣੀ ਹੋਈ ਹੈ ਅਤੇ ਵਿਸ਼ਵ ਭਰ ਵਿੱਚ 0.07 % ਮਨੋਰੋਗੀ ਵਿਗਿਆਨੀ ਹਨ, ਜੋ ਇੱਕ ਚਿੰਤਾ ਦੇ ਵਿਸ਼ੇ ਦਾ ਸੂਚਕ ਹੈ। ਜੇਕਰ ਬੇਰੁਜ਼ਗਾਰੀ, ਮਹਿੰਗਾਈ ਦਰ ਇਸੇ ਰਫ਼ਤਾਰ ਨਾਲ ਵਧਦੀ ਗਈ ਤਾਂ 2035 ਤੱਕ ਵਿਸਫੋਟਕ ਸਥਿਤੀ ਬਣ ਜਾਵੇਗੀ। ਇਸ ਨਾਲ ਕਲਪਿਤ ਚੀਜ਼ਾਂ ਨੂੰ ਸੱਚ ਮੰਨ ਲੈਣ ਦਾ ਮਨੁੱਖੀ ਸੁਭਾਅ ਬਣ ਜਾਵੇਗਾ ਅਤੇ ਅਪਰਾਧ ਦਰ ਵਧ ਜਾਵੇਗਾ, ਸੋ ਅੱਜ ਤੋਂ ਸੁਚੇਤ ਹੋਣ ਦੀ ਲੋੜ ਹੈ। ਕਲਪਿਤ ਰੋਗਾਂ ਵਿੱਚ ਕਰਮਾਂ ਦੀ ਮਾਰ, ਭੂਤ-ਪਰੇਤਾਂ ਦਾ ਹੋਣਾ ਜਾਂ ਛਾਇਆ ਰੋਗਾਂ ਦਾ ਮੰਨ ਲੈਣਾ ਸੁਭਾਵਿਕ ਤੇ ਵਿਆਪਕ ਅਸਰ ਪਾ ਦਿੰਦਾ ਹੈ, ਖਾਸ ਤੌਰ 'ਤੇ ਬੱਚਿਆਂ ਨੂੰ ਘਰ 'ਚ ਉਦਾਸੀ ਜਾਂ ਕਿਸੇ ਕਿਸਮ ਦੀ ਖਿੱਚੋਤਾਣ ਉਤਪੰਨ ਹੋ ਜਾਂਦੀ ਹੈ, ਜੋ ਅਸ਼ਾਂਤੀ ਦਾ ਰੂਪ ਧਾਰ ਕੇ ਸਮੱਸਿਆ ਬਣ ਕੇ ਖੜ੍ਹੀ ਹੋ ਜਾਂਦੀ ਹੈ। ਕਈ ਵਾਰੀ ਇਹ ਅਸ਼ਾਂਤੀ ਸਰਹੱਦਾਂ ਤੱਕ ਚਲੀ ਜਾਂਦੀ ਹੈ। ਇਸ ਪ੍ਰਸਥਿਤੀ ਦੇ ਰੂਪ ਵੱਖ-ਵੱਖ ਪ੍ਰਭਾਵਾਂ ਕਰਕੇ ਹੁੰਦੇ ਹਨ। ਜਿਹੜੇ ਆਰਥਿਕ ਸਾਧਨਾਂ 'ਚ ਘਾਟ, ਬੇਰੁਜ਼ਗਾਰੀ, ਸਮਾਜਿਕ ਵਿਤਕਰਿਆਂ ਕਰਕੇ, ਰਾਜਨੀਤਕ ਪ੍ਰਬੰਧਾਂ ਕਰਕੇ, ਧਾਰਮਿਕ ਬੰਧਨਾਂ ਕਰਕੇ ਜਾਂ ਨਾ ਅਨੁਕੂਲ ਸੁਭਾਵਿਕ ਵਰਤਾਰੇ ਕਰਕੇ। ਪੂਰੇ ਵਿਸ਼ਵ 'ਚ ਨਿਗਾਹ ਮਾਰ ਕੇ ਵੇਖੀਏ ਕੁਝ ਰਾਜ ਪ੍ਰਬੰਧ ਐਸੇ ਹਨ, ਜੋ ਆਪਣੀ ਜਨਤਾ ਨੂੰ ਨਪੀੜ ਕੇ ਰੱਖਦੇ ਹਨ। ਬੇਗਾਰੀਆਂ ਵਾਂਗ ਰੱਖਦੇ ਹਨ। ਉਨ੍ਹਾਂ ਦਾ ਆਮ ਲੋਕਾਂ ਪ੍ਰਤੀ ਤਾਨਾਸ਼ਾਹ ਵਤੀਰਾ ਅੱਜ ਮਾਨਸਿਕ ਪੀੜਾ ਬਣਿਆ ਹੋਇਆ ਹੈ। ਉੱਤਰੀ ਕੋਰੀਆ ਦੇ ਸਾਸ਼ਕ ਬਾਰੇ ਦੁਨੀਆ ਬਹੁਤ ਕੁਝ ਸੁਣਦੀ ਹੈ, ਪਰ ਕੋਈ ਵੀ ਦੂਸਰਾ ਮੁਲਕ ਉਸ ਦੇ ਲੋਕਾਂ ਦੀ ਮਾਨਸਿਕ ਪੀੜਾ ਪ੍ਰਤੀ ਖੜ੍ਹਾ ਹੋ ਕੇ ਅੱਗੇ ਨਹੀਂ ਆ ਰਿਹਾ। ਇਸੇ ਤਰ੍ਹਾਂ ਬਹੁਤ ਸਾਰੇ ਤਾਨਾਸ਼ਾਹ ਮੁਲਕਾਂ ਦਾ ਪ੍ਰਬੰਧ ਚੱਲ ਰਿਹਾ ਹੈ, ਜਿੱਥੇ ਅੱਤ ਦੀ ਗਰੀਬੀ ਵੀ ਹੈ, ਪਰ ਰਾਜ ਪ੍ਰਬੰਧ ਆਵਾਜ਼ ਨਿਕਲਣ ਨਹੀਂ ਦੇ ਰਿਹਾ, ਪਰ ਤਾਨਾਸ਼ਾਹੀ ਦੇ ਸ਼ਾਹੀ ਅੰਦਾਜ਼ ਵੀ ਜ਼ਿੰਦਗੀ ਦੇ ਕਿੱਸੇ, ਕਹਾਣੀਆਂ ਦੁਨੀਆ ਭਰ 'ਚ ਚਲਦੇ ਹਨ। ਰੂਸ ਅਤੇ ਚੀਨ ਵਰਗੇ ਦੇਸ਼ ਉਸ ਦੀ ਹਾਮੀ ਭਰਦੇ ਹਨ, ਤਾਂ ਕਿ ਉਸ ਦੀ ਮਾਨਸਿਕਤਾ ਦਾ ਉਪਯੋਗ ਉੱਚਿਤ ਸਮੇਂ ਕੀਤਾ ਜਾ ਸਕੇ।

ਬਹੁਤ ਸਾਰੇ ਦੇਸ਼ਾਂ 'ਚ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ ਨੂੰ ਸਖਤੀ ਨਾਲ ਦਬਾ ਦਿੱਤਾ ਜਾਂਦਾ ਹੈ, ਪਰ ਮਨੁੱਖ ਅੰਦਰ ਤਾਂ ਪੀੜਾ ਦੱਬੀ ਅਵਸਥਾ 'ਚ ਸੁਲਗਦੀ ਰਹਿੰਦੀ ਹੈ। ਲੋਕ ਮਾਨਸਿਕ ਪੀੜਾ ਦਾ ਦਰਦ ਅੰਦਰ ਝੱਲਦੇ ਹਨ। ਮਾਨਸਿਕ ਪੀੜਾ ਦੇ ਲੋਕ ਸਰੀਰਕ ਰੂਪ 'ਚ ਜ਼ਿੰਦਾ ਹੁੰਦੇ ਹੋਏ ਵੀ ਵਿਕਾਸ ਨਹੀਂ, ਸਗੋਂ ਵਿਦਰੋਹ ਕਰ ਸਕਦੇ ਹੁੰਦੇ ਹਨ। ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਦੀ ਮਾਨਸਿਕਤਾ ਵੱਖ ਹੁੰਦੀ ਹੈ, ਉੱਥੇ ਮਹਿੰਗਾਈ, ਬੇਰੁਜ਼ਗਾਰੀ ਅਤੇ ਚਿੰਤਕ ਦੌੜ ਅਲੱਗ ਹੁੰਦੀ ਹੈ। ਵਿਕਸਤ ਦੇਸ਼ਾਂ ਦੇ ਲੋਕ ਮਹਿੰਗਾਈ ਅਤੇ ਬੇਰੁਜ਼ਗਾਰੀ ਆਉਣ 'ਤੇ ਗਰੀਬ ਹੋਣ ਤੋਂ ਡਰਦੇ ਮਾਨਸਿਕਤਾ ਦੇ ਸ਼ਿਕਾਰ ਹੋ ਜਾਂਦੇ ਹਨ, ਜਦੋਂ ਵਿਕਾਸਸ਼ੀਲ ਦੇਸ਼ਾਂ ਦੇ ਲੋਕ ਗਰੀਬ ਹੁੰਦੇ ਮਹਿੰਗਾਈ ਤੇ ਬੇਰੁਜ਼ਗਾਰੀ ਦਾ ਬੋਝ ਹੋਰ ਵਧਣ ਨਾਲ ਗੰਭੀਰ ਸਰੀਰਕ ਤੇ ਮਾਨਸਿਕ ਰੋਗਾਂ ਦੇ ਸ਼ਿਕਾਰ ਹੋਣ ਨਾਲ ਜ਼ਿਆਦਾ ਕਮਜ਼ੋਰ ਹੋ ਜਾਂਦੇ ਹਨ। ਕੈਨੇਡਾ, ਅਮਰੀਕਾ, ਬਰਤਾਨੀਆ ਅਤੇ ਫਰਾਂਸ 'ਚ ਕੰਮ ਘਟਣ, ਮਹਿੰਗਾਈ ਵਧਣ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਹੇ ਲੋਕ ਮੁੜ ਆਪਣੇ ਦੇਸ਼ਾਂ ਵੱਲ ਜਾਣ ਲੱਗ ਪਏ ਹਨ। ਵਿਕਾਸਸ਼ੀਲ ਦੇਸ਼ਾਂ ਤੋਂ ਆਏ ਕਾਮੇ ਜ਼ਿਆਦਾ ਮਾਨਸਿਕ ਪ੍ਰੇਸ਼ਾਨੀ ਹੰਢਾਅ ਰਹੇ ਹਨ, ਕਿਉਂਕਿ ਉਨ੍ਹਾਂ ਦੇ ਸੁਪਨੇ ਆਪਣਾ ਘਰ ਅਤੇ ਗਰੀਬੀ ਤੋੜ ਦੇਸ਼ ਦੇ ਸੁਪਨੇ ਭੁੱਲ ਗਏ ਲੱਗਦੇ ਹਨ। ਇੱਕ ਪਛਤਾਵਾ ਉਨ੍ਹਾਂ ਨੂੰ ਬੇਚੈਨ ਕਰ ਰਿਹਾ ਹੁੰਦਾ ਹੈ, ਜੋ ਕਈ ਨਿਆਮਤਾਂ ਮੂਹਰੇ ਲਿਆ ਕੇ ਖੜ੍ਹੀਆਂ ਕਰ ਰਿਹਾ ਹੁੰਦਾ ਹੈ।

ਵਿਸ਼ਵ ਦੇ ਲੱਗਭੱਗ ਸਾਰੇ ਧਰਮਾਂ ਦੀ ਬੁਨਿਆਦ 'ਚ ਇੱਕ ਗੱਲ ਤਾਂ ਪੱਕੀ ਹੈ ਕਿ ਸਰਬਸ਼ਕਤੀਮਾਨ ਸਾਰੀ ਸ੍ਰਿਸ਼ਟੀ ਦਾ ਰਚੇਤਾ ਇੱਕ ਹੀ ਹੈ, ਉਹ ਹੈ ਰੱਬ ਜਾਂ ਪਰਮਾਤਮਾ। ਅਲੱਗ-ਅਲੱਗ ਭਾਸ਼ਾਵਾਂ ਵਿੱਚ ਅਲੱਗ-ਅਲੱਗ ਨਾਂਅ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਅਲੱਗ-ਅਲੱਗ ਧਰਮ ਦੇ ਗਿਰਦ ਸ਼ਰ੍ਹਾ ਦੀਆਂ ਬਣੀਆਂ ਉੱਚੀਆਂ ਦੀਵਾਰਾਂ ਹਨ। ਹਰ ਸ਼ਰ੍ਹਾ


● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਾਰਪੋਰੇਟ ਅਤੇ ਫਾਸ਼ੀ ਹੱਲੇ ਦੇ ਦੌਰ 'ਚ ਲੋਕਾਂ ਦੀ ਸੰਗੀ-ਸਾਥੀ ਗ਼ਦਰ ਲਹਿਰ

**ਅਮੋਲਕ ਸਿੰਘ**

ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ
ਆਵਾਜ਼ਾਂ ਆਉਂਦੀਆਂ
ਬੰਦੇ ਨੂੰ ਬਿਹਬਲ ਕਰਦੀਆਂ
ਪਾਗਲ ਬਣਾਉਂਦੀਆਂ

ਲੋਕਾਂ ਦੇ ਮਹਿਬੂਬ ਕਵੀ ਸੁਰਜੀਤ ਪਾਤਰ ਦੀ ਕਲਮ ਆਪਣੇ ਚੌਗਿਰਦੇ, ਹਵਾਵਾਂ, ਪੰਛੀਆਂ ਅਤੇ ਆਪਣੇ ਆਪ ਨਾਲ ਸੰਵਾਦ ਰਚਾਉਂਦੀ ਗਹਿਰੇ ਅਤੇ ਭਾਵ-ਪੂਰਤ ਹਰਫ਼ਾਂ ਸੰਗ ਸਾਡੇ, ਤੁਹਾਡੇ ਨਾਲ਼ ਕੁੱਝ ਸਾਂਝਾ ਕਰਨਾ ਲੋਚਦੀ ਹੈ। ਸਹਿਜਤਾ, ਕੋਮਲਤਾ ਅਤੇ ਸੁਰੀਲੀ ਸੁਰ ਦਾ ਇਹ ਮਤਲਬ ਨਹੀਂ ਕਿ ਉਹ 'ਗ਼ਦਰੀ ਗੂੰਜਾਂ' ਵਰਗੀ ਹੀ ਗੂੰਜ ਕਿਉਂ ਨਹੀਂ ਪਾਉਂਦੀ। ਨਾ ਹੀ ਗ਼ਦਰੀ ਗੂੰਜਾਂ ਦੇ ਕਵੀਆਂ ਨਾਲ ਇਹ ਗਿਲਾ ਸ਼ਿਕਵਾ ਕਰਨਾ ਬਣਦਾ ਹੈ ਕਿ ਉਹਨਾਂ ਵਿੱਚ ਸੁਹਜ ਉਸ ਤਰ੍ਹਾਂ ਨਹੀਂ, ਜਿਵੇਂ ਸੁਰਜੀਤ ਪਾਤਰ ਜਾਂ ਹੋਰ ਕਿਸ ਕਵੀ ਦੀਆਂ ਕਵਿਤਾਵਾਂ ਵਿੱਚ ਹੈ।



ਸਮਿਆਂ ਦੇ ਹਾਲਾਤ, ਸਮਿਆਂ ਦੀ ਤੋਰ, ਉੱਸਲਵੱਟੇ, ਕਰਵਟਾਂ, ਬਗ਼ਾਵਤਾਂ, ਨਵੇਂ ਰਾਹਾਂ ਦੇ ਰਾਹੀਆਂ ਦੇ ਕਾਫ਼ਲਿਆਂ ਦਾ ਮਾਰਗ ਬਹੁਤ ਕੁੱਝ ਹੈ, ਜੋ ਸ਼ਬਦਾਂ ਦੀ ਖੇਤੀ ਕਰਦਾ ਹੈ। ਉਹਨਾਂ ਦੇ ਅੰਗ-ਸੰਗ ਹੁੰਦੀਆਂ ਨੇ ਸੁਰਾਂ, ਸੰਗੀਤ ਦੀਆਂ ਤਰੰਗਾਂ, ਰਾਗਾਂ ਦੀ ਵਰਣਮਾਲਾ।

ਜਿਹੜੀਆਂ ਆਵਾਜ਼ਾਂ ਕਿਸੇ ਕਵੀ, ਲੇਖਕ, ਸਾਹਿਤਕਾਰ, ਰੰਗ ਕਰਮੀ ਨੂੰ ਧੁਰ ਅੰਦਰ ਤੱਕ ਝੰਜੋੜ ਜਾਂਦੀਆਂ ਨੇ, ਉਹੀ ਆਵਾਜ਼ਾਂ ਕਿੰਨਿਆਂ ਲਈ ਅਣਸੁਣੀਆਂ ਹੋ ਕੇ ਵੀ ਰਹਿ ਜਾਂਦੀਆਂ ਨੇ। ਅੱਜ-ਕੱਲ੍ਹ ਵੀ ਅਲੱਗ-ਅਲੱਗ ਦਿਸ਼ਾਵਾਂ ਤੋਂ ਬਹੁਤ ਆਵਾਜ਼ਾਂ ਆ ਰਹੀਆਂ। ਕਈ ਵਾਰ ਤਾਂ ਇਉਂ ਮਹਿਸੂਸ ਹੋਣ ਲੱਗਦੈ ਕਿ ਇਹ ਆਵਾਜ਼ਾਂ ਨਹੀਂ, ਇਹ ਸ਼ੋਰ ਹੈ। ਸ਼ੋਰ ਦੇ ਜਮਘਟੇ 'ਚ ਮਿੱਠੀਆਂ, ਸੁਰੀਲੀਆਂ, ਕੁਸੈਲੀਆਂ ਅਤੇ ਜ਼ਹਿਰਾਂ ਭਰੀਆਂ ਆਵਾਜ਼ਾਂ ਦੀ ਪਹਿਚਾਣ ਕਰਨੀ ਵੀ ਆਮ ਬੰਦੇ ਲਈ ਔਖੀ ਹੋ ਜਾਂਦੀ ਹੈ। ਬੰਦੇ ਨੂੰ ਭੀੜਾਂ ਆਪਣੇ ਸ਼ੋਰ ਵਿੱਚ ਧੂਹ ਲੈਂਦੀਆਂ ਨੇ। ਪੀੜਾਂ ਹੰਢਾਉਂਦਾ ਬੰਦਾ ਉਸ ਸ਼ੋਰ ਵਿੱਚੋਂ ਦਵਾ ਬੂਟੀ ਮਿਲਣ ਦੇ ਝਾਂਸੇ ਵਿੱਚ ਫਸਿਆ; ਉਲਟਾ ਉਮਰਾਂ ਦੇ ਰੋਗ ਲੈ ਬਹਿੰਦਾ ਹੈ।

ਅਜਿਹਾ ਸ਼ੋਰ 1913 'ਚ ਵੀ ਸਿਖ਼ਰਾਂ 'ਤੇ ਸੀ। ਗ਼ਦਰ ਪਾਰਟੀ ਦੀ ਆਧਾਰਸ਼ਿਲਾ ਰੱਖਣ ਲਈ ਜਿਹੜੇ ਦਰਦ-ਪਰੁੰਨੇ ਪਰਦੇਸੀਂ ਰੁਲ਼ਦੇ ਲੋਕ ਦਰਦ ਨਿਵਾਰਨ ਲਈ ਬੂਟੀਆਂ ਲੱਭਣ ਤੁਰੇ, ਉਹਨਾਂ ਨੂੰ ਚੋਰ, ਡਾਕੂ, ਹਿੰਸਕ ਅਤੇ ਪਾਗ਼ਲ ਕਹਿਣ ਦੀਆਂ ਹਨੇਰੀਆਂ ਮੂੰਹ ਜ਼ੋਰ ਸਨ। ਅਨੇਕਾਂ ਦਿਸ਼ਾਵਾਂ ਤੋਂ ਬਿਹਬਲ ਅਤੇ ਪਾਗਲ ਬਣਾਉਂਦੀਆਂ ਆਵਾਜ਼ਾਂ ਉਦੋਂ ਵੀ ਆਉਂਦੀਆਂ ਸੀ। ਉਸ ਵੇਲੇ ਕੋਮਲ ਹਿਰਦੇ ਵਾਲਿਆਂ ਨੇ ਗੌਰ ਨਾਲ਼ ਸੁਣੀਆਂ, ਵਿਚਾਰੀਆਂ, ਇੱਕ-ਦੂਜੇ ਨਾਲ ਸਾਂਝੀਆਂ ਕੀਤੀਆਂ। ਮਿਲਣੀਆਂ, ਵਿਚਾਰ-ਗੋਸ਼ਟੀਆਂ ਨੇ ਮਿਲਣ ਦੇ ਕੇਂਦਰ ਸਥਾਪਤ ਕਰਨ ਲਈ ਵਿਚਾਰਾਂ ਦੀ ਪਨੀਰੀ ਨੂੰ ਪੁੰਗਰਨ ਦਾ ਵਾਤਾਵਰਣ ਦਿੱਤਾ। ਗ਼ਦਰ ਪਾਰਟੀ ਦੀ ਨੀਂਹ ਰੱਖਣ ਤੋਂ ਪਹਿਲਾਂ ਦਾ ਦੌਰ ਵੀ ਤੱਤ ਰੂਪ ਵਿੱਚ ਅੱਜ ਦੀਆਂ ਹਾਲਤਾਂ ਤੋਂ ਮੂਲੋਂ ਵੱਖਰਾ ਨਹੀਂ ਸੀ। ਇਹਨਾਂ ਉੱਬੜ-ਖਾਬੜ ਰਾਹਾਂ 'ਚ ਹੀ ਕਾਫ਼ਲੇ ਤੁਰੇ ਅਤੇ ਉਹਨਾਂ ਨਵੇਂ ਰਾਹ ਬਣਾਏ।

ਸੌ ਸਾਲ ਤੋਂ ਵੀ ਪਹਿਲਾਂ ਲੋਕ ਅਮਰੀਕਾ ਅਤੇ ਕੈਨੇਡਾ ਗ਼ਦਰ ਪਾਰਟੀ ਬਣਾਉਣ ਨਹੀਂ ਸੀ ਗਏ। ਨਾ ਹੀ ਉਥੇ ਜਾ ਕੇ ਉਹ ਬਾਜ਼ਾਰੋਂ ਕੋਈ ਪੁੜੀਆਂ ਲੈ ਕੇ ਆਏ, ਆਪਣੀ ਮਰਜ਼ ਦੂਰ ਕਰਨ ਲਈ। ਉਥੋਂ ਦੀਆਂ ਤਲਖ਼ ਹਕੀਕਤਾਂ, ਆਪਣੇ ਪਿਛੋਕੜ, ਆਪਣੀ ਇਤਿਹਾਸਕ ਵਿਰਾਸਤ ਦੀਆਂ ਤਿੱਖੀਆਂ ਚੋਭਾਂ ਨੇ ਜੀਵਨ ਨੂੰ ਸਮਝਣ ਅਤੇ ਬਦਲਣ ਲਈ ਉਪਾਅ ਕਰਨ ਵਾਲੀ ਨਵੀਂ ਚੇਤਨਾ ਦੀਆਂ ਲਗਰਾਂ ਫੁੱਟਣ ਦਾ ਮੌਕਾ ਦਿੱਤਾ। ਅੱਜ ਕੋਈ ਇਹ ਨਵੀਂ ਗੱਲ ਨਹੀਂ ਆਖੀ ਜਾ ਰਹੀ ਕਿ 'ਏਥੇ ਕੁੱਝ ਨਹੀਂ ਬਦਲਣਾ', ਕੈਨੇਡਾ ਅਤੇ ਹੋਰਨਾਂ ਥਾਵਾਂ 'ਤੇ ਉਜਾੜੇ, ਬੇਰੁਜ਼ਗਾਰੀ ਅਤੇ ਵਤਨ ਵਾਪਸੀ ਲਈ ਧੱਕੇ ਧੋੜਿਆਂ ਦੀ ਮਾਰ ਝੱਲ ਰਹੇ ਲੋਕਾਂ ਦਾ ਕੁੱਝ ਨਹੀਂ ਬਣਨਾ। ਜੇ 1913 ਤੋਂ ਪਹਿਲਾਂ ਦੇ ਇਤਿਹਾਸ ਦੇ ਸਫ਼ਿਆਂ ਉਪਰ ਝਾਤ ਮਾਰੀਏ ਤਾਂ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਰਹਿਣ ਦਿੰਦੇ। ਉਸ ਵੇਲੇ ਵੀ ਬਿਹਬਲ ਕਰਦੇ ਬੋਲਾ ਪਾਗਲ ਬਣਾਉਂਦੀਆਂ ਤਿੱਖੜ ਆਵਾਜ਼ਾਂ ਸਨ।

ਵਿਸ਼ੇਸ਼ ਕਰਕੇ ਪੰਜਾਬ ਅਤੇ ਹੋਰਨਾਂ ਖਿੱਤਿਆਂ ਤੋਂ ਲੋਕਾਂ ਜਦੋਂ ਪਰਦੇਸਾਂ ਨੂੰ ਚਾਲੇ ਪਾਏ ਤਾਂ ਉਹ ਕਰਜ਼ੇ, ਗਰੀਬੀ, ਮੰਦਹਾਲੀ, ਸ਼ਾਹੂਕਾਰਾਂ ਦੇ ਕਹਿਰ ਦੇ ਭੰਨੇ ਹੋਏ ਸਨ। ਪਰਦੇਸੀਂ ਪੁੱਜ ਕੇ ਉਹਨਾਂ ਨੂੰ ਰੋਟੀ, ਰੋਜ਼ੀ ਕੋਈ ਥਾਲੀ 'ਚ ਪਰੋਸ ਕੇ ਨਹੀਂ ਸੀ ਮਿਲੀ। ਉਹਨਾਂ ਦਰ-ਦਰ ਧੱਕੇ ਖਾਧੇ। ਅਮਰੀਕਾ, ਕੈਨੇਡਾ ਦੀਆਂ ਹਾਲਤਾਂ, ਜ਼ਿੰਦਗੀ ਦੇ ਆਰਥਿਕ, ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਮਨੋਵਿਗਿਆਨਕ ਅਨੇਕਾਂ ਪੱਖਾਂ ਦਾ ਉਹਨਾਂ ਦੇ ਮਨ ਉਪਰ ਪ੍ਰਭਾਵ ਪੈਣਾ ਸੁਭਾਵਕ ਅਤੇ ਲਾਜ਼ਮੀ ਸੀ। ਵਿਗਿਆਨ ਦਾ ਨਿਯਮ ਹੈ ਕਿ ਇਹ ਅਮਲ ਦੋਵੇਂ ਪਾਸਿਆਂ ਨੂੰ ਮੋੜਵੇਂ ਰੂਪ ਵਿੱਚ ਕਲਾਵੇ ਵਿੱਚ ਲੈਂਦਾ ਹੈ। ਅਮਰੀਕਾ, ਕੈਨੇਡਾ, ਅਫ਼ਰੀਕਾ ਅਤੇ ਹੋਰਨਾਂ ਮੁਲਕਾਂ ਵਿੱਚ ਰੋਟੀ-ਰੋਜ਼ੀ ਦੀ ਭਾਲ 'ਚ ਗਏ ਲੋਕਾਂ ਦੇ ਮਨਾਂ ਅੰਦਰ ਪਹਿਲਾਂ ਵਿਚਾਰਾਂ ਦੀ ਅੰਕੁਰ ਫੁੱਟਣ ਲੱਗੀ, ਫ਼ਿਰ ਵਿਚਾਰਾਂ ਦੀ ਫ਼ਸਲ ਜੋਬਨ 'ਤੇ ਆਈ। ਉਹਨਾਂ ਦੇ ਮਨ ਦਰਵਾਜ਼ੇ ਖੁੱਲ੍ਹਣ ਲੱਗੇ। ਉਹ ਖੁੱਲ੍ਹੀਆਂ ਹਵਾਵਾਂ, ਚੰਨ ਦੀ ਚਾਨਣੀ, ਸੂਰਜ ਦੀ ਰੌਸ਼ਨੀ ਵਿੱਚੀਂ ਤੱਕਣ ਅਤੇ ਸਮਝਣ ਲੱਗੇ ਕਿ ਸਾਨੂੰ ਇਸ ਕਰਕੇ ਪਰਦੇਸਾਂ ਵੱਲ ਮੂੰਹ ਕਰਨਾ ਪਿਆ, ਕਿਉਂਕਿ ਸਾਡਾ ਮੁਲਕ ਗ਼ੁਲਾਮ ਹੈ। ਅੱਗ ਲੈਣ ਆਈ, ਘਰ ਦੀ ਮਾਲਕਣ ਬਣ ਬੈਠੀ ਈਸਟ ਇੰਡੀਆ ਕੰਪਨੀ ਵਰਗੀਆਂ ਧਾੜਾਂ ਨੇ ਸਾਡੇ ਮੁਲਕ ਦੇ ਕੁਦਰਤੀ ਮਾਲ-ਖਜ਼ਾਨੇ ਹੜੱਪ ਲਏ। ਸਾਡੇ ਜੰਗਲ, ਜਲ, ਜ਼ਮੀਨ, ਸਿੱਖਿਆ, ਸਾਡੀ ਕਿਰਤ, ਬੋਲੀ, ਧਾਰਮਿਕ, ਸਮਾਜਿਕ, ਜਮਹੂਰੀ ਆਜ਼ਾਦੀਆਂ ਉਪਰ ਜੱਫਾ ਮਾਰ ਲਿਆ। ਪਾਬੰਦੀਆਂ ਮੜ੍ਹ ਕੇ ਸਾਨੂੰ ਗ਼ੁਲਾਮ ਬਣਾ ਕੇ ਸਾਡੇ ਮੁਲਕ ਦੀ ਧਨ-ਦੌਲਤ ਹੜੱਪ ਲਈ। ਖੇਤੀ, ਸਨਅਤ, ਗਿਆਨ-ਵਿਗਿਆਨ, ਸਿੱਖਿਆ ਨੂੰ ਆਪਣੇ ਹਿੱਤਾਂ ਮੁਤਾਬਕ ਬਰਤਾਨਵੀ ਹਕੂਮਤ ਨੇ ਮਰੋੜਾ ਦਿੱਤਾ। ਪਰਵਾਸੀਆਂ ਦੇ ਗੱਲ ਪੱਲੇ ਪੈਣ ਲੱਗੀ ਕਿ ਪੁਆੜੇ ਦੀ ਜੜ੍ਹ ਕਿੱਥੇ ਹੈ। ਇਹ ਸੋਚਾਂ ਉਹਨਾਂ ਦੇ ਮਿਲ ਬੈਠਣ ਨਾਲ਼ ਅੱਗੇ ਤੁਰੀਆਂ।



ਕੈਲੇਫੋਰਨੀਆ (ਅਮਰੀਕਾ) ਦੇ ਖੇਤਾਂ 'ਚ ਕੰਮ ਕਰਦੇ ਪੰਜਾਬੀਆਂ ਜਵਾਲਾ ਸਿੰਘ ਠੱਠੀਆਂ, ਵਸਾਖਾ ਸਿੰਘ ਦਦੇਹਰ, ਸੰਤੋਖ ਸਿੰਘ ਧਰਦਿਓ, ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਰੂੜ ਸਿੰਘ ਚੂਹੜਚੱਕ, ਕਰਤਾਰ ਸਿੰਘ ਦੁੱਕੀ ਲਤਾਲਾ (ਲੁਧਿਆਣਾ) ਆਦਿ ਅੰਕੁਰ ਰੂਪ 'ਚ ਨਵੇਂ ਵਿਚਾਰਾਂ ਦੀ ਸਾਂਝ ਪਾਉਣ ਲੱਗੇ। ਇਹ ਵੀ ਪਤਾ ਲੱਗਣ ਲੱਗਾ ਕਿ ਕਰਤਾਰ ਸਿੰਘ ਸਰਾਭਾ ਅਤੇ ਕੁੱਝ ਹੋਰ ਵਿਦਿਆਰਥੀ ਵੀ ਅਜਿਹੀਆਂ ਵਿਚਾਰਾਂ ਕਰਨ ਲੱਗੇ ਹਨ। ਇਉਂ 31 ਮਾਰਚ 1913 ਨੂੰ ਬਰਾਈਡ ਵਿਲ (ਅਮਰੀਕਾ) ਫਿਰ 7 ਅਪ੍ਰੈਲ 1919 ਨੂੰ ਲਿਨਟਨ ਮਿੱਲ ਵਿੱਚ ਮੀਟਿੰਗ ਕੀਤੀ ਗਈ। ਇਸ ਵਿੱਚ ਪੋਰਟਲੈਂਡ ਅਤੇ ਸੈਂਟ ਜਾਨ ਦੇ ਪੰਜਾਬੀ ਵੀ ਸ਼ਾਮਲ ਹੋਏ। ਲਿਨਟਨ ਆਰਾ ਮਿੱਲ ਵਿੱਚ ਸੋਹਣ ਸਿੰਘ ਭਕਨਾ ਕੰਮ ਕਰਦੇ ਸਨ। ਇਉਂ ਮਿਲਣੀਆਂ, ਵਿਚਾਰਾਂ ਦਾ ਅਜਿਹਾ ਮੁੱਢ ਬੱਝਾ ਕਿ 21 ਅਪ੍ਰੈਲ 1913 ਨੂੰ ਅਸਟੋਰੀਆ ਵਿਖੇ ਆਰਾ ਮਿੱਲ 'ਤੇ ਕੇਸਰ ਸਿੰਘ ਠੱਠਗੜ੍ਹ ਦੇ ਟਿਕਾਣੇ 'ਤੇ ਇਕੱਤਰਤਾ ਹੋਈ। ਇਸ ਵਿੱਚ ਵੱਖ-ਵੱਖ ਥਾਵਾਂ 'ਤੇ ਕੰਮ ਕਰਦੇ ਲੋਕ ਇਕੱਠੇ ਹੋਏ। ਇੱਥੇ ਕਰਤਾਰ ਸਿੰਘ ਸਰਾਭਾ ਵੀ ਛੁੱਟੀਆਂ ਕੱਟਣ ਆਇਆ ਹੋਇਆ ਸੀ, ਉਹਨਾਂ ਨਾਲ ਸੰਪਰਕ ਕਰਕੇ ਇਸ ਇਕੱਤਰਤਾ ਨੇ ਠੋਸ ਕਦਮ ਚੁੱਕਣ ਦਾ ਮਨ ਬਣਾਇਆ।

* ਇੱਥੇ ਵਿਚਾਰਕੇ ਜਥੇਬੰਦੀ ਦਾ ਨਾਂਅ ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ ਤੋਂ ਸੌਖਿਆਂ ਕਰਕੇ 'ਹਿੰਦੀ ਪੈਸਿਫ਼ਿਕ ਐਸੋਸੀਏਸ਼ਨ' ਰੱਖਣ ਸਮੇਤ ਕਈ ਮਤੇ ਪਾਸ ਕੀਤੇ ਗਏ।

* ਜੱਥੇਬੰਦੀ ਦਾ ਅਖ਼ਬਾਰ 'ਗ਼ਦਰ' ਕੱਢਣ ਦਾ ਵੀ ਫੈਸਲਾ ਹੋਇਆ। ਬਾਅਦ ਵਿੱਚ 'ਗ਼ਦਰ' ਅਖ਼ਬਾਰ ਐਨਾ ਮਕਬੂਲ ਹੋਇਆ ਕਿ ਪਾਰਟੀ ਨੂੰ 'ਗ਼ਦਰ ਪਾਰਟੀ' ਕਰਕੇ ਹੀ ਜਾਣਿਆ ਜਾਣ ਲੱਗਾ।

* ਜੱਥੇਬੰਦੀ ਦੀ ਸਾਲਾਨਾ ਚੋਣ ਕੀਤੀ ਜਾਏਗੀ।

* ਹਰੇਕ ਕਾਰਖਾਨੇ ਅਤੇ ਰੇਲ ਮਜ਼ਦੂਰਾਂ ਅਤੇ ਫ਼ਾਰਮਾਂ ਦੀਆਂ ਕਮੇਟੀਆਂ ਬਣਾਈਆਂ।

* ਹਰੇਕ ਮੈਂਬਰ ਹਰ ਮਹੀਨਾ ਇੱਕ ਡਾਲਰ ਚੰਦਾ ਦੇਵੇਗਾ।

* ਜੱਥੇਬੰਦੀ ਧਰਮ-ਨਿਰਪੱਖ ਹੋਏਗੀ। ਇਸ ਵਿੱਚ ਮਜ਼੍ਹਬੀ ਬਹਿਸਾਂ ਲਈ ਕੋਈ ਥਾਂ ਨਹੀਂ ਹੋਵੇਗੀ।

* ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਮਜ਼ਦੂਰ ਅਤੇ ਹੋਰ ਮਿਹਨਤੀ ਲੋਕ ਜੋ ਆਪਣੇ ਹੱਕਾਂ ਲਈ ਸੰਘਰਸ਼ ਕਰਨਗੇ, ਹਰ ਗ਼ਦਰੀ ਦਾ ਇਹ ਫ਼ਰਜ਼ ਹੋਏਗਾ ਕਿ ਉਹ ਉਸ ਹੱਕੀ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰੇ।

ਇੱਕ ਨਿੱਕੀ ਜਿਹੀ ਕਣੀ, ਦੋ ਬੂੰਦ, ਔੜਾਂ ਮਾਰੀ ਧਰਤੀ ਦਾ ਸੀਨਾ ਠਾਰਨ ਦਾ ਕੰਮ ਕਰਦੇ ਹਨ। ਅਮਰੀਕਾ, ਕੈਨੇਡਾ ਅਤੇ ਹੋਰ ਥਾਵਾਂ 'ਤੇ ਦਰ-ਦਰ ਭਟਕਦੇ, ਆਪਣੇ ਆਪ ਨੂੰ ਇਕੱਲੇ ਅਤੇ ਸ਼ਕਤੀਹੀਣ ਸਮਝਦੇ ਲੋਕ ਕਿਸ-ਕਿਸ ਦਿਸ਼ਾ ਤੋਂ ਆਉਂਦੀਆਂ ਆਵਾਜ਼ਾਂ ਤੋਂ ਉਦਾਸ ਹੋਣ ਦੀ ਬਜਾਏ ਉਹ ਆਪਣੇ ਦੁੱਖਾਂ ਦਾ ਓਹੜ-ਪੋਹੜ ਜੱਥੇਬੰਦੀ ਵਿੱਚੋਂ ਦੇਖਣ ਲੱਗੇ। ਇਸ ਦੀ ਮਜ਼ਬੂਤੀ ਲਈ ਜੱਦੋ-ਜਹਿਦ ਦੇ ਜ਼ਰੂਰੀ ਹਥਿਆਰ ਚੰਡਣ ਲੱਗੇ।

ਸਾਨ ਫਰਾਂਸਿਸਕੋ ਦੀ ਗਲੀ 'ਚ 436 ਨੰਬਰ ਮਕਾਨ ਕਿਰਾਏ 'ਤੇ ਲੈ ਕੇ ਉਸ ਨੂੰ ਯੁਗਾਂਤਰ ਆਸ਼ਰਮ ਭਾਵ ਗ਼ਦਰ ਆਸ਼ਰਮ ਸਥਾਪਤ ਕਰਕੇ ਗ਼ਦਰ ਲਹਿਰ ਦਾ ਅਤੇ ਅਖ਼ਬਾਰ 'ਗ਼ਦਰ' ਦਾ ਮੁੱਖ ਕੇਂਦਰ ਬਣਾਇਆ ਗਿਆ। 'ਗ਼ਦਰ' ਅਖ਼ਬਾਰ ਪੰਜਾਬੀ ਸਮੇਤ ਅਲੱਗ-ਅਲੱਗ ਭਾਸ਼ਾਵਾਂ ਵਿੱਚ ਛਪਣ ਲੱਗਾ। 'ਗ਼ਦਰ' ਅਖ਼ਬਾਰ ਨੇ ਚਾਰੇ ਪਾਸੇ ਤਰਥੱਲੀ ਛੇੜ ਦਿੱਤੀ। ਪੰਜਾਬ ਵਿੱਚ ਰਾਜ ਭਾਗ 'ਤੇ ਕਾਬਜ਼ ਅੰਗਰੇਜ਼ੀ ਹਕੂਮਤ ਨੇ ਕੰਨ ਖੜ੍ਹੇ ਕਰ ਲਏ। ਸਾਮਰਾਜੀ ਲੁੱਟ-ਖੋਹ ਦਾ ਸਿਲਸਿਲਾ ਬੇਰੋਕ ਚੱਲਦਾ ਰੱਖਣ ਲਈ ਉਸ ਨੇ ਸਾਰੇ ਕਦਮ ਚੁੱਕਣ ਦੀਆਂ ਤਿਆਰੀਆਂ ਖਿੱਚ ਲਈਆਂ। ਬਰਤਾਨਵੀ ਸਾਮਰਾਜ ਦੇ ਵਫ਼ਾਦਾਰ ਸਰਕਾਰੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

27-Oct-Sunday.qxd 10/26/2024 10:08 PM Page 4



# ਮਨੁੱਖ ਦੇ ਆਪੇ ਦੀ ਪਹਿਚਾਣ ਦੇ ਮਾਰਗ ’ਤੇ ਸਫਰ ਕਰਨ ਲਈ ਉਤੇਜਿਤ ਕਰਦੀ ਪੁਸਤਕ





**ਫੋਕਸ**

## ਚਰਚਾ ਇਕ ਪੁਸਤਕ ਦੀ

**ਪ੍ਰੋਫੈਸਰ ਸੰਧੂ ਵਰਿਆਣਵੀ**

### ਮੈਂ ਜ਼ਿੰਦਾਬਾਦ

(ਕਾਵਿ ਵਾਰਤਕ)
**ਰਾਣਾ ਰਣਬੀਰ**
**ਪੰਨੇ : 122, ਮੁੱਲ : 249 ਰੁਪਏ**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

ਰਾਣਾ ਰਣਬੀਰ ਪੰਜਾਬੀ ਸਿਨੇਮਾ ਦਾ ਇੱਕ ਚਰਚਿਤ ਨਾਂਅ ਹੈ। “ਮੈਂ ਜ਼ਿੰਦਾਬਾਦ” ਉਸ ਦੀ ਛੇਵੀਂ ਕਾਵਿ-ਵਾਰਤਕ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੀਆਂ “ਕਿਣ-ਮਿਣ, ਤਿੱਪ-ਤਿੱਪ”, “20 ਨਵੰਬਰ”, “ਜ਼ਿੰਦਗੀ ਜ਼ਿੰਦਾਬਾਦ”, “ਦੀਵਾ” ਅਤੇ “ਕਲਾਕਾਰੀਆਂ” ਪੁਸਤਕਾਂ ਕਈ-ਕਈ ਐਡੀਸ਼ਨਾਂ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ। “ਮੈਂ ਜ਼ਿੰਦਾਬਾਦ” ਦਾ ਦੂਸਰਾ ਐਡੀਸ਼ਨ ਮੇਰੇ ਹੱਥ ਵਿੱਚ ਹੈ। ਇਸ ਤੋਂ ਪਹਿਲਾਂ ਇਹ ਪੁਸਤਕ ਮਈ 2024 ਵਿੱਚ ਪ੍ਰਕਾਸ਼ਤ ਹੋਈ ਸੀ। ਇਸ ਕਾਵਿ ਵਾਰਤਕ ਦੇ ‘ਧੋਖੇ ਹਾਲਤ ਮਾੜੀ ਅੱਗੇ ਢੇਰੀ ਢਾਹੁਣੀ ਨਹੀਂ। ਰੁੱਖੀ ਖਾ ਕੇ ਜਿਉਂ ਲਊਂ ਪਰ ਮੈਂ ਸ਼ਾਨ ਗਵਾਉਣੀ ਨਹੀਂ, ‘ਸ਼ਬਦ’ ਪਾਠਕ ਪੜ੍ਹਦਿਆਂ ਹੀ ਅੰਦਰੋਂ ਹਲੂਣਿਆ ਜਾਂਦਾ ਹੈ। ਕਿਤਾਬ ਦੀ ਪਹੁੰਚ ਹੀ ਪਾਠਕ ਅੰਦਰ ਜਗਿਆਸਾ ਦੀਆਂ ਤਰਬਾਂ ਧੁਰ ਤੱਕ ਹਿਲਾ ਦਿੰਦੀ ਹੈ। ਦਰਅਸਲ ਇਹ ਪੁਸਤਕ ਮਨੁੱਖ ਦੇ ਆਪੇ ਦੀ ਪਹਿਚਾਣ ਦੇ ਮਾਰਗ ’ਤੇ ਸਫਰ ਕਰਨ ਲਈ ਉਤੇਜਿਤ ਕਰਦੀ ਹੋਈ ਮਨੁੱਖ ਦੀ ਅੰਦਰਲੀ ਤਾਕਤ ਨੂੰ ਪਹਿਚਾਨਣ ਦਾ ਸਬੱਬ ਬਣਦੀ ਹੈ। ਇਸ ਪੁਸਤਕ ਦੇ ਸਮਰਪਣ ‘ਇਹ ਪੋਥੀ ਉਸ ਦੇ ਨਾਂਅ ਜੋ ਇਸ ਨੂੰ ਪੜ੍ਹ ਰਿਹਾ ਹੈ। ਇਹ ਪੋਥੀ ਉਸ ਲਈ ਲਿਖੀ ਗਈ ਹੈ, ਜੋ ਇਸ ਨੂੰ ਪੜ੍ਹ ਰਿਹਾ ਹੈ। ਇਸ ਪੋਥੀ ਵਿਚਲੀ ਸੋਚ ਵਿਚਾਰ ਪੜ੍ਹਨ ਵਾਲੇ ਦੀ ਹੈ। ਲੇਖਕ ਨੇ ਸਿਰਫ ਇਸ ਨੂੰ ਲਿਖਿਆ ਹੈ, ਸ਼ਬਦ ਪੜ੍ਹਦਿਆਂ ਪਾਠਕ ਮਨੁੱਖੀ ਜ਼ਿੰਦਗੀ ਦੇ ਆਰ-ਪਾਰ ਝਾਕਣ ਲਈ ਇਨ੍ਹਾਂ ਪ੍ਰਸ਼ਨਾਂ ਨਾਲ ਦਸਤ-ਪੰਜਾ ਲੈਣ ਲਈ ਤਿਆਰ ਹੋ ਜਾਂਦਾ ਹੈ। ਜਿਹੜੇ ਪ੍ਰਸ਼ਨ ਲੇਖਕ ਨੇ ਕਿਤਾਬ ਦੀ ਪੜ੍ਹਤ ਸ਼ੁਰੂ ਕਰਨ ਤੋਂ ਪਹਿਲਾਂ ‘ਇਮਤਿਹਾਨ’ ਅਨੁਵਾਨ ਹੇਠ ਦਰਜ ਕੀਤੇ ਹਨ, ਇਨ੍ਹਾਂ ਦੇ ਉੱਤਰ ਲਈ ਵੀ ਜ਼ਿੰਦਗੀ ਦੇ ਇਮਤਿਹਾਨ ਨੂੰ ਪਾਸ ਕਰਨ ਲਈ ‘ਇਮਾਨਦਾਰੀ’ ਦੀ ਸ਼ਰਤ ਰੱਖੀ ਗਈ ਹੈ। ਇਹ ਪ੍ਰਸ਼ਨ ਇਸ ਪ੍ਰਕਾਰ ਹਨ:-

(1) ਕੀ ਮੈਂ ਵਕਤ ਲਈ ਪਾਬੰਦ ਹਾਂ? (2) ਮੇਰੇ ਕਹਿਣ ਅਤੇ ਕਰਨ ਵਿੱਚ ਅੰਤਰ ਹੈ? (3) ਕੀ ਮੈਂ ਇਮਾਨਦਾਰ ਹਾਂ? (4) ਕੀ ਮੇਰੀ ਫਾਲਤੂ ਸੋਚਣ ਦੀ ਆਦਤ ਹੈ? (5) ਕੀ ਮੇਰੀ ਸੋਚ ਬੀਤ ਗਏ ਅਤੇ ਆਉਣ ਵਾਲੇ ਵਕਤ ਵਿੱਚ ਫਸੀ ਰਹਿੰਦੀ ਹੈ? (6) ਕੀ ਮੇਰਾ ਦੂਜਿਆਂ ਲਈ ਵਿਵਹਾਰ ਉਹੋ ਜਿਹਾ ਹੈ, ਜੋ ਮੇਰੇ ਵੱਲੋਂ ਆਪਣੇ ਲਈ ਦੂਜਿਆਂ ਵੱਲੋਂ ਸੋਚਿਆ ਜਾਂਦਾ ਹੈ? (7) ਕੀ ਮੈਨੂੰ ਪੜ੍ਹਨ ਦੀ ਆਦਤ ਹੈ? (8) ਕੀ ਮੇਰਾ ਖਾਣ-ਪੀਣ ’ਤੇ ਕਾਬੂ ਹੈ? (9) ਕੀ ਕਸਰਤ ਕਰਨਾ ਜਾਂ ਜ਼ਿਆਦਾ ਤੁਰਨਾ ਮੇਰੇ ਜੀਵਨ ਦਾ ਹਿੱਸਾ ਹੈ? (10) ਕੀ ਮੈਨੂੰ ਕੁਝ ਲਿਖਣ ਦੀ ਆਦਤ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਹਾਂ ਜਾਂ ਨਾਂਹ ਵਿੱਚ ਹੀ ਦੇਣੇ ਪੈਣਗੇ। ਫਿਰ ਹੀ ਤੁਸੀਂ ਇਸ ਪੋਥੀ ਨੂੰ ਅਗਾਂਹ ਪੜ੍ਹਨ ਲਈ ਸੋਚ ਦੇ ਕਦਮ ਵਧਾਓਗੇ। ਇਸ ਕਰਕੇ ਮਨੁੱਖੀ ਜ਼ਿੰਦਗੀ ਦੇ ਅਮਲ ਨੂੰ ਪਛਾਨਣ ਲਈ ਮਨੁੱਖ ਖੁਦ ਪ੍ਰੀਖਿਆਰਥੀ ਅਤੇ ਪ੍ਰੀਖਕ ਹੈ। ਇਸ ਦਾ ਅਮਲ ਅਕਲ ਨਾਲ ਆੜੀ ਪਾਉਣ ਨਾਲ ਆਰੰਭ ਹੋਵੇਗਾ। ਇਸ ਕਾਵਿ ਵਾਰਤਕ ਵਿੱਚ ‘ਇਮਤਿਹਾਨ’ ਤੋਂ ਲੈ ਕੇ ‘ਸਲਾਹ’ ਤੱਕ ਫੈਲੇ ਕਾਂਡਾਂ ਵਿੱਚ ਆਏ ਸ਼ਬਦ, ‘ਸਸਤੀ’, ‘ਅਗਨ’, ‘ਜਗਿਆਸਾ’, ‘ਚੜ੍ਹਦੀ ਕਲਾ’, ‘ਖੁਸ਼ੀ ਦੇ ਬੀਜ’, ‘ਨਵਾਂ ਸਵੇਰਾ’, ‘ਨਿਮਰਤਾ’, ‘ਪਿਆਰ’, ‘ਜਸ਼ਨ’, ‘ਸਵਾਲ’, ‘ਜਵਾਬ’, ‘ਮੁਹੱਬਤ’, ‘ਸ਼ੁਕਰਾਨਾ’, ‘ਮਜ਼ਬੂਤ’, ‘ਨਿਤਨੇਮ’, ‘ਹਰ ਰੰਗ’, ‘ਜਿੱਤਣਾ’, ‘ਮਸਤੀ’, ‘ਕਰਾਮਾਤ’, ‘ਸਮਝ’, ‘ਰੁਕਣਾ ਨਹੀਂ’, ‘ਲੰਗਰ’, ‘ਨਜ਼ਰੀਆ’, ‘ਵਾਅਦੇ’, ‘ਮੈਂ ਹੀ ਮੈਂ’, ‘ਫਤਹਿ’, ‘ਖੁਦ ਦੀ ਤਲਾਸ਼’, ‘ਮੈਨੂੰ ਪਤਾ ਹੈ’ ਦਾ ਦਾਰਸ਼ਨਿਕਤਾ ਦਾ ਪਰਤੌ ਹੈ। ਇਹ ਨਿਰੇ ਸ਼ਬਦ ਨਹੀਂ ਹਨ, ਵਾਕਾਂ ਵਿੱਚ ਇਨ੍ਹਾਂ ਜੜ੍ਹਤ ਨਗੀਨਿਆਂ ਦੇ ਮਰਮ ਦੀ ਥਾਹ ਪਾਉਣ ਵੱਲ ਰੁਚਿਤ ਹੈ। ਮਿਸਾਲ ਵਜੋਂ ਅਕਲ ਦਾ ‘ਆੜੀ’ ਕਾਵਿਕ ਬੋਲਾਂ ਤੋਂ ਪਹਿਲਾਂ ਦਿੱਤਾ ਗਿਆ ਚਿੱਤਰ ਅਤੇ ਇਹ ਬੋਲ ‘ਇਹ ਸਭ ਉੱਤਰ ਦੇਣ ਤੋਂ ਬਾਅਦ ਮੇਰਾ ਵਾਅਦਾ ਹੈ ਕਿ ਮੈਂ ਇਹ ਪੋਥੀ ਇੱਕ ਵਾਰ ਵਿੱਚ ਹੀ ਨਹੀਂ ਪੜ੍ਹਨੀ ਹੈ। ‘ਪੋਥੀ’ ਸ਼ਬਦ ਜ਼ਿੰਦਗੀ ਦਾ ਮੈਟਾਫਰ ਸਿਰਜ ਗਿਆ ਹੈ। ਜ਼ਿੰਦਗੀ ਨੂੰ ਇੱਕੋ ਵਾਰ, ਇੱਕੋ ਸਾਹੇ ਨਹੀਂ ਜੀਆ ਜਾ ਸਕਦਾ, ਸਗੋਂ ਇਹ ਲਗਾਤਾਰ ਤੁਰਦੇ ਰਹਿਣ ਦੀ ਪ੍ਰਕਿਰਿਆ ਹੈ, ਜਿਸ ਵਿੱਚ ਦੁੱਖ ਵੀ ਹਨ, ਸੁੱਖ ਵੀ ਹਨ, ਧੁੱਪਾਂ ਵੀ ਹਨ, ਛਾਵਾਂ ਵੀ ਹਨ, ਰਿਸ਼ਤੇ-ਨਾਤੇ ਵੀ ਹਨ ਅਤੇ ਉਨ੍ਹਾਂ ਨੂੰ ਨਿਭਾਉਣ ਲਈ ਯੋਗਤਾ ਅਤੇ ਸਮਰੱਥਾ ਦੀ ਲੋੜ ਵੀ ਹੈ। ਇਹ ਸਤਰਾਂ ਦੇਣੀਆਂ ਉਚਿੱਤ ਰਹਿਣਗੀਆਂ ‘ਖੁਦ ਨੂੰ ਛਿੱਲ ਤਰਾਸ਼ ਰਿਹਾ ਹਾਂ/ਰਸਤਾ ਨਵਾਂ ਤਲਾਸ਼ ਰਿਹਾ ਹਾਂ ... ਮੇਲੇ ਦੇ ਵਿੱਚ ਝੂਟੇ ਲੈਂਦਾ/ਅੰਦਰੋਂ ਬੜਾ ਉਦਾਸ ਰਿਹਾ ਹਾਂ (ਪੰਨਾ-15) ਅਜਿਹਾ ਕਿਉਂ ਵਾਪਰਦਾ ਹੈ? ਇਸ ਦਾ ਉੱਤਰ ‘ਸੁਸਤੀ’ ਸ਼ਬਦ ਦੀ ਵਿਆਖਿਆ ਰਾਹੀਂ ਕੀਤੀ ਗਈ ਹੈ। ਸੁਸਤੀ ਦੀ ਪ੍ਰਕਿਰਤੀ ਇਹ ਹੈ ਕਿ ਮਨੁੱਖ ਵਕਤ ਦੀਆਂ ਚੁਣੌਤੀਆਂ ਪ੍ਰਤੀ ਭਾਂਜਵਾਦੀ ਰੁਚੀ ਇਖਤਿਆਰ ਕਰਦਾ ਹੈ। ਸੋਚਦਾ ਹੈ ਕਿ ਸ਼ਾਇਦ ਕਬੂਤਰ ਵਾਂਗ ਅੱਖਾਂ ਮੀਟਣ ਨਾਲ ਮੁਸੀਬਤ ਟਲ ਜਾਵੇਗੀ। ਮੁਸੀਬਤ ਟਲੇਗੀ ਨਹੀਂ, ਸਗੋਂ ਇਹ ਮੁਸ਼ਕਲਾਂ ’ਚ ਹੋਰ ਵਾਧਾ ਕਰੇਗੀ। ਜ਼ਿੰਦਗੀ ਟੂਣਿਆਂ ਦੇ ਸਹਾਰੇ ਨਹੀਂ ਚੱਲਦੀ। ਟੂਣੇ ਦਾ ਸਮਾਜਿਕ ਸੰਦਰਭ ‘ਟਾਲਣਾ’ ਹੈ, ਸੁਸਤੀ ਇਸ ਦਾ ਵਿਸ਼ੇਸ਼ ਲੱਛਣ ਹੈ। ਰਾਣਾ ਰਣਬੀਰ ਇਸੇ ਲਈ ‘ਸੁਸਤੀ’ ਤਿਆਗਣ ਦੀ ਗੱਲ ਕਰ ਰਿਹਾ ਹੈ :

ਸੁਣ ਸਰੀਰਾ ਮੇਰਿਆ,
ਸੁਸਤੀ ਪਾਉਣੀ ਛੱਡ
ਕੱਲ੍ਹ ਦੀ ਇਹ ਚਿੰਤਾ ਛੱਡ ਕੇ,
ਰੱਜ ਕੇ ਜਿਉਂ ਲੈ ਅੱਜ (ਪੰਨਾ-3)

ਸੁਸਤੀ ਨੂੰ ਤਿਆਗਣ ਲਈ ਮਨੁੱਖ ਅੰਦਰ ਅਗਨ ਅਤੇ ਜਗਿਆਸਾ ਦਾ ਪੈਦਾ ਹੋਣਾ ਲਾਜ਼ਮੀ ਹੈ। ਵਰਤਮਾਨ ’ਚ ਰਹਿਣਾ ਜ਼ਰੂਰੀ ਹੈ। ਆਪਣੇ ਆਪ ’ਤੇ ਭਰੋਸਾ ਕਰਨਾ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਵਕਤ ਹੱਥੋਂ ਮਨੁੱਖ ਆਪ ਨੂੰ ਮਜਬੂਰ ਅਤੇ ਲਾਚਾਰ ਨਾ ਸਮਝੇ। ਚਿੰਤਾਵਾਂ ਬੰਦਿਆਂ ਨੂੰ ਹੁੰਦੀਆਂ ਹਨ, ਵਕਤ ਨੂੰ ਕਦੇ ਕੋਈ ਚਿੰਤਾ ਨਹੀਂ ਹੁੰਦੀ। ਵਕਤ ਆਉਂਦਾ ਹੈ, ਗੁਜ਼ਰ ਜਾਂਦਾ ਹੈ, ਵਕਤ ਨੂੰ ਹਾਲੇ ਤੱਕ ਕੋਈ ਪਕੜ ਕੇ ਕੋਲ ਬਿਠਾਲ ਨਹੀਂ ਸਕਿਆ। ਭਾਈ ਵੀਰ ਸਿੰਘ ਵੀ ਤਾਂ ਸਮੇਂ ਬਾਰੇ ਇਹੋ ਕਹਿੰਦਾ ਹੈ ਕਿ ‘ਵਕਤ’ ਕੰਨੀ ਛੁਡਾ ਚਲਾ ਜਾਂਦਾ ਹੈ। ਝੂਰਨਾ ਜਾਂ ਪਛਤਾਵਾ ਕਰਨਾ ਸਿਆਣਪ ਨਹੀਂ, ਸਗੋਂ ਵਕਤ ਵਿਚਾਰਦਿਆਂ ਸਹੀ ਮਾਰਗ ਜਾਂ ਦਿਸ਼ਾ ਤਲਾਸ਼ਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ, ਜੇਕਰ ਮਨੁੱਖ ਖੁਦ ’ਤੇ ਭਰੋਸਾ ਕਰਦਾ ਹੈ। ਭਰੋਸਾ ਕਰਨਾ ਹੀ ਚੰਗੀ ਸੋਚ ਦੀ ਨਿਸ਼ਾਨੀ ਹੈ। ਇਹ ‘ਨਾਂਹ’ ਦੀ ਥਾਂ ‘ਹਾਂ’ ਦੀ ਹਾਮੀ ਭਰਦਾ ਹੈ। ‘ਸਭ ਕੁਝ ਚੰਗਾ ਹੈ’ ਦੀਆਂ ਕਾਵਿਕ ਸਤਰਾਂ ਇਹੀ ਤਾਂ ਸੁਨੇਹਾ ਮਨੁੱਖ ਨੂੰ ਦਿੰਦੀਆਂ ਹਨ:

‘ਚੰਗੀ ਸੋਚ’ ਜਾਂ ‘ਹਾਂ-ਦਰੂ ਸੋਚ’ (Positive thinkars) ਦਾ ਮਹੱਤਵਪੂਰਨ ਪੱਖ ਇਹ ਹੈ ਕਿ ਮਨੁੱਖ ਮਾਨਸਿਕ ਤੌਰ ’ਤੇ ਤੰਦਰੁਸਤ ਰਹਿੰਦਾ ਹੈ। ਇਸ ਲਈ ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਮਨੁੱਖ ਜਦੋਂ ਚੰਗੇ ਭਵਿੱਖ ਦੀ ਸੰਕਲਪਨਾ ਕਰਦਾ ਹੈ ਤਾਂ ਉਸ ਦੀ ਆਤਮਾ ਹੁਲਾਸ ਮਹਿਸੂਸ ਕਰਦੀ ਹੈ। ‘ਖੁਸ਼ੀ ਦੇ ਬੀਜ’ ਕਵਿਤਾ ਦੇ ਬੋਲ ਵੀ ਤਾਂ ਇਹ ਫਰਮਾ ਰਹੇ ਹਨ।

ਇਸ ਪੁਸਤਕ ਦੀ ਇੱਕ ਹੋਰ ਵੱਡੀ ਪ੍ਰਾਪਤੀ ਹੈ ਕਿ ਇਸ ਪੁਸਤਕ ਵਿਚਲੇ ਕਥਨ ਕਿਸੇ ਦੂਸਰੇ ਨਾਲ ਮੁਕਾਬਲਾ ਕਰਨ ਦੀ ਭਾਵਨਾ ਨੂੰ ਤਿਆਗਣ ਦਾ ਸੰਦੇਸ਼ ਦਿੰਦੇ ਹਨ। ਮਨੁੱਖ ਉਦੋਂ ਹੀ ਦੁਖੀ ਜਾਂ ਨਿਮਾਣਾ ਮਹਿਸੂਸ ਕਰਦਾ ਹੈ, ਜਦੋਂ ਉਹ ਆਪਣੀ ਤੁਲਨਾ ਦੂਸਰਿਆਂ ਨਾਲ ਕਰਦਾ ਹੈ। ਦੂਸਰਿਆਂ ਵਰਗੇ ਬਨਣਾ ਜਾਂ ਉਨ੍ਹਾਂ ਨਾਲ ਮੁਕਾਬਲੇ ’ਚ ਦੌੜ ਲਗਾਉਣਾ ਬੇਵਜ੍ਹਾ ਹੀ ਦੁੱਖਾਂ-ਤਕਲੀਫਾਂ ਨੂੰ ਸੱਦਾ ਦੇਣਾ ਹੈ। ਮਨੁੱਖ ਦਾ ਮੁਕਾਬਲਾ ਤਾਂ ਹਮੇਸ਼ਾ ਖੁਦ ਨਾਲ ਰਿਹਾ ਹੈ। ‘ਵਰਤਮਾਨ ਦੇ ਨਗਮੇ’ ਕਵਿਤਾ ’ਚ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਮਨੁੱਖ ਨੂੰ ਵਰਤਮਾਨ ’ਚ ਜੀਣਾ-ਥੀਣਾ ਚਾਹੀਦਾ ਹੈ।

ਕਿਤਾਬਾਂ ਮਨੁੱਖ ਨੂੰ ਗਿਆਨ ਦੀਆਂ ਅੱਖਾਂ ਬਖਸ਼ਦੀਆਂ ਹਨ। ਇਸ ਲਈ ਪੁਸਤਕ ਬਾਰੇ ‘ਕਿਤਾਬਾਂ ਗੁੰਗੇ ਨੂੰ ਬੋਲ, ਅੰਨ੍ਹੇ ਨੂੰ ਅੱਖਾਂ ‘ਬੋਲੇ ਨੂੰ ਕੰਨ ਤੇ ਰੁਕੇ ਹੋਏ ਨੂੰ ਰਾਹ ਦਿੰਦੀਆਂ ਹਨ। ‘ਲਿਖੀਆਂ ਇਹ ਸਤਰਾਂ ਮਨੁੱਖ ਦੀ ਜਾਨਣ ਦੀ ਭੁੱਖ ਨੂੰ ਤ੍ਰਿਪਤ ਕਰਨ ਦਾ ਸਾਧਨ ਮਾਤਰ ਹਨ। ‘ਮੈਂ ਹੀ ਮੈਂ’ ਕਵਿਤਾ ਮਨੁੱਖ ਦੇ ਅੰਦਰੂਨੀ ਭਾਵਾਂ ਦੀ ਸਹੀ ਤਰਜਮਾਨੀ ਕਰਦੀ ਜਾਪਦੀ ਹੈ :

‘ਮੈਂ ਦਾ ਮੈਂ’ ਨਾਲ ਸੰਵਾਦ ਹੋਂਦ ਪਹਿਚਾਣ ਇਸ ਪੁਸਤਕ ਦਾ ਪ੍ਰਮੁੱਖ ਪ੍ਰਯੋਜਨ ਹੈ।

ਇਸ ਪੁਸਤਕ ਵਿੱਚ ਇੱਕ ਹੋਰ ਵਿਚਾਰ ਬਹੁਤ ਮੁੱਲਵਾਨ ਕਿ ਮੇਰਾ ਕੰਮ ਤੈਨੂੰ ਸਮਝਾਉਣਾ ਹੈ, ਖਾਨੇ ਪਾਉਣਾ ਨਹੀਂ। ਪੁਸਤਕ ਦੀ ਕਾਵਿਕ ਭਾਸ਼ਾ ਅਤੇ ਚਿੱਤਰਕਾਰੀ ਪਾਠਕਾਂ ਨੂੰ ਆਚੰਭਿਤ ਅਤੇ ਵਧੇਰੇ ਪ੍ਰਭਾਵਿਤ ਕਰਦੀ ਹੈ।

ਰਣਬੀਰ ਨੂੰ ਬਹੁਤ-ਬਹੁਤ ਮੁਬਾਰਕਾਂ, ਜੋ ਇਹ ਸੰਦੇਸ਼ ਦੇ ਰਿਹਾ ਹੈ ਕਿ ‘ਮੈਂ ਜ਼ਿੰਦਾਬਾਦ’ ਦਾ ਸਫਰ ਸ਼ੁਰੂ ਕਰਦਾ ਹਾਂ, ਪਰ ਅੰਜਾਮ ‘ਤੁਸੀਂ ਜ਼ਿੰਦਾਬਾਦ+ ਨਾਲ ਕਰਦਾ ਹੈ। ਇਹ ਸੰਦੇਸ਼ ਹਰ ਰਚਨਾ ਦੇ ਅੰਤ ’ਤੇ ਇਹੀ ਸ਼ਬਦ ਲਿਖ ਕੇ ਕਰਦਾ ਹੈ।

ਪੁਸਤਕ ਦਾ ਆਖਰੀ ਸੰਦੇਸ਼ ਵੀ ਇਹੋ ਹੈ ਕਿ ‘ਕਦੇ ਕਿਸੇ ਨੂੰ ਘੱਟ ਨਾ ਸਮਝੋ, ਖੁਦ ਨੂੰ ਵੀ ਨਹੀਂ।’ ਰਾਣਾ ਰਣਬੀਰ ਦੇ ਇਨ੍ਹਾਂ ਸ਼ਬਦਾਂ ਨਾਲ, ਸ਼ਬਦਾਂ ਦੇ ਸਫਰ ਨੂੰ ਜਾਰੀ ਰੱਖਣ ਦੀ ਤਵੱਕੋਂ ਕਰਦਾ ਹਾਂ :

ਤੂੰ ਆਪਣੇ ਦੀਵੇ ਦੀ ਲਾਟ ਨੂੰ
ਬਚਾ ਕੇ ਰੱਖਣੀ ਬਈ
ਬੜੇ ਆਉਣਗੇ ਫੂਕ ਮਾਰ ਕੇ
ਬੁਝਾਉਣ ਦੇ ਲਈ
ਜ਼ਿੰਦਗੀ ਜ਼ਿੰਦਾਬਾਦ
ਆਮੀਨ


ਮੋਬਾਇਲ : 98786-14096

# ਸ਼ਹੀਦ ਭਗਤ ਸਿੰਘ ਦੀ ਸ਼ਖਸੀਅਤ ਦੇ ਲੁਪਤ ਪਸਾਰਾਂ ਨੂੰ ਰੂਪਮਾਨ ਕਰਦਾ ਨਾਟਕ

**ਨਿਰੰਜਨ ਬੋਹਾ**

### ਸਰਦਾਰ

(ਨਾਟਕ)
**ਸੰਜੀਵਨ**
**ਪੰਨੇ-72, ਮੁੱਲ-300 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**



ਸੰਜੀਵਨ ਪੰਜਾਬ ਦੀ ਲੋਕ ਪੱਖੀ ਨਾਟ ਪਰੰਪਰਾ ਨਾਲ ਮਾਨਸਿਕ ਨੇੜਤਾ ਰੱਖਣ ਵਾਲਾ ਉੱਘਾ ਨਾਟਕਕਾਰ ਹੈ। ਭਾਵੇਂ ਉਸ ਆਪਣੇ ਜਨਵਾਦੀ ਵਿਚਾਰਾਂ ਤੇ ਅਨੁਭਵਾਂ ਦੀ ਅਭਿਵਿਅਕਤੀ ਲਈ ਰੂਪਕ ਪੱਖੋਂ ਆਪਣੇ ਪਿਤਾ ਰਿਪੁਦਮਨ ਸਿੰਘ ਰੂਪ ਅਤੇ ਤਾਏ ਸੰਤੋਖ ਸਿੰਘ ਧੀਰ ਨਾਲੋਂ ਵੱਖਰਾ ਰਾਹ ਚੁਣਿਆ ਹੈ, ਪਰ ਵਿਚਾਰਧਾਰਕ ਧਰਾਤਲ ’ਤੇ ਉਹ ਆਪਣੀ ਵਿਰਾਸਤੀ ਸਾਹਿਤ ਪਰੰਪਰਾ ਨੂੰ ਹੀ ਅੱਗੇ ਲਿਜਾ ਰਿਹਾ ਹੈ। ਉਸ ਵੱਲੋਂ ਲਿਖੇ ਤੇ ਮੰਚਿਤ ਕੀਤੇ ਨਾਟਕ ਆਪਣੇ ਦਰਸ਼ਕਾਂ ਤੇ ਪਾਠਕਾਂ ਦੀਆਂ ਪੜ੍ਹਣ, ਵੇਖਣ ਤੇ ਸੁਣਨ ਵਾਲੀਆਂ ਬਿਰਤੀਆਂ ਨੂੰ ਲੋਕ ਪੱਖੀ ਚਿੰਤਨ ਤੇ ਚੇਤਨਾ ਨਾਲ ਜੋੜਦੀਆਂ ਹਨ। ਉਹ ਆਪਣਾ ਇਹ ਕਾਰਜ ਬਹੁਤ ਸਹਿਜ ਭਾਵੀ ਨਾਟਕੀ ਜੁਗਤਾਂ ਰਾਹੀਂ ਕਰਦਾ ਹੈ, ਇਸ ਲਈ ਉਸ ਦੇ ਨਾਟਕ ਦਰਸ਼ਕਾਂ ਦੀ ਸੋਚ ਨੂੰ ਉਤੇਜਿਤ ਘੱਟ ਕਰਦੇ ਹਨ ਤੇ ਗਹਿਰ ਗੰਭੀਰ ਵੱਧ ਬਣਾਉਂਦੇ ਹਨ।

ਉਸ ਦਾ ਬਹੁ-ਚਰਚਿਤ ਨਾਟਕ ‘ਸਰਦਾਰ’ ਲੋਕ ਚੇਤਨਾ ਦੇ ਉਸਾਰ ਤੇ ਦੇਸ਼ ਦੀ ਅਜ਼ਾਦੀ ਨੂੰ ਇੱਕੋ ਸੰਦਰਭ ਵਿੱਚ ਰੱਖ ਕੇ ਆਪਣੀ ਨਾਟ ਅਭਿਵਿਅਕਤੀ ਦਾ ਮਾਧਿਅਮ ਬਣਾਉਂਦਾ ਹੈ। ਨਾਟਕ ਦੇਸ਼ ਦੀ ਅਜ਼ਾਦੀ ਦੇ ਅਰਥਾਂ ਨੂੰ ਉਸ ਦੀ ਸਮੁੱਚਤਾ ਵਿਚ ਪਰਿਭਾਸ਼ਿਤ ਕਰਦਾ ਹੈ ਤਾਂ ਇਹ ਤੱਥ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਸ਼ਹੀਦ ਭਗਤ ਸਿੰਘ ਵਰਗੇ ਦੇਸ਼ ਭਗਤ ਯੋਧਿਆਂ ਵੱਲੋਂ ਸ਼ੋਸ਼ਣ ਮੁਕਤ ਅਜ਼ਾਦੀ ਦਾ ਜਿਹੜਾ ਸੁਫਨਾ ਵੇਖਿਆ ਗਿਆ ਸੀ, ਉਹ ਅੰਗਰੇਜ਼ ਹਾਕਮਾਂ ਵੱਲੋਂ ਦੇਸ਼ ਛੱਡ ਕੇ ਜਾਣ ਨਾਲ ਪੂਰਾ ਨਹੀਂ ਹੋਇਆ, ਸਗੋਂ ਗੋਰੇ ਅੰਗਰੇਜ਼ਾਂ ਦੀ ਥਾਂ ਲੈਣ ਵਾਲੇ ਦੇਸੀ ਹਾਕਮਾਂ ਨੇ ਆਮ ਲੋਕਾਂ ਤੋਂ ਉਹਨਾਂ ਦੇ ਮਨੁੱਖੀ ਢੰਗ ਨਾਲ ਜਿਉਣ ਦੇ ਵਧੇਰੇ ਹੱਕ ਖੋਹ ਕੇ ਉਹਨਾਂ ਨੂੰ ਪਹਿਲਾਂ ਨਾਲੋਂ ਵੀ ਬਦਤਰ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ ਹੈ।ਇਸ ਤਰ੍ਹਾਂ ਇਹ ਨਾਟਕ ਦੇਸ਼ ਦੀ ਨੌਜਵਾਨ ਪੀੜ੍ਹੀ ਵਿੱਚ ਸਰਦਾਰ ਭਗਤ ਸਿੰਘ ਵਰਗੀ ਸੋਚ ਪੈਦਾ ਕਰਕੇ ਉਨ੍ਹਾਂ ਨੂੰ ਇੱਕ ਹੋਰ ਜੰਗੇ-ਅਜ਼ਾਦੀ ਲਈ ਤਿਆਰ ਰਹਿਣ ਲਈ ਵੀ ਪ੍ਰੇਰਦਾ ਹੈ।

ਸ਼ਹੀਦ ਭਗਤ ਸਿੰਘ ਬਾਰੇ ਲਿਖੀਆਂ ਲਿਖਤਾਂ ਤੇ ਉਨ੍ਹਾਂ ਬਾਰੇ ਬਣੀਆਂ ਫਿਲਮਾਂ ਉਸ ਦੀ ਵਿਅਕਤੀਤਵ ਵਿਚਲੀ ਅਸਧਾਰਨਤਾ ਨੂੰ ਉਭਾਰਨ ’ਤੇ ਹੀ ਵਧੇਰੇ ਟੇਕ ਰੱਖਦੀਆਂ ਰਹੀਆਂ ਹਨ, ਪਰ ਸੰਜੀਵਨ ਸਿੰਘ ਦਾ ਇਹ ਨਾਟਕ ਇਸ ਲੋਕ ਨਾਇਕ ਦੀ ਮਹਾਨਤਾ ਵਿੱਚ ਲੁਪਤ ਹੋਈ ਆਮ ਬੰਦੇ ਵਰਗੀ ਸਧਾਰਨਤਾ ਨੂੰ ਵੀ ਬਰਾਬਰ ਦੀ ਅਹਿਮੀਅਤ ਦਿੰਦੀ ਹੈ। ਨਾਟਕਕਾਰ ਮਨੁੱਖੀ ਜੀਵਨ ਵਿਚਲੀ ਅਸਧਾਰਨਤਾ ਤੇ ਸਧਾਰਨਤਾ ਨੂੰ ਇਕ ਹੀ ਸਿੱਕੇ ਦੇ ਦੋ ਪਾਸੇ ਮੰਨਦਾ ਹੈ। ਨਾਟਕ ਵਿਚ ਜਦੋਂ ਸਰਦਾਰ ਭਗਤ ਸਿੰਘ ਤੇ ਉਸ ਦੇ ਹੋਰ ਸਾਥੀ ਆਪਸ ਵਿਚ ਆਮ ਨੌਜਵਾਨਾਂ ਵਾਂਗ ਹਾਸਾ-ਮਜ਼ਾਕ ਕਰਦੇ ਹਨ ਜਾਂ ਇਕ ਹੱਦ ਵਿੱਚ ਰਹਿ ਕੇ ਇਕ-ਦੂਜੇ ਨੂੰ ਛੇੜਦੇ ਤੇ ਤੰਗ ਪ੍ਰੇਸ਼ਾਨ ਕਰਦੇ ਹਨ ਤਾਂ ਨਾਟਕ ਦੇ ਦਰਸ਼ਕਾਂ ਨੂੰ ਉਹ ਬਿਲਕੁਲ ਆਪਣੇ ਵਰਗੇ ਹੀ ਲੱਗਦੇ ਹਨ। ਸੰਜੀਵਨ ਭਗਤ ਸਿੰਘ ਦੀ ਸੋਚ ਵਿਚਲੀ ਮਹਾਨਤਾ ਦੇ ਰੰਗ ਵੀ ਬਰਕਰਾਰ ਰੱਖਦਾ ਹੈ ਤੇ ਉਸ ਨੂੰ ਪਹਿਲੀ ਵਾਰ ਇਕ ਆਮ ਬੰਦੇ ਵਜੋਂ ਪੇਸ਼ ਕਰਨ ਵਾਲਾ ਨਾਟਕਕਾਰ ਵੀ ਬਣ ਜਾਂਦਾ ਹੈ। ਉਸ ਭਗਤ ਸਿੰਘ ਦੇ ਜੀਵਨ ਵਿਚਲੀ ਸੁਭਾਵਿਕਤਾ ਤੇ ਸਧਾਰਨਤਾ ਨੂੰ ਮਹਿਜ਼ ਆਪਣੀ ਕਲਪਨਾ ਰਾਹੀਂ ਹੀ ਰੂਪਮਾਨ ਨਹੀਂ ਕੀਤਾ, ਸਗੋਂ ਸਰਦਾਰ ਭਗਤ ਸਿੰਘ ਦੀ ਭਤੀਜੀ ਵਰਿੰਦਰ ਕੌਰ ਵੱਲੋਂ ਲਿਖੀ ਇਕ ਪੁਸਤਕ ਤੋਂ ਵੀ ਦਸਤਾਵੇਜ਼ੀ ਪੱਧਰ ਦੀ ਜਾਣਕਾਰੀ ਹਾਸਲ ਕੀਤੀ ਹੈ।

ਇਹ ਨਾਟਕ ਮਨੁੱਖੀ ਵਰਤਮਾਨ ਤੇ ਅਤੀਤ ਦੀ ਵਾਰੋ-ਵਾਰੀ ਪੇਸ਼ਕਾਰੀ ਕਰਕੇ ਅਜਿਹਾ ਪ੍ਰਭਾਵਸ਼ਾਲੀ ਬਿਰਤਾਂਤ ਸਿਰਜਦਾ ਹੈ, ਜਿਹੜਾ ਵਰਤਮਾਨ ਵਿੱਚੋਂ ਲੰਘ ਰਹੇ ਲੋਕਾਂ ਨੂੰ ਉਨ੍ਹਾਂ ਦੇ ਅਤੀਤ ਦੀ ਗੌਰਵਤਾ ਦਾ ਅਹਿਸਾਸ ਕਰਵਾਉਣ ਵਿੱਚ ਸਫਲ ਰਹਿਣ ਵਾਲਾ ਹੈ। ਨਾਟਕ ਵਰਤਮਾਨ ਵਿੱਚ ਆਪਣੇ ਮਨੁੱਖੀ ਫਰਜ਼ਾਂ ਨੂੰ ਭੁੱਲ ਚੁੱਕੇ ਲੋਕਾਂ ਨੂੰ ਭਗਤ ਸਿੰਘ ਵਰਗੇ ਲੋਕ ਨਾਇਕਾਂ ਦੀ ਸੋਚ ਦਾ ਅਨੁਸਾਰੀ ਬਣਾ ਕੇ ਉਨ੍ਹਾਂ ਦੇ ਮਨੁੱਖੀ ਕਿਰਦਾਰ ਨੂੰ ਬੁਲੰਦ ਕਰਨ ਦੀ ਸੁਹਿਰਦ ਇੱਛਾ ਰੱਖਦਾ ਹੈ। ਜੇ ਇਸ ਨਾਟਕ ਦਾ ਇੱਕ ਸੀਨ ਵਰਤਮਾਨ ਵਿੱਚ ਸੁਪਰਮੈਨ ਜਾਂ ਸਪਾਈਡਰ ਮੈਨ ਦੇ ਕਲਪਿਤ ਕਾਰਨਾਮਿਆਂ ਨੂੰ ਵੇਖ ਕੇ ਸੁਪਨਮਈ ਜ਼ਿੰਦਗੀ ਜਿਉਂ ਰਹੀ ਨਵੀਂ ਪੀੜ੍ਹੀ ਦੀ ਸੋਚ ਨੂੰ ਰੂਪਮਾਨ ਕਰਦਾ ਹੈ ਤਾਂ ਇਸ ਦਾ ਦੂਜਾ ਸੀਨ ਮਾਨਵਤਾ ਲਈ ਮਰ-ਮਿਟਣ ਵਾਲੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ, ਰਾਜਾ ਰਾਮ ਸ਼ਾਸ਼ਤਰੀ ਤੇ ਸ਼ਿਵ ਵਰਮਾ ਵਰਗੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਪਿੱਛੇ ਕਾਰਜਸ਼ੀਲ ਰਹੀ ਉਨ੍ਹਾਂ ਦੀ ਇਨਕਲਾਬੀ ਸੋਚ ਨੂੰ ਉਭਾਰਦਾ ਹੈ।ਅਜਿਹਾ ਕਰਕੇ ਉਹ ਵਰਤਮਾਨ ਦੌਰ ਦੀ ਨੌਜਵਾਨ ਪੀੜ੍ਹੀ ਨੂੰ ਅਹਿਸਾਸ ਕਰਾਉਂਦਾ ਹੈ ਕਿ ਉਹ ਮਾਨਵਤਾ ਲਈ ਜਾਨਾਂ ਕੁਰਬਾਨ ਕਰਨ ਵਾਲੇ ਆਪਣੇ ਲੋਕ ਨਾਇਕਾਂ ਨੂੰ ਕਿਸ ਹੱਦ ਤੱਕ ਭੁੱਲ ਚੁੱਕੀ ਹੈ। ਨਾਟਕ ਉਨ੍ਹਾਂ ਨੂੰ ਉਨ੍ਹਾਂ ਦੇ ਮਨੁੱਖੀ ਫਰਜ਼ਾਂ ਦਾ ਅਹਿਸਾਸ ਵੀ ਕਰਾਉਂਦਾ ਹੈ ਤੇ ਉਨ੍ਹਾਂ ਅੰਦਰ ਇਸ ਸੋਚ ਦਾ ਸੰਚਾਰ ਵੀ ਕਰਦਾ ਹੈ ਕਿ ਉਹ ਲੋਕ ਵਿਰੋਧੀ ਆਰਥਿਕ ਤੇ ਰਾਜਨੀਤਕ ਪ੍ਰਬੰਧ ਖਿਲਾਫ਼ ਲੜਨ ਲਈ ਕਿਸੇ ਅਤੀਤ ਦੇ ਭਗਤ ਸਿੰਘ ਨੂੰ ਵਾਜ਼ਾਂ ਨਾ ਮਾਰਨ, ਸਗੋਂ ਉਸ ਦੀ ਸੋਚ ਨੂੰ ਆਪਣੇ ਅੰਦਰ ਆਤਮਸਾਤ ਕਰਕੇ ਆਪ ਭਵਿੱਖ ਦੇ ਭਗਤ ਸਿੰਘ ਬਣਨ।

ਨਾਟਕ ਵਿਚਲੇ ਤੀਜੀ ਪੀੜ੍ਹੀ ਦੇ ਬਾਲ ਪਾਤਰ ਉਦੈ ਰਾਗ ਤੇ ਜਸ਼ਨਗੀਤ ਅਤੇ ਦੂਜੀ ਪੀੜ੍ਹੀ ਨਾਲ ਸੰਬੰਧਤ ਉਨ੍ਹਾਂ ਦੇ ਮਾਤਾ-ਪਿਤਾ ਭਗਤਰਾਜ ਸਿੰਘ ਤੇ ਗੁਰਦੀਪ ਕੌਰ ਸ਼ਹੀਦ ਭਗਤ ਸਿੰਘ ਦੀ ਸੋਚ ਤੋਂ ਅਜੇ ਦੂਰ ਹਨ। ਪਰਵਾਰ ਵਿੱਚ ਤੀਜੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਬਾਬਾ ਪ੍ਰਕਾਸ਼ ਸਿੰਘ ਦੀ ਭੂਮਿਕਾ ਆਪਣੇ ਤੋਂ ਪਹਿਲਾਂ ਦੀਆਂ ਦੋਵੇਂ ਪੀੜ੍ਹੀਆਂ ਨੂੰ ਸ਼ਹੀਦਾਂ ਦੀ ਸੋਚ ਨਾਲ ਜੋੜਨ ਵਾਲੀ ਹੈ। ਘਰ ਵਿਚ ਨਵਾਂ ਰੱਖਿਆ ਨੌਕਰ ਚੰਦਰ ਵੀ ਇਸ ਕਾਰਜ ਵਿਚ ਉਸ ਦੀ ਸਹਾਇਤਾ ਕਰਦਾ ਹੈ। ਉੱਤਰ ਪ੍ਰਦੇਸ਼ ਤੋਂ ਆਏ ਚੰਦਰ ਦਾ ਦਾਦਾ ਕਾਲੂ ਰਾਮ ਢਾਬੇ ਵਾਲਾ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਆਗਰੇ ਵਿੱਚ ਰਹੀ ਠਹਿਰ ਦੌਰਾਨ ਉਨ੍ਹਾਂ ਦੀ ਨੇੜਤਾ ਮਾਣਦਾ ਰਿਹਾ ਹੈ, ਇਸ ਲਈ ਜਦੋਂ ਉਹ ਆਪਣੇ ਦਾਦੇ ਪਾਸੋਂ ਸੁਣੀਆਂ ਦੇਸ਼ ਭਗਤਾਂ ਦੀਆਂ ਕਹਾਣੀਆਂ ਨਾਟਕ ਦੇ ਬਾਲ ਪਾਤਰਾਂ ਨੂੰ ਸੁਣਾਉਂਦਾ ਹੈ ਤਾਂ ਹੌਲੀ-ਹੌਲੀ ਇਹ ਗੱਲ ਉਨ੍ਹਾਂ ਦੀ ਸਮਝ ਵਿਚ ਪੈਣ ਲੱਗਦੀ ਹੈ ਕਿ ਉਨ੍ਹਾਂ ਦੇ ਰੋਲ ਮਾਡਲ ਗਲੈਮਰ ਦੀ ਦੁਨੀਆ ਦੇ ਅਖੌਤੀ ਸਿਤਾਰੇ ਨਹੀਂ, ਸਗੋਂ ਮਨੁੱਖਤਾ ਲਈ ਲੜਨ-ਮਰਨ ਵਾਲੇ ਭਗਤ ਸਿੰਘ ਵਰਗੇ ਨੌਜਵਾਨ ਹੀ ਹੋਣੇ ਚਾਹੀਦੇ ਹਨ। ਇੱਥੇ ਨਾਟਕ ਆਪਣਾ ਇਹ ਸੰਦੇਸ਼ ਵੀ ਭਾਵਪੂਰਤ ਭਾਸ਼ਾ ਵਿਚ ਦਿੰਦਾ ਹੈ। ਮਨੁੱਖਤਾ ਲਈ ਮਰ-ਮਿਟਣ ਵਾਲੇ ਲੋਕਾਂ ਦੀ ਸੋਚ ਨੂੰ ਕਿਸੇ ਵਿਸ਼ੇਸ਼ ਧਰਮ, ਜਾਤ-ਪਾਤ, ਭਾਸ਼ਾ ਜਾਂ ਖੇਤਰ ਦੀਆਂ ਹੱਦਬੰਦੀਆਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ, ਸਗੋਂ ਇਹ ਸੋਚ ਦੁਨੀਆ ਦੇ ਹਰ ਮਨੁੱਖ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲੀ ਹੈ।

ਨਾਟਕ ਕਿਸੇ ਮਹਿੰਗੀ ਸਟੇਜੀ ਤਾਮ ਝਾਮ ਤੋਂ ਬਿਨਾਂ ਸਧਾਰਨ ਸਟੇਜ ’ਤੇ ਵੀ ਥੋੜ੍ਹੇ ਜਿਹੇ ਸਮਾਨ ਨਾਲ ਅਸਾਨੀ ਨਾਲ ਖੇਡਿਆ ਜਾ ਸਕਦਾ ਹੈ। ਨਾਟਕ ਵਿਚਲੇ ਪਾਤਰ ਪ੍ਰਕਾਸ਼ ਸਿੰਘ ਵੱਲੋਂ ਬੋਲੇ ਸੰਵਾਦ ਥੋੜ੍ਹਾ ਲੰਬੇ ਤੇ ਬੌਧਿਕ ਹਨ। ਇਹਨਾਂ ਵਿਚ ਕੁਝ ਹੋਰ ਸਾਦਗੀ ਲਿਆ ਕੇ ਇਹਨਾਂ ਦੀ ਸੰਚਾਰਕ ਸਮਰੱਥਾ ਵਿੱਚ ਹੋਰ ਵੀ ਵਾਧਾ ਹੋ ਸਕਦਾ ਹੈ। ਨਾਟਕ ਦੇ ਕੁਝ ਦ੍ਰਿਸ਼ਾਂ ਦੀ ਕੀਤੀ ਗਈ ਰੰਗੀਨ ਫੋਟੋਗ੍ਰਾਫੀ ਇਸ ਪੁਸਤਕ ਦੀ ਪਾਠ ਦਿਲਚਸਪੀ ਵਿਚ ਵਾਧਾ ਕਰਨ ਵਾਲੀ ਸਾਬਤ ਹੁੰਦੀ ਹੈ। ਅੱਜ ਦੇ ਇਸ ਆਪਾ-ਧਾਪੀ ਵਾਲੇ ਵਿਅਕਤੀਵਾਦੀ ਯੁੱਗ ਵਿਚ ਅਜਿਹੇ ਨਾਟਕ ਵੱਡੀ ਪੱਧਰ ’ਤੇ ਮੰਚਿਤ ਹੋਣੇ ਚਾਹੀਦੇ ਹਨ ਤੇ ਇਹਨਾਂ ਦਾ ਉਸਾਰੂ ਸੰਦੇਸ਼ ਵੀ ਘਰ-ਘਰ ਪਹੁੰਚਣਾ ਚਾਹੀਦਾ ਹੈ।

*ਮੋਬਾਇਲ-89682-82700*

## ਸੱਜਰਾ ਸਾਹਿਤ

### ਬੇਜ਼ੁਬਾਨ ਅੱਖਰ

(ਕਾਵਿ ਸੰਗ੍ਰਹਿ)
**ਅਮਨਦੀਪ ਸ਼ਰਮਾ (ਯੂ ਕੇ)**
**ਸਫੇ : 64, ਮੁੱਲ : 150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਪਤਾ ਨਹੀਂ ਕਿੰਨੇ ਹੀ ਖਿਆਲਾਂ ਨੂੰ ਉਧੇੜ ਕੇ ਤੇ ਫਿਰ ਉਸ ਨੂੰ ਬੁਣ ਕੇ ਤੇ ਫਿਰ ਲਫਜ਼ਾਂ ਦਾ ਸਾਥ ਲੈ ਇੱਕ ਕਵਿਤਾ ਤਿਆਰ ਹੁੰਦੀ ਹੈ, ਦਰਅਸਲ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ, ਉਥੇ ਤੁਹਾਡੀ ਰੂਹ ਦਾ ਹਰ ਪਲ ਮਾਪਦੰਡ ਹੁੰਦਾ ਰਹਿੰਦਾ ਹੈ। ਉਸ ਸੁਲਝੇ ਹੋਏ ਸਮਾਜ ਵਿੱਚ ਮੇਰੇ ਵਰਗੇ ਉਲਝੇ ਹੋਏ ਬੰਦੇ, ਕੋਸ਼ਿਸ਼ਾਂ ਕਰ ਆਪਣਿਆਂ ਸੁਫਨਿਆਂ ਨੂੰ ਸੇਧ ਦੇਣ ਦੀ ਛੋਟੀ ਜਿਹੀ ਕੋਸ਼ਿਸ਼ ਕਰਦੇ ਤੇ ਤੁਹਾਡੇ ਵਰਗੇ ਪਾਠਕ ਜੋ ਇੱਕ ਲਿਖਾਰੀ ਦੇ ਲਿਖੇ ਜਜ਼ਬਾਤਾਂ ਨੂੰ ਤੇ ਲਫ਼ਜ਼ਾਂ ਨੂੰ ਪੜ੍ਹ ਕੇ ਇੱਕ ਨਵੀਂ ਨਜ਼ਰ ਤੇ ਵਧੀਆ ਰੂਪ ਦੇ ਉਸ ਵਿੱਚੋਂ ਚੰਗਾ ਲਿਖਾਰੀ ਤਰਾਸ਼ ਲੈਂਦੇ।

**-ਮੁੱਖ ਬੰਦ ’ਚੋਂ**

### ਦੁੱਧ ਦੀ ਲਾਜ

(ਨਾਵਲ)
**ਵਜ਼ੀਰ ਸਿੰਘ ਰੰਧਾਵਾ**
**ਸਫੇ : 96, ਮੁੱਲ : 300 ਰੁਪਏ**
**ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ**




ਨਾਵਲ ‘ਦੁੱਧ ਦੀ ਲਾਜ’ ਵਿਚਲਾ ਬਿਰਤਾਂਤ ਪਾਠਕ ਨੂੰ ਉਂਗਲ ਫੜ ਕੇ ਨਾਲ-ਨਾਲ ਤੋਰਦਾ ਹੈ। ਨਾਵਲ ਦੀਆਂ ਘਟਨਾਵਾਂ ਦਾ ਕਾਲ ਪੌਣੀ ਸਦੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਚੰਗੇ-ਭਲੇ, ਵਸਦੇ-ਰਸਦੇ ਸੰਤਾਲੀ ਦੀ ਗੈਰ ਕੁਦਰਤੀ ਵੰਡ ਦਾ ਸੰਤਾਪ ਹੰਢਾਉਂਦਿਆਂ ਪਨਾਹਗੀਰ, ਸ਼ਰਨਾਰਥੀ ਵਰਗੇ ਨਾਵਾਂ ਨਾਲ ਨਿਵਾਜੇ ਮਨੁੱਖ ਦੀ ਕਹਾਣੀ ਬਿਆਨਦਿਆਂ ਨਾਵਲ ਮੁੜ-ਮੁੜ ਝੰਜੋੜਦਾ ਹੈ। ਪੰਜਾਬ ਦਾ ਕਾਲਾ ਦੌਰ, ਪੁਲਸ ਦੀ ਦਹਿਸ਼ਤ, ਚੌਰਾਸੀ ਦੀਆਂ ਘਟਨਾਵਾਂ ਅਤੇ ਕਿਰਸਾਨੀ ਸੰਘਰਸ਼ ਤੀਕ ਪਹੁੰਚਦਿਆਂ ਨਾਵਲਕਾਰ ਆਪਣੇ ਪਾਤਰਾਂ ਨੂੰ ਕਿਧਰੇ ਵੀ ਟੁੱਟਣ-ਖਿਲਰਨ ਨਹੀਂ ਦਿੰਦਾ, ਸਗੋਂ ਤਰੋਤਾਜ਼ਾ ਕਰਕੇ ਸੰਘਰਸ਼ਮਈ ਜੀਵਨ ਜਿਊਣ ਲਈ ਪ੍ਰੇਰਦਾ ਹੈ।

**-ਦੀਪ ਦੇਵਿੰਦਰ ਸਿੰਘ, ਬੈਕ ਕਵਰ ਤੋਂ**

### ਹੋਕਾ

(ਮਿੰਨੀ ਕਹਾਣੀ ਸੰਗ੍ਰਹਿ)
**ਵਜ਼ੀਰ ਸਿੰਘ ਰੰਧਾਵਾ**
**ਸਫੇ : 80, ਮੁੱਲ : 120 ਰੁਪਏ**
**ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ**




ਪੰਝੀ ਮਿੰਨੀ ਕਹਾਣੀਆਂ ਦਾ ਇਹ ਕਹਾਣੀ ਸੰਗ੍ਰਹਿ ਮਹੱਤਵਪੂਰਨ ਸਮਾਜੀ ਸਰੋਕਾਰਾਂ ਵੱਲ ਪਾਠਕਾਂ ਦਾ ਧਿਆਨ ਦਿਵਾਉਂਦਾ ਹੈ। ਅਜੋਕੀ ਜਟਿਲ ਮਨੁੱਖੀ ਜ਼ਿੰਦਗੀ ਨੂੰ ਸਰਲਤਾ ਨਾਲ ਪੇਸ਼ ਕਰਨ ਲਈ ਲੇਖਕ ਨੇ ਇੱਕ ਸਥਿਤੀ ਇੱਕ ਸਮਾਦਾਨ ਵਾਲਾ ਰਾਹ ਅਖਤਿਆਰ ਕੀਤਾ ਹੈ ਤੇ ਜਿਨ੍ਹਾਂ ਕਹਾਣੀਆਂ ਵਿੱਚ ਸਮੱਸਿਆ ਵਾਲੀ ਸਥਿਤੀ ਦਾ ਸਮਾਦਾਨ ਨਹੀਂ ਹੋਇਆ, ਉਥੇ ਉਹਨੇ ਕਲਪਨਾ ਦੀ ਵਰਤੋਂ ਕਰਕੇ ਕੋਈ ਹੱਲ ਪੇਸ਼ ਕਰਨ ਨਾਲੋਂ ਸਥਿਤੀ ਨੂੰ ਉਸ ਦੀ ਵਿਕਰਾਲਤਾ ਸਹਿਤ ਅਣਸੁਲਝਿਆ ਹੀ ਛੱਡ ਦੇਣਾ ਬੇਹਤਰ ਸਮਝਿਆ ਹੈ। ਅਜਿਹੀ ਸਥਿਤੀ ਸਮੇਂ ਉਹ ਹੋਕਾ ਦਿੰਦਾ ਹੈ ਆਤਮ ਚਿੰਤਨ ਦਾ ਮਨੁੱਖ ਨੂੰ ਬਦਲਣ ਦਾ। ਮੇਰੀ ਜਾਚੇ ਹੋਕਾ ਦੇਣਾ ਹੀ ਇਨ੍ਹਾਂ ਕਹਾਣੀਆਂ ਦਾ ਮੁੱਖ ਮਨੋਰਥ ਹੈ।

**-ਮੁੱਖ ਬੰਦ ’ਚੋਂ**

# ਪੁਸਤਕ ਰੀਵਿਊ

### ਕਾਵਿ-ਕ੍ਰਿਸ਼ਮਾ

**ਕਮਲ ਬੰਗਾ ਸੈਕਰਾਮੈਂਟੋ**
**ਕੀਮਤ :300 ਰੁਪਏ, ਪੰਨੇ : 248**
**ਪੰਜਾਬੀ ਵਿਰਸਾ ਟਰੱਸਟ, ਫਗਵਾੜਾ**

‘ਉਂਜ ਵੀ ਕਲਮ ਵਾਲਾ, ਸਮੁੰਦਰ ’ਚੋਂ ਲੰਘਦਾ ਜਦ,
ਹਿੰਮਤ ਕਰਦਾ, ਖ਼ਾਰੇ ਪਾਣੀ ਨਾਲ ਪਿਆਸ ਬੁਝਾਉਣ ਦੀ।’

ਵਰਗੇ ਸ਼ਿਅਰ ਲਿਖਣ ਵਾਲਾ ਸ਼ਾਇਰ ਕਮਲ ਬੰਗਾ ਸੈਕਰਾਮੈਂਟੋ ਸੂਖ਼ਮ ਰੰਗਾਂ ਦਾ ਸ਼ਾਇਰ ਹੈ। ਰੰਗ ਤਾਂ ਸੱਤ ਨੇ, ਪਰ ਕਮਲ ਬੰਗਾ ਨੌਂ ਰੰਗਾਂ ’ਚ ਰੰਗਿਆ ਸ਼ਾਇਰ ਹੈ। ਉਸ ਦਾ ਅੱਠਵਾਂ ਰੰਗ ਸੂਖ਼ਮਤਾ ਹੈ ਅਤੇ ਨੌਵਾਂ ਰੰਗ ਨਿਵੇਕਲਾਪਨ।ਕਮਲ ਬੰਗਾ ਦੀਆਂ ਗ਼ਜ਼ਲਾਂ ਪੜ੍ਹਦਿਆਂ ਇੰਜ ਜਾਪਦਾ ਹੈ ਜਿਵੇਂ ਦਰਿਆ ਦੇ ਪਾਣੀਆਂ ’ਚ ਗੋਤੇ ਲਾ ਰਹੇ ਹੋਈਏ, ਹਵਾਵਾਂ ਨੂੰ ਫੜ ਰਹੇ ਹੋਈਏ ਅਤੇ ਜਾਂ ਫਿਰ ਸਾਵੀਂ ਪੱਧਰੀ ਧਰਤੀ ਉੱਤੇ ਲੋਕਾਂ ਨਾਲ ਖੜ੍ਹ ਕੇ ਜ਼ਿੰਦਗੀ ਦਾ ਰਸ ਮਾਣ ਰਹੇ ਹੋਈਏ।

ਉਸ ਦੀ 18ਵੀਂ ਕਿਤਾਬ ‘ਕਾਵਿ-ਕ੍ਰਿਸ਼ਮਾ’ ਅਸਲ ਮਾਅਨਿਆਂ ’ਚ ਕ੍ਰਿਸ਼ਮਾ ਹੈ। ਉਹਦੇ ਮਨ ਦੇ ਰੰਗਾਂ ਦੀ ਗੂੜ੍ਹੀ, ਅਰਥ ਭਰਪੂਰ ਤਰਜ਼ਮਾਨੀ। ਉਹਦੇ ਲਿਖੇ ਸ਼ਿਅਰ ਅਗਿਆਤ ਦਾ ਆਭਾਸ ਅਤੇ ਅਪ੍ਰਗਟ ਦਾ ਪ੍ਰਗਟ ਹੋਣਾ ਲੱਗਦੇ ਹਨ।ਭੀੜ ਤੋਂ ਦੂਰੀ ਰੱਖ ਕੇ ਉਸ ਦੇ ਤਲਿਸਮ ਤੋਂ ਮੁਕਤ ਰਹਿ ਕੇ, ਸਾਹਿਤਕਾਰ ਦੀ ਸਾਧਕ ਜ਼ਿੰਦਗੀ ਨੂੰ ਸਮਝਣ ਦਾ ਯਤਨ ਹੁੰਦੀ ਹੈ। ਲਿਖਣ ਅਤੇ ਸਿਰਜਣ ਵਿਚਲਾ ਸੰਬੰਧ ਡੂੰਘਾ ਹੈ। ਭਾਸ਼ਾ ਸਵੈ ਦੇ ਨਾਲ, ਭਾਸ਼ਾ ਸਿਰਜਣਾ ਦੇ ਨਾਲ, ਸਿਰਜਣਾ ਭਾਸ਼ਾ ਦੇ ਨਾਲ, ਸਿਰਜਣਾ ਸਵੈ ਦੇ ਨਾਲ ਤੇ ਸਵੈ ਸਿਰਜਣਾ ਦੇ ਨਾਲ ਕਾਰਜਸ਼ੀਲ ਰਹਿੰਦੀ ਹੈ। ਇਹ ਸਿਰਜਣਾ, ਲਿਖਤ ਦਾ ਚੱਕਰ ਹੈ। ਸਾਡਾ ਗ਼ਜ਼ਲਗੋ ਇਸ ਤਿਕੋਣੇ ਚੱਕਰ ਦਾ ਮਾਹਰ ਸ਼ਾਇਰ ਹੈ।

ਕਵੀ ਲੋਕਾਂ ਨੂੰ ਕੰਨ ਧਾਰਨ ਕਰਨਾ ਸਿਖਾਉਂਦਾ ਹੈ. ਅਸੀਂ ਬਿਨਾਂ ਕੰਨਾਂ ਦੇ ਹੁੰਦੇ ਹਾਂ, ਸਾਨੂੰ ਧੁਨੀ ਸੁਣਦੀ ਨਹੀਂ, ਪਰ ਉਹ ਕਵੀ ਸਾਨੂੰ ਕੰਨਦਾਨ ਕਰਦਾ ਹੈ। ਸੰਭਾਵਨਾਵਾਂ ਪੈਦਾ ਕਰਨਾ, ਕੰਨ ਈਜਾਦ ਕਰਨਾ, ਜ਼ੁਬਾਨ ਈਜਾਦ ਕਰਨਾ, ਇੰਦਰੀਆਂ ਈਜਾਦ ਕਰਨਾ ਅਤੇ ਇਸ ਤਰ੍ਹਾਂ ਰੂਹ ਸਿਰਜਣਾ, ਇਹ ਸਭ ਕੁਝ ਕਵੀ ਦੇ ਹਿੱਸੇ ਆਉਂਦਾ ਹੈ। ਸ਼ਾਇਰ ਇਹ ਸਭ ਕੁਝ ਕਰਕੇ ਆਪਣਾ ਕਵੀ ਹੋਣ ਦਾ ਫ਼ਰਜ਼ ਨਿਭਾਅ ਰਿਹਾ ਹੈ। ਕਲਾਕਾਰ ਲਈ, ਕਵੀ ਲਈ, ਲੇਖਕ ਲਈ ਲੇਖਣ ਤੇ ਕਲਾ ਕੋਈ ਜਾਦੂ ਨਹੀਂ ਹੁੰਦੇ, ਇਹ ਤਾਂ ਕਵੀ ਦੀ ਕਲਪਨਾ ਹੈ, ਆਲਾ-ਦੁਆਲਾ ਵੇਖਣਾ, ਉਸ ਨੂੰ ਸਮਝਣਾ ਤੇ ਫਿਰ ਸੂਖ਼ਮ ਰੰਗਾਂ ’ਚ ਚਿਤਰਨ ਕਰਨਾ। ਸ਼ਬਦਾਂ ਨੂੰ ਬੋਲ ਦੇਣੇ, ਅਰਥ ਭਰਪੂਰ ਬੋਲ। ਸ਼ਾਇਰ ਕਮਲ ਬੰਗਾ ਸ਼ਬਦਾਂ ਨੂੰ ਬੋਲ ਦਿੰਦਾ ਹੈ, ਰੰਗ-ਬਰੰਗੀ ਦੁਨੀਆ ਸਿਰਜਦਾ ਹੈ। ਪਾਠਕਾਂ ਦੀ ਝੋਲੀ ਭਰਦਾ ਹੈ। ਕਵੀ ਲੋਕਾਂ ਨੂੰ ਤੋਹਫ਼ਾ ਦਿੰਦਾ ਹੈ, ਸ਼ਬਦਾਂ ਦਾ। ਇਹ ਤੋਹਫ਼ਾ ਉਦੋਂ ਤੱਕ ਸੰਪੂਰਨ ਨਹੀਂ ਹੁੰਦਾ, ਜਦੋਂ ਤੱਕ ਇਸ ਨੂੰ ਅੱਗੇ ਦੀ ਅੱਗੇ ਨਾ ਤੋਰ ਦਿੱਤਾ ਜਾਵੇ। ਕਵੀ ਨਿਰੰਤਰ ਤੁਰਦਾ ਹੈ, ਉਹਦੀ ਤੋਰ ਤਿੱਖੀ ਹੈ, ਨਿਵੇਕਲੀ ਹੈ, ਅਰਥ ਭਰਪੂਰ ਹੈ। ਉਹਦੇ ਕੁਝ ਸ਼ਿਅਰ ਨਜ਼ਰ ਹਨ-

‘ਜਦ ਸ਼ਾਇਰ ਦੀ ਗ਼ਜ਼ਲ, ਪੂਰੀ ਹੋ ਜਾਂਦੀ ‘ਕਮਲ’,
ਇਹ ਵੀ ਤਾਂ ਸ਼ਾਇਰੀ ਦੀ, ਰੂਹ ਨਸ਼ਿਆਉਂਦੀ ਹੈ।’

* * * * *

‘ਇਕ ਸ਼ਾਇਰ ਕਰਦਾ ਬਹਿਰ ਦੀ ਗੱਲ,
ਦੂਆ ਸ਼ਾਇਰ ਕਰਦਾ ਲਹਿਰ ਦੀ ਗੱਲ।’

ਸ਼ਾਇਰ ‘ਲਹਿਰ’ ਦਾ ਕਵੀ ਹੈ। ਲੋਕਾਂ ਦਾ ਸ਼ਾਇਰ ਹੈ। ਆਪਣੇ ਨਿੱਜ ਤੱਕ ਸਿਮਟਿਆ ਸ਼ਾਇਰ ਨਹੀਂ। ਸ਼ਾਇਰ ਸ਼ਰਧਾ, ਜਨੂੰਨੀ ਵਫ਼ਾਦਾਰੀ, ਸੁਪਨਿਆਂ, ਵੈਰਾਗ ਦਾ ਸ਼ਾਇਰ ਹੈ। ਮਨੁੱਖ ਨੂੰ ਵੈਰਾਗੀ ਹੋਏ ਬਗੈਰ ਆਪਣੇ ਕੀਤੇ ਕੰਮ ਦੀਆਂ ਗ਼ਲਤੀਆਂ, ਉਸ ਦੀਆਂ ਕਮੀਆਂ, ਉਸ ਦੀਆਂ ਤਰੁੱਟੀਆਂ ਨਜ਼ਰ ਨਹੀਂ ਆਉਂਦੀਆਂ। ਖ਼ੂਬਸੂਰਤ ਗੱਲ ਇਹ ਹੈ ਕਿ ਵੈਰਾਗ ਲੈ ਕੇ ਹੀ ਅਭਿਆਸ ਕਰਨਾ ਹੁੰਦਾ ਹੈ। ਵੈਰਾਗ ਲੈ ਕੇ ਹੀ ਸ਼ਰਧਾ ਰੱਖਣੀ ਹੁੰਦੀ ਹੈ ਅਤੇ ਤਿੰਨਾਂ ਦਾ ਆਪਸ ਵਿਚ ਕੋਈ ਰਿਸ਼ਤਾ ਨਾ ਲਗਦੇ ਹੋਏ ਵੀ ਰਿਸ਼ਤਾ ਰਹਿੰਦਾ ਹੈ। ਸ਼ਾਇਰ ਇਸ ਗੱਲ ਨੂੰ ਸਮਝਦਿਆਂ ਲਿਖਦਾ ਹੈ, ਨਿਰੰਤਰ ਲਿਖਦਾ ਹੈ। ਉਹਦੀ ਕਲਮ ਨੂੰ ਸਲਾਮ।ਉਸ ਦੇ ਗ਼ਜ਼ਲ ਸੰਗ੍ਰਿਹ ’ਚ ਸਵਾ ਦੋ ਸੌ ਗ਼ਜ਼ਲਾਂ ਹਨ, ਕੁਝ ਸ਼ਿਅਰ ਹਨ, ਰੁਬਾਈ ਹੈ ਅਤੇ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਉਸ ਨੇ ਸ਼ਾਇਰ ਅਜ਼ਾਦ ਜਲੰਧਰੀ ਤੇ ਯੁੱਗ ਸ਼ਾਇਰ ਸੁਰਜੀਤ ਪਾਤਰ ਨੂੰ ਵੀ ਯਾਦ ਕੀਤਾ ਹੈ।

**—ਗੁਰਮੀਤ ਸਿੰਘ ਪਲਾਹੀ**

### ਜ਼ਿੰਦਗੀ ਵਿਕਦੀ ਨਹੀਂ

(ਕਹਾਣੀ ਸੰਗ੍ਰਹਿ)
**ਰਜਿੰਦਰ ‘ਰਾਜ਼’ ਸਵੱਦੀ**
**ਕੁੱਲ ਸਫੇ : 197, ਕੀਮਤ : 300 ਰੁਪਏ**
**ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ**

ਮਨੁੱਖ ਦੀ ਬਾਤ ਪਾਉਣ ਵਾਲਾ, ਮਨੁੱਖ ਦੇ ਦਰਦਾਂ ਦੀ ਬਾਤ ਪਾਉਣ ਵਾਲਾ ਰਾਜਿੰਦਰ ‘ਰਾਜ਼’ ਸਵੱਦੀ ਵੀਹਵੀਂ ਸਦੀ ਦਾ ਮਾਨਵਵਾਦੀ ਕਹਾਣੀਕਾਰ ਰਿਹਾ ਹੈ। ਉਸ ਦੇ ਦੋ ਕਹਾਣੀ ਸੰਗ੍ਰਹਿ ‘ਹਵਾੜ’ ਤੇ ‘ਜ਼ਿੰਦਗੀ ਦਾ ਚਿਹਰਾ’ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੇ ਸਪੁੱਤਰ ਤੇ ਪ੍ਰਸਿੱਧ ਗਜ਼ਲਗੋ ਰਾਜਦੀਪ ਸਿੰਘ ਤੂਰ ਨੇ ਇਹਨਾਂ ਦੋਹਾਂ ਕਹਾਣੀ ਸੰਗ੍ਰਹਿਆਂ ਨੂੰ ਇੱਕੋ ਜਿਲਤ ਵਿੱਚ ‘ਜ਼ਿੰਦਗੀ ਵਿਕਦੀ ਨਹੀਂ’ ਨਾਂਅ ਹੇਠ ਪ੍ਰਕਾਸ਼ਿਤ ਕੀਤਾ ਹੈ। ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ ਜ਼ਿੰਦਗੀ ਦੇ ਕਦਰਦਾਨਾਂ ਨੂੰ ਸਮਰਪਿਤ ਕੀਤੀ ਗਈ ਹੈ। ਪੁਸਤਕ ਵਿੱਚ ਕੁੱਲ 31 ਕਹਾਣੀਆਂ ਹਨ, ਜਿਸ ਵਿੱਚ ਰਜਿੰਦਰ ਰਾਜ਼ ਸਵੱਦੀ ਨੇ ਪੇਂਡੂ ਜੀਵਨ ਦੀ ਝਲਕ ਦੇ ਨਾਲ-ਨਾਲ ਉਹਨਾਂ ਦੇ ਦਰਦ ਨੂੰ ਬਿਆਨ ਕੀਤਾ ਹੈ ਤੇ ਮਨੁੱਖੀ ਕਦਰਾਂ-ਕੀਮਤਾਂ ਦੀ ਬਾਤ ਪਾਈ ਹੈ।‘ਤਰਸੇਂਵੇਂ’ ਕਹਾਣੀ ਵਿੱਚ ਰਾਜਿੰਦਰ ਖਿੱਚ ਦੀ ਗੱਲ ਕਰਦਾ ਹੈ। ਤਰਸੇਵੇਂ ਦੀ ਗੱਲ ਕਰਦਾ ਹੈ, ਪਰ ਇਹ ਵੀ ਦੱਸਦਾ ਹੈ ਕਿ ਕਈ ਵਾਰੀ ਖਿੱਚ ਇਕ ਪਾਸੜ ਵੀ ਹੁੰਦੀ ਹੈ। ਕਈ ਵਾਰ ਕਿਸੇ ਦਾ ਇੱਕ ਟੱਕ ਆਪਣੇ ਵੱਲ ਦੇਖੀ ਜਾਣਾ ਚਿੰਤਾ ਵਿੱਚ ਪਾ ਦਿੰਦਾ ਹੈ, ਪਰ ਉਸ ਦਾ ਇਕ ਜਵਾਬ ਉਸ ਦੀਆਂ ਸਾਰੀਆਂ ਪੁੱਛਾਂ ਦਾ ਜਵਾਬ ਹੁੰਦਾ ਹੈ, ਕਿਉਂਕਿ ਜ਼ਿੰਦਗੀ ਦਾ ਚਿਹਰਾ ਭਰਾ ਵਰਗੇ ਮਾਸਟਰ ਵਰਗਾ ਹੀ ਹੁੰਦਾ ਹੈ।‘ਇੱਕ ਟੁੱਟਿਆ ਤਾਰਾ’ ਵਰਗੀ ਪ੍ਰਤੀਕਾਤਮਕ ਕਹਾਣੀ ਰਾਹੀਂ ਕਹਾਣੀਕਾਰ ਨੇ ਬਿਰਤਾਂਤਕਾਰ ਦੀ ਆਪਣੇ ਬੀਜੀ ਨਾਲ ਸਾਂਝ ਦੀ ਗੱਲ ਕੀਤੀ ਹੈ। ਗਰੀਬੀ ਤੇ ਭੁੱਖ ਦੀ ਤਸਵੀਰ ਹੈ ਕਹਾਣੀ ‘ਭੁੱਖ ਹੀ ਭੁੱਖ’। ਇਸੇ ਤਰ੍ਹਾਂ ‘ਲੂਣ ਤੇਲ’ ਕਹਾਣੀ ਵਿੱਚ ਕਹਾਣੀਕਾਰ ਦੱਸਦਾ ਹੈ ਕਿ ਇੱਕ ਸਾਹਿਤਕਾਰ ਨੂੰ ਕਿਸੇ ਵਿੱਚ ਸਾਹਿਤਕ ਰੁਚੀ ਨੂੰ ਵੇਖ ਕੇ ਜ਼ਿਆਦਾ ਖੁਸ਼ੀ ਮਿਲਦੀ ਹੈ।‘ਤੇਰਾ ਬੋਲ ਸੁਣੇ’ ਕਹਾਣੀ ਵਿੱਚ ਕਹਾਣੀਕਾਰ ਦੱਸਦਾ ਹੈ ਕਿ ਕਈ ਵਾਰੀ ਕਿਸੇ ਦੇ ਦਰਦ ਨੂੰ ਸਮਝ ਕੇ ਜਾਣ ਕੇ ਉਸ ਦੇ ਨਾਲ ਇੱਕ ਨੇੜਤਾ ਵਾਲਾ ਰਿਸ਼ਤਾ ਬਣ ਜਾਂਦਾ ਹੈ। ਹਿੰਦੂ-ਮੁਸਲਮਾਨ ਦੇ ਪਿਆਰ ਦੀ ਮਿਸਾਲ ਹੈ ਕਹਾਣੀ ‘ਸੰਤ ਵੀ ਸਿਪਾਹੀ ਵੀ’। ਸਭ ਤੋਂ ਖੂਬਸੂਰਤ ਕਹਾਣੀ ਸਿਰਲੇਖ ਅਧੀਨ ਲਿਖੀ ਕਹਾਣੀ ‘ਜ਼ਿੰਦਗੀ ਵਿਕਦੀ ਨਹੀਂ’ ਹੈ ਜਿਸ ਵਿੱਚ ਘੁੱਗੀ, ਆਂਡਾ ਤੇ ਕਾਟੋ ਦੇ ਪ੍ਰਤੀਕ ਰਾਹੀਂ ਮਾੜੇ ਬੰਦੇ ਦੇ ਸ਼ੋਸ਼ਣ ਦੀ ਗੱਲ ਕੀਤੀ ਗਈ ਹੈ ਤੇ ਜਦੋਂ ਮਾੜਾ ਬੰਦਾ ਜੋਰਾਵਰ ਹੋ ਜਾਵੇ, ਆਪਣੀ ਇੱਜ਼ਤ ਦੀ ਰਾਖੀ ਲਈ ਲੜ ਪਏ ਤਾਂ ਜੋਰਾਵਰ ਦਾ ਸਿਰ ਸ਼ਰਮਸਾਰ ਹੋ ਜਾਂਦਾ ਹੈ। ਰਾਜਿੰਦਰ ਦੀਆਂ ਕਹਾਣੀਆਂ ਇਕੋ ਬੈਠਕ ਵਿੱਚ ਪੜ੍ਹੀਆਂ ਜਾਣ ਵਾਲੀਆਂ ਕਹਾਣੀਆਂ ਹਨ।ਕਹਾਣੀ ਦਾ ਆਰੰਭ ਅੱਗੇ ਹੋਰ ਜਾਨਣ ਲਈ ਉਤਸੁਕਤਾ ਪੈਦਾ ਕਰਦਾ ਹੈ। ਕਹਾਣੀਕਾਰ ਕਥਾਨਕ ਤੇ ਪਾਤਰ ਚਿਤਰਨ ਰਾਹੀਂ ਕਹਾਣੀ ਨੂੰ ਰੌਚਕ ਬਣਾਉਂਦਾ ਹੈ ਕਿ ਅਗਲੀ ਕਹਾਣੀ ਪੜ੍ਹਨ ਲਈ ਪਾਠਕ ਦੇ ਅੰਦਰ ਉਤਸੁਕਤਾ ਪੈਦਾ ਹੁੰਦੀ ਹੈ। ਕਹਾਣੀਆਂ ਦੇ ਸਿਰਲੇਖ ਪਾਠਕ ਨੂੰ ਸੋਚਣ ਲਾ ਦਿੰਦੇ ਹਨ ਕਿ ਕਹਾਣੀ ਵਿੱਚ ਕੀ ਹੋਵੇਗਾ ਤੇ ਪਾਠਕ ਕਹਾਣੀ ਨੂੰ ਪੜ੍ਹਨ ਲਈ ਉਤਾਵਲਾ ਹੋ ਜਾਂਦਾ ਹੈ।ਮਲਵਈ ਰੰਗ ਵਿੱਚ ਰੰਗੀਆਂ ਇਹ ਆਂਚਲਿਕ ਕਹਾਣੀਆਂ ਰਾਜਿੰਦਰ ‘ਰਾਜ’ ਸਵੱਦੀ ਦੀ ਸੂਝ-ਬੂਝ ਤੇ ਕਹਾਣੀ ਕਲਾ ਪ੍ਰਤੀ ਸੋਝੀ ਦਾ ਗਵਾਹ ਹੈ। ਪੁਸਤਕ ਦੇ ਆਰੰਭ ਵਿੱਚ ਵਿਦਵਾਨਾਂ ਨੇ ਰਾਜਿੰਦਰ ‘ਰਾਜ਼’ ਤੇ ਉਸ ਦੇ ਰਚਨਾ ਸੰਸਾਰ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ। ਸੋ ਪੜ੍ਹਨ ਵਾਲੀਆਂ ਕਹਾਣੀਆਂ ਹਨ। ਮੈਂ ਇਸ ਪੁਸਤਕ ਲਈ ਰਾਜਦੀਪ ਸਿੰਘ ਤੂਰ ਦੇ ਉਪਰਾਲੇ ਦੀ ਸ਼ਲਾਘਾ ਕਰਦੀ ਹਾਂ ਕਿ ਉਸ ਨੇ ਆਪਣੇ ਪਿਤਾ ਦੀ ਯਾਦ ਨੂੰ ਸਮਰਪਿਤ ਇਹ ਸੰਗ੍ਰਹਿ ਛਪਵਾਇਆ ਹੈ।ਪੁਸਤਕ ਦਾ ਸਾਹਿਤ ਜਗਤ ਵਿੱਚ ਸਵਾਗਤ।

**—ਡਾ. ਭੁਪਿੰਦਰ ਕੌਰ**

### ਨਾ-ਫ਼ਰਮਾਨ ਬਲਰਾਜ ਸਾਹਨੀ

(ਮੇਰੇ ਪਿਤਾ ਦੀਆਂ ਯਾਦਾਂ)
**ਪ੍ਰੀਕਸ਼ਤ ਸਾਹਨੀ, ਅਨੁ : ਜਗਵਿੰਦਰ ਜੋਧਾ**
**ਪੰਨੇ: 240, ਮੁੱਲ :495 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਨਾ-ਫ਼ਰਮਾਨ ਪ੍ਰੀਕਸ਼ਤ ਸਾਹਨੀ ਦੁਆਰਾ ਆਪਣੇ ਪਿਤਾ ਸਵਰਗੀ ਬਲਰਾਜ ਸਾਹਨੀ ਬਾਰੇ ਲਿਖੀ ਪੁਸਤਕ ਹੈ। ਇਹ ਪੁਸਤਕ ਲਿਖਣ ਦਾ ਮਨੋਰਥ ਉਹ ਆਪਣੇ ਪਿਤਾ ਦੀਆਂ ਯਾਦਾਂ ਨੂੰ ਸਾਂਝਾ ਕਰਨਾ ਦੱਸਦਾ ਹੈ। ਇਸ ਪੁਸਤਕ ਦਾ ਮੁੱਖ-ਬੰਦ ਮਸ਼ਹੂਰ ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਨੇ ਲਿਖਿਆ ਹੈ। ਇਸ ਪੁਸਤਕ ਦਾ ਪੰਜਾਬੀ ਅਨੁਵਾਦ ਜਗਵਿੰਦਰ ਜੋਧਾ ਨੇ ਕੀਤਾ ਹੈ। ਅਨੁਵਾਦਕ ਦੇ ਸ਼ਬਦਾਂ ਵਿੱਚ ਅਮਿਤਾਭ ਬੱਚਨ ਅਤੇ ਓਮ ਪੁਰੀ ਵਰਗਿਆਂ ਦੀ ਪ੍ਰਸ਼ੰਸਾ ਦੇ ਪਾਤਰ ਬਲਰਾਜ ਸਾਹਨੀ ਭਾਰਤੀ ਸਿਨੇਮਾ ਦੇ ਸੁਨਹਿਰੀ ਯੁੱਗ ਦੇ ਸਿਰਜਕ ਸਨ। ਉਹ ਆਪਣੇ ਸਿਧਾਂਤਾਂ ਪ੍ਰਤੀ ਸਿਦਕਵਾਨ ਹੋਣ ਲਈ ਜਾਣੇ ਗਏ, ਉਹ ਇਕ ਨਾ-ਫ਼ਰਮਾਨ ਸਨ, ਜਿਨ੍ਹਾਂ ਨੂੰ ਅਕਸਰ ਆਪਣੇ ਅਣਡਿੱਠ ਕੀਤੇ ਗਏ ਲੋਕਾਂ ਦੇ ਚਿਤਰਨ ਲਈ ਯਾਦ ਕੀਤਾ ਜਾਂਦਾ ਹੈ।ਨਾ-ਫ਼ਰਮਾਨ ਇਸ ਦੇਸ਼ ਦੇ ਸਭ ਤੋਂ ਮਸ਼ਹੂਰ ਅਦਾਕਾਰਾਂ ਵਿੱਚੋਂ ਇੱਕ ਦੀ ਅਣਕਹੀ ਕਹਾਣੀ ਹੈ। ਉਨ੍ਹਾਂ ਦੇ ਪੁੱਤਰ ਪ੍ਰੀਕਸ਼ਤ ਸਾਹਨੀ ਦੁਆਰਾ ਲਿਖੀ ਇਹ ਕਿਤਾਬ ਅਣਦੇਖੀਆਂ ਫੋਟੋਆਂ ਨਾਲ ਭਰੀ ਹੈ। ਕਿਤਾਬ ਬਲਰਾਜ ਸਾਹਨੀ ਦੀ ਇੱਕ ਆਦਮੀ ਅਤੇ ਇੱਕ ਅਭਿਨੇਤਾ, ਇੱਕ ਪਤੀ ਅਤੇ ਇੱਕ ਦੋਸਤ, ਇੱਕ ਪਿਤਾ ਅਤੇ ਇੱਕ ਦੇਸ਼ਭਗਤ ਦੇ ਰੂਪ ਵਿੱਚ ਨਿੱਜੀ ਅਤੇ ਜਨਤਕ ਸ਼ਖ਼ਸੀਅਤ ਦੀ ਝਲਕ ਪ੍ਰਦਾਨ ਕਰਦੀ ਹੈ। ਇਹ ਇੱਕ ਸਧਾਰਨ ਆਦਮੀ ਦੇ ਜੀਵਨ, ਕਾਲ ਅਤੇ ਪ੍ਰਭਾਵ ਦਾ ਜਸ਼ਨ ਹੈ, ਜਿਸ ਨੇ ਅਦਾਕਾਰਾਂ ਦੀ ਇੱਕ ਪੂਰੀ ਪੀੜ੍ਹੀ ਨੂੰ ਪ੍ਰੇਰਿਤ ਕੀਤਾ ਅਤੇ ਅੱਜ ਵੀ ਇਹ ਅਮਲ ਜਾਰੀ ਹੈ। ਕੁਝ ਕੁ ਸ਼ਬਦਾਂ ਵਿੱਚ ਅਨੁਵਾਦਕ ਨੇ ਇਹ ਪੁਸਤਕ ਨੂੰ ਲਿਖਣ ਦੇ ਉਦੇਸ਼ ਦੇ ਨਾਲ਼-ਨਾਲ਼ ਇਹ ਗੱਲ ਵੀ ਦੱਸ ਦਿੱਤੀ ਕਿ ਇਸ ਪੁਸਤਕ ਵਿੱਚ ਅਜਿਹਾ ਕੀ ਹੈ, ਜਿਸ ਦੇ ਕਾਰਨ ਉਸ ਦੁਆਰਾ ਇਸ ਨੂੰ ਅਨੁਵਾਦ ਕਰਨ ਲਈ ਚੁਣਿਆ ਗਿਆ। ਲੇਖਕ ਪ੍ਰੀਕਸ਼ਤ ਸਾਹਨੀ ਨੇ ਇਸ ਪੁਸਤਕ ਨੂੰ ਬਹੁਤ ਕਲਾਤਮਿਕ ਢੰਗ ਨਾਲ਼ ਵਿਉਂਤਿਆ ਹੈ। ਮੁੱਖ ਬੰਦ ਤੋਂ ਬਾਅਦ ਜਾਣ-ਪਛਾਣ ਅਤੇ ਭੂਮਿਕਾ ਦਿੱਤੀ ਗਈ ਹੈ, ਜਿਸ ਵਿੱਚ ਲੇਖਕ ਨੇ ਇਸ ਸੰਸਮਰਣ ਪੁਸਤਕ ਨੂੰ ਲਿਖੇ ਜਾਣ ਦੇ ਕਾਰਨ ਸਪੱਸ਼ਟ ਕੀਤੇ ਹਨ। ਆਪਣੇ ਪਿਤਾ ਨਾਲ਼ ਸੰਬੰਧਤ ਆਪਣੇ ਬਚਪਨ ਦੀਆਂ ਯਾਦਾਂ ਨੂੰ ਮੁੱਢਲੀਆਂ ਯਾਦਾਂ ਸਿਰਲੇਖ ਹੇਠ ਦਰਜ ਕਰਕੇ ਅਗਲੇ ਅਧਿਆਇ ਵਿੱਚ ਉਸ ਨੇ ਆਪਣੇ ਪਿਤਾ ਦੀ ਸ਼ਖ਼ਸੀਅਤ ਦੇ ਮਾਰਕਸਵਾਦ ਫ਼ਲਸਫੇ ਤੋਂ ਪ੍ਰਭਾਵਿਤ ਪੱਖ ਨੂੰ ਪੇਸ਼ ਕੀਤਾ ਹੈ। ਉਸ ਨੇ ਬਹੁਤ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਉਹ ਘਟਨਾ ਬਿਆਨ ਕੀਤੀ ਹੈ, ਜਦ ਉਸ ਦੇ ਪਿਤਾ ਨੇ ਉਸ ਨੂੰ ਦੱਸਿਆ ਸੀ ਕਿ ਮਾਰਕਸਵਾਦ ਅਸਲ ਵਿੱਚ ਕੀ ਹੈ। ਇਸੇ ਢੰਗ ਨਾਲ਼ ਕਿਰਤ ਅਤੇ ਮਲਕੀਅਤ ਦੇ ਸੰਕਲਪਾਂ ਨੂੰ ਗੱਲਾਂ-ਗੱਲਾਂ ਵਿੱਚ ਲੇਖਕ ਪਾਠਕਾਂ ਨੂੰ ਵੀ ਸਮਝਾ ਗਿਆ। ਪੁਸਤਕ ਦਾ ਅਗਲਾ ਪਾਠ ਬਲਰਾਜ ਸਾਹਨੀ ਅਤੇ ਉਸ ਦੇ ਭਰਾ ਭੀਸ਼ਮ ਸਾਹਨੀ ਦੀ ਤੁਲਨਾ ਕਰਦੇ ਹੋਏ ਲਿਖਿਆ ਗਿਆ ਹੈ। ਇਸ ਤੋਂ ਬਾਅਦ ਬਲਰਾਜ ਸਾਹਨੀ ਦੀ ਅਦਾਕਾਰੀ, ਉਸ ਦੇ ਦੋਸਤਾਂ, ਉਸ ਦਾ ਆਮ ਲੋਕਾਂ ਨਾਲ਼ ਵਿਹਾਰ ਅਤੇ ਉਸ ਦੀ ਇਕ ਬਾਪ ਵਜੋਂ ਸ਼ਖ਼ਸੀਅਤ ਉਘਾੜੀ ਗਈ ਹੈ। ਅੰਤ ਵਿੱਚ ਲੇਖਕ ਨੇ ਜੁਹੂ ਸਥਿਤ ਬਲਰਾਜ ਸਾਹਨੀ ਦੇ ਬੰਗਲੇ ਇਕਰਾਮ ਬਾਰੇ ਦੱਸਿਆ ਹੈ।

ਇਹ ਪੁਸਤਕ ਲੇਖਕ ਨੇ ਭਾਵਾਂ ਦੇ ਵਹਾਅ ਵਿੱਚ ਵਹਿ ਕੇ ਨਹੀਂ, ਸਗੋਂ ਯਾਦਾਂ ਅਤੇ ਖੋਜ ਹਵਾਲਿਆਂ ਦੇ ਆਧਾਰ ’ਤੇ ਲਿਖੀ ਹੈ। ਬਲਰਾਜ ਸਾਹਨੀ ਦੀਆਂ ਪੁਸਤਕਾਂ, ਉਸ ਦੁਆਰਾ ਆਪਣੇ ਭਰਾ ਭੀਸ਼ਮ ਸਾਹਨੀ ਨੂੰ ਲਿਖੀਆਂ ਚਿੱਠੀਆਂ ਅਤੇ ਉਸ ਦੀ ਡਾਇਰੀ ਆਦਿ ਵਿੱਚੋਂ ਨੋਟਸ ਵੀ ਲੋੜ ਅਨੁਸਾਰ ਦਿੱਤੇ ਗਏ ਹਨ। ਇਸ ਢੰਗ ਨਾਲ਼ ਇਹ ਪੁਸਤਕ ਬਲਰਾਜ ਸਾਹਨੀ ਦੀਆਂ ਰਚਨਾਵਾਂ ਸੰਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ, ਕਿਉਂਕਿ ਉਹਨਾਂ ਨੂੰ ਬਲਰਾਜ ਸਾਹਨੀ ਬਾਰੇ ਸਾਰੀ ਜਾਣਕਾਰੀ ਇਕ ਪੁਸਤਕ ਵਿੱਚ ਹੀ ਉਪਲੱਬਧ ਹੋਵੇਗੀ। ਇਸ ਦੇ ਅਨੁਵਾਦ ਦੀ ਗੱਲ ਕਰਦਿਆਂ ਇਸ ਪੁਸਤਕ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਜਗਵਿੰਦਰ ਜੋਧਾ ਵੱਲੋਂ ਕੀਤੇ ਪੰਜਾਬੀ ਤਰਜਮੇ ਵਿੱਚ ਵੀ ਉਹੀ ਰਵਾਨਗੀ ਅਤੇ ਸਾਰਥਿਕਤਾ ਬਰਕਰਾਰ ਰੱਖੀ ਗਈ ਹੈ।

**-ਡਾ. ਸੰਦੀਪ ਰਾਣਾ**

CMYK

27-Oct-Sunday.qxd 10/26/2024 10:10 PM Page 6



# ਅੰਮ੍ਰਿਤਸਰ ਵਿਖੇ ਦੋ ਰੋਜ਼ਾ 30ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ



**ਅੰਮ੍ਰਿਤਸਰ** : ਮਿੰਨੀ ਕਹਾਣੀ ਲੇਖਕ ਮੰਚ. ਵੱਲੋਂ ਦੋ ਰੋਜ਼ਾ 30ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਲੋਕ ਮੰਚ ਪੰਜਾਬ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਦੇ ਸਹਿਯੋਗ ਨਾਲ ਭਗਤ ਪੂਰਨ ਸਿੰਘ ਪਿੰਗਲਵਾੜਾ ਮਾਨਾਂਵਾਲਾ (ਅੰਮ੍ਰਿਤਸਰ) ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿਚ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਥਾਵਾਂ ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਨੇਪਾਲ ਦੇ ਮਿੰਨੀ ਕਹਾਣੀ ਲੇਖਕਾਂ ਤੋਂ ਇਲਾਵਾ ਪੰਜਾਬ ਦੇ ਲੇਖਕਾਂ ਨੇ ਹਿੱਸਾ ਲਿਆ। ਪਹਿਲੇ ਦਿਨ ਦੇ ਉਦਘਾਟਨੀ ਸੈਸ਼ਨ ਵਿਚ ਡਾ. ਮਨਜਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਦ ਕਿ ਡਾ. ਲਖਵਿੰਦਰ ਜੌਹਲ, ਡਾ. ਹਰਜਿੰਦਰ ਸਿੰਘ ਅਟਵਾਲ ਨੇ ਪ੍ਰਧਾਨਗੀ ਕੀਤੀ। ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸਵਾਗਤੀ ਭਾਸ਼ਣ ਦਿੰਦਿਆਂ ਪੰਜਾਬੀ ਮਿੰਨੀ ਕਹਾਣੀ ਤੇ ਅੰਤਰਰਾਜੀ ਮਿੰਨੀ ਕਹਾਣੀ ਸਮਾਗਮਾਂ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਜਗਦੀਸ਼ ਰਾਏ ਕੁਲਰੀਆਂ ਨੇ ਦੋ ਦਿਨ ਚੱਲਣ ਵਾਲੇ ਇਸ ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ। ਇਸ ਉਪਰੰਤ ਨੌਜਵਾਨ ਆਲੋਚਕ ਪ੍ਰੋ. ਗੁਰਦੀਪ ਢਿੱਲੋਂ ਨੇ 'ਪੰਜਾਬੀ ਮਿੰਨੀ ਕਹਾਣੀ ਦਾ ਅਕਾਦਮਿਕ ਸਫ਼ਰ' ਵਿਸ਼ੇ 'ਤੇ ਪੇਪਰ ਪੜ੍ਹਿਆ ਅਤੇ ਮਿੰਨੀ ਕਹਾਣੀ ਦੇ ਇਤਿਹਾਸ ਤੋਂ ਲੈ ਕੇ ਮੌਜੂਦਾ ਸਮੇਂ ਦੇ ਵਿਚ ਦੀ ਪ੍ਰਸੰਗਕਿਤਾ ਬਾਰੇ ਡੂੰਘਾਈ ਨਾਲ ਵਿਚਾਰ ਪੇਸ਼ ਕੀਤੇ। ਡਾ. ਅਸ਼ੋਕ ਭਾਟੀਆ ਨੇ ਇਸ ਪਰਚੇ ਦੇ ਹਵਾਲੇ ਨਾਲ ਗੱਲ ਕਰਦਿਆਂ ਹਿੰਦੀ ਲਘੂਕਥਾ ਦੇ ਵੱਖ-ਵੱਖ ਪਸਾਰਾਂ ਬਾਰੇ ਗੱਲ ਕੀਤੀ। ਡਾ. ਮਨਜਿੰਦਰ ਸਿੰਘ ਨੇ ਖ਼ਲੀਲ ਜਿਬਰਾਨ ਅਤੇ ਹੋਰ ਦਾਰਸ਼ਨਿਕ ਗੱਲਾਂ ਕਰਦਿਆਂ ਮਿੰਨੀ ਕਹਾਣੀ ਦੀ ਮਹੱਤਤਾ ਨੂੰ ਉਭਾਰਿਆ ਅਤੇ ਇਸ ਦੇ ਸਾਹਿਤ ਵਿਚ ਯੋਗਦਾਨ ਦੀ ਗੱਲ ਕੀਤੀ। ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਮਿੰਨੀ ਕਹਾਣੀ ਦੀ ਇਹ ਸਮਰੱਥਾ ਹੀ ਹੈ ਕਿ ਇਸ ਨੂੰ ਲਗਾਤਾਰ ਪਾਠਕ੍ਰਮਾਂ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਇਸ ਵਿਧਾ ਵਿਚ ਹੋ ਰਹੇ ਜਥੇਬੰਦਕ ਕਾਰਜ ਇਸ ਨੂੰ ਅੱਗੇ ਲਿਜਾ ਰਹੇ ਹਨ। ਉਨ੍ਹਾਂ ਇਸ ਲਈ ਪੂਰੀ ਟੀਮ ਨੂੰ ਵਧਾਈ ਦਿੱਤੀ। ਇਸ ਸੈਸ਼ਨ ਵਿਚ ਪ੍ਰਧਾਨਗੀ ਮੰਡਲ ਵੱਲੋਂ ਮੈਗਜ਼ੀਨ 'ਮਿੰਨੀ' ਦਾ ਨਵਾਂ ਅੰਕ, 'ਮੇਲਾ', 'ਆਪਣੀ ਆਵਾਜ਼', 'ਸ਼ਬਦ ਤ੍ਰਿੰਜਣ' ਅਤੇ ਮਿੰਨੀ ਕਹਾਣੀ ਸੰਗ੍ਰਹਿ 'ਸੁਕਰਾਤ ਦੀ ਪੇਸ਼ੀ', 'ਸ਼ਬਦਾਂ ਦੇ ਰਖਵਾਲੇ', 'ਠੰਢੀ ਅੱਗ', 'ਮਨਮਰਜ਼ੀ ਦੇ ਦਿਨ', 'ਖੂਹ ਦੀ ਆਵਾਜ਼', 'ਰੂਹ ਦੀਆਂ ਤੰਦਾਂ', 'ਕਿਰਦੀ ਜਵਾਨੀ-2' ਤੇ ਪੁਸਤਕ 'ਬਾਤਾਂ ਤੇ ਬਿਰਤਾਂਤ' ਰਿਲੀਜ਼ ਕੀਤੀਆਂ ਗਈਆਂ। ਸਮਾਗਮ ਦਾ ਦੂਸਰਾ ਸੈਸ਼ਨ 'ਚੋਣਵੀਆਂ ਮਿੰਨੀ ਕਹਾਣੀਆਂ ਦੇ ਪਾਠ' ਨਾਲ ਸ਼ੁਰੂ ਹੋਇਆ। ਇਨ੍ਹਾਂ ਮਿੰਨੀ ਕਹਾਣੀਆਂ ਤੇ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਕਰਨਾਲ (ਹਰਿਆਣਾ) ਤੋਂ ਪਧਾਰੇ ਡਾ. ਅਸ਼ੋਕ ਭਾਟੀਆ ਅਤੇ ਪ੍ਰਸਿੱਧ ਚਿੰਤਕ ਡਾ. ਅਨੂਪ ਸਿੰਘ ਨੇ ਆਪਣੇ ਵਿਚਾਰ ਰੱਖੇ। ਇਸ ਸੈਸ਼ਨ ਦਾ ਸੰਚਾਲਨ ਬੀਰ ਇੰਦਰ ਬਨਭੌਰੀ ਨੇ ਕੀਤਾ। ਸਮਾਗਮ ਦਾ ਤੀਜਾ ਸੈਸ਼ਨ ਡਾ. ਦੀਪਾ ਕੁਮਾਰ, ਦਿੱਲੀ ਯੂਨੀਵਰਸਿਟੀ ਵੱਲੋਂ ਮੋਡਰੇਟ ਕੀਤਾ ਗਿਆ, ਜਿਸ ਵਿਚ ਗੁਰਮੀਤ ਰਾਮਪੁਰੀ, ਪਰਗਟ ਸਿੰਘ ਜੰਬਰ, ਦਵਿੰਦਰ ਪਟਿਆਲਵੀ, ਮਨਜੀਤ ਸਿੱਧੂ ਰਤਨਗੜ੍ਹ, ਰਾਜਦੇਵ ਕੌਰ ਸਿੱਧੂ, ਸੁਖਦਰਸ਼ਨ ਗਰਗ, ਰਣਜੀਤ ਆਜ਼ਾਦ ਕਾਂਝਲਾ, ਡਾ. ਗੁਰਵਿੰਦਰ ਅਮਨ, ਪਵਨਜੀਤ ਕੌਰ ਮੋਗਾ, ਬਲਰਾਜ ਕੁਹਾੜਾ, ਮਨਦੀਪ ਸਿਧੂ ਸਹਿਜ ਤੇ ਜਗਨ ਨਾਥ ਨੇ ਮਿੰਨੀ ਕਹਾਣੀਆਂ ਦਾ ਪਾਠ ਕੀਤਾ। ਇਹਨਾਂ ਰਚਨਾਵਾਂ 'ਤੇ ਜਿੱਥੇ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਮੰਗਤ ਕੁਲਜਿੰਦ ਸੰਪਾਦਕ ਸ਼ਬਦ ਤ੍ਰਿੰਜਣ ਅਤੇ ਦਰਸ਼ਨ ਸਿੰਘ ਬਰੇਟਾ ਨੇ ਗੱਲਬਾਤ ਕੀਤੀ, ਉਥੇ ਡਾ. ਦੀਪਾ ਕੁਮਾਰ ਨੇ ਵੀ ਉਸਾਰੂ ਟਿੱਪਣੀਆਂ ਨਾਲ ਸੰਵਾਦ ਨੂੰ ਤੋਰਿਆ। ਚੌਥਾ ਸੈਸ਼ਨ 'ਹਿੰਦੀ ਲਘੂਕਥਾਵਾਂ ਦੇ ਪਾਠ' ਦਾ ਸੀ, ਜਿਸ ਨੂੰ ਦਿੱਲੀ ਤੋਂ ਆਏ ਡਾ. ਬਲਰਾਮ ਅਗਰਵਾਲ ਨੇ ਚਲਾਇਆ। ਇਸ ਵਿਚ ਅਸ਼ੋਕ ਦਰਦ (ਡਲਹੌਜ਼ੀ), ਸ਼ਬਨਮ ਸੁਲਤਾਨਾ, ਸੰਤੋਸ਼ ਸੁਪੇਕਰ (ਉਜੈਨ), ਰਾਮ ਮੂਰਤ ਰਾਹੀ (ਇੰਦੌਰ), ਡਾ. ਵਰਸ਼ਾ ਡੋਬਲੇ (ਭੋਪਾਲ), ਸੁਨੀਤਾ ਪ੍ਰਕਾਸ਼, ਮ੍ਰਿਦੁਲ ਤਿਆਗੀ, ਸੰਜੇ ਆਰਜ਼ੂ ਬੜੌਤਵੀ ਨੇ ਰਚਨਾਵਾਂ ਦਾ ਪਾਠ ਕੀਤਾ। ਇਨ੍ਹਾਂ ਰਚਨਾਵਾਂ ਤੇ ਲਘੂਕਥਾ ਸ਼ੋਧ ਕੇਂਦਰ ਭੋਪਾਲ ਦੀ ਨਿਰਦੇਸ਼ਕ ਕਾਂਤਾ ਰਾਏ ਨੇ ਟਿੱਪਣੀਆਂ ਕੀਤੀਆਂ। ਪੰਜਵੇਂ ਸੈਸ਼ਨ ਦੇ ਮੁੱਖ ਮੋਡਰੇਟਰ ਪ੍ਰਸਿੱਧ ਚਿੰਤਕ ਡਾ. ਕੁਲਦੀਪ ਸਿੰਘ ਦੀਪ ਸਨ, ਜਿਨ੍ਹਾਂ ਨੇ ਇਸ ਸੈਸ਼ਨ ਵਿਚ ਪੜ੍ਹੀਆਂ ਗਈਆਂ ਮਿੰਨੀ ਕਹਾਣੀਆਂ 'ਤੇ ਆਲੋਚਨਾਤਮਕ ਸਮੀਖਿਆ ਕੀਤੀ ਅਤੇ ਸਮੁੱਚੀਆਂ ਮਿੰਨੀ ਕਹਾਣੀਆਂ 'ਤੇ ਵਿਸਥਾਰਤ ਗੱਲ ਕੀਤੀ। ਹਰਭਜਨ ਸਿੰਘ ਖੇਮਕਰਨੀ ਨੇ ਪ੍ਰਧਾਨਗੀ ਟਿੱਪਣੀ ਕਰਦਿਆਂ ਲੇਖਕਾਂ ਨੂੰ ਪ੍ਰਤੀਬੱਧਤਾ ਨਾਲ ਇਸ ਵਿਧਾ ਨਾਲ ਜੁੜਨ ਦੀ ਸਲਾਹ ਦਿੱਤੀ। ਕੁਲਵਿੰਦਰ ਕੌਸ਼ਲ ਨੇ ਧੰਨਵਾਦ ਕੀਤਾ। ਪਹਿਲੇ ਦਿਨ ਦਾ ਆਖਰੀ ਸੈਸ਼ਨ 'ਨਾਟਕ ਅਤੇ ਸਨਮਾਨ ਸਮਾਰੋਹ' ਸੀ, ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ ਪਿੰਗਲਵਾੜਾ ਅਤੇ ਸ੍ਰੀ ਆਰ. ਪੀ. ਸਿੰਘ ਇੰਚਾਰਜ, ਡੈਫ ਐਂਡ ਡੰਬ ਸਕੂਲ ਪਿੰਗਲਵਾੜਾ ਸ਼ਾਮਲ ਹੋਏ। ਡਾ. ਇੰਦਰਜੀਤ ਕੌਰ ਨੇ ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਬਾਰੇ ਚਾਨਣਾ ਪਾਇਆ ਅਤੇ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਬੁਰਾਈਆਂ ਪ੍ਰਤੀ ਲੋਕਾਈ ਨੂੰ ਚੇਤੰਨ ਕਰਨ ਵਾਲੀਆਂ ਰਚਨਾਵਾਂ ਦੀ ਸਿਰਜਣਾ ਕਰਨ। ਇਸ ਮੌਕੇ ਯੋਗਰਾਜ ਪ੍ਰਭਾਕਰ ਸੰਪਾਦਕ ਲਘੂਕਥਾ ਕਲਸ਼ ਦੇ ਸਹਿਯੋਗ ਨਾਲ ਸ੍ਰੀ ਰੌਸ਼ਨ ਫੂਲਵੀ ਯਾਦਗਾਰੀ ਮਿੰਨੀ ਕਹਾਣੀ ਲਾਈਫ਼ਟਾਈਮ ਅਚੀਵਮੈਂਟ ਪੁਰਸਕਾਰ 2023-ਅਣੂ ਦੇ ਸੰਪਾਦਕ ਸੁਰਿੰਦਰ ਕੈਲੇ, ਰਵੀ ਪ੍ਰਭਾਕਰ ਲਘੂਕਥਾ ਸਨਮਾਨ 2023-ਡਾ. ਰਾਮ ਕੁਮਾਰ ਘੋਟੜ, ਰਾਜਸਥਾਨ, ਊਸ਼ਾ ਪ੍ਰਭਾਕਰ ਲਘੂਕਥਾ ਸਨਮਾਨ 2023-ਡਾ. ਨੀਰਜਾ ਸ਼ਰਮਾ, ਬਿਜਨੌਰ (ਉੱਤਰ ਪ੍ਰਦੇਸ਼) ਨੂੰ ਪ੍ਰਦਾਨ ਕੀਤੇ ਗਏ। ਮਿੰਨੀ ਕਹਾਣੀ ਲੇਖਕ ਮੰਚ ਵੱਲੋਂ ਸ੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ 2023-ਸੋਮਾ ਕਲਸੀਆਂ, ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ 2023 ਕੁਲਦੀਪ ਅਰੋੜਾ ਅਤੇ ਅਮਰਜੀਤ ਸਿੰਘ ਸਰੀਂਹ ਏ ਐੱਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ 2023-ਡਾ. ਅਨੂਪ ਸਿੰਘ ਨੂੰ ਦਿੱਤੇ ਗਏ। ਇਸ ਮੌਕੇ ਤੇ ਡਾ. ਕੁਲਦੀਪ ਸਿੰਘ ਦੀਪ ਨੂੰ 'ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ' ਮਿਲਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਲੋਕ ਕਲਾ ਮੰਚ ਮਜੀਠਾ ਦੀ ਟੀਮ ਵੱਲੋਂ ਗੁਰਮੇਲ ਸ਼ਾਮਨਗਰ ਦੀ ਨਿਰਦੇਸ਼ਨਾ ਹੇਠ ਨਸ਼ੇ ਦੇ ਵਿਰੁੱਧ ਜਾਗਰੂਕ ਕਰਦੀਆਂ ਮਿੰਨੀ ਕਹਾਣੀਆਂ 'ਤੇ ਅਧਾਰਤ ਨਾਟਕ 'ਜ਼ਿੰਦਗੀ ਜ਼ਿੰਦਾਬਾਦ' ਖੇਡਿਆ ਗਿਆ। ਇਸ ਸਮੇਂ 34ਵੇਂ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂਆਂ ਗੁਰਮੀਤ ਸਿੰਘ ਮਰਾੜ, ਤਰਸੇਮ ਗੋਪੀ ਕਾ, ਡਾ. ਸੰਦੀਪ ਰਾਣਾ, ਬਲਜੀਤ ਕੌਰ, ਸੀਮਾ ਭਾਟੀਆ, ਪਰਮਜੀਤ ਕੌਰ ਸ਼ੇਖੂਪੁਰ ਕਲਾਂ ਤੇ ਮੰਗਤ ਕੁਲਜਿੰਦ ਨੂੰ ਸਨਮਾਨਿਤ ਕੀਤਾ ਗਿਆ।

ਦੂਜੇ ਦਿਨ ਦੀ ਸ਼ੁਰੂਆਤ ਪਿੰਗਲਵਾੜਾ ਸੰਸਥਾ ਦੇ ਵਾਰਡਾਂ ਦੇ ਦੌਰੇ ਨਾਲ ਸ਼ੁਰੂ ਹੋਈ, ਜਿਸ ਵਿਚ ਦੇਸ਼-ਵਿਦੇਸ਼ ਦੇ ਲੇਖਕਾਂ ਨੇ ਇਸ ਸੰਸਥਾ ਦੀ ਕਾਰਜ ਪ੍ਰਣਾਲੀ ਨੂੰ ਸਮਝਿਆ। ਇਸ ਉਪਰੰਤ ਪਹਿਲੇ ਸੈਸ਼ਨ ਦੀ ਸ਼ੁਰੂਆਤ ਹੋਈ, ਜਿਸ ਵਿਚ ਡਾ. ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ ਲੰਡੇ, ਡਾ. ਨਵਜੋਤ ਕੌਰ ਲਵਲੀ, ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ ਨੇ ਮਿੰਨੀ ਕਹਾਣੀਆਂ ਦਾ ਪਾਠ ਕੀਤਾ, ਜਿਸ 'ਤੇ ਡਾ. ਬਲਜੀਤ ਕੌਰ ਰਿਆੜ, ਸਹਾਇਕ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਵਿਚਾਰ ਰੱਖਦਿਆਂ ਸਮਕਾਲੀ ਮਿੰਨੀ ਕਹਾਣੀ ਦੀ ਚਰਚਾ ਕੀਤੀ। ਗੁਰਸੇਵਕ ਸਿੰਘ ਰੋੜਕੀ ਨੇ ਮੰਚ ਸੰਚਾਲਨ ਕੀਤਾ। ਇਸ ਤੋਂ ਬਾਅਦ ਦੂਸਰਾ ਸੈਸ਼ਨ 'ਇੰਡੋ ਨੇਪਾਲ ਲਘੂਕਥਾ ਪਾਠ' ਦੇ ਨਾਂਅ ਨਾਲ ਸ਼ੁਰੂ ਹੋਇਆ, ਜਿਸ ਦੀ ਪ੍ਰਧਾਨਗੀ ਹਾਈਗਰੇਵ ਅਚਾਰੀਆ (ਨੇਪਾਲ) ਅਤੇ ਡਾ. ਹਰਪ੍ਰੀਤ ਸਿੰਘ ਰਾਣਾ ਨੇ ਕੀਤੀ। ਇਸ ਸੈਸ਼ਨ 'ਚ ਡਾ. ਮੌਸਮੀ ਪਰਿਹਾਰ, ਗੁਰਸੇਵਕ ਸਿੰਘ ਰੋੜਕੀ, ਰਮੇਸ਼ ਮੋਹਨ ਅਧਿਕਾਰੀ (ਨੇਪਾਲ), ਕਿਸ਼ਨ ਪੌਡੇਂਲ (ਨੇਪਾਲ), ਮਾਧਵ ਪੋਖਰੇਲ (ਨੇਪਾਲ), ਡੀ.ਬੀ. ਬਤੌਲਾ (ਨੇਪਾਲ), ਵਿਸ਼ਨੂੰ ਪ੍ਰਸ਼ਾਦ ਗੌਤਮ (ਨੇਪਾਲ), ਮਿਥਿਲਾ ਸ਼ਰਮਾ (ਨੇਪਾਲ) ਨੇ ਆਪੋ-ਆਪਣੀਆਂ ਰਚਨਾਵਾਂ ਦਾ ਪਾਠ ਕੀਤਾ। ਪ੍ਰਧਾਨਗੀ ਮੰਡਲ ਵੱਲੋਂ ਨੇਪਾਲੀ ਤੇ ਭਾਰਤੀ ਭਾਸ਼ਾਵਾਂ ਦੀ ਲਘੂਕਥਾ ਦੀ ਤੁਲਨਾ ਕਰਦਿਆਂ ਕਿਹਾ ਕਿ ਅਜਿਹੇ ਮੰਚ ਦੋ ਸੱਭਿਅਤਾਵਾਂ ਅਤੇ ਦੇਸ਼ਾਂ ਨੂੰ ਜਾਨਣ ਦਾ ਵੱਡਾ ਮੌਕਾ ਬਣਦੇ ਹਨ। ਇਸ ਸਮੇਂ 'ਭਾਰਤੀ ਸਾਹਿਤ ਅਕਾਦਮੀ ਵੱਲੋਂ ਅਨੁਵਾਦ ਪੁਰਸਕਾਰ' ਮਿਲਣ 'ਤੇ ਜਗਦੀਸ਼ ਰਾਏ ਕੁਲਰੀਆਂ ਨੂੰ 'ਵਿਸ਼ੇਸ਼ ਪ੍ਰਾਪਤੀ' ਸਨਮਾਨ ਦਿੱਤਾ ਗਿਆ। ਇਸ ਮੌਕੇ 'ਸ੍ਰੀ ਦਰਸ਼ਨ ਮਿਤਵਾ ਯਾਦਗਾਰੀ ਮਿੰਨੀ ਕਹਾਣੀ ਤਾਉਮਰ ਕਾਰਜਾਂ ਲਈ ਸਰਵ ਉੱਚ ਪੁਰਸਕਾਰ-2023 ਪ੍ਰੌੜ੍ਹ ਮਿੰਨੀ ਕਹਾਣੀ ਲੇਖਕ ਸ਼ਿਆਮ ਸੁੰਦਰ ਅੱਗਰਵਾਲ ਨੂੰ ਪ੍ਰਦਾਨ ਕੀਤਾ ਗਿਆ। ਇਸ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ-2023 ਰਾਜਿੰਦਰ ਮਾਜ਼ੀ (ਸੰ: ਮੇਲਾ), ਗੁਲਸ਼ਨ ਰਾਏ ਯਾਦਗਾਰੀ ਮਿੰਨੀ ਕਹਾਣੀ ਪੁਸਤਕ ਪੁਰਸਕਾਰ-2023 ਪ੍ਰੋ. ਗੁਰਦੀਪ ਢਿੱਲੋਂ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ-2023 ਸ੍ਰੀਮਤੀ ਕਾਂਤਾ ਰਾਏ ਭੋਪਾਲ ਅਤੇ ਸ੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ-2023 ਡਾ. ਮਹਿਤਾਬ-ਉਦ-ਦੀਨ ਨੂੰ ਦਿੱਤਾ ਗਿਆ। ਨੇਪਾਲ ਤੋਂ ਆਏ ਲੇਖਕਾਂ ਨੇ ਇਸ ਸਮਾਗਮ ਦੇ ਮੁੱਖ ਪ੍ਰਬੰਧਕਾਂ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਜਗਦੀਸ਼ ਰਾਏ ਕੁਲਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਲਗਾਤਾਰ ਦੋ ਦਿਨ ਚੱਲਿਆ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

—ਜਗਦੀਸ਼ ਰਾਏ ਕੁਲਰੀਆਂ

## ਡਾ. ਸਰਵਨ ਸਿੰਘ ਪਰਦੇਸੀ ਨੂੰ 'ਡਾ. ਅਤਰ ਸਿੰਘ ਪੁਰਸਕਾਰ'



ਨਡਾਲਾ : ਬੀਤੇ ਦਿਨੀ ਸਾਹਿਤਕ ਪਿੜ ਨਡਾਲਾ ਦੀ ਇੱਕ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਦੀ ਪ੍ਰਧਾਨਗੀ ਕਵੀ ਤੇ ਆਲੋਚਕ ਡਾ. ਮੱਖਣ ਸਿੰਘ ਭੁਲੱਥ, ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਤੇ ਨਿਰਮਲ ਸਿੰਘ ਖੱਖ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਾਹਿਤ ਸਭਾ, ਪਠਾਨਕੋਟ ਦੇ ਸਰਪ੍ਰਸਤ ਤੇ ਪ੍ਰਸਿੱਧ ਪੰਜਾਬੀ ਵਿਦਵਾਨ ਡਾ. ਸਰਵਨ ਸਿੰਘ ਪਰਦੇਸੀ ਹੋਰਾਂ ਦੀ ਆਲੋਚਨਾ ਦੀ ਪੁਸਤਕ 'ਸੂਫੀ ਲਹਿਰ ਦਾ ਸਮਾਜਿਕ ਮਾਡਲ : ਖੁੱਲ੍ਹੀਆਂ ਅੱਖਾਂ ਦੇ ਸੁਪਨੇ' ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਡਾ. ਅਤਰ ਸਿੰਘ ਆਲੋਚਨਾ ਪੁਰਸਕਾਰ ਲਈ ਚੁਣੇ ਜਾਣਾ ਵੱਡੇ ਮਾਣ 'ਤੇ ਖੁਸ਼ੀ ਦੀ ਗੱਲ ਹੈ। ਇਸ ਮੌਕੇ ਡਾ. ਕਰਮਜੀਤ ਸਿੰਘ ਨਡਾਲਾ ਨੇ ਕਿਹਾ, ਡਾ. ਪਰਦੇਸੀ ਦੀ ਆਲੋਚਨਾ ਮੌਲਿਕਤਾ, ਨਵੀਨਤਾ, ਸਪੱਸ਼ਟਤਾ ਤੇ ਸਰਲਤਾ ਕਰਕੇ ਹੀ ਵਿਸ਼ੇਸ਼ ਤੌਰ 'ਤੇ ਜਾਣੀ ਜਾਂਦੀ ਹੈ। ਇਸ ਮੌਕੇ ਪ੍ਰਸਿੱਧ ਆਲੋਚਕ ਡਾ. ਸੁਖਵਿੰਦਰ ਸਿੰਘ ਪਠਾਨਕੋਟ ਨੇ ਕਿਹਾ ਕਿ ਡਾ. ਪਰਦੇਸ਼ੀ ਸੂਫੀ ਸਾਹਿਤ ਦੇ ਮਾਹਰ ਦੇ ਤੌਰ 'ਤੇ ਜਾਣੇ ਜਾਂਦੇ ਹਨ। ਸੂਫੀ ਲਹਿਰ ਅਤੇ ਸੂਫੀ ਚੇਤਨਾ, ਬਾਬਾ ਫਰੀਦ ਦੀ ਦੁੱਖ ਚੇਤਨਾ, ਮਿਰਜ਼ਾ ਸਾਹਿਬਾ ਕੱਚ ਤੇ ਸੱਚ, ਸੂਫੀ ਸਾਹਿਤ ਦੀ ਸਮਝ, ਇਵੇਂ ਪੰਜਾਬੀ ਆਲੋਚਨਾ ਦੇ ਖੇਤਰ 'ਚ ਪਾਏ ਵੱਡੇ ਤੇ ਅਹਿਮ ਯੋਗਦਾਨ ਲਈ ਮੁਬਾਰਕਾਂ ਦਿੱਤੀਆਂ। ਇਸ ਮੌਕੇ ਗੁਰਭਜਨ ਸਿੰਘ ਲਾਸਾਨੀ, ਅਸ਼ੋਕ ਟਾਂਡੀ, ਸੁਰਜੀਤ ਸਾਜਨ, ਜਨਕਪ੍ਰੀਤ ਬੇਗੋਵਾਲ, ਲਾਲੀ ਕਰਤਾਰਪੁਰੀ, ਨਾਨਕ ਚੰਦ ਵਿਰਲੀ, ਰਤਨ ਸਿੰਘ ਸੰਧੂ, ਸੁਖਦੇਵ ਸਿੰਘ ਗੰਢਵਾਂ, ਸੋਢੀ ਸੱਤੋਵਾਲੀ, ਇੰਦਰਜੀਤ ਪੱਡਾ, ਬਲਦੇਵ ਸਿੰਘ ਚੀਮਾ, ਪ੍ਰੋ. ਗੁਰਨਾਮ ਸਿੰਘ, ਡਾ. ਸਰਦੂਲ ਸਿੰਘ ਔਜਲਾ ਤੇ ਹੋਰ ਹਾਜ਼ਰ ਸਨ।

## ਡਾ. ਜਸਬੀਰ ਸਿੰਘ ਸਾਬਰ ਦੇ ਵਿਛੋੜੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ-ਪ੍ਰਸਿੱਧ ਵਿਦਵਾਨ ਡਾ. ਜਸਬੀਰ ਸਿੰਘ ਸਾਬਰ ਅੱਜ ਸਵੇਰੇ ਅਕਾਲ ਚਲਾਣਾ ਕਰ ਗਏ। ਡਾ. ਸਾਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਤੋਂ 2000 ਵਿੱਚ ਸੇਵਾ ਮੁਕਤ ਹੋਏ ਸਨ। 1942 ਨੂੰ ਜਨਮੇ ਡਾ. ਸਾਬਰ ਦੇ ਪਿਤਾ ਅਜ਼ਾਦੀ ਘੁਲਾਟੀਏ ਸਨ।ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਅਫਸੋਸ ਜ਼ਾਹਰ ਕਰਦਿਆਂ ਦੱਸਿਆ ਕਿ ਡਾ. ਸਾਬਰ ਮੱਧ ਕਲੀਨ ਪੰਜਾਬੀ ਸਾਹਿਤ ਅਤੇ ਖਾਸ ਤੌਰ 'ਤੇ ਗੁਰਮਤਿ ਸਾਹਿਤ, ਗੁਰਬਾਣੀ, ਸਿੱਖ ਇਤਿਹਾਸ, ਸਿੱਖ ਸੱਭਿਆਚਾਰ ਅਤੇ ਗੁਰਮਤਿ ਸੰਗੀਤ ਨੂੰ ਸਮੇਂ ਦੇ ਹਾਣ ਦਾ ਪੇਸ਼ ਕਰਨ ਵਾਲੇ ਵਿਸ਼ਵ ਪ੍ਰਸਿੱਧ ਵਿਦਵਾਨ ਸਨ। ਉਨ੍ਹਾਂ ਇਕ ਦਹਾਕਾ ਪੰਜਾਬੀ ਦੀ ਪੱਤਰਕਾਰੀ ਵਿਚ ਗੁਜ਼ਾਰਦਿਆਂ 'ਕੌਮੀ ਦਰਦ' ਅਖ਼ਬਾਰ ਦੇ ਸੰਪਾਦਕ, ਸ਼੍ਰੋਮਣੀ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਬਤੌਰ ਇੰਚਾਰਜ ਅਤੇ ਸਿੱਖ ਧਰਮ ਅਧਿਐਨ ਦੇ ਪੱਤਰ ਵਿਹਾਰ ਕੋਰਸ ਦੇ ਸਾਲ 2007 ਤੋਂ 2012 ਤੀਕ ਰਾਉਂਡਰ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਈਆਂ।ਉਨ੍ਹਾਂ ਦੀਆਂ ਤਿੰਨ ਦਰਜਨ ਤੋਂ ਵੱਧ ਮੌਲਿਕ ਅਤੇ ਸੰਪਾਦਤ ਪੁਸਤਕਾਂ ਹਨ। ਡਾ. ਸਾਬਰ ਨੂੰ 1988 ਵਿੱਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਉਹਨਾਂ ਦਾ ਅੰਤਿਮ ਸੰਸਕਾਰ ਗੁਰਦੁਆਰਾ ਸ਼ਹੀਦਾਂ ਸਾਹਬ ਨੇੜਲੇ ਸ਼ਮਸ਼ਾਨ ਘਾਟ ਵਿਖੇ ਅੱਜ ਬਾਅਦ ਦੁਪਹਿਰ ਕੀਤਾ ਗਿਆ ।ਇਸ ਮੌਕੇ ਅਫਸੋਸ ਜ਼ਾਹਰ ਕਰਦਿਆਂ ਪ੍ਰਿੰ. ਡਾ. ਮਹਿਲ ਸਿੰਘ, ਡਾ. ਪਰਮਿੰਦਰ, ਮੁਖਤਾਰ ਗਿੱਲ, ਸੁਖਵਿੰਦਰ ਸਿੰਘ ਨਰੂਲਾ, ਪ੍ਰਿਤਪਾਲ ਸਿੰਘ, ਹਰਜੀਤ ਸੰਧੂ, ਵਜ਼ੀਰ ਸਿੰਘ ਰੰਧਾਵਾ, ਡਾ. ਆਤਮ ਰੰਧਾਵਾ, ਡਾ. ਹੀਰਾ ਸਿੰਘ, ਮਨਮੋਹਨ ਸਿੰਘ ਢਿੱਲੋਂ, ਐੱਸ ਪਰਸ਼ੋਤਮ, ਸਰਬਜੀਤ ਸੰਧੂ ਅਤੇ ਜਗਤਾਰ ਗਿੱਲ ਨੇ ਕਿਹਾ ਕਿ ਡਾ. ਸਾਬਰ ਦੀ ਬੇਵਕਤੀ ਮੌਤ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਸੁਰਿੰਦਰ ਗੀਤ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ



**ਨਵੀਂ ਦਿੱਲੀ** : ਕੈਨੇਡਾ ਵੱਸਦੀ ਨਾਮਵਰ ਸ਼ਾਇਰਾ ਤੇ ਲੇਖਿਕਾ ਸੁਰਿੰਦਰ ਗੀਤ ਦੇ ਪੰਜਾਬੀ ਕਹਾਣੀ ਸੰਗ੍ਰਹਿ 'ਤੋਹਫ਼ਾ' ਦਾ ਪ੍ਰੋ. ਪਰਮਜੀਤ ਰਮਾਣਾ ਵੱਲੋਂ ਕੀਤਾ ਅੰਗਰੇਜ਼ੀ ਅਨੁਵਾਦ ਅਤੇ ਐੱਲ ਜੀ ਪਬਲਿਸ਼ਰਜ਼ ਦਿੱਲੀ ਤੋਂ ਪ੍ਰਕਾਸ਼ਿਤ 'ਤੋਹਫ਼ਾ ਐਂਡ ਅਦਰ ਸਟੋਰੀਜ਼' ਦਾ ਲੋਕਾਰਪਣ ਅੰਗਰੇਜ਼ੀ ਵਿਭਾਗ ਵਿਚ ਪ੍ਰੋ. ਅਨਿਲ ਅਨੇਜਾ, ਪ੍ਰੋ. ਰਾਜ ਕੁਮਾਰ, ਬਲਬੀਰ ਮਾਧੋਪੁਰੀ ਅਤੇ ਖ਼ੁਦ ਲੇਖਿਕਾ ਨੇ ਮਿਲ ਕੇ ਕੀਤਾ। ਇਸ ਮੌਕੇ ਪੇਪਰ ਪੜ੍ਹਦਿਆਂ ਤੇ ਉਸ ਦਾ ਸੰਖੇਪ ਸਾਰ ਬੋਲਦਿਆਂ ਪ੍ਰੋ. ਅਨਿਲ ਅਨੇਜਾ ਨੇ ਆਖਿਆ ਕਿ ਸਮੁੱਚੀਆਂ ਕਹਾਣੀਆਂ ਦਾ ਕਥਾਨਕ ਭਾਰਤ-ਪੰਜਾਬ ਤੋਂ ਲੈ ਕੇ ਸੱਤ ਸਮੁੰਦਰ ਪਾਰ ਪੱਛਮ ਦੇ ਦੇਸ਼ਾਂ, ਖ਼ਾਸ ਤੌਰ 'ਤੇ ਕੈਨੇਡਾ-ਅਮਰੀਕਾ ਤੱਕ ਫੈਲਿਆ ਹੋਇਆ ਹੈ। ਪੰਜਾਬ ਵਿਚਲੇ ਮੋਗਾ ਸ਼ਹਿਰ ਅਤੇ ਨੇੜੇ ਦੇ ਪਿੰਡਾਂ ਨੇ ਭਰਵੀਂ ਥਾਂ ਮੱਲੀ ਹੋਈ ਹੈ। ਉਨ੍ਹਾ ਨੇ 'ਵਾਰਮ ਵਾਟਰ', 'ਕਜ਼ਨਜ਼ : ਆਰ ਨਾਟ ਥੀਵਜ਼', 'ਦਿ ਗਿਫ਼ਟ' ਦਾ ਵਿਸ਼ੇਸ਼ ਚਰਚਾ ਕੀਤਾ। ਪ੍ਰੋ. ਰਾਜ ਕੁਮਾਰ ਨੇ ਕਿਤਾਬ ਉੱਤੇ ਵਿਸ਼ਲੇਸ਼ਣਾਤਮਕ ਲੰਮਾ ਪੇਪਰ ਪੜ੍ਹਿਆ। ਪੁਸਤਕ ਵਿਚਲੀਆਂ ਕੁੱਲ ਸਤਾਰਾਂ ਕਹਾਣੀਆਂ ਨੂੰ ਗੌਲਿਆ ਤੇ ਉਨ੍ਹਾਂ ਉੱਤੇ ਮੁੱਲਵਾਨ ਮਹੱਤਵਪੂਰਨ ਟਿੱਪਣੀਆਂ ਕਰਦਿਆਂ ਆਖਿਆ ਕਿ ਇਹ ਜਾਤਪਾਤ, ਰੰਗ-ਨਸਲ ਦੇ ਮੱਦਿਆਂ ਨੂੰ ਬਾਖ਼ੂਬੀ ਤੇ ਕਲਾਤਮਿਕ ਜੁਗਤ ਨਾਲ ਉਭਾਰਦੀਆਂ ਹਨ। ਬਲਬੀਰ ਮਾਧੋਪੁਰੀ ਨੇ ਆਪਣੇ ਪੇਪਰ ਵਿਚ 'ਦਿ ਗਿਫ਼ਟ ਐਂਡ ਅਦਰ ਸਟੋਰੀਜ਼' ਦੇ ਨਾਲ-ਨਾਲ ਇਸ ਕਿਤਾਬ ਤੋਂ ਬਾਹਰ ਮੈਗਜ਼ੀਨਾਂ ਵਿਚ ਛਪੀਆਂ ਕਹਾਣੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕੈਨੇਡਾ ਦੇ ਰੈੱਡ ਇੰਡੀਅਨ ਅਤੇ ਭਾਰਤ ਦੇ ਮੂਲ ਨਿਵਾਸੀਆਂ ਦੀ ਸਰੀਰਕ ਬਣਤਰ, ਨੱਕ, ਮੂੰਹ, ਅੱਖਾਂ, ਦੰਦਾਂ ਤੇ ਸਮੁੱਚੇ ਨਕਸ਼ ਮਿਲਦੇ-ਜੁਲਦੇ ਹਨ। ਗੋਰਾ-ਨਸਲਵਾਦੀ 'ਤਾਏ ਕੇ' ਉੱਤੇ ਉਵੇਂ ਹੀ ਜ਼ੁਲਮ ਕਰਦੇ ਹਨ, ਜਿਵੇਂ ਭਾਰਤ ਵਿਚ ਜਾਤਪਾਤ, ਊਚ-ਨੀਚ, ਛੂਆਛੂਤ ਦੇ ਨਾਂਅ ਉੱਤੇ ਅੱਤਿਆਚਾਰ ਹੁੰਦੇ ਹਨ। ਪੁਸਤਕ ਦੀ ਲੇਖਿਕਾ ਸੁਰਿੰਦਰ ਗੀਤ ਨੇ ਪੇਪਰ ਲੇਖਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਕਹਾਣੀਆਂ ਨੂੰ ਸਮਾਜਿਕ ਯਥਾਰਥ ਦੇ ਨੇੜੇ, ਡਾਇਸਪੋਰਿਕ ਅਤੇ ਬਾਇਓਗ੍ਰਾਫਿਕ ਤੱਤਾਂ-ਤੱਥਾਂ ਅਤੇ ਮਾਨਵਵਾਦੀ ਪਹੁੰਚ ਦੀ ਦੱਸ ਪਾਉਂਦੀਆਂ, ਐਲਾਨੇ ਜਾਣ ਨਾਲ ਉਸ ਦਾ ਹੌਸਲਾ ਹੋਰ ਬੁਲੰਦ ਹੋਇਆ ਹੈ। ਸੁਰਿੰਦਰ ਗੀਤ ਨੇ ਕੈਨੇਡਾ ਵਿਚ ਵੱਖ-ਵੱਖ ਥਾਵਾਂ ਉੱਤੇ ਕੀਤੇ ਕੰਮਾਂ ਦਾ ਬਿਨਾਂ ਸੰਕੋਚ ਦੇ ਪ੍ਰਗਟਾਵਾ ਕੀਤਾ। ਮੰਚ ਦਾ ਸੰਚਾਲਨ ਡਾ. ਸੁਕੰਨਿਆ ਟਿਕਾਕਾਰ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿਚ ਕੀਤਾ ਤੇ ਪੇਪਰ ਲੇਖਕਾਂ ਨਾਲ ਢੁਕਵੀਂ ਜਾਣ-ਪਛਾਣ ਕਰਾਈ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਸੁਪਰਿਆ ਨੇ ਸੁਰਿੰਦਰ ਗੀਤ ਦਾ ਫ਼ੁੱਲਾਂ ਨਾਲ ਸਵਾਗਤ ਕੀਤਾ। ਇਸ ਗੋਸ਼ਟੀ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਤੇ ਖੋਜਾਰਥੀ ਸ਼ਾਮਲ ਹੋਏ।

## ਸੁਖਵਿੰਦਰ ਸਿੱਧੂ ਦਾ ਕਾਵਿ-ਸੰਗ੍ਰਹਿ 'ਖ਼ੁਸ਼ਬੋਅ' ਲੋਕ ਅਰਪਣ



**ਚੰਡੀਗੜ੍ਹ**-ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਉੱਘੇ ਲੇਖਕ ਸੁਖਵਿੰਦਰ ਸਿੰਘ ਸਿੱਧੂ ਦੀ ਦੂਜੀ ਕਾਵਿ-ਪੁਸਤਕ 'ਖ਼ੁਸ਼ਬੋਅ' ਦਾ ਲੋਕ-ਅਰਪਣ ਅਤੇ ਵਿਚਾਰ ਚਰਚਾ ਸਮਾਗਮ ਕਰਵਾਇਆ ਗਿਆ, ਜਿਸ ਵਿਚ ਅਦਬੀ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਰੋਹ ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਅਤੇ ਚਿੰਤਕ ਡਾ. ਲਾਭ ਸਿੰਘ ਖੀਵਾ ਨੇ ਕੀਤੀ। ਨਾਮਵਰ ਸਾਹਿਤਕਾਰ ਅਤੇ ਚਿੰਤਕ ਡਾ. ਮਨਮੋਹਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਸਿੱਧ ਕਵੀ ਜਗਦੀਪ ਸਿੱਧੂ ਅਤੇ ਕਾਬਿਲ ਭਾਸ਼ਾ ਵਿਗਿਆਨੀ ਜਗਮੀਤ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਸਮਾਗਮ ਦਾ ਹਿੱਸਾ ਸਨ, ਜਦੋਂ ਕਿ ਹਰਵਿੰਦਰ ਸਿੰਘ ਪਟਿਆਲਾ ਨੇ ਕਿਤਾਬ 'ਤੇ ਪਰਚਾ ਪੜ੍ਹਿਆ। ਲੇਖਕ ਸੁਖਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਸਰਬਜੀਤ ਕੌਰ ਸਿੱਧੂ ਤੇ ਜਸਪ੍ਰਤੀਕ ਸਿੱਧੂ ਤੋਂ ਇਲਾਵਾ ਸਾਰੇ ਪ੍ਰਧਾਨਗੀ ਮੰਡਲ ਨੇ ਕਿਤਾਬ ਰਿਲੀਜ਼ ਕੀਤੀ। ਸੁਆਗਤੀ ਸ਼ਬਦਾਂ ਵਿੱਚ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਇਸ ਕਿਤਾਬ ਵਿਚ ਲੇਖਕ ਦੀ ਫ਼ਿਕਰਮੰਦੀ ਸਾਫ਼ ਝਲਕਦੀ ਹੈ। ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਕਵਿਤਾ ਮੀਂਹ ਦੀਆਂ ਕਣੀਆਂ ਵਰਗੀ ਹੁੰਦੀ ਹੈ, ਜਿਸ ਦਾ ਪਤਾ ਨਹੀਂ ਕਦੋਂ ਉੱਤਰ ਆਵੇ। ਪਰਚਾ ਪੇਸ਼ਕਰਤਾ ਹਰਵਿੰਦਰ ਸਿੰਘ ਨੇ ਸੁਹਜ ਤੇ ਕੁਹਜ ਦੀ ਗੱਲ ਕਰਦਿਆਂ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਦੱਸਿਆ। ਮਸ਼ਹੂਰ ਕਵੀ ਤੇ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਨੇ ਕਿਹਾ ਕਿ ਚੰਗਾ ਬੋਲਣਾ, ਲਿਖਣਾ ਅਤੇ ਵਿਚਰਨਾ ਸੁਖਵਿੰਦਰ ਸਿੱਧੂ ਦੀ ਪਹਿਚਾਣ ਹੈ। ਗੁਰਨਾਮ ਕੰਵਰ ਨੇ ਇੰਗਲੈਂਡ ਤੋਂ ਆਪਣੇ ਸੁਨੇਹੇ ਵਿਚ ਸ਼ੁੱਭਕਾਮਨਾਵਾਂ ਘੱਲੀਆਂ। ਗੁਰਮੀਤ ਸਿੰਘ ਜੌੜਾ ਨੇ ਸਿੱਧੂ ਦੀ ਕਵਿਤਾ ਨੂੰ ਸਮਾਜ ਨੂੰ ਸੇਧ ਦੇਣ ਵਾਲੀ ਕਿਹਾ। ਦਰਸ਼ਨ ਤਿਉਣਾ ਅਤੇ ਗੁਰਜੋਧ ਕੌਰ ਨੇ ਕਿਤਾਬ 'ਚੋਂ ਗੀਤ ਸੁਣਾ ਕੇ ਵਾਹ-ਵਾਹ ਖੱਟੀ। ਬਲਵਿੰਦਰ ਸਿੰਘ ਉੱਤਮ ਨੇ ਕਿਹਾ ਕਿ ਇਹ ਕਵਿਤਾਵਾਂ ਲੇਖਕ ਦੇ ਚੰਗੇ ਮਨੁੱਖ ਹੋਣ ਦੀ ਤਰਜਮਾਨੀ ਕਰਦੀਆਂ ਹਨ। ਮਨਜੀਤ ਕੌਰ ਮੀਤ ਨੇ ਸੁਖਵਿੰਦਰ ਸਿੱਧੂ ਦੀ ਬਹੁਪੱਖੀ ਸ਼ਖ਼ਸੀਅਤ ਦੇ ਹਵਾਲੇ ਨਾਲ ਗੱਲ ਕੀਤੀ। ਪਾਲ ਅਜਨਬੀ ਨੇ ਕਿਹਾ ਕਿ ਸਿੱਧੂ ਲੋਕਾਂ ਦਾ ਕਵੀ ਹੈ। ਵਿਸ਼ੇਸ਼ ਮਹਿਮਾਨ ਜਗਦੀਪ ਸਿੱਧੂ ਨੇ ਕਿਹਾ ਕਿ ਕਵਿਤਾ ਭਾਸ਼ਾ ਵਿਚ ਮੌਜੂਦ ਇਕ ਅਲੱਗ ਭਾਸ਼ਾ ਹੁੰਦੀ ਹੈ।ਉਨ੍ਹਾਂ ਕਿਹਾ ਕਿ ਆਪਣੀ ਗੱਲ ਸਿੱਧੇ-ਸਿੱਧੇ ਨਾ ਕਹਿ ਕੇ ਟੇਢ 'ਚ ਕਹਿਣਾ ਹੀ ਅਸਲ ਕਵਿਤਾ ਹੁੰਦੀ ਹੈ। ਦੂਜੇ ਵਿਸ਼ੇਸ਼ ਮਹਿਮਾਨ ਜਗਮੀਤ ਸਿੰਘ ਨੇ ਕਿਹਾ ਕਿ ਸਮਾਜ ਕਈ ਪਰਤਾਂ ਦਾ ਬਣਿਆ ਹੁੰਦਾ ਹੈ, ਜਿੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਆਹ ਤੇ ਵਾਹ ਕਿਵੇਂ ਨਿਕਲਦੀ ਹੈ। 'ਖ਼ੁਸ਼ਬੋਅ' ਦੇ ਲੇਖਕ ਸੁਖਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਹਨਾਂ ਇਹ ਹੀ ਸਿੱਖਿਆ ਹੈ ਕਿ ਕਾਰ ਅਤੇ ਵਿਹਾਰ ਵਿਚ ਸੁਮੇਲ ਬਰਕਰਾਰ ਰਵ੍ਹੇ। ਪਰਮਜੀਤ ਪਰਮ ਨੇ ਕੁਝ ਸ਼ਿਅਰ ਸੁਣਾਏ। ਪਰਮਜੀਤ ਮਾਨ ਬਰਨਾਲਾ ਨੇ ਸਮਾਗਮ ਨੂੰ ਯਾਦਗਾਰੀ ਕਰਾਰ ਦਿੱਤਾ। ਪ੍ਰਧਾਨਗੀ ਭਾਸ਼ਣ ਦੇਂਦਿਆਂ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਦੁਨੀਆ ਦੀ ਪਹਿਲੀ ਸਾਹਿਤਕ ਰਚਨਾ ਇਕ ਕਵਿਤਾ ਸੀ ਅਤੇ ਮਿਆਰੀ ਕਵਿਤਾ ਮਨੋਵਿਗਿਆਨਕ ਤੇ ਤਕਨੀਕੀ ਬਾਰੀਕੀਆਂ ਨਾਲ ਹੀ ਹੋਂਦ ਵਿੱਚ ਆਉਂਦੀ ਹੈ। ਮਿੱਟੀ ਪ੍ਰਕਾਸ਼ਨ ਵੱਲੋਂ ਛਾਪੀ ਗਈ ਇਸ ਕਾਵਿ-ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ 81 ਕਵਿਤਾਵਾਂ ਹਨ।

## 'ਕਾਫ਼ਲੇ' ਵੱਲੋਂ ਬਹੁਪੱਖੀ ਵਿਸ਼ਿਆਂ 'ਤੇ ਵਿਚਾਰ-ਚਰਚਾ



**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮੀਟਿੰਗ ਦੌਰਾਨ ਵੱਖ-ਵੱਖ ਵਿਸ਼ਿਆਂ 'ਤੇ ਭਰਪੂਰ ਵਿਚਾਰ ਚਰਚਾ ਕੀਤੀ ਗਈ, ਜਿਨ੍ਹਾਂ ਵਿੱਚ ਫ਼ਲਸਤੀਨ ਤੇ ਲੈਬਨਾਨ ਦੇ ਆਮ ਲੋਕਾਂ ਦਾ ਅਣਮਨੁੱਖੀ ਘਾਣ, ਕੈਨੇਡੀਅਨ ਆਦਿਵਾਸੀ ਲੋਕਾਂ ਨਾਲ ਹੋਏ ਦੁਖਾਂਤ ਦਾ ਸੱਚ ਤੇ ਉਸ 'ਤੇ ਮੱਲ੍ਹਮ ਲਾਉਣ ਲਈ ਮਨਾਇਆ ਜਾ ਰਿਹਾ ਦਿਵਸ (Truth & Reconciliation Day) ਬਾਰੇ ਚਰਚਾ ਕੀਤੀ ਗਈ, ਗੁਰਸ਼ਰਨ ਭਾਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਗੁਰਮੀਤ ਸਿੱਧੂ ਦਾ ਗ਼ਜ਼ਲ ਸੰਗ੍ਰਹਿ 'ਪਿੰਡ ਤੋਂ ਬ੍ਰਹਿਮੰਡ' ਲੋਕ ਅਰਪਣ ਕੀਤਾ ਗਿਆ।ਕਾਫ਼ਲੇ ਦੇ ਸਟੇਜ ਸੰਚਾਲਕ ਕੁਲਵਿੰਦਰ ਖਹਿਰਾ ਨੇ ਮੀਟਿੰਗ ਦੇ ਸ਼ੁਰੂ ਵਿੱਚ ਇਜ਼ਰਾਈਲ ਵੱਲੋਂ ਲੈਬਨਾਨ ਉੱਤੇ ਫ਼ਲਸਤੀਨੀ ਹਮਲੇ ਬਾਰੇ ਗੱਲ ਕਰਦਿਆਂ ਕਿਹਾ ਕਿ ਬਹਾਨਾ ਬਣਾ ਕੇ ਜਾਂ ਇੱਕ ਧਿਰ ਨੂੰ ਨਿਸ਼ਾਨਾ ਬਣਾਉਣ ਖ਼ਾਤਰ ਆਮ ਲੋਕਾਂ ਨੂੰ ਮਾਰਿਆ ਜਾਣਾ ਤੇ ਕੈਨੇਡਾ-ਅਮਰੀਕਾ ਵਰਗੀਆਂ ਵੱਡੀਆਂ ਧਿਰਾਂ ਦਾ ਚੁੱਪ ਰਹਿਣਾ ਬਹੁਤ ਹੀ ਦੁਖਦਾਈ ਗੱਲ ਹੈ। ਇਹ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ ਤੇ ਲੇਖਕ ਹੋਣ ਦੇ ਨਾਤੇ ਸਾਨੂੰ ਇਸ ਖਿਲਾਫ਼ ਬੋਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਦੇ ਬਾਬੇ ਨਾਨਕ ਨੇ ਵੀ ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ ਦਾ ਨਾਅਰਾ ਮਾਰਿਆ ਸੀ ਤੇ ਸਾਨੂੰ ਵੀ ਬਾਬੇ ਨਾਨਕ ਦੇ ਵਾਰਿਸ ਬਣਨਾ ਚਾਹੀਦਾ ਹੈ।

ਉਸ ਤੋਂ ਬਾਅਦ ਕੁਲਵਿੰਦਰ ਖਹਿਰਾ ਨੇ ਕੈਨੇਡਾ ਵਿੱਚ ਮਨਾਏ ਜਾ ਰਹੇ "Truth & Reconciliation Day" ਦੇ ਸੰਬੰਧ 'ਚ ਬੋਲਦਿਆਂ ਸਲਾਇਡ ਸ਼ੋਅ ਰਾਹੀਂ ਦੱਸਿਆ ਕਿ ਕਿਵੇਂ ਕੈਨੇਡੀਅਨ ਸਰਕਾਰ ਵੱਲੋਂ ਬਹਾਨੇ ਨਾਲ਼ ਆਦਿਵਾਸੀ ਕੈਨੇਡੀਅਨਾਂ ਦੀ ਨਸਲਕੁਸ਼ੀ ਕਰਨ ਲਈ ਲਗਾਤਾਰ 120 ਸਾਲ ਦੇ ਕਰੀਬ 'ਰੈਜੀਡੈਂਸ਼ਲ ਸਕੂਲ ਦੇ ਪਰਦੇ ਹੇਠ ਕਹਿਰ ਢਾਹਿਆ ਗਿਆ। ਇਸ ਦੁਖਾਂਤ ਨੂੰ ਪੰਜਾਬ ਨਾਲ਼ ਜੋੜਦਿਆਂ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਆਦਿਵਾਸੀ ਬੱਚੇ ਤਾਂ ਜ਼ਬਰਦਸਤੀ ਉਨ੍ਹਾਂ ਸਕੂਲਾਂ ਵਿੱਚ ਭੇਜੇ ਗਏ ਸਨ, ਪਰ ਪੰਜਾਬ ਵਿੱਚ ਮਾਪੇ ਅਗਿਆਨਤਾ ਵੱਸ ਖੁਦ ਆਪਣੇ ਬੱਚਿਆਂ ਨੂੰ ਉਹਨਾਂ ਸਕੂਲਾਂ ਵਿੱਚ ਭੇਜਦੇ ਹਨ, ਜਿੱਥੇ ਉਨ੍ਹਾਂ ਨੂੰ ਉਨ੍ਹਾਂ ਦੀ ਮਾਤ ਭਾਸ਼ਾ ਬੋਲਣ 'ਤੇ ਜੁਰਮਾਨੇ ਕੀਤੇ ਜਾਂਦੇ ਤੇ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਜਰਨੈਲ ਸਿੰਘ ਕਹਾਣੀਕਾਰ ਨੇ ਆਦਿਵਾਸੀ ਲੋਕਾਂ ਨਾਲ ਹੋਏ ਦੁਖਾਂਤ ਬਾਰੇ ਬਹੁਤ ਸਾਰੀ ਜਾਣਕਾਰੀ ਸਾਂਝੀ ਕੀਤੀ ਤੇ ਕਿਹਾ ਕਿ 11 ਜੂਨ, 2008 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਨੇ ਇਸ ਦੁਖਾਂਤ ਦੀ ਮਾਫ਼ੀ ਮੰਗੀ।ਪਿਆਰਾ ਸਿੰਘ ਕੁਦੋਵਾਲ ਨੇ ਕਿਹਾ ਕਿ ਸਾਨੂੰ ਇਜ਼ਰਾਈਲ ਵੱਲੋਂ ਕੀਤੇ ਹਮਲਿਆਂ ਦੀ ਨਿੰਦਾ ਕਰਨੀ ਚਾਹੀਦੀ ਹੈ ਅਤੇ ਨਾਲ਼ ਹੀ ਪੰਜਾਬ ਵਿੱਚ ਨੌਜਵਾਨਾਂ ਨੂੰ ਨਸ਼ਿਆਂ 'ਤੇ ਲਾਉਣ ਤੇ ਮੁਫਤਖੋਰੀ ਵੱਲ ਲਾਏ ਜਾਣ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ਼ ਵਿਚਾਰਨਾ ਚਾਹੀਦਾ ਹੈ।ਭਾਜੀ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆ ਓਂਕਾਰਪ੍ਰੀਤ ਤੇ ਕਹਾਣੀਕਾਰ ਜਰਨੈਲ ਸਿੰਘ ਨੇ ਵਿਸਥਾਰ-ਪੂਰਵਕ ਜਾਣਕਾਰੀ ਸਾਂਝੀ ਕੀਤੀ। ਗੁਰਮੀਤ ਸਿੱਧੂ ਦੀ ਕਿਤਾਬ 'ਪਿੰਡ ਤੋਂ ਬ੍ਰਹਿਮੰਡ' ਰਿਲੀਜ਼ ਕੀਤੀ ਗਈ। ਇਸ ਕਿਤਾਬ ਤੇ ਲੇਖਕ ਬਾਰੇ ਬੋਲਦਿਆਂ ਸੁਰਜੀਤ ਕੌਰ ਨੇ ਕਿਹਾ ਕਿ ਇਹ ਗੁਰਮੀਤ ਸਿੱਧੂ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਗੁਰਮੀਤ ਸਿੱਧੂ ਦੀ ਕਿਤਾਬ ਦੀਆਂ ਦੋ ਗ਼ਜ਼ਲਾਂ ਸਾਂਝੀਆਂ ਕੀਤੀਆਂ।ਅਖੀਰ 'ਤੇ ਕਾਫ਼ਲਾ ਸੰਚਾਲਕ ਰਛਪਾਲ ਕੌਰ ਗਿੱਲ ਨੇ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ।

—ਰਛਪਾਲ ਕੌਰ ਗਿੱਲ

# ਪਾਠਕਾਂ ਦੇ ਝਰੋਖੇ 'ਚੋਂ

## ਗਦਰ ਲਹਿਰ ਦੇ ਰਾਸ਼ਟਰੀ ਤੇ ਕੌਮਾਂਤਰੀ ਪਸਾਰ

13 ਅਕਤੂਬਰ ਦੇ ਨਵਾਂ ਜ਼ਮਾਨਾ ਵਿਚ ਗਦਰ ਲਹਿਰ ਦੇ ਰਾਸ਼ਟਰੀ ਤੇ ਕੌਮਾਂਤਰੀ ਪਸਾਰ ਬਾਰੇ ਚਿੰਤਨਸ਼ੀਲ ਲੇਖ ਪੜ੍ਹ ਕੇ ਵਡਮੁੱਲੀ ਜਾਣਕਾਰੀ ਮਿਲੀ ।ਲੇਖਕ ਨੇ ਪੂਰੀ ਖੋਜ ਨਾਲ ਗਦਰ ਲਹਿਰ ਦੇ ਜੁਝਾਰੂ ਤੇ ਸੰਘਰਸ਼ਸ਼ੀਲ ਯੋਧਿਆਂ ਦੀ ਜੀਵਨੀ 'ਤੇ ਰੋਸ਼ਨੀ ਪਾਈ ਹੈ ।ਇਨ੍ਹਾਂ ਯੋਧਿਆਂ ਅੱਗੇ ਕੇਵਲ ਇਕੋ ਗੱਲ ਸੀ ਕਿ ਦੇਸ਼ ਨੂੰ ਆਜ਼ਾਦ ਕਰਾਉਣਾ ਹੈ, ਜਿਸ ਕਰਕੇ ਵਿਦੇਸ਼ਾਂ ਵਿੱਚ ਗਦਰ ਪਾਰਟੀ ਦਾ ਗਠਨ ਕੀਤਾ ਗਿਆ। ਗਦਰ ਪਾਰਟੀ ਦੇ ਇਨ੍ਹਾਂ ਸਿਰੜੀ ਯੋਧਿਆਂ ਦਾ ਗੁਰੂ ਗਰੰਥ ਸਾਹਿਬ ਤੇ ਗੁਰਬਾਣੀ ਨਾਲ ਪਿਆਰ ਦੀ ਚਰਚਾ ਇਸ ਲੇਖ ਵਿਚ ਹੈ ।ਪ੍ਰਿੰਸੀਪਲ ਤੇਜਾ ਸਿੰਘ ਤੇ ਹੋਰਨਾਂ ਦੀ ਹੱਲਾਸ਼ੇਰੀ ਨਾਲ ਗਦਰੀ ਬਾਬੇ ਗੁਰਬਾਣੀ ਨਾਲ ਜੁੜੇ। ਕੁਝ ਸੱਜਣਾਂ ਵੱਲੋਂ ਭਾਵੇਂ ਵਿਰੋਧ ਵੀ ਹੋਇਆ, ਪਰ ਅਧਿਆਤਮਕ ਰਾਹਾਂ ਦੇ ਇਹ ਪਾਂਧੀ ਆਪਣੀ ਸੰਘਰਸ਼ੀ ਦਿਸ਼ਾ ਵੱਲ ਵਧਦੇ ਗਏ। ਕੇਵਲ ਭਗਤੀ ਦੇ ਨਾਲ-ਨਾਲ ਹਥਿਆਰਬੰਦ ਸੰਘਰਸ਼ ਕੀਤਾ ਤੇ ਇਤਿਹਾਸ ਵਿਚ ਨਿਵੇਕਲੀਆਂ ਪੈੜਾਂ ਛੱਡੀਆਂ । ਜਾਤ-ਪਾਤ ਦੇ ਬੰਧਨਾਂ ਤੋਂ ਉਪਰ ਉੱਠ ਕੇ ਇਹ ਯੋਧੇ ਸੰਘਰਸ਼ ਵਿਚ ਮਿਲੇ ਤਸੀਹੇ ਵੀ ਸਹੇ ਤੇ ਕੈਦਾਂ ਵੀ ਕੱਟੀਆਂ, ਪਰ ਨਿਸ਼ਾਨੇ ਤੋਂ ਨਾ ਭਟਕੇ ।ਇਹ ਸਮੇਂ ਦੀ ਲੋੜ ਸੀ । ਲੇਖਕ ਨੇ ਇਸ ਗਦਰੀ ਲਹਿਰ ਦਾ ਇਤਿਹਾਸ ਪੇਸ਼ ਕੀਤਾ ਹੈ ।ਗਦਰੀ ਬਾਬਿਆਂ ਦੀ ਕੁਰਬਾਨੀ ਨੂੰ ਸਲਾਮ । ਇਸ ਅੰਕ ਵਿਚ ਵਿਦਵਾਨ ਲੇਖਕ ਸੁਮੀਤ ਸਿੰਘ ਨੇ ਮਰਹੂਮ ਰੰਗਕਰਮੀ ਕੈਲਾਸ਼ ਕੌਰ ਦੀ ਰੰਗ-ਮੰਚ ਨੂੰ ਦਿੱਤੇ ਇਤਿਹਾਸਕ ਯੋਗਦਾਨ ਬਾਰੇ ਲਿਖਿਆ ਹੈ। ਕੈਲਾਸ਼ ਕੌਰ ਨੇ ਆਪਣੇ ਜੀਵਨ ਸਾਥੀ ਭਾਅ ਜੀ ਗੁਰਸ਼ਰਨ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਰਵਾਰ ਸਮੇਤ ਰੰਗਮੰਚ ਦੀ ਵਡਮੁੱਲੀ ਸੇਵਾ ਕੀਤੀ ।ਨਾਟਕ ਖੇਡੇ ਤੇ ਪੰਜਾਬ ਵਿਚ ਚੇਤਨਾ ਦੀ ਲਹਿਰ ਖੜੀ ਕੀਤੀ ।ਕੈਲਾਸ਼ ਕੌਰ ਤੇ ਗੁਰਸ਼ਰਨ ਸਿੰਘ ਤੇ ਪਰਵਾਰ ਦੀ ਪੰਜਾਬੀ ਸਟੇਜੀ ਨਾਟਕਾਂ ਲਈ ਦਿੱਤੀ ਵਡਮੁੱਲੀ ਦੇਣ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਐਡਵੋਕੇਟ ਸ਼ੁਗਲੀ ਨੇ ਹਰਿਆਣਾ ਵਿਚ ਭਾਜਪਾ ਦੀ ਜਿੱਤ ਤੇ ਕਾਂਗਰਸ ਦੀ ਹਾਰ ਦੇ ਕਈ ਕਾਰਨਾਂ ਦੀ ਤਲਾਸ਼ ਕੀਤੀ ਹੈ ।ਕੁਝ ਉਂਗਲਾਂ ਈ ਵੀ ਮਸ਼ੀਨਾਂ ਦੀ ਬੈਟਰੀ ਚਾਰਜਿੰਗ ਵੱਲ ਵੀ ਉੱਠੀਆਂ ਹਨ । ਇਹ ਚਰਚਾ ਹਰ ਵਾਰ ਹੁੰਦੀ ਹੈ ਪਰ ਪ੍ਰੈੱਸ ਤੇ ਮੀਡੀਆ ਦਾ ਕੁਝ ਹਿੱਸਾ ਕਾਂਗਰਸ ਵਿਚ ਦੋਸ਼ ਕੱਢ ਰਿਹਾ ਹੈ ।ਕਾਂਗਰਸ ਦੇ ਬਾਗੀ ਮੈਂਬਰ ਵੀ ਹਾਰ ਦਾ ਕਾਰਨ ਬਣੇ ।ਕੁਝ ਵੀ ਹੈ ਹਰਿਆਣਾ ਚੋਣਾਂ ਨੇ ਇਕ ਵਾਰ ਫਿਰ ਹੈਰਾਨੀਜਨਕ ਨਤੀਜੇ ਦਿੱਤੇ ਹਨ ।'ਦ੍ਰਿਸ਼ਟੀਕੋਣ' ਨੇ ਇਨ੍ਹਾਂ ਨਤੀਜਿਆਂ ਤੋਂ ਸਬਕ ਸਿੱਖਣ ਦੀ ਗੱਲ ਕੀਤੀ ਹੈ ।ਸਿਆਸਤ ਦਾ ਕੋਈ ਵੀ ਕਦਮ ਕਿਸੇ ਤਰ੍ਹਾਂ ਨਾਲ ਕੁਝ ਸਿੱਖਣ ਦਾ ਰਾਹ ਵਿਖਾਉਂਦਾ ਹੈ ।ਲੋਕ ਤਾਂ ਗੱਲਾਂ ਵਿਚ ਆਮ ਆਉਂਦੇ ਵੇਖੇ ਹਨ, ਪਰ ਝਾੜੂ ਪਾਰਟੀ ਦਾ ਮੁਫਤ ਦੇ ਲਾਲੀਪੋਪ ਵਾਲਾ ਕਲਚਰ ਵੀ ਹਰਿਆਣੇ ਵਿਚ ਰੰਗ ਨਹੀਂ ਵਿਖਾ ਸਕਿਆ। ਇਸ ਬਾਰੇ ਪਾਰਟੀ ਵੱਲੋਂ ਮੰਥਨ ਕੀਤਾ ਜਾ ਰਿਹਾ ਹੈ । ਗਗਨ ਸੰਧੂ ਦੀਆਂ ਨਵੀਆਂ ਕਵਿਤਾਵਾਂ ਵਿੱਚ ਜ਼ਿੰਦਗੀ ਦੇ ਵਿਭਿੰਨ ਰੂਪ ਹਨ ।ਰਘਬੀਰ ਸਿੰਘ ਮਾਨ ਦੇ ਨਾਵਲ 'ਅੜੇ ਥੁੜੇ' ਦੀ ਚਰਚਾ ਪੜ੍ਹੀ। ਲੇਖ ਵਿਚ ਦੁਆਬੇ ਦਾ ਜ਼ਿਕਰ ਹੈ। ਕੁਲਦੀਪ ਸਿੰਘ ਬੇਦੀ ਨੇ ਸੰਤੋਖ ਸਿੰਘ ਭੁੱਲਰ ਦੀ ਵੱਡਆਕਾਰੀ ਕਿਤਾਬ ਵਿਚ ਸਾਹਿਤਕਾਰਾਂ ਦੀਆਂ ਤਸਵੀਰਾਂ (ਪੋਰਟਰੇਟ) ਤੇ ਸੰਖੇਪ ਜੀਵਨ ਦੀ ਚੰਗੀ ਜਾਣਕਾਰੀ ਦਿੱਤੀ ਹੈ। ਇਹ ਕਿਤਾਬ ਸਾਹਿਤਕਾਰਾਂ ਨਾਲ ਪਾਠਕ ਦੀ ਨੇੜਤਾ ਵਧਾਉਣ ਵਾਲੀ ਹੈ। ਕਿਤਾਬ ਯਾਦਗਾਰੀ ਤੇ ਇਤਿਹਾਸਕ ਹੈ। ਪੰਜਾਬੀ ਸਾਹਿਤ ਸਭਾ ਬਠਿੰਡਾ ਨੇ ਟੀਚਰ ਹੋਮ ਦੇ ਮੁਢਲੇ ਚਿੰਤਕਾਂ ਬਾਰੇ ਜ਼ਿਕਰ ਕੀਤਾ ਹੈ। ਜਗਮੋਹਨ ਕੌਸ਼ਲ ਨੇ ਸਹੀ ਬੁਨਿਆਦ ਰਾਹੀਂ ਸਿੱਖਿਆ ਸੰਸਾਰ ਦੀ ਚਰਚਾ ਲੰਮਾ ਸਮਾਂ ਭਖਾਈ ਰੱਖੀ ।ਇਹ ਮੈਗਜ਼ੀਨ ਮੇਰੇ ਕੋਲ ਲੰਮਾ ਸਮਾਂ ਆਉਂਦਾ ਰਿਹਾ । ਦੂਸਰੇ ਦੋ ਵਿਦਵਾਨ ਵੀ ਪਾਠਕ ਵਰਗ ਵਿੱਚ ਪ੍ਰਸਿੱਧ ਰਹੇ । ਕਹਾਣੀਕਾਰ ਅਤਰਜੀਤ ਨੇ ਕਹਾਣੀ ਤੇ ਨਾਵਲ ਲਿਖ ਕੇ ਸਾਹਿਤ ਦੀ ਸੇਵਾ ਕੀਤੀ ਹੈ। ਹੋਰ ਸਾਹਿਤਕ ਸਰਗਰਮੀਆਂ ਪੜ੍ਹ ਕੇ ਪੰਜਾਬ ਦੀ ਸਾਹਿਤਕ ਫਿਜ਼ਾ ਦਾ ਆਨੰਦ ਲਿਆ ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

.ਗਦਰ ਪਾਰਟੀ ਦੀ ਸ਼ੁਰੂਆਤ : ਡਾ. ਵੇਦ ਪ੍ਰਕਾਸ਼ 'ਵਾਟੁਕ'

ਅਮਰੀਕੀ ਚੋਣਾਂ : ਕੀ ਕੁਝ ਬਦਲਗੇ ? : ਰਾਮ ਸ਼ਰਨ ਜੋਸ਼ੀ

'ਕਿਣ ਮਿਣ' : ਮੰਗਤ ਰਾਮ ਪਾਸਲਾ, (ਫੋਕਸ) : ਡਾ. ਹਰਜਿੰਦਰ ਸਿੰਘ ਅਟਵਾਲ

ਮੱਖਣ ਮਾਨ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

## ਪ੍ਰਵਚਨ : ਪਾਤਰ ਦਾ ਸ਼ਬਦ ਚਿੱਤਰ



ਪ੍ਰਵਚਨ-97 ਅੰਕ ਵਿੱਚ ਵਰਿਆਮ ਸੰਧੂ ਦਾ ਸੁਰਜੀਤ ਪਾਤਰ ਬਾਰੇ ਲਿਖਿਆ 47 ਪੰਨਿਆਂ 'ਤੇ ਫ਼ੈਲਿਆਂ ਸ਼ਬਦ ਚਿੱਤਰ ਕਈ ਮੁੱਦਿਆਂ ਕਰਕੇ ਮਹੱਤਵਪੂਰਨ ਹੈ। 'ਸਾਹਿਤ ਅਤੇ ਸਮਾਜ' 'ਤੇ ਸੰਪਾਦਕੀ ਹੈ। ਰਫ਼ੂਜੀ (ਸਵਦੇਸ਼ ਦੀਪਕ, ਅਨੁ. ਪਰਮਜੀਤ ਢੀਂਗਰਾ), ਮਦਰਜ਼ ਡੇ ਗਿਫਟ (ਨਿਰੰਜਣ ਬੋਹਾ), ਡੋਪਾਮਾਈਨ (ਅਲਫ਼ਾਜ਼) ਦੀਆਂ ਕਹਾਣੀ ਛਪੀਆਂ ਹਨ। ਸੰਤੋਖ ਧਾਲੀਵਾਲ ਨੇ ਸਮਕਾਲ ਤੇ ਮੇਰੀ ਨਾਵਲੀ ਸਿਰਜਣਕਾਰੀ ਅਤੇ ਸੁਖਵਿੰਦਰ ਕੌਰ ਨੇ 'ਪੰਜਾਬ ਸੰਕਟ ਅਤੇ ਫ਼ਿਲਮ' ਉੱਤੇ ਲੇਖ ਛਪੇ ਹਨ। ਅਮਰਜੀਤ ਕੌਂਕੇ ਦੀ ਕਵਿਤਾ ਬਾਰੇ ਡਾ. ਰਚਨਾ ਕੁਮਾਰੀ ਦੇ ਪੇਪਰ ਦੇ ਨਾਲ ਡਾ. ਪਰਮਜੀਤ ਕੌਰ ਨੇ ਪ੍ਰਵਚਨ ਦੇ ਪਿਛਲੇ ਅੰਕ ਦੀਆਂ ਕਹਾਣੀਆਂ ਦੀ ਪੜ੍ਹਤ ਤਿਆਰ ਕੀਤੀ ਹੈ। ਸਮਕਾਲੀ ਸਾਹਿਤ ਨੂੰ ਕੁਲਵੰਤ ਸਿੰਘ ਨੇ ਵਾਚਿਆ ਹੈ। ਅਨੀ ਕਾਠਗੜ੍ਹ, ਰਣਧੀਰ, ਸੰਦੀਪ, ਜਗਦੀਪ ਜਵਾਹਰ ਕੇ, ਮਨਦੀਪ ਔਲਖ ਦੀਆਂ ਕਵਿਤਾਵਾਂ ਵਿੱਚ ਨਵੀਂ ਕਵਿਤਾ ਦੀ ਕੰਨਸੋ ਮਿਲਦੀ ਹੈ। ਪ੍ਰਵਚਨ, ਮੁੱਲ: 75 ਰੁਪਏ, ਪੰਨੇ :144, ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ (98722-44885)

## ਚਿਰ.ਗ : ਰੌਣਕੀ ਰਾਮ ਦਾ ਵਿਸ਼ੇਸ਼ ਲੇਖ



ਚਿਰਾ.ਗ ਦੇ ਨਵੇਂ ਅੰਕ 'ਚ ਵਿਨੇਸ਼ ਫੋਗਾਟ 'ਤੇ ਸੰਪਾਦਕੀ ਹੈ। ਸੁਰਿੰਦਰ ਨੀਰ (ਨਦੀ ਜੋ ਰੇਤ ਹੋ ਗਈ), ਹਰਪਾਲ ਸੰਧਾਵਾਲੀਆ (ਰੱਜ ਕੇ), ਡਾ. ਲੇਖਰਾਜ (ਅਜੇ ਪੈਂਡਾ ਲੰਮਾ ਹੈ) ਤਿੰਨ ਵਿਸ਼ੇਸ਼ ਕਹਾਣੀਆਂ ਛਪੀਆਂ ਹਨ। ਰੌਣਕੀ ਰਾਮ ਨੇ ਗੁਰੂ ਨਾਨਕ ਬਾਣੀ ਦੇ ਸਮਾਜਿਕ ਪੱਖ, ਹਰਿੰਦਰ ਕੌਰ ਸੋਹਲ ਨੇ ਸਮਾਜ, ਮੀਡੀਆ ਤੇ ਬਾਜ਼ਾਰ, ਡਾ. ਕਰਮਜੀਤ ਸਿੰਘ ਨੇ ਰੱਖਣੀ ਦੇ ਇਤਿਹਾਸਕ ਸੰਦਰਭ ਆਦਿ ਸੰਦਰਭਾ ਬਾਰੇ ਗਿਆਨ ਭਰਪੂਰ ਲੇਖ ਛਪੇ ਹਨ। ਜਗਵਿੰਦਰ ਜੋਧਾ, ਬੁਸ਼ਰਾ ਨਾਜ਼, ਸ਼ੀਤਲ ਸਿੰਘ ਗੁੰਨੋਪੁਰੀ, ਦੇਵਿੰਦਰ ਸੈਫ਼ੀ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਵੀ ਛਪੀਆਂ ਹਨ। ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' 'ਤੇ ਨਿਰੰਜਣ ਬੋਹਾ ਵੱਲੋਂ ਵਿਸ਼ੇਸ਼ ਖੋਜ ਪੇਪਰ ਲਿਖਿਆ ਹੈ। ਗੁਰਪ੍ਰੀਤ ਧੁੱਗਾ ਦੇ ਨਾਵਲ 'ਚਾਲ਼ੀ ਦਿਨ' ਤੇ ਜੋਗੇ ਭੰਗਲ ਨੇ ਤਿੱਖੀ ਟਿੱਪਣੀ ਕੀਤੀ ਹੈ। ਕੁਲਵਿੰਦਰ ਕੌਰ ਰੂਹਾਨੀ ਨੇ ਚਿਰਾ.ਗ ਦੇ ਪਿਛਲੇ ਅੰਕ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਚਿਰ.ਗਾ, ਮੁੱਲ: 50 ਰੁਪਏ, ਪੰਨੇ : 80, ਸੰਪਾਦਕ: ਡਾ. ਕਰਮਜੀਤ ਸਿੰਘ (98763-23862)

## ਏਕਮ : ਨੌ ਕਹਾਣੀਆਂ



ਏਕਮ-51 ਦੀ ਸੰਪਾਦਕੀ ਨਾਰੀ ਦਮਨ ਦੀ ਗੱਲ ਕਰਦੀ ਹੈ। ਆਤਮਾ ਦੀ ਮੁਕਤੀ ਵਾਸਤੇ (ਰਾਬਰਟੋ ਬਰਾਕੋ, ਅਨੁ. ਗੁਰਦਿਆਲ ਦਲਾਲ), ਚਿਹਰਾ (ਏਲਿਸ ਮੁਨਰੋ, ਅਨੁ. ਜੰਗ ਬਹਾਦਰ ਗੋਇਲ), ਪਲਾਟ ਨੰਬਰ 203 (ਰਾਜੇਂਦਰ ਜੋਸ਼ੀ), ਜ਼ੂਮ ਮੀਟਿੰਗ (ਪਰਗਟ ਜਠੌਲ), ਮਨਮਰਜ਼ੀ ਦੇ ਦਿਨ (ਸ਼ਿਆਮ ਸੁੰਦਰ ਦੀਪਤੀ), ਕਾ.ਗਜ਼ੀ ਫੁੱਲਾਂ ਦੀ ਮਹਿਕ (ਕਮਲ ਸੇਖੋਂ), ਕਰਮੀ ਆਪੋ ਆਪਣੀ (ਰਘੁਵੀਰ ਕਲੋਆ), ਗ਼ੈਰਤ (ਸਨੇਹਇੰਦਰ ਮੀਲੂ), ਜਦ ਮੈਂ ਚਲੀ ਗਈ ਫਿਰ ? (ਗੁਰਦੀਪ ਮਹੌਲ), ਤੇ ਵਗਦੀ ਧਾਰਾ (ਜਗਜੀਤ ਲੋਹਟਬੱਦੀ) ਮਹੱਤਵਪੂਰਨ ਕਹਾਣੀਆਂ ਛਪੀਆਂ ਹਨ। ਸੁਰਿੰਦਰ ਮਨਨ ਦਾ ਅਨੁ. ਨਾਵਲ ਅੰਸ਼ ਛਪਿਆ ਹੈ। ਕੰਵਲਜੀਤ ਭੁੱਲਰ, ਜਗਵਿੰਦਰ ਜੋਧਾ, ਅਮਨਦੀਪ ਦਰਦੀ, ਕੁਲਜੀਤ ਮੰਡ, ਪ੍ਰਤਾਪ ਪਾਰਸ, ਜਸਪਾਲ ਸੰਧੂ, ਅਮਰਪ੍ਰੀਤ ਝੀਤਾ, ਰਾਮਪਾਲ ਸ਼ਾਹਪੁਰੀ, ਭਗਵਾਨ ਢਿੱਲੋਂ, ਮੀਤ ਖੱਟੜਾ, ਦੇਵਿੰਦਰ ਸੈਫ਼ੀ, ਸੰਧੂ ਗਗਨ ਦੀਆਂ ਕਵਿਤਾਵਾਂ, ਗ਼ਜ਼ਲਾਂ ਛਪੀਆਂ ਹਨ। 30 ਕਿਤਾਬਾਂ ਦੇ ਸੰਖੇਪ ਰੀਵਿਊ ਵੀ ਛਾਪੇ ਗਏ ਹਨ। ਏਕਮ, ਮੁੱਲ :80 ਰੁਪਏ, ਪੰਨੇ :80, ਸੰਪਾਦਕ: ਅਰਤਿੰਦਰ ਸੰਧੂ (98153-02081)

## ਮੇਲਾ-26



ਮੇਲਾ ਦੇ ਨਵੇਂ ਅੰਕ ਵਿੱਚ ਅਲਫ਼ਾਜ਼ (ਫੈਂਟੈਸੀ), ਰਾਜੇਂਦਰ ਸ਼੍ਰੀਵਾਸਤਵ (ਅਪਰਾਧੀ ਕੌਣ), ਰਾਮ ਸਵਰੂਪ ਕਿਸਾਨ (ਬਾਰੀਕ ਬਾਤ) ਵੱਡੀਆਂ ਕਹਾਣੀਆਂ ਸਮੇਤ ਸ਼ਿਆਮ ਸੁੰਦਰ ਦੀਪਤੀ, ਜਗਦੀਸ਼ ਰਾਏ ਕੁਲਰੀਆ, ਹਰਭਜਨ ਖੇਮਕਰਨੀ, ਬਿਕਰਮਜੀਤ ਨੂਰ, ਸ਼ੇਰ ਚੰਦ ਕੇਸਰ ਤੇ ਕੁਝ ਅਨੁਵਾਦ ਮਿੰਨੀ ਕਹਾਣੀਆਂ ਛਪੀਆਂ ਹਨ। ਪਰਮਜੀਤ ਢੀਂਗਰਾ ਦੀ ਲਿਖਤ 'ਆਦਮ ਦੀ ਤੇਰਵੀਂ ਪਸਲੀ' ਚੰਗੀ ਹੈ। ਕਵਿਤਾ ਭਾਗ ਵਿੱਚ ਸਿਮਰਤ ਗਗਨ, ਦਵਿੰਦਰ ਬਿਮਰਾ, ਐੱਸ ਪਰਸ਼ੋਤਮ, ਪਰਵੇਸ਼, ਲਕਸ਼ਮੀ ਨਰੈਣ ਭੀਖੀ, ਮਨ ਮਾਨ, ਨਿਆਮਤ ਕੌਰ ਸਮੇਤ ਗੁਰਪ੍ਰੀਤ ਵੱਲੋਂ ਅਨੁਵਾਦ ਕੀਤੀਆਂ ਕਵਿਤਾਵਾਂ ਛਾਪੀਆਂ ਗਈਆਂ ਹਨ। ਨਿਰੰਜਣ ਬੋਹਾ ਨੇ ਜਗਦੀਸ਼ ਕੁਲਰੀਆ ਬਾਰੇ ਲਿਖਿਆ ਹੈ। ਗੁਰਭਜਨ ਗਿੱਲ ਨੇ ਪਾਤਰ ਬਾਰੇ ਲਿਖਿਆ ਹੈ। ਸੋਹਣੇ ਕਾ.ਗਜ਼ ਉੱਤੇ ਮੈਟਰ ਦੀ ਬੇਤਰਤੀਬੀ ਦਾਲ 'ਚ ਕੋਕੜੂ ਵਾਂਗ ਰੜਕਦੀ ਹੈ। ਮੇਲਾ, ਮੁੱਲ: 100 ਰੁਪਏ, ਪੰਨੇ: 88, ਸੰਪਾਦਕ: ਰਾਜਿੰਦਰ ਮਾਜ਼ੀ (78371-28100)

## ਕਾਵਿ ਲੋਕ: ਕਵਿਤਾ ਦੀ ਪੜ੍ਹਤ ਸਿਧਾਂਤਕ ਸੰਵਾਦ



ਨਵੇਂ ਅੰਕ 'ਚ ਪ੍ਰਮਾਣਿਕ ਕਵਿਤਾ 'ਤੇ ਸਪਾਦਕੀ ਹੈ। ਡਾ. ਯੋਗਰਾਜ ਦੇ ਮਹੱਤਵਪੂਰਨ ਲੇਖ 'ਕਵਿਤਾ ਦੀ ਪੜ੍ਹਤ ਸਿਧਾਂਤਕ ਸੰਵਾਦ' ਕਵਿਤਾ ਬਾਰੇ ਸੰਵਾਦ ਛੇੜਨ ਵਾਲਾ ਹੈ। ਲਖਵਿੰਦਰ ਜੌਹਲ ਵੱਲੋਂ ਪਾਤਰ ਦੀ ਪਤਨੀ ਦੀ ਮੁਲਾਕਾਤ ਅਹਿਮ ਹੈ। ਦਰਦ ਮਜੀਠੀ (ਡਾ. ਸੰਦੀਪ ਕੌਰ), ਪਥਰਾਟ 'ਚੋਂ ਗੂੰਜਦੇ ਸੂਹੇ ਬੋਲ (ਡਾ. ਜੀਤ ਸਿੰਘ ਜੋਸ਼ੀ), ਬਰਫ਼ 'ਚ ਉੱਗੇ ਅਮਲਤਾਸ (ਹਰਪ੍ਰੀਤ ਸੰਧੂ), ਸਮੁੰਦਰ ਨੂੰ ਪੁੱਛੇ ਨਦੀ (ਨਵਦੀਪ ਸਿੰਘ ਮੁੰਡੀ) ਆਦਿ ਕਾਵਿ ਪੁਸਤਕਾਂ ਉੱਤੇ ਖੋਜ ਪੇਪਰ ਛਪੇ ਹਨ। ਅਵਾਮੀ ਸ਼ਾਇਰ ਮਹਿੰਦਰ ਸਾਥੀ ਬਾਰੇ ਡਾ. ਭੀਮ ਇੰਦਰ ਸਿੰਘ ਨੇ ਲਿਖਿਆ ਹੈ। ਡਾ. ਲਖਵਿੰਦਰ ਸਿੰਘ ਨੇ ਪੰਜਾਬ ਸੰਕਟ ਦੀ ਕਵਿਤਾ ਦਾ ਵਿਸ਼ਲੇਸ਼ਣ ਕੀਤਾ ਹੈ। ਕਾਵਿ ਲੋਕ, ਮੁੱਲ : 50 ਰੁਪਏ, ਪੰਨੇ : 74, ਸੰਪਾਦਕ : ਡਾ. ਲਖਵਿੰਦਰ ਸਿੰਘ ਜੌਹਲ (94171-94812)

## ਅਣੂ : ਸਦਭਾਵਨਾ ਵਿਸ਼ੇਸ਼ ਅੰਕ




ਅਣੂ ਦੇ ਨਵੇਂ ਅੰਕ ਵਿੱਚ ਫਿਰਕਾਪ੍ਰਸਤੀ ਤੇ ਭਾਈਚਾਰਕ ਸਦਭਾਵਨਾ ਵਿਸ਼ੇ ਉੱਤੇ ਮਿੰਨੀ ਕਹਾਣੀ ਵਿਸ਼ੇਸ਼ ਅੰਕ ਤਿਆਰ ਕੀਤਾ ਹੈ। ਇਸੇ ਮੁੱਦੇ ਉੱਤੇ ਰਸਾਲੇ ਦੀ ਸੰਪਾਦਕੀ ਹੈ। ਅੰਕ ਵਿੱਚ ਨਿਰੰਜਣ ਬੋਹਾ, ਨਾਇਬ ਸਿੰਘ ਮੰਡੇਰ, ਬਿਕਰਮਜੀਤ ਨੂਰ, ਹਰਭਜਨ ਖੇਮਕਰਨੀ, ਮੰਗਤ ਕੁਲਜਿੰਦ, ਸੁਖਦੇਵ ਸਿੰਘ ਔਲਖ, ਪਰਦੀਪ ਮਹਿਤਾ, ਜਤਿੰਦਰ ਮੋਹਨ, ਜਸਵਿੰਦਰ ਸਿੰਘ, ਸਾਧੂ ਰਾਮ, ਸੁਰਿੰਦਰ ਕੈਲੇ, ਸੁਰਿੰਦਰ ਦੀਪ, ਸੀਮਾ ਵਰਮਾ ਆਦਿ ਦੀਆਂ ਉਪਰੋਕਤ ਵਿਸ਼ੇ ਨਾਲ ਸੰਬੰਧਤ ਮਿੰਨੀ ਕਹਾਣੀਆਂ ਛਾਪੀਆਂ ਗਈਆਂ ਹਨ। ਅਣੂ, ਮੁੱਲ : 5 ਰੁਪਏ, ਪੰਨੇ : 32, ਸੰਪਾਦਕ: ਸੁਰਿੰਦਰ ਕੈਲੇ (98725-91653)

- ਭਗਵੰਤ ਰਸੂਲਪੁਰੀ

27-Oct-Sunday.qxd 10/26/2024 10:07 PM Page 3



ਗੁਰਮੀਤ ਸਿੰਘ ਮਰ੍ਹਾੜ ਚੁੱਪ-ਚਾਪ ਸਿਰਜਣਾ ਕਰਨ ਵਾਲਾ ਸੰਜਮੀ ਲੇਖਕ ਹੈ। ਇਸ ਦੀਆਂ ਮਿੰਨੀ ਕਹਾਣੀਆਂ ਵਿਸ਼ਵੀਕਰਨ ਅਤੇ ਸਮਾਜ ਦੇ ਨਵੇਂ ਵਰਤਾਰਿਆਂ ਨੂੰ ਰੂਪਮਾਨ ਕਰਦੀਆਂ ਹਨ। ਮਿੰਨੀ ਕਹਾਣੀ ਵਿਚ ਜੇਕਰ ਨਵੇਂ ਵਿਸ਼ਿਆਂ ਦੀ ਪਛਾਣ ਕਰਨੀ ਹੋਵੇ ਤਾਂ ਮਰ੍ਹਾੜ ਦੀਆਂ ਮਿੰਨੀ ਕਹਾਣੀਆਂ ਨੂੰ ਵਾਚਿਆ ਜਾ ਸਕਦਾ ਹੈ। ਇਹ ਰਚਨਾਵਾਂ ਮਿੰਨੀ ਕਹਾਣੀ ਲਈ ਵਿਸ਼ਿਆਂ ਬਾਰੇ ਬਣਾਏ ਕਈ ਭਰਮਾਂ ਨੂੰ ਵੀ ਤੋੜਦੀਆਂ ਹਨ।

- ਜਗਦੀਸ਼ ਰਾਏ ਕੁਲਰੀਆਂ

# ਗੁਰਮੀਤ ਸਿੰਘ ਮਰ੍ਹਾੜ ਦੀਆਂ ਮਿੰਨੀ ਕਹਾਣੀਆਂ

## ਦੁਰਗਾਵਤੀ

"ਓਹ ਭਾਈ ਸਾਹਿਬ, ਕਿਉਂ ਖ਼ਤਰਾ ਮੁੱਲ ਲੈ ਰਹੇ ਹੋ। ਜ਼ਿੰਦਗੀ ਬਹੁਤ ਕੀਮਤੀ ਹੈ।" ਉਸ ਨੇ ਉੱਠ ਕੇ ਇਕਦਮ ਮੇਰੀ ਬਾਂਹ ਫੜ ਡੱਬੇ ਅੰਦਰ ਖਿੱਚ ਲਿਆ। ਮੈਂ ਭੋਪਾਲ ਤੋਂ ਚੱਲਣ ਲੱਗਿਆਂ ਕੁੱਝ ਤਾਂ ਲੇਟ ਹੋ ਗਿਆ, ਦੂਸਰਾ ਰਸਤੇ ਵਿਚਲੇ ਟਰੈਫਿਕ ਨੇ ਰਹਿੰਦੀ ਕਸਰ ਕੱਢ ਦਿੱਤੀ। ਜਦੋਂ ਮੈਂ ਸਟੇਸ਼ਨ 'ਤੇ ਪਹੁੰਚਿਆਂ ਤਾਂ ਗੱਡੀ ਚੱਲ ਪਈ ਸੀ। ਦੂਸਰੀ ਗੱਡੀ ਛੇ ਘੰਟੇ ਬਾਅਦ ਮਿਲਣੀ ਸੀ। ਰਾਤ ਭਰ ਸਟੇਸ਼ਨ 'ਤੇ ਰੁਕਣਾ ਕਿਹੜਾ ਸੌਖਾ ਸੀ, ਉਪਰੋਂ ਪੈ ਰਹੀ ਗਰਮੀ, ਸੋ ਮੈਂ ਜੋਖ਼ਮ ਉਠਾਉਂਦਿਆਂ ਚੱਲਦੀ ਗੱਡੀ ਵਿੱਚ ਭੱਜ ਕੇ ਚੜ੍ਹਨ ਲੱਗਿਆ। ਸਾਹਮਣੇ ਬੈਠੇ ਸੱਜਣ ਨੇ ਮੈਨੂੰ ਅੰਦਰ ਖਿੱਚਿਆ ਤੇ ਬੈਠੀਆਂ ਸਵਾਰੀਆਂ ਨੇ ਸਰਕ ਕੇ ਮੇਰੇ ਲਈ ਥਾਂ ਬਣਾਈ।

"ਭਾਈ ਸਾਹਿਬ, ਕੋਈ ਬਿਜ਼ਨੈੱਸ ਕਰਦੇ ਲੱਗਦੇ ਹੋ?" ਦੂਸਰੇ ਸੱਜਣ ਨੇ ਅਪਣੱਤ ਨਾਲ ਕੋਲ ਬੈਠਾਉਂਦਿਆਂ ਪੁੱਛਿਆ।

"ਨਹੀਂ ਜੀ, ਮੈਂ ਲੇਖਕ ਹਾਂ, ਕਵਿਤਾ, ਕਹਾਣੀ ਲਿਖਦਾ ਹਾਂ। ਇਸੇ ਸਿਲਸਿਲੇ ਵਿੱਚ ਪੰਜਾਬ ਤੋਂ ਇੱਥੇ ਆਇਆ ਸੀ, ਸ਼ਹਿਰ ਬਾਰੇ ਜਾਣਕਾਰੀ ਨਾ ਹੋਣ ਕਰਕੇ ਹੀ ਲੇਟ ਹੋ ਗਿਆ...ਮੈਂ ਤਾਂ..।" ਲੰਬਾ ਸਾਹ ਲੈ ਆਪਣੇ ਆਪ ਨੂੰ ਸਾਵਾਂ ਕੀਤਾ।

"ਬਹੁਤ ਖੂਬ.. ਹੁਣ ਤਾਂ ਲੇਖਣ ਵੀ ਜੁਰਮ ਹੋ ਗਿਆ। ਪਤਾ ਨਹੀਂ ਕਿੰਨੇ ਲੋਕ ਜੇਲ੍ਹੀਂ ਸੁੱਟੇ ਹੋਏ ਨੇ। ਪੈਸੇ ਦੇ ਇਸ ਯੁੱਗ ਵਿੱਚ ਕੁੱਝ ਲੋਕ ਹੀ ਦੂਸਰਿਆਂ ਬਾਰੇ ਸੋਚਦੇ ਹਨ।" ਮੀਆਂ ਜੀ ਨੇ ਸਿਰ ਮਾਰਦਿਆਂ ਅਫਸੋਸ ਪ੍ਰਗਟ ਕੀਤਾ।

"ਪੰਜਾਬ ਦੀ ਧਰਤੀ 'ਤੇ ਵਾਕਿਆ ਹੀ ਗੁਰੂਆਂ ਦੀ ਬਖਸ਼ਿਸ਼ ਹੈ।" ਸਾਹਮਣੇ ਬੈਠੀ ਔਰਤ ਨੇ ਮੇਰੇ ਵੱਲ ਵੇਖਦਿਆਂ ਕਿਹਾ। ਉਸ ਔਰਤ ਦੀ ਸ਼ਕਲ ਬੜੀ ਪਿਆਰੀ ਸੀ, ਰੰਗ ਭਾਵੇਂ ਕਣਕਵੰਨਾ ਸੀ, ਪਰ ਤਿੱਖੇ ਨੈਣ-ਨਕਸ਼, ਗੋਲ ਚਿਹਰਾ ਤੇ ਹਲਕੇ ਪੀਲੇ ਰੰਗ ਦੀ ਸਾੜ੍ਹੀ ਵਿੱਚ ਖੂਬ ਸਜ ਰਹੀ ਸੀ। ਮੱਥੇ 'ਤੇ ਲਾਲ ਰੰਗ ਦੀ ਬਿੰਦੀ ਤੇ ਚੀਰ ਵਿਚਲਾ ਸੰਧੂਰ ਉਸ ਦੇ ਵਿਅਕਤੀਤਵ ਨੂੰ ਹੋਰ ਵਧਾ ਰਹੇ ਸਨ। ਜੇਕਰ ਕੋਈ ਹੋਰ ਸਮਾਂ ਹੁੰਦਾ ਤਾਂ ਮੈਂ ਉਸ ਦੇ ਬਾਰੇ ਕੋਈ ਸ਼ੇਅਰ, ਕਹਾਣੀ ਸੋਚਦਾ, ਪਰ ਹੁਣ ਤਾਂ ਮੇਰੀ ਹਾਲਤ..। ਛੇਤੀ ਹੀ ਲੋਕ ਮਸਲਿਆਂ ਤੇ ਸਰਕਾਰਾਂ ਸੰਬੰਧੀ ਗੱਲਾਂ ਹੋਣ ਲੱਗੀਆਂ, ਪਰ ਮੇਰਾ ਧਿਆਨ ਕਿਤੇ ਹੋਰ ਸੀ। ਲੇਖਕ ਹੋਣ ਬਾਰੇ ਦੱਸਣਾ ਜਿਵੇਂ ਮੇਰੇ ਲਈ ਮੁਸੀਬਤ ਬਣ ਗਿਆ ਸੀ। ਮੇਰੇ ਬਾਰੇ ਕੀ ਸੋਚਣਗੇ ਗੱਲਾਂ ਵੱਡੀਆਂ ਤੇ..। ਪੱਖਿਆਂ ਥੱਲੇ ਵੀ ਮੈਨੂੰ ਤਰੇਲੀਆਂ ਆ ਰਹੀਆਂ ਸਨ।

'ਟਿਕਟ ..ਟਿਕਟ' ਦੀ ਆਵਾਜ਼ ਨੇ ਜਿਵੇਂ ਗੂੰਗਾ ਕਰ ਦਿੱਤਾ ਸੀ।

"ਭਾਈ ਸਾਹਿਬ ਟਿਕਟ...?" ਮੈਂ ਕਿਤੇ ਗੁਆਚਾ ਸੀ।

"ਆਹ ਲਵੋ ਮੇਰੇ ਕੋਲ ਨੇ ..।" ਔਰਤ ਨੇ ਪਰਸ ਵਿਚੋਂ ਟਿਕਟ ਕੱਢ ਫੜਾਉਂਦਿਆਂ ਕਿਹਾ। ਡੱਬੇ ਵਿਚਲੀਆਂ ਨਜ਼ਰਾਂ ਇਕਦਮ ਉਪਰ ਉੱਠੀਆਂ। "ਦੂਜੀ ਲੱਭ ਨਹੀਂ ਰਹੀ ਸ਼ਾਇਦ ਮੈਥੋਂ ..।" ਔਰਤ ਨੇ ਪਰਸ ਫਰੋਲਦਿਆਂ ਕਿਹਾ।

"ਧਿਆਨ ਰੱਖਿਆ ਕਰੋ, ਔਰਤ ਹੋਣ ਕਰਕੇ ਮੈਂ ਕੀ ਕਹਾਂ। ਲਿਆਓ ਪੈਸੇ, ਦੂਜੀ ਟਿਕਟ ਬਣਾ ਦਿੰਦਾ ਹਾਂ।" ਮੈਂ ਪੈਸੇ ਟੀਟੀ ਦੇ ਅੱਗੇ ਕਰ ਦਿੱਤੇ।

"ਇਹ ਤੁਹਾਡੇ... ?" ਟੀਟੀ ਨੇ ਮੇਰੇ ਅਤੇ ਔਰਤ ਵੱਲ ਵੇਖਿਆ। ਜਵਾਬ ਵਿੱਚ ਔਰਤ ਨੀਵੀਂ ਪਾ ਖਾਸ ਅੰਦਾਜ਼ ਵਿੱਚ ਮੁਸਕਰਾਈ।

"ਬਹੁਤ-ਬਹੁਤ ਸ਼ੁਕਰੀਆ ਭੈਣ ਜੀ, ਦਰਅਸਲ ਕਾਹਲੀ ਵਿੱਚ ਹੋਣ ਕਰਕੇ ਮੈਂ...। ਮੈਂ ਹੱਥ ਜੋੜਦਿਆਂ ਸ਼ੁਕਰਾਨਾ ਕੀਤਾ।"

"ਹਾਂ ਮੈਂ ਜਾਣਦੀ ਹਾਂ, ਲੇਖਕ ਲਈ ਪੈਸੇ ਨਾਲੋਂ ਸਵੈਮਾਣ ਵੱਧ ਕੀਮਤੀ ਹੁੰਦਾ ਹੈ। ਸਾਡਾ ਵੀ ਤਾਂ ਕੁੱਝ ਫਰਜ਼ ਹੈ ...।" ਉਹ ਖਿੜਕੀ ਦੇ ਸ਼ੀਸ਼ੇ ਵਿਚੋਂ ਕਿਤੇ ਦੂਰ ਵੇਖ ਰਹੀ ਸੀ।

ਡੱਬੇ ਵਿਚਲੇ ਮਾਹੌਲ ਨੇ ਮਨ ਵਿੱਚ ਨਵੀਂ ਸਿਰਜਣਾ ਸਿਰਜ ਦਿੱਤੀ ਸੀ।

## ਮਾਂ

ਅਨਮੋਲ ਨੂੰ ਕੈਨੇਡਾ ਆਇਆਂ ਮਹੀਨੇ ਤੋਂ ਉੱਪਰ ਹੋ ਚੱਲਿਆ ਸੀ। ਇਕੱਲੇ ਪੁੱਤ ਨੂੰ ਬਾਹਰ ਤੋਰ ਮਾਪਿਆਂ ਨੂੰ ਚਿੰਤਾ ਲੱਗੀ ਰਹਿੰਦੀ ਸੀ। ਉੱਥੇ ਕੋਈ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲਾ ਵੀ ਨਹੀਂ ਸੀ। ਅਨਮੋਲ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰ ਬੈਠਾ ਸੀ, ਨਹੀਂ ਤਾਂ ਕਿੱਥੇ ਜੀਅ ਕਰਦਾ ਸੀ ਬਿਗਾਨੀ ਥਾਂ ਰੁਲਣ ਨੂੰ। ਉਸ ਨੂੰ ਜਦੋਂ ਵੀ ਮੌਕਾ ਮਿਲਦਾ, ਘਰ ਫੋਨ ਕਰਦਾ। ਮਾਂ ਨੂੰ ਮਿਲਣ ਜਿੰਨੀ ਤਸੱਲੀ ਹੋ ਜਾਂਦੀ। ਬਾਹਰ ਆ ਰਿਹਾਇਸ਼ ਅਤੇ ਕੰਮ ਲੱਭਣ ਵਿੱਚ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਸੀ, ਜਿਸ ਕਰਕੇ ਦੂਜੇ-ਤੀਜੇ ਦਿਨ ਹੀ ਫੋਨ ਹੁੰਦਾ। ਮਾਂ ਨੂੰ ਸਦਾ ਫੋਨ ਆਉਣ 'ਤੇ ਪੁੱਤ ਦਾ ਹਾਲ-ਚਾਲ ਜਾਨਣ ਦੀ ਉਡੀਕ ਰਹਿੰਦੀ। ਜਦੋਂ ਫੋਨ ਦੀ ਘੰਟੀ ਵੱਜਦੀ, ਹੱਥਲੇ ਕੰਮ ਛੱਡ ਭੱਜ ਕੇ ਫੋਨ ਚੱਕਦੀ।

ਅੱਜ ਵੀ ਰੋਟੀ-ਪਾਣੀ ਦਾ ਕੰਮ ਨਿਬੇੜ ਅਜੇ ਮੰਜੇ 'ਤੇ ਬੈਠੀ ਹੀ ਸੀ ਕਿ ਫੋਨ ਦੀ ਘੰਟੀ ਸੁਣੀ। ਕਾਫ਼ੀ ਸਮਾਂ ਗੱਲ ਕਰਦੇ ਰਹੇ, ਇੱਕ-ਦੂਜੇ ਨੂੰ ਹੌਸਲਾ ਦਿੰਦੇ ਰਹੇ। ਅਚਾਨਕ ਫ਼ਿਕਰਾਂ ਵਿੱਚ ਡੁੱਬੀ ਮਾਂ ਨੇ ਪੁੱਛਿਆ, "ਪੁੱਤ, ਕੋਈ ਸੰਗੀ-ਸਾਥੀ ਮਿਲ ਗਿਆ ਜਾਂ ਇਕੱਲਾ ਰਹਿੰਨਾ..? "

"ਹਾਂ ਮੰਮੀ, ਉਸ ਦਿਨ ਜਹਾਜ਼ ਤੋਂ ਉਤਰਦਿਆਂ ਹੀ ਇੱਕ ਅਜਿਹਾ ਇਨਸਾਨ ਮਿਲਿਆ, ਜੋ ਸਦਾ ਲਈ ਆਪਣਾ ਬਣ ਗਿਆ।" ਅਨਮੋਲ ਨੇ ਪੂਰੇ ਭਰੋਸੇ ਨਾਲ ਉੱਤਰ ਦਿੱਤਾ।

"ਕੌਣ ਹੈ ਉਹ..?" ਮਾਂ ਦੋਸਤ ਬਾਰੇ ਜਾਨਣਾ ਚਾਹੁੰਦੀ ਸੀ।

"ਅਸਲਮ..।"

"ਹੈਂ ਅਸਲਮ ! ਉਹ ਤਾਂ ਦੂਜੇ ਧਰਮ ਤੋਂ ਹੈ।"

"ਮੰਮੀ, ਉਹ ਲਾਹੌਰ ਦੇ ਨੇੜੇ ਤੋਂ ਕਿਸੇ ਪਿੰਡ ਦਾ ਹੈ।"

"ਪਾਕਿਸਤਾਨੀ !" ਮਾਂ ਸੁਣ ਫ਼ਿਕਰਾਂ ਵਿੱਚ ਪੈ ਗਈ।

"ਉਸ ਦੀ ਬੋਲੀ ਵੀ ਆਪਣੇ ਵਾਲੀ ਹੈ, ਉਸ ਦਾ ਬੋਲਣ ਦਾ ਸਲੀਕਾ ਬੜਾ ਪਿਆਰਾ ਹੈ।"

"ਪੁੱਤ ਹੈ ਤਾਂ ਉਹ ਵੀ ਆਪਣੇ ਹੀ...ਪਰ ਫਿਰ ਵੀ...।"

"ਮੰਮੀ, ਉਸ ਦੀ ਮਾਂ ਮਰੀ ਹੋਈ ਹੈ। ਉਹ ਹੁਣ ਤੁਹਾਨੂੰ ਮਾਂ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਵੀ ਅੰਮੀ ਨਾਲ ਗੱਲ ਕਰਨੀ ਹੈ। ਜਦੋਂ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ, ਕੋਲ ਹੋਵੇ ਤਾਂ ਅੱਖਾਂ ਭਰ ਆਉਂਦਾ ਹੈ" ਅਨਮੋਲ ਨੇ ਵਿਸਥਾਰ ਵਿੱਚ ਆਪਣੇ ਦੋਸਤ ਬਾਰੇ ਦੱਸਿਆ।

"ਮਾਂ ਸਦਕੇ!! ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ। ਮਾਂ ਲਈ ਪੁੱਤ ਬਿਗਾਨੇ ਥੋੜ੍ਹਾ ਹੁੰਦੇ ਆ। ਦੋਵੇਂ ਭਰਾ ਧਿਆਨ ਨਾਲ ਰਹੋ। ਕਿਸੇ ਗੱਲੋਂ ਲੜਨਾ ਨਹੀਂ।" ਮਾਂ ਨੇ ਫੋਨ ਨੂੰ ਦੋਵੇਂ ਹੱਥਾਂ ਨਾਲ ਛਾਤੀ ਨਾਲ ਘੁੱਟ ਲਿਆ ਜਿਵੇਂ ਦੋਵੇਂ ਬਾਹਵਾਂ ਵਿੱਚ ਪੁੱਤ ਜੱਫੀ ਵਿੱਚ ਲਏ ਹੋਣ।

## ਇੱਕ ਹੋਰ ਨਨਕਾਣਾ

ਭੋਗ ਮਗਰੋਂ ਬਹੁਤੇ ਰਿਸ਼ਤੇਦਾਰ ਜਾ ਚੁੱਕੇ ਸਨ। ਬਹੁਤੇ ਨੇੜਲੇ ਜਾਂ ਪੀਣ-ਖਾਣ ਦੇ ਸ਼ੌਕੀਨ ਬੈਠੇ ਸਨ, ਜਿਨ੍ਹਾਂ ਨੇ ਸਮੇਂ ਨਾਲ ਹੀ ਆਪਣਾ ਕੰਮ ਵੀ ਸ਼ੁਰੂ ਕਰ ਲਿਆ ਸੀ। ਮਨਜੀਤ ਸਿੰਘ ਅਜੀਬ ਜਿਹੀ ਹਾਲਤ ਵਿੱਚ ਸੀ, ਨਾ ਉਦਾਸ, ਨਾ ਖੁਸ਼। ਉਸ ਦੇ ਦੋਵੇਂ

ਬੱਚੇ ਬਾਹਰ ਸਨ, ਜੋ ਉਨ੍ਹਾਂ ਨੂੰ ਵੀ ਉੱਧਰ ਲਿਜਾਣ ਲਈ ਵਾਰ-ਵਾਰ ਜ਼ੋਰ ਪਾ ਰਹੇ ਸਨ। ਹੁਣ ਤੱਕ ਉਹ ਟਾਲ-ਮਟੋਲ ਕਰਦੇ ਆ ਰਹੇ ਸਨ, ਪਰ ਹੁਣ ਬੱਚਿਆਂ ਨੇ ਲਿਜਾਣ ਲਈ ਪੂਰੀ ਕਾਗਜ਼ੀ ਕਾਰਵਾਈ ਕਰ ਲਈ ਸੀ। ਕੁੱਝ ਹੀ ਦਿਨਾਂ ਵਿੱਚ ਉਨ੍ਹਾਂ ਨੇ ਇੱਥੋਂ ਚਲੇ ਜਾਣਾ ਸੀ। ਇਸੇ ਸੰਬੰਧ ਵਿੱਚ ਘਰ ਵਿੱਚ ਅਖੰਡ ਪਾਠ ਕਰਵਾਇਆ ਗਿਆ ਸੀ।

ਮਨਜੀਤ ਸਿੰਘ ਵਿਹਲਾ ਹੋ ਸੱਥ ਵਿੱਚ ਆ ਗਿਆ ਸੀ।

"ਬਾਈ ਭੁੱਲਰਾ ਵਧਾਈਆਂ।" ਇੱਕੋ ਵਾਰ ਕਈ ਆਵਾਜ਼ਾਂ ਆਈਆਂ।

"ਰੱਬ ਸਭ ਨੂੰ ਵਧਾਵੇ।" ਕਹਿੰਦਾ ਹੋਇਆ ਉਹ ਤਖਤਪੋਸ਼ 'ਤੇ ਬੈਠ ਗਿਆ।

"ਬਾਈ ਜੀ, ਲਵੋ ਜ਼ਿੰਦਗੀ ਦੇ ਮਜ਼ੇ, ਇੱਥੇ ਤਾਂ ਜੂਨ ਕੱਟਣ ਵਾਲੀ ਗੱਲ ਹੈ। ਪੜ੍ਹ-ਲਿਖ ਕੇ ਵੀ ਕਿਹੜਾ ਕੋਈ ਪੁੱਛਦਾ, ਉੱਥੇ ਬੰਦੇ ਦੀ ਕਦਰ ਤਾਂ ਹੈ।" ਮਾਸਟਰ ਦਿਨੇਸ਼ ਨੇ ਨੌਕਰੀ ਲਈ ਲੜੇ ਘੋਲ ਨੂੰ ਚੇਤੇ ਕਰਦਿਆਂ ਕਿਹਾ।

"ਭਰਾਵੋ, ਹਰ ਚੀਜ਼ ਦਾ ਫਾਇਦਾ ਵੀ ਹੈ, ਨੁਕਸਾਨ ਵੀ। ਉੱਥੇ ਡਾਲਰ ਕਮਾਉਣੇ ਵੀ ਕਿਹੜਾ ਸੌਖੇ ਨੇ। ਪਿਉ-ਦਾਦਿਆਂ ਦੇ ਜੱਦੀ ਟਿਕਾਣੇ ਛੱਡਦਿਆਂ ਦਿਲ ਖੁਸਦਾ। ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਅਤੇ ਥੱਬਾ ਨੋਟਾਂ ਦਾ ਲਾ ਕੇ ਆਉਣਾ ਕਿਹੜਾ ਸੌਖਾ। ਗੁਰੂਆਂ ਦੀ ਧਰਤੀ ਨੂੰ ਛੱਡਣ ਲੱਗਿਆਂ ਇਉਂ ਲੱਗਦਾ ਜਿਵੇਂ ਬੇਦਾਵਾ ਲਿਖ ਕੇ ਜਾ ਰਹੇ ਹੋਈਏ। ਤਰਸ ਜਾਵਾਂਗੇ ਇਨ੍ਹਾਂ ਥਾਵਾਂ ਨੂੰ, ਲੱਗਦਾ ਜਿਵੇਂ ਇੱਕ ਹੋਰ ਨਨਕਾਣਾ ਬਣ ਜਾਣਾ।" ਕਹਿੰਦਿਆਂ ਮਨਜੀਤ ਸਿੰਘ ਦਾ ਮਨ ਭਰ ਆਇਆ ਸੀ।

## ਫੋਰਥ ਜੈਂਡਰ

ਅਦਾਲਤ ਵਿੱਚ ਕੇਸ ਚੱਲਦਿਆਂ ਭਾਵੇਂ ਕਾਫ਼ੀ ਸਮਾਂ ਹੋ ਗਿਆ ਸੀ ਪਰ ਅੱਜ ਦੀ ਘਟਨਾ ਨੇ ਕੇਸ ਦਾ ਪਾਸਾ ਹੀ ਪਲਟ ਦਿੱਤਾ ਸੀ। ਸਹੁਰਿਆਂ-ਪੇਕਿਆਂ ਦੀ ਹਾਲਤ ਅਜੀਬ ਜਿਹੀ ਹੋ ਗਈ ਸੀ, ਖਾਸ ਕਰ ਸਹੁਰਾ ਉਜਾਗਰ ਸਿੰਘ ਤਾਂ ਨੀਵੀਂ ਨਹੀਂ ਸੀ ਚੱਕ ਸਕਿਆ। ਜੱਜ ਅਤੇ ਵਕੀਲ ਵੀ ਨਵਨੀਤ ਦੇ ਮੂੰਹ ਵੱਲ ਵੇਖਦੇ ਰਹਿ ਗਏ ਸਨ। ਹਜ਼ਾਰਾਂ ਔਰਤਾਂ ਵੱਲੋਂ ਇਸ ਤਰ੍ਹਾਂ ਪਿਸਣ ਤੋਂ ਬਾਅਦ ਵੀ ਮੂੰਹ ਨਹੀਂ ਸੀ ਖੁੱਲ੍ਹਿਆ ਪਰ ਅੱਜ ਉਸ ਦੇ ਮੂੰਹੋਂ ਨਿਕਲੀ ਸਚਾਈ ਨੇ ਸਮਾਜ ਦੀਆਂ ਬੰਦ ਅੱਖਾਂ ਖੋਲ੍ਹੀਆਂ ਸਨ।

ਜਦੋਂ ਵੀ ਵਕੀਲ ਬਹਿਸ ਸਮੇਂ ਉਸ ਤੋਂ ਕੋਈ ਸਵਾਲ ਪੁੱਛਦੇ ਤਾਂ ਉਹ ਸਾਹਮਣੇ ਬੈਠੇ ਮਾਂ-ਪਿਉ ਵੱਲ ਵੇਖ ਨੀਵੀਂ ਪਾ ਲੈਂਦੀ ਤੇ ਚੁੱਪ ਹੋ ਜਾਂਦੀ। ਬਚਾਅ ਪੱਖ ਦੇ ਵਕੀਲ ਵੱਲੋਂ ਦੱਸੀਆਂ ਗੱਲਾਂ ਧਰੀਆਂ-ਧਰਾਈਆਂ ਰਹਿ ਜਾਂਦੀਆਂ। ਨਵਨੀਤ ਦਾ ਪਿਉ ਵੀ ਉਸ ਦੀ ਇਸ ਆਦਤ ਤੋਂ ਖਿਝ ਜਾਂਦਾ। ਨਾ ਤਾਂ ਉਹ ਸਹੁਰੇ ਜਾਣ ਲਈ ਹਾਂ ਕਰਦੀ ਸੀ ਅਤੇ ਨਾ ਹੀ ਸਹੁਰਿਆਂ ਜਾਂ ਆਪਣੇ ਘਰਵਾਲੇ ਬਾਰੇ ਕੁੱਝ ਖੁੱਲ੍ਹ ਕੇ ਬੋਲਦੀ ਸੀ। ਪਿਉ ਇੱਕ ਪਾਸਾ ਚਾਹੁੰਦਾ ਸੀ। ਵਿਆਹ ਨੂੰ ਅਜੇ ਇੱਕ ਸਾਲ ਵੀ ਨਹੀਂ ਸੀ ਹੋਇਆ ਤੇ ਉਹ ਅੱਠ-ਨੌਂ ਮਹੀਨਿਆਂ ਤੋਂ ਪੇਕੇ ਬੈਠੀ ਸੀ। ਪਿਉ ਨੇ ਕਰਜ਼ਾ ਚੁੱਕ, ਵਿੱਤੋਂ ਬਾਹਰਾ ਹੋ ਉਸ ਲਈ ਚੰਗੀ ਜ਼ਮੀਨ-ਜਾਇਦਾਦ ਵਾਲਾ ਘਰ ਲੱਭਿਆ ਸੀ। ਵਿਆਹ ਤੋਂ ਕੁੱਝ ਸਮੇਂ ਬਾਅਦ ਹੀ ਦੋਵਾਂ ਵਿੱਚ ਅਣਬਣ ਹੋ ਗਈ ਸੀ ਤੇ ਅੱਜ ਉਹ ਅਦਾਲਤੀਂ ਪਹੁੰਚ ਗਏ ਸਨ। ਸੱਸ ਸਹੁਰੇ ਤੋਂ ਵੀ ਉਸ ਨੂੰ ਕੋਈ ਸ਼ਿਕਾਇਤ ਨਹੀਂ ਸੀ, ਉਹ ਤਾਂ ਆਪ ਇਸ ਲੜਾਈ ਤੋਂ ਦੁਖੀ ਸਨ। ਉਸ ਦਾ ਸਹੁਰਾ ਉਜਾਗਰ ਸਿੰਘ ਪਿੰਡ ਦਾ ਸਰਪੰਚ ਅਤੇ ਮੋਹਤਬਰ ਲੀਡਰ ਹੋਣ ਕਰਕੇ ਇਸ ਨੂੰ ਆਪਣੇ ਲਈ ਨਮੋਸ਼ੀ ਮੰਨਦਾ ਸੀ।

ਜਿਉਂ ਹੀ ਅਦਾਲਤੀ ਬਹਿਸ ਸ਼ੁਰੂ ਹੋਈ, ਵਿਰੋਧੀ ਵਕੀਲ ਨੇ ਨਵਨੀਤ ਉੱਪਰ ਦੂਸ਼ਣਾਂ ਦੀ ਝੜੀ ਲਗਾ ਦਿੱਤੀ। ਉਸ ਨੂੰ ਘੁਮੰਡੀ, ਜ਼ਿੱਦੀ, ਪਤੀ ਦੀ ਇੱਜ਼ਤ ਨਾ ਕਰਨ ਵਾਲੀ ਅਤੇ ਹੋਰ ਬਹੁਤ ਕੁੱਝ ਕਿਹਾ, ਉਹ ਸਾਰਾ ਕੁੱਝ ਚੁੱਪਚਾਪ ਸੁਣਦੀ ਰਹੀ ਪਰ ਜਿਉਂ ਹੀ ਵਕੀਲ ਉਸ ਨੂੰ ਬਦਚਲਣ ਸਿੱਧ ਕਰਨ ਲਈ ਊਟ-ਪਟਾਂਗ ਕਹਾਣੀਆਂ ਘੜਨ ਲੱਗਾ ਤਾਂ ਉਹ ਅੱਗੋਂ ਟੁੱਟ ਕੇ ਪੈ ਗਈ। ਵਕੀਲ ਵੀ ਉਸ ਦਾ ਇਹ ਰੂਪ ਵੇਖ ਠਠੰਬਰ ਗਿਆ ਤੇ ਬਚਾਅ ਪੱਖ ਦੇ ਵਕੀਲ ਨੇ ਵੀ ਇਤਰਾਜ਼ ਕੀਤਾ।

"ਜੇ ਤੇਰੇ ਵਿੱਚ ਕੋਈ ਦੋਸ਼ ਨਹੀਂ ਤਾਂ ਤੂੰ ਆਪਣੇ ਬੰਦੇ ਨਾਲ਼ ਰਹਿਣਾ ਕਿਉਂ ਨਹੀਂ ਚਾਹੁੰਦੀ ? ਇਸ ਦਾ ਮਤਲਬ ...।"

"ਜੇ ਉਹ ਬੰਦਾ ਹੁੰਦਾ ਤਾਂ ਮੈਂ ਉਸ ਨਾਲ਼ ਖੁਸ਼ੀ ਨਾਲ਼ ਰਹਿੰਦੀ।" ਨਵਨੀਤ ਨੇ ਖਿਝ ਕੇ ਉੱਤਰ ਦਿੱਤਾ।

"ਕੀ ਉਹ ਬੰਦਾ ਨਹੀਂ, ਔਰਤ ਹੈ ਜਾਂ.." ਵਕੀਲ ਉਸ ਨੂੰ ਸਵਾਲਾਂ ਵਿੱਚ ਉਲਝਾਉਣਾ ਚਾਹੁੰਦਾ ਸੀ।

"ਉਹ ਇਹਨਾਂ ਵਿੱਚੋਂ ਕੁੱਝ ਨਹੀਂ, ਸਗੋਂ ਫੋਰਥ ਜੈਂਡਰ ਹੈ।" ਫੋਰਥ ਜੈਂਡਰ ਸੁਣ ਸਭ ਨਿਗਾਹਾਂ ਉਸ ਵੱਲ ਉੱਠੀਆਂ ।

"ਹਾਂ ਹਾਂ, ਉਹ ਫੋਰਥ ਜੈਂਡਰ ਹੈ। ਜੱਜ ਸਾਹਿਬ, ਪਰਵਾਰ ਵਿੱਚ ਰਹਿੰਦਿਆਂ ਕੋਈ ਆਦਮੀ ਆਪਣੀ ਪਤਨੀ ਨਾਲ਼ ਇਹ ਕੁੱਝ ਕਰਨ ਦੀ ਸੋਚ ਵੀ ਨਹੀਂ ਸਕਦਾ। ਨਾ ਹੀ ਕੋਈ ਔਰਤ ਇਹ ਕੁੱਝ ਬਰਦਾਸ਼ਤ ਕਰ ਸਕਦੀ ਹੈ। ਆਮ ਆਦਮੀ ਤਾਂ ਕੀ, ਕਦੇ ਕਿਸੇ ਜਾਨਵਰ ਨੇ ਸੈਕਸ ਤਾਕਤ ਵਧਾਉਣ ਲਈ ਵੱਖਰਾ ਕੁੱਝ ਖਾਧਾ ਹੋਵੇ, ਜੋ ਕੁਦਰਤ ਵੱਲੋਂ ਨਿਰਮਿਤ ਖੁਰਾਕ ਹੈ, ਸਭ ਉਹ ਲੈਂਦੇ ਹਨ। ਇਹ ਪਤਾ ਨਹੀਂ ਕੀ ਸੁਆਹ ਖੇਹ ਖਾਂਦਾ ਹੈ। ਇਸ ਲਈ ਸੈਕਸ ਸੰਤਾਨ ਪ੍ਰਾਪਤੀ ਜਾਂ ਸੁੱਖ ਦੇ ਪਲ ਨਹੀਂ, ਇੱਕ ਯੁੱਧ ਹੈ, ਵਿਰੋਧੀ ਨੂੰ ਲਤਾੜਨ ਲਈ। ਆਦਮੀ ਤਾਂ ਕੀ ਜਾਂ ਜਾਨਵਰ ਵੀ ਕੁਦਰਤ ਵੱਲੋਂ ਮਿਲੇ ਅੰਗਾਂ ਦੀ ਸਹਿਵਾਸ ਲਈ ਵਰਤੋਂ ਕਰਦਾ ਹੈ, ਪਰ ਇਸ ਲਈ ਔਰਤ ਦੇ ਸਰੀਰ ਦਾ ਹਰ ਸੁਰਾਖ..।" ਨਵਨੀਤ ਦੀ ਧਾਹ ਨਿਕਲ ਗਈ ਸੀ।

"ਜੱਜ ਸਾਹਿਬ ਹੁਣ ਇਸ ਨੂੰ ਕੀ ਕਹਾਂ। ਇਹ ਫੋਰਥ ਜੈਂਡਰ ਨਹੀਂ ਤਾਂ ਹੋਰ ਕੀ ਹੈ।" ਨਵਨੀਤ ਅੱਖਾਂ 'ਤੇ ਹੱਥ ਰੱਖ ਡੁਸਕ ਰਹੀ ਸੀ।

"ਓ ਕੇ ਬੇਟਾ, ਨੋ ਮੋਰ।" ਜੱਜ ਦੀ ਕਲਮ ਕਾਗਜ਼ਾਂ 'ਤੇ ਫੈਸਲਾ ਲਿਖਣ ਲੱਗੀ।

## ਅਸੀਂ ਕਾਤਿਲ ਨਹੀਂ

"ਹੈਂ! ਤੁਹਾਨੂੰ ਵੀ ਪੰਛੀ ਮਰਿਆਂ ਦਾ ਦੁੱਖ ਹੋਇਆ, ਜਿਨ੍ਹਾਂ ਆਪਣੀ ਮਾਂ ਮਾਰ ਦਿੱਤੀ।" ਬਖ਼ਤੌਰ ਸਿੰਘ ਨੇ ਪਰਵਾਰ ਦੀ ਗੱਲ ਸੁਣਦਿਆਂ ਹੀ ਪੈਂਦੇ ਸੱਟੇ ਕਹਿ ਦਿੱਤਾ। ਸਾਰਾ ਪਰਵਾਰ ਇਕੱਠੇ ਹੋ ਕੱਲ੍ਹ ਦੀ ਸੋਸ਼ਲ ਮੀਡੀਆ 'ਤੇ ਚੱਲ ਰਹੀ ਇੱਕ ਵੀਡੀਓ ਬਾਬਤ ਗੱਲਬਾਤ ਕਰ ਰਿਹਾ ਸੀ ਜਿਸ ਵਿੱਚ ਇੱਕ ਕਿਸਾਨ ਦੁਆਰਾ ਕਣਕ ਦੇ ਵੱਢ ਨੂੰ ਲਗਾਈ ਅੱਗ ਕਾਰਨ ਖੇਤ ਵਿਚਲਾ ਦਰੱਖਤ ਸੜ ਗਿਆ ਸੀ ਤੇ ਦਰੱਖਤ ਦੇ ਖੋੜ ਵਿੱਚ ਤੋਤਾ ਤੇ ਬੱਚੇ ਵੀ ਸੜ ਗਏ ਸਨ। ਕੱਲ੍ਹ ਦਾ ਹਰ ਕੋਈ ਇਸ ਵੀਡੀਓ ਸੰਬੰਧੀ ਆਪਣੀ ਰਾਇ ਪ੍ਰਗਟ ਕਰ ਅੱਗੇ ਤੋਂ ਅੱਗੇ ਭੇਜ ਰਿਹਾ ਸੀ। ਬਖ਼ਤੌਰ ਸਿੰਘ ਦਾ ਮੁੰਡਾ ਜਗਦੇਵ ਸਿੰਘ ਤੇ ਪਰਵਾਰ ਇਸੇ ਵੀਡੀਓ 'ਤੇ ਦੁੱਖ ਪ੍ਰਗਟ ਕਰ ਰਿਹਾ ਸੀ ਕਿ ਮੌਕੇ 'ਤੇ ਹੀ ਬਖ਼ਤੌਰ ਸਿੰਘ ਨੇ ਨਵੀਂ ਗੱਲ ਕੱਢ ਮਾਰੀ ਸੀ ਤੇ ਸਾਰਾ ਟੱਬਰ ਹੈਰਾਨ ਹੋਇਆ ਉਸ ਵੱਲ ਵੇਖ ਰਿਹਾ ਸੀ।

"ਪਾਪਾ, ਇਹ ਕੀ ਕਹਿ ਰਹੇ ਹੋ, ਅਸੀਂ ਮੰਮੀ ਨੂੰ ਕਿਉਂ ਮਾਰਾਂਗੇ। ਉਹ ਤਾਂ ਨਾਮੁਰਾਦ ਬਿਮਾਰੀ ਕੈਂਸਰ ਨਾਲ ਮਰੇ ਸਨ।"

ਜਗਦੇਵ ਨੂੰ ਪਿਉ ਦੀ ਗੱਲ ਕਾਰਨ ਗੁੱਸਾ ਵੀ ਆਇਆ ਸੀ।

"ਇਹ ਕੈਂਸਰ ਕਿੱਥੋਂ ਆਇਆ ਸੀ, ਇਹ ਵੀ ਤਾਂ ਤੁਹਾਡੀ ਦੇਣ ਹੈ।" ਬਖ਼ਤੌਰ ਸਿੰਘ ਡਾਢੇ ਦੁੱਖ ਵਿੱਚ ਲੱਗਦਾ ਸੀ।

"ਸਾਡੀ ਦੇਣ...?" ਪਾਪਾ ਤੁਹਾਨੂੰ ਹੋ ਕੀ ਗਿਆ ਹੈ?

"ਹਾਂ ਤੁਹਾਡੀ, ਆਹ ਜਿਹੜੀਆਂ ਬੋਰੀਆਂ ਦੀਆਂ ਬੋਰੀਆਂ ਖ਼ਾਦਾਂ, ਅਣਗਿਣਤ ਸਪਰੇਹਾਂ, ਇਹ ਕੈਂਸਰ ਨਹੀਂ ਤਾਂ ਹੋਰ ਕੀ ਹੈ ?"

"ਪਰ ਪਾਪਾ, ਆਪਾਂ ਤਾਂ ਘਰ ਖਾਣ ਵਾਸਤੇ ਕਣਕ ਜਾਂ ਹੋਰ ਫ਼ਸਲਾਂ 'ਤੇ ਇਹ ਵਰਤਦੇ ਹੀ ਨਹੀਂ। ਉਹ ਤਾਂ ਔਰਗੈਨਿਕ ਹੁੰਦੀ ਹੈ, ਫਿਰ ਕੈਂਸਰ...?"

"ਚਾਰ ਕਨਾਲਾਂ ਨੂੰ ਛੱਡ ਕੇ ਬਾਕੀ ਜ਼ਮੀਨ 'ਤੇ ਕੀ ਕੁੱਝ ਪਾਇਆ, ਕੀ ਤੇਰੀ ਸਪਰੇਅ ਹਵਾ ਵਿੱਚ ਨਹੀਂ ਰਲਦੀ, ਬੇਲੋੜੀ ਖ਼ਾਦ ਪਾਣੀ ਰਾਹੀਂ ਧਰਤੀ ਅੰਦਰ ਨਹੀਂ ਜਾਂਦੀ। ਕੀ ਹਵਾ, ਪਾਣੀ ਔਰਗੈਨਿਕ ਰਹਿ ਜਾਂਦਾ। ਦੱਸ ਅਸੀਂ ਹਵਾ ਵਿੱਚ ਸਾਹ ਨਹੀਂ ਲੈਂਦੇ ਜਾਂ ਪਾਣੀ ਨਹੀਂ ਪੀਂਦੇ। ਇੱਥੋਂ ਹੀ ਤਾਂ ਕੈਂਸਰ ਬਣਦਾ, ਹੋਰ ਅਸਮਾਨੋਂ ਆਉਂਦਾ। ਨਾਲੇ ਆਪੇ ਹੀ ਕਹਿੰਦੇ ਹੋ ਧਰਤੀ ਅੰਦਰ ਯੂਰੇਨੀਅਮ ਮਿਲ ਰਿਹਾ ਹੈ। ਇਹ ਸਭ ਮਨੁੱਖੀ ਦੇਣ ਨਹੀਂ ਤਾਂ ਹੋਰ ਕੀ ਹੈ।"

"ਪਰ ਪਾਪਾ, ਹਰ ਕੋਈ ਇਉਂ ਕਰ ਰਿਹਾ ਹੈ, ਆਪਣੇ ਨਾ ਕਰਨ ਨਾਲ ਕੀ ਹੋ ਜਾਊ।"

"ਜੇ ਕੁੱਝ ਚੰਗਾ ਨਾ ਕਰਨਾ ਹੋਵੇ ਤਾਂ ਲੋਕਾਂ ਦਾ ਨਾਂਅ ਲਈ ਚੱਲੋ, ਸੁਧਾਰ ਤਾਂ ਆਪਣੇ ਆਪ ਤੋਂ ਹੀ ਸ਼ੁਰੂ ਹੁੰਦਾ।" ਕਹਿ ਬਖ਼ਤੌਰ ਸਿੰਘ ਕਮਰੇ ਅੰਦਰ ਚਲਾ ਗਿਆ ਸੀ।

"ਬਾਈ, ਕਿੰਨੀਆਂ ਬੋਰੀਆਂ ਟਰਾਲੀ 'ਚ ਰੱਖਾਂ?" ਰੋਟੀ ਖਾ ਕਾਮੇ ਨੇ ਜਗਦੇਵ ਸਿੰਘ ਨੂੰ ਪੁੱਛਿਆ ਸੀ।

"ਚਾਰ..।" ਜਗਦੇਵ ਨੇ ਕਿਸੇ ਖਿਆਲ ਵਿੱਚ ਡੁੱਬਿਆਂ ਸੰਖੇਪ ਜਵਾਬ ਦਿੱਤਾ।

"ਚਾਰ ! ਬਾਈ ਦੋ ਕਿੱਲਿਆਂ 'ਚ ਚਾਰ!! ਅੱਗੇ ਤਾਂ ਆਪਾਂ ਕਿੱਲੇ ਦੀਆਂ ਪੰਜ ਸੱਤ ਪਾਉਂਦੇ ਹਾਂ।" ਕਾਮਾ ਹੈਰਾਨ ਹੋਇਆ ਜਗਦੇਵ ਸਿੰਘ ਵੱਲ ਵੇਖ ਰਿਹਾ ਸੀ।

"ਨਹੀਂ ਬੀਰਿਆ, ਆਪਾਂ ਕਿਸਾਨ ਹਾਂ, ਕਾਤਿਲ ਨਹੀਂ। ਅਣਜਾਣੇ ਵਿੱਚ ਗ਼ਲਤੀ ਕਰਦੇ ਰਹੇ, ਜਾਣ ਕੇ ਗੁਨਾਹ ਨਹੀਂ ਕਰਾਂਗੇ। ਜੀਅ ਤਾਂ ਸਭ ਇੱਕੋ ਜਿਹੇ ਹਨ, ਭਾਵੇਂ ਉਹ ਪਸ਼ੂ-ਪੰਛੀ ਹੀ ਕਿਉਂ ਨਾ ਹੋਣ।" ਜਗਦੇਵ ਆਪਣੀ ਗੱਲ ਕਹਿ ਖੇਤ ਜਾਣ ਲਈ ਉੱਠ ਖੜ੍ਹਾ ਹੋਇਆ ਸੀ, ਬੀਰਾ ਅਜੇ ਵੀ ਭੰਬਲਭੂਸੇ ਪਿਆ ਹੋਇਆ ਸੀ।

## ਧੁੰਦ ਵਿਚਲਾ ਆਦਮੀ

"ਮੈਂ ਖਿੜਕੀ ਬੰਦ ਨਹੀਂ ਕਰਨੀ, ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਦੂਜੇ ਡੱਬੇ ਵਿੱਚ ਚਲੇ ਜਾਓ।" ਉਸ ਦੇ ਰੁੱਖੇ ਜਵਾਬ ਨੇ ਦੋਵੇਂ ਦੋਸਤਾਂ ਦਾ ਮੂਡ ਖਰਾਬ ਕਰ ਦਿੱਤਾ ਸੀ। ਗੱਲ ਵੀ ਕੁੱਝ ਨਹੀਂ ਸੀ, ਖਿੜਕੀ ਵਿੱਚੋਂ ਮਿੱਟੀ-ਘੱਟਾ ਆ ਰਿਹਾ ਸੀ ਅਤੇ ਬਾਹਰਲੀ ਹਵਾ ਅਤੇ ਸ਼ੋਰ ਵੀ ਤੰਗ ਕਰ ਰਿਹਾ ਸੀ, ਪਰ ਉਹ ਆਦਮੀ ਅੜੀ ਫੜੀ ਬੈਠਾ ਸੀ। ਉਸ ਦਾ ਰੁੱਖਾ ਰਵੱਈਆ ਵੀ ਬੜਾ ਚੁਭਵਾਂ ਸੀ। ਦੋਵੇਂ ਦੋਸਤ ਕਿਸੇ ਝਗੜੇ ਤੋਂ ਬਚਣ ਲਈ ਚੁੱਪ ਵੱਟ ਗਏ ਸਨ। ਵੈਸੇ ਵੀ ਉਸ ਨਾਲ਼ ਉਸ ਦੀ ਘਰਵਾਲੀ ਅਤੇ ਬੱਚੇ ਸਨ, ਜਿਸ ਕਰਕੇ ਸਮਾਜਿਕ, ਸੱਭਿਆਚਾਰ ਅਤੇ ਆਪਣੇ ਰੁਤਬੇ ਨੂੰ ਵੇਖ ਦੋਵਾਂ ਨੇ ਪਾਸਾ ਵੱਟ ਲਿਆ ਸੀ।

ਮਨਦੀਪ ਸਿੰਘ ਅਤੇ ਅਸਲਮ ਲੁਧਿਆਣੇ ਤੋਂ ਖੁਸ਼ੀ-ਖੁਸ਼ੀ ਗੱਡੀ ਵਿੱਚ ਸਵਾਰ ਹੋਏ ਸਨ। ਉਨ੍ਹਾਂ ਲਈ ਅੱਜ ਦੂਹਰੀ ਖੁਸ਼ੀ ਦਾ ਮੌਕਾ ਸੀ, ਇੱਕ ਤਾਂ ਕਾਲਜ ਦੇ ਪੁਰਾਣੇ ਦੋਸਤਾਂ ਦਾ ਮਿਲਣ ਹੋਇਆ ਸੀ ਤੇ ਦੂਸਰਾ ਦੋਨੋਂ ਕਲਕੱਤੇ ਵਿੱਚ ਹੋ ਰਹੀ ਮੈਡੀਕਲ਼ ਕਨਵੈਨਸ਼ਨ ਲਈ ਚੁਣੇ ਗਏ ਸਨ। ਹਫ਼ਤਾ ਭਰ ਲਈ ਪੁਰਾਣੇ ਕਿੱਸੇ ਕਹਾਣੀਆਂ ਨਵੇਂ ਕਰ ਖੁਸ਼ ਹੋਣ ਦਾ ਵਧੀਆ ਮੌਕਾ ਸੀ।

ਰਸਤੇ ਵਿੱਚੋਂ ਹੀ ਇਹ ਪਰਵਾਰ ਉਨ੍ਹਾਂ ਵਾਲੇ ਡੱਬੇ ਵਿੱਚ ਚੜ੍ਹਿਆ ਸੀ। ਲਖਨਊ ਤੱਕ ਤਾਂ ਬਹੁਤ ਭੀੜ ਰਹੀ, ਪਰ ਉਸ ਤੋਂ ਅੱਗੇ ਡੱਬਾ ਇਕਦਮ ਖਾਲ਼ੀ ਹੋ ਗਿਆ ਤੇ ਦੋਨੋਂ ਦੋਸਤ ਤੇ ਉਹ ਪਰਵਾਰ ਹੀ ਰਹਿ ਗਿਆ। ਅਸਲਮ ਨੇ ਖਿੜਕੀ ਬੰਦ ਕਰਨ ਲਈ ਕਿਹਾ ਤਾਂ ਉਸ ਆਦਮੀ ਨੇ ਬੜਾ ਰੁੱਖਾ ਵਿਹਾਰ ਕੀਤਾ, ਹਾਲਾਂਕਿ ਦੋਵੇਂ ਦੋਸਤ ਸਫ਼ਰ ਨੂੰ ਵਧੀਆ ਬਣਾਉਣ ਅਤੇ ਡੱਬੇ ਦਾ ਮਾਹੌਲ ਸੁਖਾਵਾਂ ਰੱਖਣ ਲਈ ਉਨ੍ਹਾਂ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ ਤੇ ਖ਼ਾਸ ਕਰ ਬੱਚਿਆਂ ਨਾਲ ਘੁਲ਼ਣਾ-ਮਿਲਣਾ ਚਾਹੁੰਦੇ ਸਨ, ਪਰ ਉਹ ਪਰਵਾਰ ਬੜਾ ਡਰਿਆ ਤੇ ਸਹਿਮਿਆ ਹੋਇਆ ਪ੍ਰਤੀਤ ਹੋ ਰਿਹਾ ਸੀ। ਬੱਚਿਆਂ ਨੂੰ ਵੀ ਉਨ੍ਹਾਂ ਬੁੱਕਲ਼ ਵਿੱਚੋਂ ਨਹੀਂ ਨਿਕਲਣ ਦਿੱਤਾ। ਲਖਨਊ ਨਿਕਲਦਿਆਂ ਹੀ ਮਨਦੀਪ ਨੇ ਦਰਵਾਜ਼ਾ ਬੰਦ ਕਰਨਾ ਚਾਹਿਆ ਤਾਂ ਉਹ ਆਦਮੀ ਫਿਰ ਭੜਕ ਪਿਆ, "ਮੈਂ ਜਾਣਦਾ ਹਾਂ ਤੁਸੀਂ ਭੇਸ ਵਟਾ ਕੇ ਸਫ਼ਰ ਕਰ ਰਹੇ ਕੋਈ ਅੱਤਵਾਦੀ ਹੋ, ਤੁਸੀਂ ਸਾਨੂੰ ਲੁੱਟਣਾ-ਮਾਰਨਾ ਚਾਹੁੰਦੇ ਹੋ ...।" ਉਸ ਨੇ ਉੱਠ ਕੇ ਦਰਵਾਜ਼ੇ ਨੂੰ ਜਾ ਹੱਥ ਪਾਇਆ। ਦੋਵਾਂ ਨੇ ਹੈਰਾਨ ਹੁੰਦਿਆਂ ਉਸ ਆਦਮੀ ਵੱਲ ਵੇਖਿਆ। ਮਨਦੀਪ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਇਲਾਕੇ ਵਿੱਚ ਰਾਤ ਨੂੰ ਲੁਟੇਰੇ ਡੱਬਿਆਂ ਵਿੱਚ ਵੜ ਯਾਤਰੂਆਂ ਨੂੰ ਲੁੱਟ ਲੈਂਦੇ ਹਨ ਅਤੇ ਕਈ ਵਾਰ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ ਪਰ ਉਹ ਆਦਮੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਅਜੇ ਕੁੱਝ ਹੀ ਸਮਾਂ ਬੀਤਿਆ ਸੀ ਕਿ ਉਹੋ ਗੱਲ ਹੋਈ, ਜਿਸ ਦਾ ਡਰ ਸੀ। ਲੁਟੇਰੇ ਹਥਿਆਰਾਂ ਨਾਲ ਲੈਸ ਡੱਬੇ ਅੰਦਰ ਵੜਨ ਲੱਗੇ, ਪਰ ਮਨਦੀਪ ਨੇ ਫੁਰਤੀ ਨਾਲ ਰੋਕ ਦਰਵਾਜ਼ਾ ਬੰਦ ਕਰ ਲਿਆ, ਪਰ ਖਿੜਕੀ ਵਿੱਚੋਂ ਕੀਤੇ ਹਮਲੇ ਕਾਰਨ ਬੱਚਾ ਜ਼ਖਮੀ ਹੋ ਗਿਆ। ਅਸਲਮ ਨੇ ਬੱਚੇ ਨੂੰ ਸੰਭਾਲਿਆ ਤੇ ਕੱਪੜਾ ਬੰਨ੍ਹ ਵਗਦਾ ਖੂਨ ਰੋਕਿਆ। "ਮੈਂ ਤੁਹਾਨੂੰ ਕਿਹਾ ਸੀ ਕਿ...।" ਮਨਦੀਪ ਗੁੱਸੇ ਵਿੱਚ ਕੁੱਝ ਬੋਲਦਾ, ਅਸਲਮ ਨੇ ਮੂੰਹ 'ਤੇ ਹੱਥ ਰੱਖ ਰੋਕ ਲਿਆ ਸੀ। "ਸੌਰੀ ਭਾਈ ਸਾਹਿਬ, ਦਰਅਸਲ ਮੈਂ ਤੁਹਾਡੇ ਨਾਂਵਾਂ ਅਤੇ ਪਹਿਰਾਵੇ ਤੋਂ ਤੁਹਾਨੂੰ ਖਤਰਨਾਕ ਅੱਤਵਾਦੀ ਸਮਝ ਰਿਹਾ ਸੀ। ਮੈਨੂੰ ਡਰ ਸੀ ਕਿ ਤੁਸੀਂ ਸਮੇਤ ਪਰਵਾਰ ਸਾਨੂੰ ਮਾਰੋਗੇ, ਇਸ ਲਈ...।" ਉਸ ਨੇ ਹੱਥ ਜੋੜਦਿਆਂ ਮਾਫੀ ਮੰਗੀ।

"ਅਸੀਂ ਡਾਕਟਰ ਹਾਂ ਤੇ ਕਨਵੈਨਸ਼ਨ ਲਈ ਜਾ ਰਹੇ ਹਾਂ। ਦੂਸਰੇ ਧਰਮਾਂ ਦੇ ਵੇਖ ਸਾਨੂੰ ਆਪਣਾ ਦੁਸ਼ਮਣ ਸਮਝ ਲਿਆ।" ਮਨਦੀਪ ਅਜੇ ਵੀ ਸ਼ਾਂਤ ਨਹੀਂ ਸੀ ਹੋਇਆ।"

ਸੌਰੀ ਵੀਰ ਜੀ, ਹੁਣ ਧਰਮ ਮਨ ਦੀ ਸ਼ਾਂਤੀ ਦੀ ਚੀਜ਼ ਨਹੀਂ, ਸਗੋਂ ਮਨ ਦੀ ਹਉਮੈਂ ਬਣ ਗਿਆ ਹੈ। ਜਦੋਂ ਮੀਡੀਆ ਦਿਨ-ਰਾਤ ਨਫ਼ਰਤ ਦੀ ਧੁੰਦ ਫੈਲਾ ਰਿਹਾ ਹੋਵੇ ਤਾਂ ਉਸ ਵਿਚਲਾ ਆਦਮੀ ਕਿਹੋ ਜਿਹਾ ਹੋਵੇਗਾ।" ਔਰਤ ਦੀਆਂ ਅੱਖਾਂ ਵਿਚਲੇ ਹੰਝੂਆਂ ਵਿੱਚ ਤਰਲਾ ਝਲਕ ਰਿਹਾ ਸੀ।

## ਜੜ੍ਹਾਂ ਫਿਰ ਫੁਟਦੀਆਂ

ਸਾਰਾ ਪਿੰਡ ਮੂੰਹ ਵਿੱਚ ਉਂਗਲਾਂ ਲੈ ਤ੍ਰਾਹ-ਤ੍ਰਾਹ ਕਰ ਰਿਹਾ ਸੀ, ਇਹ ਕੀ ਭਾਣਾ ਵਰਤ ਗਿਆ? ਉਹ ਤਾਂ ਭਲਾ ਹੋਵੇ ਗੰਗੀ ਦਾ, ਜੋ ਮੋਟਰ 'ਤੇ ਪਾਣੀ ਪੀਣ ਗਿਆ ਸੀ ਤੇ ਵੇਖ ਕੇ ਰੌਲਾ ਪਾਇਆ। ਭੱਜ-ਨੱਠ ਕਰ ਨਮਕੀਨ ਪਾਣੀ ਪਿਆ, ਉਲਟੀਆਂ ਕਰਵਾਈਆਂ। ਦੋ ਜਣਿਆਂ ਮੋਟਰਸਾਈਕਲ 'ਤੇ ਬਿਠਾ ਪਿੰਡ ਲਿਆਂਦਾ ਤੇ ਇੱਥੋਂ ਸ਼ਹਿਰ ਹਸਪਤਾਲ ਪਹੁੰਚਾਇਆ। ਜੇ ਕਿਤੇ ਗੰਗੀ ਨਾ ਵੇਖਦਾ ਤਾਂ...ਸੋਚ ਕੇ ਧੁੜਧੜੀ ਆਉਂਦੀ। ਧੀ ਪੁੱਤ ਵੇਖ ਕੇ ਠਠੰਬਰ ਗਏ ਤੇ ਘਰਵਾਲੀ ਤਾਂ ਗਸ਼ ਖਾ ਡਿੱਗ ਪਈ ਸੀ। ਬਜ਼ੁਰਗ ਪਿਉ ਪੱਥਰ ਦੀ ਮੂਰਤ ਵਾਂਗ ਬਿੱਟਰ-ਬਿੱਟਰ ਝਾਕੀ ਜਾਂਦਾ ਸੀ। ਆਸ-ਪਾਸ ਨੇ ਹਿੰਮਤ ਕਰ ਹਸਪਤਾਲ ਪਹੁੰਚਾ ਦਿੱਤਾ ਸੀ ਅਤੇ ਸਮੇਂ ਸਿਰ ਇਲਾਜ ਸ਼ੁਰੂ ਹੋ ਗਿਆ ਸੀ।

ਅੱਜ ਦੋ ਦਿਨ ਬਾਅਦ ਜੋਗਿੰਦਰ ਨੂੰ ਸੁਰਤ ਆਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਪਾਣੀ ਵਹਿ ਤੁਰਿਆ। ਇੱਕ ਪਾਸੇ ਘਰਵਾਲੀ ਬੈਠੀ ਲੱਤਾਂ-ਬਾਹਾਂ ਘੁੱਟੀ ਜਾਂਦੀ ਸੀ ਅਤੇ ਸਾਹਮਣੇ ਬੈਠਾ ਪਿਉ ਮੂਕ ਅਰਦਾਸਾਂ ਕਰੀ ਜਾ ਰਿਹਾ ਸੀ। ਜਦੋਂ ਅੱਜ ਉਸ ਨੇ ਅੱਖ ਪੱਟੀ ਅਤੇ ਜ਼ੁਬਾਨ ਖੋਲ੍ਹੀ ਸੀ ਤਾਂ ਜਾ ਕੇ ਸਭ ਨੂੰ ਸੁੱਖ ਦਾ ਸਾਹ ਆਇਆ ਸੀ।

"ਪੁੱਤ ਗਿੰਦਰਾ, ਤੂੰ ਇਹ ਕੀ ਕਮਲ ਮਾਰਿਆ। ਤੈਨੂੰ ਜੁਆਕਾਂ 'ਤੇ ਵੀ ਤਰਸ ਨਾ ਆਇਆ।" ਬਜ਼ੁਰਗ ਨੇ ਪਿਉ ਵਾਲੇ ਹੱਕ ਨਾਲ ਨਹੋਰਾ ਮਾਰਿਆ।

"ਬਸ ਬਾਪੂ ਜੀ, ਉੱਜੜੀ ਫਸਲ ਤੇ ਘਰ ਦੇ ਖਰਚੇ ਵੇਖ..।" ਗੱਲ ਉਸ ਤੋਂ ਪੂਰੀ ਨਾ ਹੋਈ।

ਜੋਗਿੰਦਰ ਨੇ ਮਾਰੀ ਗਈ ਫਸਲ ਅਤੇ ਵਧਦੇ ਕਰਜ਼ੇ ਨੂੰ ਵੇਖ ਖੇਤ ਜਾ ਸਪਰੇਅ ਪੀ, ਇਸ ਔਖ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣਾ ਚਾਹਿਆ ਸੀ। ਉਸੇ ਸਮੇਂ ਪਾਣੀ ਪੀਣ ਆਏ ਗੰਗੀ ਨੇ ਉਸ ਨੂੰ ਵੇਖ ਬਚਾ ਲਿਆ ਸੀ।

"ਪੁੱਤ, ਮੇਰੇ ਵੱਲ ਵੇਖ, ਮੇਰੇ ਨਾਲੋਂ ਜ਼ਿਆਦਾ ਔਕੜਾਂ ਤਾਂ ਨਹੀਂ ਵੇਖੀਆਂ। ਆਪਣਾ ਹੀ ਦੇਸ਼ ਜਦੋਂ ਬਿਗਾਨਾ ਹੋ ਗਿਆ ਤਾਂ ਵੱਸਦੇ-ਰਸਦੇ ਘਰ ਅਤੇ ਜੰਮੀਆਂ ਫਸਲਾਂ ਛੱਡ ਤੁਰ ਪਏ ਸਾਂ। ਗੱਡਾ ਭਰ ਸਾਮਾਨ ਦਾ ਤੁਰਿਆ ਸੀ, ਰਸਤੇ ਵਿੱਚ ਧਾੜਵੀਆਂ ਨਾਲ ਟੱਕਰਾਂ ਲੈਂਦਿਆਂ, ਪਹਿਲਾਂ ਸਾਮਾਨ ਗੁਆਇਆ, ਅਖੀਰ ਗੱਡਾ ਵੀ ਛੱਡਣਾ ਪਿਆ। ਬੜੀ ਔਖ ਨਾਲ ਤੈਨੂੰ ਤੇ ਤੇਰੀ ਮਾਂ ਨੂੰ ਬਚਾ ਖਾਲੀ ਹੱਥ ਇੱਧਰ ਆਇਆ। ਛੇ ਮਹੀਨੇ ਧੱਕੇ ਖਾਣ ਬਾਅਦ ਜ਼ਮੀਨ ਅਲਾਟ ਹੋਈ। ਮੁਰੱਬੇਬੰਦੀ ਵੇਲੇ ਤਕੜਿਆਂ ਫਿਰ ਧੋਖਾ ਕਰ ਮਾੜੀਆਂ ਜ਼ਮੀਨਾਂ ਪੱਲੇ ਪਾ ਦਿੱਤੀਆਂ। ਦੋ-ਤਿੰਨ ਸਾਲ ਅੱਧ-ਪਚੱਧੀ ਖਾ ਜ਼ਿੰਦਗੀ ਗੁਜ਼ਾਰੀ। ਦਿਨ-ਰਾਤ ਦੀ ਮਿਹਨਤ ਨਾਲ ਮਸਾਂ ਪੈਰਾਂ ਸਿਰ ਹੋਏ। ਤੇਰੇ ਕੋਲ ਰਿਸ਼ਤੇਦਾਰ, ਮਿੱਤਰ ਸਭ ਕੁੱਝ ਹੈ, ਮੇਰੇ ਕੋਲ ਤਾਂ ਨੰਗੇ ਧੜ ਤੋਂ ਇਲਾਵਾ ਕੁੱਝ ਵੀ ਨਹੀਂ ਸੀ।" ਪਿਉ ਦਾ ਗੱਲ ਕਰਦਿਆਂ ਗੱਚ ਭਰ ਆਇਆ ਸੀ।

"ਕੀ ਕਰਾਂ ਬਾਪੂ, ਖੇਤ ਕੁੱਝ ਦਿਸਦਾ ਨਹੀਂ ਤੇ ਖਰਚੇ..।" ਜੋਗਿੰਦਰ ਮਸਾਂ ਹੀ ਕਹਿ ਸਕਿਆ।

"ਪੁੱਤ ਵੇਖ, ਤੂਫ਼ਾਨ ਨਾਲ ਜਦੋਂ ਕੋਈ ਦਰੱਖਤ ਡਿੱਗ ਪੈਂਦਾ ਤਾਂ ਲੱਗਦਾ ਸਭ ਖ਼ਤਮ ਹੋ ਗਿਆ, ਪਰ ਸਮਾਂ ਪੈਣ 'ਤੇ ਜੜ੍ਹਾਂ ਫਿਰ ਫੁੱਟ ਪੈਂਦੀਆਂ ਤੇ ਦਰੱਖਤ ਬਣ ਜਾਂਦੀਆਂ। ਬਸ ਸਬਰ ਰੱਖਣਾ ਪੈਂਦਾ।" ਜੋਗਿੰਦਰ ਨੇ ਦੋਵੇਂ ਹੱਥਾਂ ਵਿੱਚ ਪਿਉ ਦਾ ਹੱਥ ਘੁੱਟ ਲਿਆ ਸੀ।

ਸ.ਫ਼ਾ 2 ਦੀ ਬਾਕੀ

## ਵਿਸ਼ਵ ਸਿਹਤ ਸੰਗਠਨ ਲਈ ਚੁਣੌਤੀ...

ਦੇ ਆਪਣੇ ਨਿਯਮ ਹਨ, ਜੇਕਰ ਕੋਈ ਵਿਅਕਤੀ ਸ਼ਰ੍ਹਾ ਟੱਪ ਕੇ ਅੰਦਰ ਜਾ ਹੀ ਵੜਦਾ ਹੈ, ਉਸ ਨੂੰ ਨਿਯਮਾਂ ਦੀਆਂ ਬੇੜੀਆਂ ਪਾ ਦਿੱਤੀਆਂ ਜਾਂਦੀਆਂ ਹਨ, ਉਹ ਬਾਹਰ ਨਿਕਲ ਨਹੀਂ ਸਕਦਾ। ਮਨੁੱਖ ਦੀ ਮਾਨਸਿਕ ਪ੍ਰੇਸ਼ਾਨੀ ਇੱਥੋਂ ਸ਼ੁਰੂ ਹੋ ਜਾਂਦੀ ਹੈ, ਕਿਉਂਕਿ ਹਰ ਸ਼ਰ੍ਹਾ ਦਾ ਪੈਰੋਕਾਰ ਆਪਣੇ ਅਸੂਲਾਂ ਨੂੰ ਉੱਤਮ ਦੱਸ ਕੇ ਜ਼ਿੱਦ ਕਰ ਰਿਹਾ ਹੁੰਦਾ ਹੈ। ਮਨੁੱਖ ਦੀ ਫੈਸਲਾ ਸ਼ਕਤੀ ਨੂੰ ਆਪਣੇ ਹੱਥ 'ਚ ਲੈ ਲਿਆ ਜਾਂਦਾ ਹੈ। ਉਹ ਮਨੁੱਖ ਜਨੂੰਨ ਦੀ ਹੱਦ ਤੱਕ ਜਾਂਦਾ ਹੈ।

ਕਈ ਵਾਰ ਸੱਭਿਆਚਾਰ ਜੋ ਸਮਾਜ 'ਚੋਂ ਉਤਪੰਨ ਦਰਪਣ ਹੁੰਦਾ ਹੈ, ਇਸ ਮਾਨਸਿਕ ਰੋਗ ਨੂੰ ਕਾਫੀ ਉਛਾਲ ਦਿੰਦਾ ਹੈ। ਜਿਵੇਂ ਕਾਮਕ ਗੀਤਾਂ ਦੀ ਉੱਪਜ ਮਨੁੱਖ ਨੂੰ ਹੱਲਾਸ਼ੇਰੀ ਦੇ ਕੇ ਉਤੇਜਤ ਕਰਕੇ ਕਈ ਘਟਨਾਵਾਂ ਵਾਪਰਨ ਤੱਕ ਲੈ ਜਾਂਦਾ ਹੈ। ਜਿਵੇਂ ਹਥਿਆਰਾਂ ਦਾ ਵਿਖਾਵਾ, ਸ਼ਰਾਬ ਨੂੰ ਲਹਿੰਗੇ 'ਤੇ ਡੋਲ੍ਹ ਦਊਂ ਦੀ ਉਤੇਰਨਾ ਇਹ ਮਨ ਨੂੰ ਹੱਲਾਸ਼ੇਰੀ ਤੱਕ ਦੇ ਕੇ ਅਸਲ ਕਰਮ ਤੱਕ ਲੈ ਜਾਂਦਾ ਹੈ। ਕਈ ਵਾਰ ਤੇਜ਼ਾਬ ਦਾ ਚਿਹਰੇ 'ਤੇ ਹਮਲਾ ਇਸੇ ਰੂਪ ਦਾ ਹਿੱਸਾ ਹੈ। ਅਸਲ 'ਚ ਮਾਨਸਿਕ ਰੋਗ ਹੈ।

ਅੱਜ ਮਾਨਸਿਕ ਰੋਗ ਪੂਰੀ ਤਰ੍ਹਾਂ ਮਨੁੱਖਤਾ 'ਤੇ ਹਮਲਾਵਰ ਹੋ ਚੁੱਕਾ ਹੈ। ਜਿਵੇਂ ਬਣਦੇ ਕੰਮ 'ਚ ਦੇਰੀ ਨੂੰ ਧਾਗੇ-ਤਬੀਤਾਂ, ਰੁੱਖਾਂ, ਗੁੱਟਾਂ, ਪੈਰਾਂ ਨੂੰ ਬੰਨ੍ਹ ਟਾਲਣ ਦਾ ਉਦੇਸ਼ ਦੂਜੇ ਵਿਅਕਤੀ ਰਾਹੀਂ ਬੁਰੇ ਪ੍ਰਭਾਵਾਂ ਨੂੰ ਦੂਰ ਕਰਨ ਦੀ ਵਿਧੀ ਸਮਝਿਆ ਜਾਂਦਾ ਹੈ, ਪਰ ਅਸਲ 'ਚ ਮਨੁੱਖ ਅੰਦਰ ਸ਼ਕਤੀ ਦੀ ਘਾਟ ਹੁੰਦੀ ਹੈ, ਜੋ ਅੱਜ ਵਿਗਿਆਨ ਰਾਹੀਂ ਉਤਪੰਨ ਕਰਨ ਜਾਂ ਜਾਗਰਿਤ ਕਰਨ ਦੀ ਲੋੜ ਹੈ। ਅਸਲ 'ਚ ਸਾਨੂੰ ਆਪ ਖਾਹਿਸ਼ਾਂ ਦੇ ਅੰਬਾਰ 'ਚੋਂ ਆਪਣੀ ਤ੍ਰਿਪਤੀ ਜਾਂ ਲੋੜ ਮੁਤਾਬਕ ਸਾਧਨਾਂ ਨੂੰ ਇਕੱਤਰ ਕਰਕੇ ਕੰਮ ਨੂੰ ਪੂਰਾ ਕਰਨ ਦੀ ਸ਼ਕਤੀ ਨੂੰ ਉਪਯੋਗ 'ਚ ਲਿਆਉਣ ਦੀ ਸਮਝ ਪੈਦਾ ਕਰਨੀ ਚਾਹੀਦੀ ਹੈ। ਇਸ ਲਈ ਸਰਕਾਰੀ ਕੰਮਕਾਜ 'ਚ ਪ੍ਰਬੰਧ ਨੂੰ ਚੁਸਤ ਹੋਣਾ ਪਵੇਗਾ। ਸਮਾਜ 'ਚ ਆਧੁਨਿਕ ਸੋਚ ਪੈਦਾ ਕਰਨ ਲਈ ਮਨੁੱਖ ਨੂੰ ਆਪਣੇ ਗਿਆਨ 'ਚ ਪ੍ਰਪੱਕ ਹੋਣਾ ਪਵੇਗਾ। ਜਿੰਨੀਆਂ ਖਾਹਿਸ਼ਾਂ ਘੱਟ ਹੋਣਗੀਆਂ, ਓਨੇ ਮਾਨਸਿਕ ਰੋਗ ਘੱਟ ਹੋਣਗੇ। ਓਨਾ ਸਰੀਰ ਤਾਕਤਵਰ ਹੋਵੇਗਾ, ਜਿੰਨਾ ਮਾਨਸਿਕ ਤਨਾਓ ਘੱਟ ਹੋਵੇਗਾ। ਸਰਕਾਰੀ ਕੰਮਾਂ ਲਈ ਸਰਕਾਰ ਜ਼ਿੰਮੇਵਾਰ ਹੈ। ਪਰਵਾਰਕ ਜ਼ਿੰਮੇਵਾਰੀ ਲਈ ਮਨੁੱਖ। ਸਰਕਾਰ ਅਤੇ ਪਰਵਾਰ ਲਈ ਮਨੁੱਖ ਦਾ ਮਾਨਸਿਕ ਅਰੋਗੀ ਹੋਣਾ ਜ਼ਰੂਰੀ ਹੈ। ਲੋੜਾਂ ਤੋਂ ਬਹੁਤ ਵੱਧ ਇਕੱਠਾ ਕਰਨਾ ਮਾਨਸਿਕ ਰੋਗ ਹੈ।

ਜਿਸੇ ਕਛੂ ਨਾ ਚਾਹੀਏ ਬਹੀ ਸ਼ਹਿਨਸ਼ਾਹ

ਬਹੁਤੀਆਂ ਮਿਰਗਤ੍ਰਿਸ਼ਨਾ ਦੀਆਂ ਖਾਹਿਸ਼ਾਂ 'ਚੋਂ ਸਾਰਥਿਕ ਖਾਹਿਸ਼ ਨੂੰ ਹੀ ਜੀਵਤ ਰੱਖੋ। ਮਹਾਨ ਵਿਗਿਆਨੀ ਆਈਨਸਟਾਈਨ ਦਾ ਕਥਨ ਹੈ :-

ਮੈਂ ਪਰਮਾਣੂ ਬੰਬ ਤੋਂ ਨਹੀਂ ਡਰਦਾ
ਪਰ ਮਨੁੱਖ ਦੇ ਮਨ ਤੋਂ ਡਰਦਾ ਹਾਂ
ਕਿਉਂਕਿ ਮਨ ਦਾ ਰੋਗ ਹੱਦਾਂ ਟੱਪ ਕੇ ਸਰਹੱਦਾਂ 'ਚ ਤਨਾਅ ਪੈਦਾ ਕਰ ਦਿੰਦਾ ਹੈ।

*ਸੰਪਰਕ : 004-910-2332*

ਸ.ਫ਼ਾ 1 ਦੀ ਬਾਕੀ

## ਭਾਰਤ ਦੀ ਅਜੋਕੀ ਸਿਆਸੀ ਸਥਿਤੀ...

ਦਿੱਤੀ, ਜਿਸ ਤੋਂ ਬਿਨਾਂ ਉਹ ਅੰਦੋਲਨ ਡੋਲ ਸਕਦਾ ਸੀ। ਇਸੇ ਤਰ੍ਹਾਂ ਪਹਿਲਵਾਨ ਔਰਤਾਂ ਦੇ ਸੰਘਰਸ਼ ਵਿੱਚ ਕਿਸਾਨ ਯੂਨੀਅਨਾਂ ਦੀ ਸ਼ਮੂਲੀਅਤ ਨੇ ਅਹਿਮ ਭੂਮਿਕਾ ਨਿਭਾਈ। ਕਿਸਾਨ ਜਥੇਬੰਦੀਆਂ ਦਾ ਸਹਿਯੋਗ ਅੰਦੋਲਨਕਾਰੀਆਂ ਵਿੱਚ ਇਸ ਭਾਵਨਾ ਨੂੰ ਉਤਸ਼ਾਹਿਤ ਕਰਦਾ ਰਿਹਾ ਕਿ ਲੋਕ ਉਨ੍ਹਾਂ ਦੇ ਨਾਲ ਹਨ।

ਹੁਣ ਤੁਸੀਂ ਭਾਰਤੀ ਰਿਆਸਤ ਦੇ ਫ਼ਿਕਰਾਂ ਨੂੰ ਦੇਖੋ। ਉਨ੍ਹਾਂ ਫ਼ਿਕਰਾਂ ਵਿੱਚ ਕਸ਼ਮੀਰ ਤੇ ਮਨੀਪੁਰ ਬਾਰੇ ਫ਼ਿਕਰ ਸ਼ਾਮਲ ਨਹੀਂ ਹਨ; ਇਹ ਫ਼ਿਕਰ ਸ਼ਾਮਲ ਨਹੀਂ ਕਿ ਦੇਸ਼ ਦੀ ਵੱਡੀ ਘੱਟ-ਗਿਣਤੀ ਦੇ ਲੋਕਾਂ ਨਾਲ ਵਿਤਕਰਾ ਹੋ ਰਿਹਾ ਹੈ, ਉਨ੍ਹਾਂ ਵਿੱਚ ਬੇਗਾਨਗੀ ਤੇ ਉਦਾਸੀਨਤਾ ਪਣਪ ਰਹੀ ਹੈ। ਉਨ੍ਹਾਂ ਨੂੰ ਇਹ ਫ਼ਿਕਰ ਨਹੀਂ ਕਿ ਸੰਵਿਧਾਨਕ ਸੰਸਥਾਵਾਂ ਦੀ ਸਾਖ਼ ਨੂੰ ਖੋਰਾ ਲੱਗ ਰਿਹਾ ਹੈ, ਉਹ ਕਮਜ਼ੋਰ ਤੇ ਗ਼ੈਰ-ਜਮਹੂਰੀ ਹੋ ਰਹੀਆਂ ਹਨ। ਉਨ੍ਹਾਂ ਨੂੰ ਫ਼ਿਕਰ ਨਹੀਂ ਕਿ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ ਅਤੇ ਆਰਥਿਕ ਗ਼ੈਰਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ।

ਉਨ੍ਹਾਂ ਦੇ ਫ਼ਿਕਰ ਕੀ ਹਨ : ਜੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਇਹ ਪੱਖ, ਜਿਨ੍ਹਾਂ ਨੂੰ ਉਹ ਦੇਸ਼ ਨੂੰ ਨਵੀਂ ਨੁਹਾਰ ਦੇਣ ਵਾਲੇ ਮੰਨਦੇ ਹਨ, ਇਹ ਹਨ : ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ; ਦੇਸ਼ ਦੀ ਪੁਰਾਤਨਤਾ ਬਹਾਲ ਹੋਣੀ ਚਾਹੀਦੀ ਹੈ ਅਤੇ ਉਸ ਦਾ ਗੌਰਵ ਸਥਾਪਤ ਹੋਣਾ ਚਾਹੀਦਾ ਹੈ; ਦੇਸ਼ ਨੂੰ ਵੀ.ਡੀ. ਸਾਵਰਕਰ ਤੇ ਨੱਥੂ ਰਾਮ ਗੋਡਸੇ ਵਰਗੇ ਨਾਇਕ ਮਿਲਣੇ ਚਾਹੀਦੇ ਹਨ; ਘੱਟਗਿਣਤੀਆਂ ਨੂੰ ਆਪਣਾ ਥਾਂ ਦਿਖਾਉਣਾ ਚਾਹੀਦਾ ਹੈ ਅਤੇ ਇਹ ਸਥਾਪਤ ਕਰਨਾ ਚਾਹੀਦਾ ਹੈ ਕਿ ਇਹ ਦੇਸ਼ ਬੁਨਿਆਦੀ ਤੌਰ 'ਤੇ ਬਹੁਗਿਣਤੀ ਫ਼ਿਰਕੇ ਦਾ ਹੀ ਦੇਸ਼ ਹੈ। ਉਨ੍ਹਾਂ ਦਾ ਫ਼ਿਕਰ ਹੈ ਕਿ ਕਾਰਪੋਰੇਟ ਘਰਾਣਿਆਂ ਦੀ ਤਰੱਕੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਦੌਲਤ ਵਧਣੀ ਚਾਹੀਦੀ ਹੈ; ਵਿਕਾਸ ਚਮਕ-ਦਮਕ ਵਾਲ਼ਾ ਹੋਣਾ ਚਾਹੀਦਾ ਹੈ; ਲੋਕਾਂ ਨੂੰ ਨਿਤਾਣੇ ਤੇ ਸਰਕਾਰ ਦੇ ਨਿਰਭਰ ਹੋਣ ਵਾਲੀ ਵਸਤੂ ਬਣਾ ਦਿੱਤਾ ਜਾਣਾ ਚਾਹੀਦਾ ਹੈ।

ਦਮਨਕਾਰੀ ਪੱਖ ਤੋਂ ਦੇਖੋ ਤਾਂ ਰਿਆਸਤ ਦਾ ਮੁੱਖ ਫ਼ਿਕਰ ਹੈ ਕਿ ਮਾਓਵਾਦ ਦਾ ਖ਼ਾਤਮਾ ਕਰਨਾ ਤੇ ਇਸ ਲਈ ਭਰਪੂਰ ਯਤਨ ਵੀ ਹੋ ਰਹੇ ਹਨ ਅਤੇ ਇਸ ਦਾ ਭਰਪੂਰ ਪ੍ਰਚਾਰ ਵੀ ਹੋ ਰਿਹਾ ਹੈ। ਉਨ੍ਹਾਂ ਦਾ ਫ਼ਿਕਰ ਇਹ ਵੀ ਹੈ ਕਿ ਨਿਆਂ ਸਿਰਫ਼ ਰਿਆਸਤ ਕਰੇ ਤੇ ਉਹ ਨਿਆਂ ਬੁਲਡੋਜ਼ਰਾਂ ਤੇ ਕਾਨੂੰਨਾਂ ਦੀ ਗ਼ੈਰ-ਜਮਹੂਰੀ ਤੇ ਗ਼ੈਰ-ਕਾਨੂੰਨੀ ਵਰਤੋਂ ਰਾਹੀਂ ਕੀਤਾ ਜਾਵੇ ਤੇ ਤੁਰੰਤ ਕੀਤਾ ਜਾਵੇ। ਉਹ ਵਿਅਕਤੀ ਜਿਹੜੇ ਲੋਕ ਹਿੱਤਾਂ, ਸਮਾਜਿਕ ਏਕਤਾ ਆਦਿ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਸ਼ਹਿਰੀ ਨਕਸਲੀ, ਟੁਕੜੇ-ਟੁਕੜੇ ਗੈਂਗ, ਦੇਸ਼ ਧ੍ਰੋਹੀ ਮੰਨਿਆ ਜਾਵੇ; ਇਸ ਸਭ ਕੁਝ ਦਾ ਪ੍ਰਚਾਰ ਹੋ ਰਿਹਾ ਹੈ, ਪਰ ਰਿਆਸਤ ਦਾ ਇੱਕ ਹੋਰ ਦਮਨਕਾਰੀ ਨਿਸ਼ਾਨਾ ਇਹ ਹੈ, ਜਿਸ ਬਾਰੇ ਕੋਈ ਪ੍ਰਚਾਰ ਨਹੀਂ ਹੋ ਰਿਹਾ, ਪਰ ਜਿਸ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ, ਉਹ ਹੈ ਪੰਜਾਬ ਦੀ ਕਿਸਾਨ ਏਕਤਾ ਨੂੰ ਭੰਗ ਕਰਨਾ ਅਤੇ ਰਿਆਸਤ ਨੂੰ ਇਸ ਵਿੱਚ ਕਾਮਯਾਬੀ ਵੀ ਮਿਲੀ ਹੈ। ਅਤੇ ਇਹ ਕੰਮ ਚੁੱਪ-ਚਾਪ ਹੋ ਰਿਹਾ ਹੈ।

ਇੱਥੇ ਇਹ ਸਵਾਲ ਪੁੱਛੇ ਜਾ ਸਕਦੇ ਹਨ ਕਿ ਕੀ ਲੋਕਾਂ ਨੂੰ ਉਨ੍ਹਾਂ ਆਗੂਆਂ ਤੇ ਜਥੇਬੰਦੀਆਂ ਤੋਂ ਖ਼ਤਰਾ ਨਹੀਂ, ਜੋ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਵੱਢ-ਟੁੱਕ ਕੇ ਉਸ ਨੂੰ ਬਿਖੇਰਨਾ ਚਾਹੁੰਦੇ ਹਨ, ਜੋ ਇਹ ਚਾਹੁੰਦੇ ਹਨ ਕਿ ਲੋਕਾਂ ਵਿਚਲੇ ਵਖਰੇਵੇਂ ਵਧਣ, ਜੋ ਆਜ਼ਾਦੀ ਸੰਘਰਸ਼ ਦੀ ਵਿਰਾਸਤ ਦੇ ਨਕਸ਼ ਵਿਗਾੜਨਾ ਚਾਹੁੰਦੇ ਹਨ, ਜੋ ਦੇਸ਼ ਨੂੰ ਸਰਮਾਏਦਾਰ ਘਰਾਣਿਆਂ ਕੋਲ ਵੇਚਣਾ ਚਾਹੁੰਦੇ ਹਨ? ਇਸ ਦਾ ਜਵਾਬ ਇਹ ਹੈ ਕਿ ਸਵਾਰਥੀ ਤੇ ਕੱਟੜਪੰਥੀ ਸਿਆਸੀ ਧਿਰਾਂ ਹਮੇਸ਼ਾ ਲੋਕਾਂ ਨੂੰ ਵੰਡ ਕੇ ਰੱਖਣਾ ਚਾਹੁੰਦੀਆਂ ਹਨ। ਉਨ੍ਹਾਂ ਦੀ ਸੱਤਾ ਤਾਂ ਹੀ ਕਾਇਮ ਰਹਿ ਸਕਦੀ ਹੈ, ਜੇ ਲੋਕ ਵੰਡੇ ਹੋਏ ਹੋਣ ਤੇ ਅਸੀਂ ਫਿਰ ਉਸ ਸਵਾਲ ਦੇ ਰੂਬਰੂ ਹੁੰਦੇ ਹਾਂ ਕਿ ਅਜਿਹੇ ਸਮਿਆਂ ਵਿੱਚ ਪੰਜਾਬ ਦੀ ਕੀ ਭੂਮਿਕਾ ਹੈ? ਇਸ ਦਾ ਜਵਾਬ ਏਹੀ ਹੋ ਸਕਦਾ ਹੈ ਕਿ ਇਨ੍ਹਾਂ ਤਾਕਤਾਂ ਦੀ ਸ਼ਕਤੀ ਘਟਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਵਿੱਚ ਨਾਬਰੀ ਦੀ ਉਹ ਰਵਾਇਤ ਕਾਇਮ ਹੈ, ਜੋ ਸਿੱਖ ਗੁਰੂਆਂ, ਸੂਫ਼ੀਆਂ ਤੇ ਭਗਤੀ ਲਹਿਰ ਦੇ ਸੰਤਾਂ ਤੋਂ ਮਿਲੀ, ਸਿਆਸੀ ਜਬਰ ਤੇ ਧਾਰਮਿਕ ਕੱਟੜਤਾ ਵਿਰੁੱਧ ਲੜਨ ਦੀ ਰਵਾਇਤ। ਕਿਸੇ ਵੀ ਸਿਆਸੀ ਹਾਲਾਤ ਵਿੱਚ ਪੰਜਾਬ ਦੇ ਲੋਕਾਂ ਦਾ ਜਵਾਬ ਹੋਰ ਸੂਬਿਆਂ ਦੇ ਜਵਾਬਾਂ ਤੋਂ ਵੱਖਰਾ ਤੇ ਧਾਰਮਿਕ ਕੱਟੜਤਾ ਸਾਹਮਣੇ ਨਾ ਝੁਕਣ ਵਾਲਾ ਰਿਹਾ ਹੈ। ਪੰਜਾਬ ਦੀ ਕਿਸਾਨ ਸ਼ਕਤੀ ਕੋਲ ਅਜੇ ਵੀ ਏਨਾ ਬਲ ਹੈ ਕਿ ਉਹ ਮੁੜ ਏਕਤਾ ਕਾਇਮ ਕਰ ਸਕਦੀ ਹੈ ਤੇ ਨਾਬਰੀ ਦੀ ਨੌਬਤ ਵਜਾ ਸਕਦੀ ਹੈ। ਉਹ ਕੇਂਦਰ ਸਰਕਾਰ ਦੇ ਕਾਰਪੋਰੇਟ ਦੇ ਹਿੱਤਾਂ ਵਿੱਚ ਭੁਗਤਦੇ ਏਜੰਡੇ ਤੇ ਕੱਟੜਪੰਥੀ ਨੀਤੀਆਂ ਦਾ ਸਾਹਮਣਾ ਕਰ ਸਕਦੀ ਹੈ ਤੇ ਜਦੋਂ ਪੰਜਾਬ ਦੀ ਕਿਸਾਨ-ਸ਼ਕਤੀ ਆਗੂ ਬਣ ਕੇ ਅਗਵਾਈ ਕਰਦੀ ਹੈ, ਤਾਂ ਸਾਰਾ ਪੰਜਾਬ ਉਸ ਪਿੱਛੇ ਇਕੱਠਾ ਹੁੰਦਾ ਹੈ। ਪੰਜਾਬ ਵਿੱਚ ਦਲਿਤ ਭਾਈਚਾਰੇ ਨੇ ਕਦੇ ਵੀ ਦੇਸ਼ ਦੇ ਹੋਰ ਹਿੱਸਿਆਂ ਵਾਂਗ ਜਾਤੀਵਾਦ ਦੇ ਆਧਾਰ 'ਤੇ ਚੋਣ ਨਹੀਂ ਕੀਤੀ ਹੈ। ਉਸ ਦੀ ਚੋਣ ਆਪਣੀ ਆਜ਼ਾਦ ਸਮਝ 'ਤੇ ਆਧਾਰਤ ਹੁੰਦੀ ਹੈ। ਪੰਜਾਬ ਦੇ ਦਲਿਤ ਸਮਾਜ ਨੇ ਆਪਣੇ ਸੰਘਰਸ਼ ਆਪ ਲੜੇ ਹਨ ਅਤੇ ਪੰਜਾਬੀ ਸਮਾਜ ਵਿੱਚ ਸਨਮਾਨ ਹਾਸਲ ਕੀਤਾ ਹੈ। ਇਸ ਨਾਲ ਪੰਜਾਬੀ ਸਮਾਜ ਦੀ ਨਕਸ਼ ਤੇ ਨੁਹਾਰ ਨਿੱਖਰੀ ਹੈ; ਕੱਟੜਤਾ ਘਟੀ ਹੈ। ਇਨ੍ਹਾਂ ਕਾਰਨਾਂ ਕਰਕੇ ਪੰਜਾਬ ਇੱਕ ਅਜਿਹਾ ਧੁਰੀ-ਆਧਾਰ ਹੈ, ਜਿਸ 'ਤੇ ਹਾਂ-ਪੱਖੀ ਕਦਰਾਂ-ਕੀਮਤਾਂ ਤੇ ਲਹਿਰਾਂ ਦੀ ਉਸਾਰੀ ਸੰਭਵ ਹੈ।

ਸ.ਫ਼ਾ 2 ਦੀ ਬਾਕੀ

## ਕਾਰਪੋਰੇਟ ਅਤੇ ਫਾਸ਼ੀ ਹੱਲੇ ਦੇ ਦੌਰ...

ਦਰਬਾਰੇ ਜਾ ਕੇ ਦੋਹੱਥੜਾਂ ਮਾਰਨ ਲੱਗੇ। ਉਹਨਾਂ ਨੇ ਧਾਰਮਿਕ, ਫ਼ਿਰਕੇਦਾਰਾਨਾ, ਆਪਣੇ ਪਿੱਠੂਆਂ ਦੀਆਂ ਸਭ ਪਾਸੇ ਸੰਸਥਾਵਾਂ ਖੜ੍ਹੀਆਂ ਕਰਨ ਅਤੇ ਗ਼ਦਰੀ ਦੇਸ਼ ਭਗਤਾਂ ਖਿਲਾਫ਼ ਕੂੜ ਪ੍ਰਚਾਰ ਤੇਜ਼ ਕਰਨ ਲਈ ਪੂਰਾ ਟਿੱਲ ਲਗਾ ਦਿੱਤਾ। ਫ਼ਿਰਕੂ ਨਫ਼ਰਤ ਲਈ ਜ਼ਹਿਰੀਲਾ ਪ੍ਰਚਾਰ ਆਰੰਭ ਕੇ ਜ਼ਮੀਨ ਤਿਆਰ ਕੀਤੀ ਜਾਣ ਲੱਗੀ, ਜਿਸ ਦਾ ਅਤਿ ਘਿਨੌਣਾ ਦ੍ਰਿਸ਼ ਪੰਜਾਬ ਦੀ ਵੰਡ, ਕਤਲੋਗਾਰਦ ਅਤੇ ਉਜਾੜੇ ਵੇਲੇ ਉੱਭਰ ਕੇ ਸਾਹਮਣੇ ਆਇਆ।

ਉਧਰ ਗ਼ਦਰੀ ਗੂੰਜਾਂ ਦੀ ਆਵਾਜ਼ ਆ ਰਹੀ ਸੀ ਕਿ :

ਮਜ਼ਹਬੀ ਝਗੜਿਆਂ 'ਤੇ ਤੁਸੀਂ ਜ਼ੋਰ ਪਾਯਾ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਸਾਂ ਭੋਲਿਓ ਮੂਲ਼ ਨਾ ਖ਼ਬਰ ਲੱਗੀ,
ਝਗੜਾ ਘੱਤਿਆ ਵੇਦ ਕੁਰਾਨ ਵੀਰੋ।
ਦੇਸ਼ ਪੱਟਿਆ ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।
ਹਿੰਦੂ ਮੁਸਲਮਾਨੋਂ ਝਗੜਾ ਛੱਡ ਦੇਵੋ
ਲਾਵੋ ਦੇਸ਼ ਤੇ ਕੌਮ ਦੀ ਜਾਨ ਵੀਰੋ।

ਇਹ ਦੋ ਧਾਰਾਵਾਂ ਆਹਮੋ-ਸਾਹਮਣੇ ਖੜ੍ਹੀਆਂ ਸਨ। ਇੱਕ ਬੰਨੇ ਬਰਤਾਨਵੀ ਸਾਮਰਾਜਵਾਦ ਅਤੇ ਉਸ ਦੇ ਵੰਨ-ਸੁਵੰਨੇ ਭਾਰਤੀ ਯਾਰ। ਦੂਜੇ ਬੰਨੇ ਗ਼ਦਰ ਪਾਰਟੀ ਦੇ ਖਰੇ ਕੌਮੀ, ਦੇਸ਼ ਭਗਤ, ਧਰਮ-ਨਿਰਪੱਖ, ਜਮਹੂਰੀ ਅਤੇ ਇਨਕਲਾਬੀ ਲੋਕ ਜਿਹੜੇ ਸਾਡੇ ਮੁਲਕ ਨੂੰ ਸਿਰਫ਼ ਗੋਰੀ ਚਮੜੀ ਤੋਂ ਮੁਕਤ ਕਰਾਉਣ ਦੀ ਬਜਾਏ ਮਹਾਨ, ਉੱਚੇ-ਸੁੱਚੇ ਆਦਰਸ਼ਾਂ ਨੂੰ ਪ੍ਰਨਾਏ ਸਨ। ਜਿਹਨਾਂ ਨੇ ਗ਼ਦਰ ਲਹਿਰ ਦੇ ਬੂਟੇ ਨੂੰ ਪਾਣੀ ਪਾਉਂਦਿਆਂ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਲਹਿਰ ਨੇ ਪ੍ਰੋਗਰਾਮ, ਸੰਘਰਸ਼ ਦੇ ਢੰਗ-ਤਰੀਕਿਆਂ, ਸਾਮਰਾਜੀ ਜਕੜ ਪੰਜਾ ਤੋੜ ਕੇ ਹਰ ਪ੍ਰਕਾਰ ਦੀ ਗੁਲਾਮੀ, ਦਾਬੇ, ਵਿਤਕਰੇ, ਜਬਰ-ਜ਼ੁਲਮ ਤੋਂ ਮੁਕਤ ਭਾਰਤ ਦੀ ਸਿਰਜਣਾ ਕਰਨ ਲਈ ਸੰਗਰਾਮ ਦੇ ਨਵੇਂ-ਨਕੋਰ ਵਰਕੇ ਲਿਖੇ। ਇਹਨਾਂ ਨੂੰ ਲਿਖਣ ਲਈ ਉਹਨਾਂ ਨੇ ਆਪਣੇ ਖ਼ੂਨ ਦੀ ਸਿਆਹੀ ਤੋਂ ਕੰਮ ਲਿਆ। ਬਹੁਤ ਹੀ ਸੂਝ-ਬੂਝ ਭਰੀ ਰਾਜਨੀਤਕ, ਸਮਾਜਿਕ ਚੇਤਨਾ, ਜੱਥੇਬੰਦੀਆਂ ਉਸਾਰਨ, ਇਨਕਲਾਬੀ ਪਾਰਟੀ ਦੀ ਲੋੜ ਉਭਾਰਨ ਦੀ ਭੂਮਿਕਾ ਨਿਭਾਈ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਗ਼ਦਰੀ ਬਾਬਿਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਬੀਬੀ ਗੁਲਾਬ ਕੌਰ, ਪ੍ਰੋ. ਬਰਕਤ ਉੱਲਾ ਖਾਂ, ਪੰਡਤ ਕਾਂਸ਼ੀ ਰਾਮ ਮੜੌਲੀ ਅਤੇ ਰਹਿਮਤ ਅਲੀ ਵਜ਼ੀਦਕੇ ਵਰਗੇ ਅਨੇਕਾਂ ਇਨਕਲਾਬੀਆਂ ਨੇ ਗ਼ਦਰੀ ਪੈੜਾਂ ਸੰਭਾਲਦਿਆਂ ਗ਼ਦਰ ਦੇ ਸੱਜਰੇ ਵਰਕੇ ਸਿਰਜੇ। ਉਹਨਾਂ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਕਿਰਤੀ ਲਹਿਰ ਦੇ ਅਨਮੋਲ ਸਬਕਾਂ ਅਤੇ ਕੁਰਬਾਨੀਆਂ ਤੋਂ ਬਹੁਤ ਕੁੱਝ ਹਾਸਲ ਕੀਤਾ। ਉਹਨਾਂ ਅਧਿਐਨ ਕੀਤਾ ਗ਼ਦਰ ਪਾਰਟੀ ਦੇ ਗਠਨ, ਗ਼ਦਰ ਲਈ ਮੁਲਕ ਵੱਲ ਚਾਲੇ ਪਾਉਣ, ਛਾਉਣੀਆਂ ਵਿੱਚ ਬਗ਼ਾਵਤ ਕਰਨ, ਆਮ ਲੋਕਾਂ ਨੂੰ ਗ਼ਦਰ ਲਹਿਰ ਦੇ ਅਟੁੱਟ ਅੰਗ ਬਣਾਉਣ, ਕੌਮੀ ਮੁਕਤੀ ਲਹਿਰ, ਸਾਂਝੀਵਾਲਤਾ ਦੀ ਲਹਿਰ ਵਿੱਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ, ਨੌਜਵਾਨਾਂ ਨੂੰ ਅੱਗੇ ਆਉਣ ਦੀ ਲੋੜ ਆਦਿ ਬਾਰੇ ਉਹਨਾਂ ਨੇ ਪੜਚੋਲਵੀਆਂ ਵਿਚਾਰਾਂ ਅਤੇ ਅਧਿਐਨ ਕਰਨ ਲਈ ਅਥਾਹ ਮਿਹਨਤ ਕੀਤੀ। ਨਵੇਂ ਮੁਕਾਮ ਸਿਰਜੇ। ਉਹਨਾਂ ਨੇ ਜਾਗੀਰਦਾਰੀ ਦਾ ਖਾਤਮਾ, ਕਿਸਾਨਾਂ ਦੀ ਕਰਜ਼ੇ ਤੋਂ ਮੁਕੰਮਲ ਮੁਕਤੀ, ਜ਼ਮੀਨ ਦੇ ਕੌਮੀਕਰਨ ਅਤੇ ਸਾਂਝੀ ਖੇਤੀ ਸਥਾਪਤ ਕਰਨ, ਘਰਾਂ ਦੀ ਗਾਰੰਟੀ, ਕਾਰਖਾਨਿਆਂ ਦਾ ਕੌਮੀਕਰਨ, ਰੁਜ਼ਗਾਰ ਦੀ ਗਾਰੰਟੀ, ਔਰਤ ਦੀ ਬਰਾਬਰੀ ਭਰੇ ਰੁਤਬੇ ਆਦਿ ਬਾਰੇ ਆਪਣੇ ਪ੍ਰੋਗਰਾਮ, ਉਦੇਸ਼ਾਂ ਵਿੱਚ ਉਘਾੜ ਕੇ ਨੁਕਤੇ ਲਿਆਂਦੇ। ਉਹਨਾਂ ਕਿਹਾ ਕਿ "ਇਨਕਲਾਬ ਤੋਂ ਸਾਡਾ ਭਾਵ; ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ ਕਰਨਾ ਹੈ। ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇੱਕੋ-ਇੱਕ ਹਥਿਆਰ, ਕਿਰਤੀ ਇਨਕਲਾਬ ਹੈ।" ਉਹਨਾਂ ਕਿਹਾ ਕਿ, "ਸਾਡੀ ਜੰਗ ਉਦੋਂ ਤੱਕ ਚੱਲਦੀ ਰਹੇਗੀ, ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖ਼ਤਮ ਨਹੀਂ ਹੋ ਜਾਂਦੀ। ਇਹ ਜੰਗ ਜਾਰੀ ਹੈ ਅਤੇ ਜਾਰੀ ਰਹੇਗੀ।"

ਜੇ ਈਸਟ ਇੰਡੀਆ ਨਾਮੀ ਇੱਕ ਕੰਪਨੀ ਦੀ ਆਮਦ ਨਾਲ ਸਾਮਰਾਜੀਆਂ ਨੇ ਪੂਰੇ ਮੁਲਕ ਦੀ ਸਾਹ ਰਗ ਉੱਪਰ ਜਕੜ ਪੰਜਾ ਕੱਸ ਲਿਆ ਸੀ ਤਾਂ ਅੱਜ ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ, ਬਹੁ-ਕੌਮੀ ਕੰਪਨੀਆਂ, ਦੁਨੀਆ ਭਰ ਦੇ ਸਾਮਰਾਜੀਏ, ਉਹਨਾਂ ਦੇ ਦੇਸੀ ਯਾਰ ਅਸਲ ਵਿੱਚ ਸਾਡੇ ਮੁਲਕ ਦੀਆਂ ਸਮੱਸਿਆਵਾਂ ਦੇ ਜ਼ਿੰਮੇਵਾਰ ਹਨ। ਵੰਨ-ਸੁਵੰਨੇ ਹਾਕਮ ਇਹਨਾਂ ਦੀ ਸੇਵਾ ਵਿੱਚ ਡੰਡੌਤ ਕਰਦੇ ਆ ਰਹੇ ਹਨ। ਇਹਨਾਂ ਨੇ ਆਪਣੇ ਰਾਜ ਸਿੰਘਾਸਨ ਦੇ ਪਾਵੇ ਮਜ਼ਬੂਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਫ਼ਿਰਕੂ ਫਾਸ਼ੀ ਏਜੰਡੇ ਨੂੰ ਪ੍ਰਮੁੱਖਤਾ ਨਾਲ ਅਮਲ ਵਿੱਚ ਲਿਆਂਦਾ ਹੋਇਆ ਹੈ। ਚੜ੍ਹਦੇ ਸੂਰਜ ਕਾਲੀ ਰਾਤ ਤੋਂ ਵੀ ਕਾਲ਼ੇ ਕਾਨੂੰਨ ਮੜ੍ਹਨ, ਜੇਲ੍ਹਾਂ ਵਿੱਚ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਰੰਗਕਰਮੀਆਂ, ਪੱਤਰਕਾਰਾਂ ਨੂੰ ਉਮਰ ਭਰ ਸੜਨ ਮਰਨ ਲਈ ਅੱਤ ਦਰਜੇ ਦੇ ਘਿਨੌਣੇ ਹੱਥਕੰਡੇ ਵਰਤੇ ਜਾ ਰਹੇ ਹਨ।

ਗ਼ਦਰ ਲਹਿਰ ਦੀ ਆਧਾਰਸ਼ਿਲਾ 'ਤੇ ਖੜ੍ਹ ਕੇ, ਲੁੱਟੇ-ਪੁੱਟੇ ਜਾਂਦੇ ਸਮੂਹ ਦੇਸ਼ ਵਾਸੀਆਂ ਦਾ ਵਿਸ਼ਾਲ ਏਕਾ ਉਸਾਰਦੇ ਹੋਏ ਉਹਨਾਂ ਸਭਨਾਂ ਜੱਦੋ-ਜਹਿਦ ਨੂੰ ਨਵਾਂ ਰੂਪ ਦੇਣ ਦੇ ਠੋਸ ਉਪਰਾਲੇ ਹੋਣ, ਜਿਹੜੀਆਂ ਲਹਿਰਾਂ, ਜੰਗਲ, ਜਲ, ਜ਼ਮੀਨ, ਖੇਤੀ, ਪਾਣੀ, ਸਿੱਖਿਆ, ਸਿਹਤ, ਰੁਜ਼ਗਾਰ, ਸਮਾਜਿਕ, ਜਮਹੂਰੀ ਹੱਕਾਂ ਲਈ, ਤਰਕਸ਼ੀਲ ਵਿਗਿਆਨਕ, ਇਨਕਲਾਬੀ ਵਿਚਾਰਾਂ ਅਤੇ ਨਵੇਂ ਲੋਕਾਂ ਦੀ ਪੁੱਗਤ ਵਾਲੇ ਨਿਜ਼ਾਮ ਲਈ ਜੂਝ ਰਹੀਆਂ ਹਨ।

ਗ਼ਦਰ ਪਾਰਟੀ ਦੇ ਮੁੱਢਲੇ ਫ਼ਰਜ਼ਾਂ ਅਨੁਸਾਰ ਫ਼ਲਸਤੀਨ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦਾ ਗ਼ਦਰੀ ਦੇਸ਼ ਭਗਤਾਂ ਦੇ ਦਰਸਾਏ ਮਾਰਗ ਦਾ ਜ਼ਰੂਰੀ ਹਿੱਸਾ ਹੈ। ਫ਼ਲਸਤੀਨ ਦੀ ਜੱਦੋ-ਜਹਿਦ, ਬਸਤਰ ਆਦਿ ਥਾਵਾਂ 'ਤੇ ਜੰਗਲ ਦੀ ਰਾਖੀ ਲਈ ਅਤੇ ਪੰਜਾਬ ਵਿੱਚ ਚੱਲ ਰਹੇ ਕਿਰਤੀ ਕਿਸਾਨਾਂ, ਸਮੂਹ ਮਿਹਨਤਕਸ਼ ਲੋਕਾਂ ਦੀਆਂ ਲਹਿਰਾਂ ਨਾਲ ਇਹ ਆਵਾਜ਼ ਅਤੇ ਗ਼ਦਰ ਪਾਰਟੀ ਦੀ ਸੋਚ ਜੁੜੀ ਹੋਈ ਹੈ। ਜਿਵੇਂ ਜੰਗਲ ਨੂੰ ਮੋਦੀ ਹਕੂਮਤ ਮੁੱਖ ਨਿਸ਼ਾਨਾ ਬਣਾ ਕੇ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਤੁਲੀ ਹੈ, ਉਸ ਦਾ ਟਾਕਰਾ ਕਰਨ ਲਈ ਜੂਝਦੇ ਜੰਗਲ ਨੂੰ ਤਬਾਹ ਕਰਨ ਅਤੇ ਲਹੂ 'ਚ ਡਬੋਣ ਖ਼ਿਲਾਫ਼ ਆਵਾਜ਼ ਉਠਾਉਣਾ ਗ਼ਦਰ ਲਹਿਰ ਦੀ ਪੈੜ ਨੂੰ ਨਤਮਸਤਕ ਹੋਣਾ ਹੈ। ਪੰਜਾਬ ਅੰਦਰ ਚੱਲ ਰਿਹਾ ਕਿਸਾਨਾਂ ਦਾ ਘੋਲ ਮਹਿਜ਼ ਝੋਨੇ ਦੀ ਖਰੀਦ ਜਾਂ ਐੱਮ.ਐੱਸ.ਪੀ. ਤੱਕ ਸੀਮਤ ਨਹੀਂ। ਇਹ ਖੇਤੀ ਨੂੰ ਤਬਾਹ ਕਰਕੇ, ਕਾਰਪੋਰੇਟ ਘਰਾਣਿਆਂ ਵੱਲੋਂ ਜ਼ਮੀਨਾਂ ਹੜੱਪਣ ਦੇ ਹੱਲੇ ਅੱਗੇ ਦੀਵਾਰ ਬਣ ਕੇ ਖੜ੍ਹਨ, ਜੂਝਣ ਦੀ ਜੱਦੋ-ਜਹਿਦ ਹੈ। ਗ਼ਦਰ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਬਾਬਾ ਗੁਰਮੁੱਖ ਸਿੰਘ ਲਲਤੋਂ, ਗ਼ਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਵਰਗੇ ਅਣਗਿਣਤ ਗ਼ਦਰੀ ਜੁਝਾਰੂ ਸਾਡੇ ਮੁਲਕ ਨੂੰ ਸਾਮਰਾਜ ਅਤੇ ਉਸ ਦੇ ਹਿੱਤ ਪਾਲਕਾਂ ਤੋਂ ਮੁਕਤ ਕਰਾਉਣ ਲਈ ਆਖ਼ਰੀ ਸਾਹ ਤੱਕ ਲੜੇ। ਇਸ ਲਈ ਅੱਜ ਗ਼ਦਰ ਲਹਿਰ ਦੇ ਹਰ ਵਾਰਸ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਬਾਰੇ ਜਾਗਰੂਕ ਕਰਨ ਲਈ ਸੁਹਿਰਦ ਯਤਨ ਜੁਟਾਉਣ।

ਗ਼ਦਰ ਲਹਿਰ ਦੀ ਇਤਿਹਾਸਕ ਵਿਰਾਸਤ ਦੀ ਬੁੱਕਲ ਵਿੱਚ ਉਹ ਸਭ ਕੁੱਝ ਹੈ, ਜਿਸ ਦਾ ਜ਼ਿਕਰ ਇਨਕਲਾਬੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ ਵਿੱਚ ਸਿਰ ਉੱਚਾ ਕਰਕੇ ਬੋਲਦਾ ਹੈ :

ਜਿਵੇਂ ਮਿੱਟੀ 'ਚ ਸਭ ਕੁੱਝ ਹੈ
ਕਣਕ, ਮਿੱਠਾ, ਲੋਹਾ ਤੇ ਬਾਰੂਦ
ਇਵੇਂ ਜਨਤਾ 'ਚ ਸਭ ਕੁੱਝ ਹੈ
ਲਹਿਰਾਂ, ਹੜ੍ਹ, ਤੂਫ਼ਾਨ,
ਅਣਖ਼, ਇੱਜ਼ਤ ਤੇ ਇਨਕਲਾਬ

-ਸੰਪਰਕ 98778-68710

26 ਅਕਤੂਬਰ ਨੂੰ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵਿਖੇ 'ਭਾਰਤੀ ਜਮਹੂਰੀਅਤ, ਸਮਾਜਿਕ ਨਿਆਂ ਅਤੇ ਸਾਹਿਤ' ਵਿਸ਼ੇ 'ਤੇ ਕਰਵਾਏ ਰਾਸ਼ਟਰੀ ਸੈਮੀਨਾਰ ਵਿਚ ਮਹਿਮਾਨ ਸਪੀਕਰ ਉਰਮਿਲੇਸ਼ ਵੱਲੋਂ ਦਿੱਤਾ ਗਿਆ ਭਾਸ਼ਣ

# ਭਾਰਤੀ ਸਮਾਜ ਤੇ ਜਮਹੂਰੀਅਤ ਨੂੰ ਚੁਣੌਤੀਆਂ

ਉਰਮਿਲੇਸ਼

ਅਨੁ. : ਭਗਵੰਤ ਰਸੂਲਪੁਰੀ

ਸਾਡੇ ਸਮਾਜ ਅਤੇ ਸਾਹਿਤ ਵਿੱਚ ਬਰਾਬਰੀ ਅਤੇ ਸਮਾਜਿਕ ਨਿਆਂ ਦੇ ਵਿਚਾਰ ਅਤੇ ਮੁੱਲ ਲੰਬੇ ਸਮੇਂ ਤੋਂ ਮੌਜੂਦ ਰਹੇ ਹਨ। ਬੇਇਨਸਾਫ਼ੀ ਅਤੇ ਜ਼ੁਲਮ ਦੇ ਵਿਰੁੱਧ ਸਦੀਆਂ ਤੋਂ ਸਾਡੇ ਏਥੇ ਲੋਕ ਰਾਇ ਉੱਠਦੀ ਆ ਰਹੀ ਹੈ। ਬਗਾਵਤਾਂ ਤੱਕ ਵੀ ਹੋਈਆਂ। ਇਹਨਾਂ ਵਿੱਚ ਬਹੁਤ ਵੱਡੀਆਂ, ਕ੍ਰਾਂਤੀਕਾਰੀ ਅਤੇ ਰਚਨਾਤਮਕ ਬਗਾਵਤਾਂ ਸਨ। ਬੋਧੀ ਦਰਸ਼ਨ ਦੇ ਉਭਾਰ ਅਤੇ ਪਸਾਰ ਨੂੰ ਵੀ ਸਾਡੇ ਦੇਸ਼ ਵਿੱਚ ਇਸੇ ਤਰ੍ਹਾਂ ਦੀ ਬਗਾਵਤ ਕਿਹਾ ਗਿਆ ਸੀ, ਪਰ ਇਹ ਸਿਰਫ਼ ਇੱਕ ਧਾਰਮਿਕ ਬਗਾਵਤ ਨਹੀਂ ਸੀ। ਇਹ ਆਪਣੇ ਸਮੇਂ ਦਾ ਇੱਕ ਮਹਾਨ ਇਨਕਲਾਬੀ ਕਦਮ ਸੀ, ਜਿਸ ਨੇ ਸਮਾਜ, ਰਾਜਨੀਤੀ, ਧਰਮ ਅਤੇ ਸੱਭਿਆਚਾਰ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ। ਫਿਰ ਸਾਡੇ ਮੱਧਕਾਲੀਨ ਸੰਤਾਂ, ਕਵੀਆਂ ਅਤੇ ਚਿੰਤਕਾਂ ਨੇ ਵੀ ਆਪਣੀਆਂ ਲਿਖਤਾਂ ਜਾਂ ਭਾਸ਼ਣਾਂ ਰਾਹੀਂ ਸਮਾਜ ਨੂੰ ਸੁਧਾਰਨ ਅਤੇ ਬੁੱਧੀਮਾਨ ਬਣਾਉਣ ਦਾ ਯਤਨ ਕੀਤਾ ਹੈ। ਅਜਿਹੇ ਕਵੀਆਂ-ਚਿੰਤਕਾਂ ਵਿੱਚੋਂ ਆਮ ਤੌਰ 'ਤੇ ਤੇਰ੍ਹਵੀਂ-ਚੌਦ੍ਹਵੀਂ ਤੋਂ ਸੋਲ੍ਹਵੀਂ ਸਦੀ ਤੱਕ ਵਧੇਰੇ ਸਰਗਰਮ ਰਹੇ। ਅਜਿਹੇ ਕਵੀਆਂ-ਚਿੰਤਕਾਂ 'ਚੋਂ ਕਬੀਰ, ਰਵਿਦਾਸ ਅਤੇ ਗੁਰੂ ਨਾਨਕ ਪ੍ਰਮੁੱਖ ਹਨ। ਇਸੇ ਅਰਸੇ ਦੇ ਆਸ-ਪਾਸ ਪਰੰਪਰਾਵਾਦੀ ਵਿਚਾਰਧਾਰਾ ਦੇ ਕਵੀਆਂ-ਚਿੰਤਕਾਂ ਦੀ ਇੱਕ ਵੱਖਰੀ ਧਾਰਾ, ਜੋ ਇਨ੍ਹਾਂ ਕਵੀਆਂ-ਚਿੰਤਕਾਂ ਤੋਂ ਬਿਲਕੁਲ ਵੱਖਰੀ ਸੋਚ ਅਤੇ ਸਮਝ ਨਾਲ ਲਿਖਦੇ ਅਤੇ ਬੋਲਦੇ ਸਨ, ਵੀ ਬਹੁਤ ਸਰਗਰਮ ਸੀ। ਇਸ ਵਿੱਚ ਤੁਲਸੀ ਦਾਸ ਦਾ ਨਾਂਅ ਸਭ ਤੋਂ ਵੱਧ ਧਿਆਨਯੋਗ ਹੈ। ਉਸ ਦੀ ਵਿਚਾਰਧਾਰਾ ਦਾ ਆਧਾਰ ਬ੍ਰਾਹਮਣਵਾਦੀ ਸਮਾਜਵਾਦ, ਵਰਨਆਸ਼ਰਮ ਸੋਚ ਅਤੇ ਇਸ ਦੀ ਪੁਰਾਤਨ ਪਰੰਪਰਾ ਹੈ, ਪਰ ਕਬੀਰ, ਰਵਿਦਾਸ ਅਤੇ ਨਾਨਕ ਆਦਿ ਨੂੰ ਪੜ੍ਹਦਿਆਂ ਇੰਜ ਜਾਪਦਾ ਹੈ, ਜਿਵੇਂ ਉਹ ਆਪਣੇ ਸਮਾਜ ਦੀਆਂ ਸਥਾਪਤ ਕਦਰਾਂ-ਕੀਮਤਾਂ ਅਤੇ ਉਸ ਸਮੇਂ ਦੀ ਵਰਨਆਸ਼ਰਮ ਪ੍ਰਣਾਲੀ ਨੂੰ ਨਕਾਰਦੇ ਅਤੇ ਤੋੜਦੇ ਹੋਏ ਇੱਕ ਨਵੇਂ ਸਮਾਜ, ਨਵੀਆਂ ਕਦਰਾਂ-ਕੀਮਤਾਂ ਅਤੇ ਨਵੇਂ ਵਿਚਾਰਾਂ ਦੀ ਖੋਜ ਕਰ ਰਹੇ ਹੋਣ। ਰਵਿਦਾਸ ਦੁਆਰਾ ਬੇਗਮਪੁਰਾ ਦੀ ਰਚਨਾ, ਕਬੀਰ ਦਾ ਕਬੀਰ ਪੰਥ ਅਤੇ ਸਿੱਖ ਧਰਮ ਦੀ ਸਥਾਪਨਾ ਲਈ ਗੁਰੂ ਨਾਨਕ ਦੇਵ ਜੀ ਦੇ ਸ਼ੁਰੂਆਤੀ ਕਦਮ ਉਸ ਖੋਜ ਵਿੱਚ ਮਹੱਤਵਪੂਰਨ ਮੀਲ ਪੱਥਰ ਹਨ। ਸਾਡੇ ਇਤਿਹਾਸ ਵਿੱਚ ਅਜਿਹੇ ਕਈ ਕਿੱਸੇ ਹਨ, ਜਿਨ੍ਹਾਂ ਦਾ ਹਵਾਲਾ ਇੱਕ ਬਿਹਤਰ ਸਮਾਜ, ਰਾਜਨੀਤੀ ਅਤੇ ਨਿਆਂ ਪ੍ਰਣਾਲੀ ਦੀ ਪ੍ਰਾਪਤੀ ਲਈ ਮਨੁੱਖੀ ਯਤਨਾਂ ਦੇ ਸੰਦਰਭ ਵਿੱਚ ਦਿੱਤਾ ਜਾ ਸਕਦਾ ਹੈ।

ਪਰ ਸਾਡੇ ਏਥੇ ਆਧੁਨਿਕ ਲੋਕਤੰਤਰ ਅਤੇ ਸਮਾਜਿਕ ਨਿਆਂ ਦੇ ਵਿਚਾਰ ਅਤੇ ਕਦਰਾਂ-ਕੀਮਤਾਂ ਬ੍ਰਿਟਿਸ਼ ਰਾਜ ਦੌਰਾਨ ਹੀ ਵਧੇਰੇ ਪ੍ਰਭਾਵਸ਼ਾਲੀ ਅਤੇ ਠੋਸ ਰੂਪ 'ਚ ਲੋਕਾਂ ਦੇ ਜੀਵਨ-ਜਾਚ 'ਚ ਸ਼ਾਮਲ ਹੋਏ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਦੇਸ਼ ਬੇਸ਼ੱਕ ਬਰਤਾਨਵੀ ਸਾਮਰਾਜੀ ਸ਼ਕਤੀ ਦੇ ਅਧੀਨ ਆ ਗਿਆ ਸੀ, ਪਰ ਪੱਛਮ ਦੀ ਜਮਹੂਰੀਅਤ ਨਾਲ ਵੀ ਇਸ ਦਾ ਸੰਪਰਕ ਉਸੇ ਸਮੇਂ ਦੌਰਾਨ ਤੇਜ਼ੀ ਨਾਲ ਵਧਿਆ ਸੀ। ਬ੍ਰਿਟਿਸ਼ ਹਕੂਮਤ ਨਾਲ ਲੜਨ ਅਤੇ ਉਸ ਤੋਂ ਮੁਕਤੀ ਪ੍ਰਾਪਤ ਕਰਨ ਲਈ ਲਿਖਣ ਵਾਲੇ ਦੇਸ਼ ਦੇ ਅਨੇਕਾਂ ਸਾਹਿਤਕਾਰਾਂ-ਚਿੰਤਕਾਂ ਦੀ ਲਿਖਤ 'ਚ ਇਸ ਦਵੰਦਵਾਦੀ ਗਤੀਸ਼ੀਲਤਾ ਦੀ ਪਛਾਣ ਕੀਤੀ ਜਾ ਸਕਦੀ ਹੈ। ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਸਾਵਿਤਰੀ ਬਾਈ ਫੂਲੇ, ਸ੍ਰੀ ਨਾਰਾਇਣ ਗੁਰੂ, ਆਇਨਕਲੀ, ਪੇਰੀਆਰ, ਭਗਤ ਸਿੰਘ, ਪ੍ਰੇਮ ਚੰਦ, ਗਣੇਸ਼ ਸ਼ੰਕਰ ਵਿਦਿਆਰਥੀ, ਡਾ. ਬੀ ਆਰ ਅੰਬੇਡਕਰ ਸਮੇਤ ਬਹੁਤ ਸਾਰੇ ਚਿੰਤਕ, ਗਿਆਨਵਾਨ ਅਤੇ ਲੇਖਕਾਂ ਨੇ ਉਸ ਦੌਰ ਦੀ ਸਮਾਜਿਕਤਾ, ਰਾਜਨੀਤੀ ਅਤੇ ਵਿਚਾਰਧਾਰਾ ਦੇ ਵਿਚਕਾਰ ਲੋਕਤੰਤਰ ਅਤੇ ਸਮਾਜਿਕ ਨਿਆਂ ਦੇ ਵੱਡੇ ਪੈਰੋਕਾਰ ਦੇ ਤੌਰ 'ਤੇ ਉੱਭਰਦੇ ਹਨ। ਇਸ ਸਮੇਂ ਦੌਰਾਨ ਅਗਾਂਹਵਧੂ ਅਤੇ ਖੱਬੇਪੱਖੀ ਬੁੱਧੀਜੀਵੀਆਂ ਦੇ ਇੱਕ ਸਮੂਹ ਨੇ 1934-35 ਵਿੱਚ ਲੰਡਨ ਤੋਂ ਪ੍ਰਗਤੀਸ਼ੀਲ ਲੇਖਕ ਸੰਘ ਦੇ ਗਠਨ ਲਈ ਪਿਛੋਕੜ ਤਿਆਰ ਕੀਤਾ। ਸਭ ਤੋਂ ਪਹਿਲਾਂ ਉਕਤ ਗਰੁੱਪ ਨੇ ਇੱਕ ਦਸਤਾਵੇਜ਼ ਜਾਰੀ ਕੀਤਾ। ਉਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਅੰਤ ਵਿੱਚ 9-10 ਅਪ੍ਰੈਲ 1936 ਨੂੰ ਲਖਨਊ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਜਾਂ ਪ੍ਰੋਗ੍ਰੈਸਿਵ ਰਾਇਟਰਜ਼ ਐਸੋਸੀਏਸ਼ਨ ਦਾ ਸਥਾਪਨਾ ਸੰਮੇਲਨ ਹੁੰਦਾ ਹੈ। ਇਸ ਦਾ ਉਦਘਾਟਨ ਪ੍ਰੇਮ ਚੰਦ ਨੇ ਕੀਤਾ। ਆਪਣੀਆਂ ਕੁਝ ਸੀਮਾਵਾਂ ਦੇ ਬਾਵਜੂਦ ਇਹ ਸੰਸਥਾ ਅਗਾਂਹਵਧੂ ਅਤੇ ਸਮਾਨਤਾਵਾਦੀ ਵਿਚਾਰਾਂ ਦੇ ਪ੍ਰਚਾਰ ਵਿਚ ਇਤਿਹਾਸਕ ਭੂਮਿਕਾ ਨਿਭਾਉਂਦੀ ਹੈ। ਇਸ ਸਮੇਂ ਦੌਰਾਨ ਹਿੰਦੀ, ਉਰਦੂ, ਪੰਜਾਬੀ, ਤੇਲਗੂ, ਮਲਿਆਲਮ, ਬੰਗਾਲੀ ਅਤੇ ਅੰਗਰੇਜ਼ੀ ਵਿੱਚ ਬਹੁਤ ਮਹੱਤਵਪੂਰਨ ਲਿਖਤਾਂ ਸਿਰਜ ਹੁੰਦੀਆਂ ਹਨ, ਪਰ ਇਹ ਸਭ ਕੁਝ ਸਿਰਫ਼ ਲੇਖਕਾਂ ਦੀ ਜਥੇਬੰਦੀ ਬਣ ਜਾਣ ਨਾਲ ਨਹੀਂ ਹੁੰਦਾ। ਇਹ ਭਾਰਤ ਦੇ ਮੁਕਤੀ ਸੰਗਰਾਮ ਤੋਂ ਉੱਭਰ ਰਹੇ ਨਵੇਂ ਵਿਚਾਰਾਂ ਕਾਰਨ ਹੈ। ਥੀਏਟਰ ਦੇ ਖੇਤਰ ਵਿੱਚ ਵੀ ਬਹੁਤ ਕੰਮ ਕੀਤਾ ਜਾਂਦਾ ਹੈ, ਪਰ ਉਸ ਵਿਚਾਰਧਾਰਕ-ਸੱਭਿਆਚਾਰਕ ਲਹਿਰ ਦੀਆਂ ਵੀ ਆਪਣੀਆਂ ਸੀਮਾਵਾਂ ਨਜ਼ਰ ਆਉਂਦੀਆਂ ਹਨ। ਉਸ ਸਮੇਂ ਦੌਰਾਨ ਬਰਾਬਰੀ ਅਤੇ ਜਮਹੂਰੀਅਤ ਬਾਰੇ ਨਵੀਆਂ ਕਿਸਮਾਂ ਦੀਆਂ ਚਰਚਾਵਾਂ ਜ਼ਰੂਰ ਸਾਹਮਣੇ ਆਈਆਂ, ਪਰ ਬਰਾਬਰੀ ਦਾ ਇੱਕ ਜ਼ਰੂਰੀ ਅੰਗ ਸਮਾਜਿਕ ਨਿਆਂ ਦੀ ਅਣਦੇਖੀ ਹੁੰਦੀ ਰਹੀ। ਇਹ ਨਿਸ਼ਚਿਤ ਤੌਰ 'ਤੇ ਰਾਜਨੀਤੀ ਅਤੇ ਸੱਭਿਆਚਾਰ ਦੇ ਖੇਤਰ 'ਚੋਂ ਉੱਭਰਦੀ 'ਦੌਲਤ ਅਤੇ ਧਰਤੀ ਦੀ ਵੰਡ ਹੋ ਕੇ ਰਹੇਗੀ' ਕਾਵਿਕ ਨਾਅਰਿਆਂ ਵਿਚ ਸਮਾਜਿਕ ਨਿਆਂ ਦਾ ਪਹਿਲੂ ਵੀ ਸ਼ਾਮਲ ਸੀ। ਉਸ ਯੁੱਗ ਦੇ ਬਹੁਤ ਸਾਰੇ ਕਵੀਆਂ, ਫ਼ਿਲਮਸਾਜ਼ਾਂ ਅਤੇ ਚਿੰਤਕਾਂ ਨੇ ਇਸ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ, ਪਰ ਸਾਹਿਤ ਅਤੇ ਰਚਨਾ ਦੇ ਪੱਧਰ 'ਤੇ ਇਸ ਦਾ ਹੋਰ ਵਿਸਤਾਰ ਨਹੀਂ ਕੀਤਾ ਜਾ ਸਕਿਆ। ਉਸ ਦੇ ਮੁਕਾਬਲੇ ਸਿਆਸਤ ਵਿੱਚ ਜ਼ਿਆਦਾ ਕੰਮ ਹੋਇਆ। ਕੇਰਲ ਵਿੱਚ ਪਹਿਲੀ ਕਮਿਊਨਿਸਟ ਸਰਕਾਰ ਨੇ ਅਪ੍ਰੈਲ, 1957 ਵਿੱਚ ਚੁਣੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਸਰਕਾਰ ਨੇ ਦੋ ਸੁਧਾਰ ਪੇਸ਼ ਕੀਤੇ : ਜ਼ਮੀਨੀ ਸੁਧਾਰ ਅਤੇ ਸਿੱਖਿਆ ਖੇਤਰ ਵਿੱਚ ਸੁਧਾਰ। ਉਸ ਨੇ ਪੂਰੇ ਦੇਸ਼ ਨੂੰ ਰਸਤਾ ਦਿਖਾਇਆ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਦੇ ਤਤਕਾਲੀ ਵਜ਼ੀਰ ਏ ਆਜ਼ਮ (ਪ੍ਰਧਾਨ ਮੰਤਰੀ) ਸ਼ੇਖ ਮੁਹੰਮਦ ਅਬਦੁੱਲਾ ਦੀ ਸਰਕਾਰ ਨੇ ਹੀ ਅਜਿਹਾ ਵੱਡਾ ਕਦਮ ਚੁੱਕਿਆ ਸੀ। ਪਰ ਦੇਸ਼ ਲਈ ਇਹ ਮੰਦਭਾਗਾ ਸੀ ਕਿ ਜਦੋਂ ਭਾਰਤ ਆਪਣੇ ਲੋਕਤੰਤਰ ਦੇ ਸੂਰਜ ਦਾ ਸੁਆਗਤ ਕਰ ਰਿਹਾ ਸੀ, ਸ਼ੇਖ ਦੀ ਸਰਕਾਰ ਨੂੰ ਜ਼ਮੀਨੀ ਸੁਧਾਰਾਂ ਵਰਗੇ ਕ੍ਰਾਂਤੀਕਾਰੀ ਕਦਮ ਚੁੱਕਣ ਕਾਰਨ ਕੇਂਦਰ ਦੀ ਨਹਿਰੂ ਸਰਕਾਰ ਨੇ 9 ਅਗਸਤ 1953 ਨੂੰ ਸੂਬੇ ਦੇ ਸਦਰ ਰਿਆਸਤ (ਰਾਜਪਾਲ) ਦੇ ਜ਼ਰੀਏ ਮੁਅੱਤਲ ਕਰਵਾ ਦਿੱਤਾ। ਇੰਨਾ ਹੀ ਨਹੀਂ, ਬਰਖ਼ਾਸਤ ਕੀਤੇ ਪ੍ਰਧਾਨ ਮੰਤਰੀ ਸ਼ੇਖ ਅਬਦੁੱਲਾ ਨੂੰ ਜੇਲ੍ਹ ਭੇਜ ਦਿੱਤਾ ਗਿਆ। ਕੇਰਲਾ ਵਿੱਚ ਵੀ ਲੱਗਭੱਗ ਅਜਿਹਾ ਹੀ ਹੋਇਆ ਹੈ। ਈ ਐੱਮ ਐੱਸ ਨੰਬੂਦਰੀਪਾਦ ਦੀ ਅਗਵਾਈ ਵਾਲੀ ਸਰਕਾਰ, 31 ਜੁਲਾਈ, 1959 ਨੂੰ ਬਰਖ਼ਾਸਤ ਕਰ ਦਿੱਤੀ ਗਈ। ਕੁਝ ਸਾਲਾਂ ਬਾਅਦ 6 ਮਾਰਚ, 1967 ਨੂੰ, ਜਦੋਂ ਦੁਬਾਰਾ ਨੰਬੂਦਰੀਪਾਦ ਦੀ ਅਗਵਾਈ ਹੇਠ ਖੱਬੇ ਪੱਖੀ ਸਰਕਾਰ ਬਣੀ ਤਾਂ ਉਸ ਨੇ ਭੂਮੀ ਸੁਧਾਰ ਅਤੇ ਸਿੱਖਿਆ ਸੁਧਾਰ ਦੇ ਆਪਣੇ ਛੱਡੇ ਹੋਏ ਕੰਮ ਨੂੰ ਅੱਗੇ ਵਧਾਇਆ। ਇਸ ਦੌਰ 'ਚ ਸਭ ਤੋਂ ਪਹਿਲੀ ਵਾਰ ਭਾਰਤ ਦੇ ਕਿਸੇ ਰਾਜ ਨੇ ਜਾਤੀਵਾਦ ਸਮਾਜਿਕ-ਆਰਥਿਕ ਸਰਵੇਖਣ ਕਰਵਾਉਣ ਦਾ ਫੈਸਲਾ ਕੀਤਾ। ਇਹ 1968-69 ਵਿੱਚ ਪੂਰਾ ਕਰ ਲਿਆ ਗਿਆ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਹ ਆਪਣੀ ਕਿਸਮ ਦਾ ਪਹਿਲਾ ਫੈਸਲਾ ਸੀ। ਨਵੰਬਰ 1969 ਵਿੱਚ ਕੇਰਲ ਵਿੱਚ ਸੀ. ਅਚਯੁਤਾ ਮੇਨਨ ਦੀ ਅਗਵਾਈ ਹੇਠ ਨਵੀਂ ਖੱਬੇਪੱਖੀ ਸਰਕਾਰ ਬਣੀ। ਉਸ ਨੇ ਵੀ ਭੂਮੀ ਸੁਧਾਰ, ਸਿੱਖਿਆ ਸੁਧਾਰ ਅਤੇ ਸਮਾਜਿਕ ਨਿਆਂ ਦੇ ਹੋਰ ਕਦਮਾਂ ਨੂੰ ਅੱਗੇ ਵਧਾਉਣ ਦੀ ਪ੍ਰਕਿਰਿਆ ਜਾਰੀ ਰੱਖੀ। ਈ. ਐੱਮ. ਐੱਸ. ਅਤੇ ਮੈਨਨ ਦੀਆਂ ਇਹ ਦੋ ਸਰਕਾਰਾਂ ਨੇ ਕੇਰਲ ਰਾਜ ਦੇ ਸਮਾਵੇਸ਼ੀ ਅਤੇ ਸਮੁੱਚੇ ਵਿਕਾਸ ਲਈ ਨੀਂਹ ਪੱਥਰ ਰੱਖਿਆ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕੇਰਲ ਸੰਮਲਿਤ ਵਿਕਾਸ ਦੇ ਮਾਮਲੇ ਵਿੱਚ ਅੱਜ ਵੀ ਦੇਸ਼ ਦਾ ਸਿਖਰਲਾ ਸੂਬਾ ਬਣਿਆ ਹੋਇਆ ਹੈ, ਇਸ ਲਈ ਇਸ ਨੂੰ ਪਿਛਲੀਆਂ ਇਨ੍ਹਾਂ ਦੋ ਖੱਬੇਪੱਖੀ ਸਰਕਾਰਾਂ ਦੀ ਬਹੁਤ ਵੱਡੀ ਭੂਮਿਕਾ ਹੈ। ਕੁਝ ਹੋਰ ਰਾਜ ਜਿਨ੍ਹਾਂ ਨੂੰ ਆਪਸ 'ਚ ਰਲਾਉਣ ਨਾਲ ਵਿਕਾਸ ਅਤੇ ਸਮਾਜਿਕ ਨਿਆਂ ਦੇ ਖੇਤਰ ਵਿੱਚ ਮਹੱਤਵਪੂਰਨ ਕਦਮ ਚੁੱਕੇ ਹਨ, ਉਨ੍ਹਾਂ ਵਿਚ ਜੰਮੂ-ਕਸ਼ਮੀਰ ਤੋਂ ਇਲਾਵਾ ਤਾਮਿਲਨਾਡੂ ਅਤੇ ਕਰਨਾਟਕ ਦੇ ਨਾਂਅ ਜ਼ਿਕਰਯੋਗ ਹਨ। ਤਾਮਿਲਨਾਡੂ ਵਿੱਚ ਅੰਨਾਦੁਰੈ ਅਤੇ ਕਰੁਣਾਨਿਧੀ ਦੀਆਂ ਸਰਕਾਰਾਂ ਨੇ ਕਈ ਅਹਿਮ ਕਦਮ ਚੁੱਕੇ। ਕਰਨਾਟਕ ਵਿੱਚ ਦੇਵਰਾਜ ਅਰਸ ਦੇ ਦੌਰ ਵਿੱਚ ਚੁੱਕੇ ਗਏ ਕਦਮਾਂ ਨੇ ਰਾਜ ਦੀ ਸਮਾਜਿਕਤਾ ਅਤੇ ਆਰਥਿਕਤਾ ਨੂੰ ਬਦਲਿਆ।

'ਅਪ੍ਰੇਸ਼ਨ ਬਰਗਾ' ਕੁਝ ਜ਼ਮੀਨੀ ਸੁਧਾਰ ਕਦਮਾਂ ਦੇ ਬਾਵਜੂਦ ਬੰਗਾਲ ਵਿੱਚ ਖੱਬੇ ਮੋਰਚੇ ਦੀ ਸਰਕਾਰ ਦੇ 34 ਸਾਲਾਂ ਦੇ ਕਾਰਜਕਾਲ 'ਚ ਰਾਜ ਨੂੰ ਆਪਸ 'ਚ ਰਲਾਉਣ ਨਾਲ ਅਤੇ ਸਮਾਜਿਕ ਨਿਆਂ ਦੇ ਇਕਸਾਰ ਮਾਰਗ 'ਤੇ ਨਹੀਂ ਲਿਆਂਦਾ ਜਾ ਸਕਿਆ। ਸ਼ਾਇਦ ਇਸ ਲਈ ਕਿ ਕੇਰਲਾ ਅਤੇ ਬੰਗਾਲ ਦੇ ਖੱਬੇਪੱਖੀ ਨੇਤਾਵਾਂ ਦਾ ਸਮਾਜਿਕ ਪਿਛੋਕੜ, ਰਾਜਨੀਤਕ-ਸੱਭਿਆਚਾਰਕ ਚੇਤਨਾ ਅਤੇ ਦੋਵਾਂ ਰਾਜਾਂ ਦੇ ਇਤਿਹਾਸਕ ਹਾਲਾਤ ਵਿੱਚ ਵੀ ਵੱਡਾ ਅੰਤਰ ਸੀ। ਅਸੀਂ ਪੱਛਮੀ ਬੰਗਾਲ ਦੀ ਖੱਬੇਪੱਖੀ ਰਾਜਨੀਤੀ ਰਾਹੀਂ ਸਮਝ ਸਕਦੇ ਹਾਂ ਕਿ ਕਿਵੇਂ ਭਾਰਤ ਦੇ ਕਮਿਊਨਿਸਟਾਂ ਨੇ ਸਮਾਨਤਾਵਾਦੀ ਵਿਚਾਰਧਾਰਾ ਪ੍ਰਤੀ ਆਪਣੀ ਪ੍ਰਤੀਬੱਧਤਾ ਦਿਖਾਉਣ ਦੀ ਕੋਸ਼ਿਸ਼ ਦੇ ਬਾਵਜੂਦ ਕਈ ਮੌਕਿਆਂ 'ਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਅਨੇਕਾਂ ਮੌਕਿਆਂ ਉੱਤੇ ਨਜ਼ਰ ਅੰਦਾਜ਼ ਕੀਤਾ ਗਿਆ। ਬੰਗਾਲ ਸਮੇਤ ਹਿੰਦੀ ਖੇਤਰ ਦੇ ਦੱਬੇ-ਲਤਾੜੇ ਅਤੇ ਪੱਛੜੇ ਲੋਕਾਂ 'ਚ ਖੱਬੇ-ਪੱਖੀ, ਸਮਾਜਵਾਦੀ ਅਤੇ ਹੋਰ ਜਮਹੂਰੀਅਤ ਪਸੰਦ ਪੱਛੜੀਆਂ ਸ਼੍ਰੇਣੀਆਂ ਵਿਚ ਖੱਬੇ-ਪੱਖੀ, ਸੋਸ਼ਲਿਸਟ ਅਤੇ ਹੋਰ ਲੋਕਤੰਤਰਵਾਦੀਆਂ ਦੇ ਲਗਾਤਾਰ ਬੇਅਸਰ ਹੁੰਦੇ ਜਾਣਾ ਅਤੇ ਸੱਜੇਪੱਖੀ ਪਾਖੰਡਵਾਦੀਆਂ ਦੇ ਵਧਦੇ ਪ੍ਰਭਾਵੀ ਹੁੰਦੇ ਜਾਣ ਪਿੱਛੇ ਅਸਲ ਕਹਾਣੀ ਇਹੀ ਹੈ। ਉਨ੍ਹਾਂ ਨੂੰ ਇਸ ਇਲਾਕੇ ਵਿੱਚ ਮੰਦਰ-ਮਸਜਿਦ ਦੇ ਨਾਂਅ ਦੇ ਸੰਕੀਰਣ ਧਾਰਮਿਕ ਅਤੇ ਫਿਰਕੂ ਧਰੁਵੀਕਰਨ ਦਾ ਮੌਕਾ ਮਿਲ ਗਿਆ। ਬੰਗਾਲ ਦਾ 'ਪੁਨਰ-ਜਾਗ੍ਰਤਿ ਭਦਰਲੋਕ' ਕੋਲ ਇਸ ਦਾ ਕੋਈ ਬਦਲ ਨਹੀਂ ਨਿਕਲਿਆ ਸੀ। ਇਸ ਲਈ ਇੱਕ ਪਾਸੇ ਤ੍ਰਿਣਮੂਲ ਕਾਂਗਰਸ ਨੇ ਥਾਂ ਬਣਾਈ ਅਤੇ ਦੂਜੇ ਪਾਸੇ ਸੰਘ-ਭਾਜਪਾ ਨੇ। ਹਿੰਦੀ ਭਾਸ਼ਾ ਖੇਤਰਾਂ ਵਿੱਚ ਤਾਂ ਬੰਗਾਲ ਵਰਗਾ ਕੋਈ ਅਖੌਤੀ 'ਪੁਨਰ-ਸੁਰਜੀਤ ਭਦਰਲੋਕ' ਵੀ ਨਹੀਂ ਸੀ। ਕਿਸੇ ਮਹੱਤਵਪੂਰਨ ਸਮਾਜਿਕ-ਰਾਜਨੀਤਕ ਸੁਧਾਰਾਂ ਦੀ ਅਣਹੋਂਦ ਵਿੱਚ ਠੇਠ ਉੱਚ ਜਾਤੀ ਦੀ ਹਉਮੈ ਤੋਂ ਪੀੜਤ ਜਗੀਰੂ ਤੱਤਾਂ ਦਾ ਸਮਾਜ, ਰਾਜਨੀਤੀ ਅਤੇ ਸਮਾਜ ਉੱਤੇ ਪਹਿਲਾਂ ਹੀ ਦਬਦਬਾ ਕਾਇਮ ਸੀ। ਸੱਤਰ ਦੇ ਦਹਾਕੇ ਵਿੱਚ ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤਾਂ ਵਿੱਚ ਸਿਆਸੀ ਬੁੜਬੁੜ ਤੇਜ਼ ਹੋ ਗਈ।


ਐਮਰਜੈਂਸੀ ਤੋਂ ਬਾਅਦ ਜਦੋਂ ਯੂਪੀ-ਬਿਹਾਰ ਵਿੱਚ ਨਵੀਆਂ ਰਾਜ ਸਰਕਾਰਾਂ ਬਣੀਆਂ ਤਾਂ ਪਹਿਲੀ ਵਾਰ ਇਕ ਸਾਥ ਦੋਵੇਂ ਰਾਜਾਂ ਦੇ ਮੁੱਖ ਮੰਤਰੀ ਰਾਮਨਰੇਸ਼ ਯਾਦਵ ਅਤੇ ਕਪੂਰੀ ਠਾਕੁਰ ਕ੍ਰਮਵਾਰ ਪੱਛੜੀਆਂ ਸ਼੍ਰੇਣੀਆਂ ਤੋਂ ਆਏ ਸਨ। ਦੋਵਾਂ ਨੇ ਰਿਜ਼ਰਵੇਸ਼ਨ ਲਈ ਨਵੇਂ ਪ੍ਰਬੰਧਾਂ ਦੇ ਨਾਲ ਨਵੇਂ ਕਾਨੂੰਨ ਪੇਸ਼ ਕੀਤੇ। ਕਾਂਗਰਸ-ਜਨਸੰਘੀਆਂ ਦੇ ਨਾਲ-ਨਾਲ ਕਮਿਊਨਿਸਟ ਪਾਰਟੀਆਂ ਦੇ ਕਈ ਆਗੂਆਂ ਨੇ ਵੀ ਇਨ੍ਹਾਂ ਵਿਵਸਥਾਵਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਰਾਖਵੇਂਕਰਨ ਦਾ ਆਧਾਰ 'ਸਮਾਜਿਕ-ਆਰਥਿਕ ਪੱਛੜਾਪਣ' ਹੋਣਾ ਚਾਹੀਦਾ ਹੈ। ਸਿਰਫ਼ ਸਮਾਜਿਕ-ਵਿਦਿਅਕ ਪੱਛੜੇਪਣ ਦਾ ਹੀ ਹੋਣਾ ਚਾਹੀਦਾ। ਨੱਬੇ ਦੇ ਦਹਾਕੇ ਵਿੱਚ ਇਸ ਨੂੰ ਫਿਰ ਦੁਹਰਾਇਆ ਗਿਆ, ਜਦੋਂ ਕੇਂਦਰ ਦੀ ਵੀ.ਪੀ. ਸਰਕਾਰ ਨੇ 9 ਅਗਸਤ, 1990 ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਦੀ ਸਿਫਾਰਸ਼ ਨੂੰ ਲਾਗੂ ਕਰਨ ਦੇ ਫੈਸਲੇ ਦਾ ਐਲਾਨ ਕੀਤਾ। ਕਾਂਗਰਸ ਨੇ ਸੰਸਦ ਤੋਂ ਸੜਕ ਤੱਕ ਰੋਸ ਪ੍ਰਦਰਸ਼ਨ ਕੀਤਾ। ਆਰ ਐੱਸ ਐੱਸ-ਭਾਜਪਾ ਨੇ ਰਣਨੀਤਕ ਵਿਰੋਧ ਕੀਤਾ। ਬਿਆਨਾਂ ਵਿੱਚ ਘੱਟ, ਕਾਰਵਾਈ ਵਿੱਚ ਜ਼ਿਆਦਾ ਕੀਤਾ। ਕਾਂਗਰਸੀਆਂ ਨੇ ਹੈਰਾਨੀਜਨਕ ਵਿਚਾਰਧਾਰਕ ਦੀਵਾਲੀਆਪਨ ਦਿਖਾਇਆ। 'ਮੰਡਲ' ਕਾਰਵਾਈ ਵਿਚ ਘੱਟ ਪਰ ਬਿਆਨ ਵਿਚ ਜ਼ਿਆਦਾ ਵਿਰੋਧ ਕੀਤਾ। ਖੱਬੇ-ਪੱਖੀ ਪਹਿਲਾਂ ਵਾਂਗ ਇਹ ਸਮਝੇ ਬਿਨਾਂ ਕਿ ਭਾਰਤ ਦਾ ਸੰਵਿਧਾਨ ਰਾਖਵਾਂਕਰਨ ਦਾ ਆਧਾਰ ਸਮਾਜਿਕ-ਵਿਦਿਅਕ ਪੱਛੜੇਪਣ ਨੂੰ ਮੰਨਦਾ ਹੈ। ਲੰਮੇ ਸਮੇਂ ਤੋਂ ਸਮਾਜਿਕ-ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣ ਦੀ ਵਕਾਲਤ ਕਰਦੇ ਰਹੇ। ਸੀ ਪੀ ਆਈ ਨੇ ਸਭ ਤੋਂ ਪਹਿਲਾਂ ਓ ਬੀ ਸੀ ਰਿਜ਼ਰਵੇਸ਼ਨ 'ਤੇ ਆਪਣੇ ਭਰਮ ਨੂੰ ਦੂਰ ਕੀਤਾ ਅਤੇ ਉਸ ਦੀ ਨੈਸ਼ਨਲ ਕੌਂਸਲ ਨੇ ਸਮਰਥਨ ਦੇਣ ਦਾ ਐਲਾਨ ਕੀਤਾ, ਪਰ ਮਾਕਪਾ ਲੰਬੇ ਸਮੇਂ ਤੱਕ ਦਵੰਦ 'ਚ ਰਹੀ। ਸ਼ਾਇਦ ਉਸ ਦੀ ਅਜਿਹੀ ਸਥਿਤੀ ਕਰਕੇ ਬੰਗਾਲ ਦੇ 'ਭਦਰਲੋਕੀ ਖੱਬੇਪੱਖੀਆਂ' ਦਾ ਦਬਾਅ ਕੰਮ ਕਰ ਰਿਹਾ ਸੀ, ਜੋ ਅੱਜ ਵੀ ਨਹੀਂ ਮੰਨਦੇ ਕਿ ਪੂਰੇ ਭਾਰਤ ਦੇ ਵਾਂਗ ਬੰਗਾਲ 'ਚ ਵੀ ਵਰਗ ਦੇ ਨਾਲ ਜਾਤੀਗਤ ਜ਼ੁਲਮ, ਬੇਇਨਸਾਫ਼ੀ ਅਤੇ ਵਿਤਕਰਾ ਵੀ ਮੌਜੂਦ ਹੈ। ਇਹ ਸੰਭਵ ਹੈ ਕਿ ਬੰਗਾਲ ਵਿੱਚ ਮਾਤਰਾ ਯੂ ਪੀ-ਬਿਹਾਰ ਨਾਲੋਂ ਘੱਟ ਹੋਣੀ ਚਾਹੀਦੀ ਹੈ! ਬੰਗਾਲ ਵਿੱਚ ਲੰਬੇ ਸਮੇਂ ਤੋਂ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਲਈ ਲਾਪਰਵਾਹੀ ਕੀਤੀ ਗਈ। ਜਦੋਂ ਬਾਅਦ ਵਿੱਚ ਲਾਗੂ ਕੀਤਾ ਗਿਆ, ਤਾਂ ਰਾਖਵੇਂਕਰਨ ਦੀ ਨਿਰਧਾਰਤ ਪ੍ਰਤੀਸ਼ਤਤਾ ਬਹੁਤ ਘੱਟ ਕਰਕੇ ਲਾਗੂ ਕੀਤੀ ਗਈ। ਅੱਜ ਵੀ ਬੰਗਾਲ 'ਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਠੀਕ ਢੰਗ ਨਾਲ ਲਾਗੂ ਨਹੀਂ ਹੋ ਸਕੀਆਂ।

ਹਿੰਦੀ ਹੋਵੇ ਜਾਂ ਬੰਗਾਲੀ, ਉਨ੍ਹਾਂ ਦੇ ਸਾਹਿਤਕ ਅਤੇ ਵਿਚਾਰਧਾਰਕ ਖੇਤਰ ਵਿੱਚ ਕੁਝ ਕੁ ਥੋੜ੍ਹੇ-ਥੋੜ੍ਹੇ ਯਤਨਾਂ ਤੋਂ ਇਲਾਵਾ ਇਨ੍ਹਾਂ ਵਿਸ਼ਿਆਂ 'ਤੇ ਕੋਈ ਕ੍ਰਮਵਾਰ, ਇਕਸਾਰ ਅਤੇ ਮਹੱਤਵਪੂਰਨ ਬਹਿਸ ਨਹੀਂ ਹੋਈ। ਅੱਜ ਵੀ ਅਜਿਹਾ ਨਹੀਂ ਹੁੰਦਾ, ਕਿਉਂਕਿ ਹਿੰਦੀ ਸਾਹਿਤ, ਸੰਸਕ੍ਰਿਤ, ਰਚਨਾ ਅਤੇ ਪ੍ਰਕਾਸ਼ਕ ਦੇ ਖੇਤਰ ਵਿੱਚ ਹਿੰਦੀ ਉੱਚ ਵਰਗੀ ਲੇਖਕਾਂ-ਪ੍ਰਕਾਸ਼ਕਾਂ ਦਾ ਦਬਦਬਾ ਹਾਵੀ/ਕਾਇਮ ਹੈ। ਸਮੇਂ-ਸਮੇਂ 'ਤੇ ਕੇਂਦਰ ਰਾਜਾਂ ਦੇ ਸਿਆਸੀ ਦ੍ਰਿਸ਼ ਅਤੇ ਸੱਤਾ ਦੇ ਸਮੀਕਰਨ ਭਾਵੇਂ ਬਦਲ ਜਾਣ, ਪਰ ਸੱਭਿਆਚਾਰਕ-ਸਾਹਿਤਕ-ਪ੍ਰਕਾਸ਼ਨ ਦੇ ਦ੍ਰਿਸ਼ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੁੰਦੀ। ਵਿਡੰਬਨਾ ਇਹ ਹੈ ਕਿ ਹਿੰਦੀ ਤੋਂ ਲੈ ਕੇ ਬੰਗਾਲੀ ਸਾਹਿਤ ਤੱਕ ਇਨ੍ਹਾਂ ਮਹੱਤਵਪੂਰਨ ਸਵਾਲਾਂ 'ਤੇ ਅੱਜ ਵੀ ਕੋਈ ਠੋਸ ਬਹਿਸ ਦਾ ਸਿਲਸਿਲਾ ਦਿਖਾਈ ਨਹੀਂ ਦਿੰਦਾ। ਕਦੇ-ਕਦਾਈਂ 'ਹੰਸ', 'ਸਾਂਚਾ', 'ਸਮਆਂਤਰ' ਵਰਗੇ ਕੁਝ ਨਿੱਕੇ ਮੈਗਜ਼ੀਨਾਂ ਅਤੇ ਕੁਝ ਵੈੱਬਸਾਈਟਾਂ ਜਿਵੇਂ 'ਦ ਵਾਇਰ', 'ਦ ਪ੍ਰਿੰਟ', 'ਜਨ ਚੌਕ', 'ਸਤਿਆਹਿੰਦੀ' ਅਤੇ 'ਨਿਊਜ਼ਕਲਿਕ' ਜਾਂ ਉਨ੍ਹਾਂ ਦੇ ਯੂ. ਟਿਊਬ ਚੈਨਲਾਂ 'ਤੇ ਕੁਝ ਅਜਿਹੀਆਂ ਬਹਿਸਾਂ ਹੋਈਆਂ ਹਨ। ਸੰਭਵ ਹੈ ਕਿ ਇਸ ਲੜੀ ਵਿਚ ਕੁਝ ਨਾਂਅ ਭੁੱਲ ਗਏ ਹੋਣ, ਪਰ ਅਜਿਹੀਆਂ ਬਹਿਸਾਂ ਮਾਤਰਾ ਅਤੇ ਗੁਣਵੱਤਾ ਦੇ ਪੱਧਰ ਬਹੁਤ ਨਾਕਾਫੀ ਹੈ।

ਪੰਜਵੇਂ-ਸੱਤਵੇਂ ਦਹਾਕੇ ਦੇ ਸਮਾਜਵਾਦੀਆਂ ਦੀ ਰਾਜਨੀਤੀ ਵਿੱਚੋਂ ਕਈ ਜਾਤੀ ਅਧਾਰਤ ਖੇਤਰੀ ਪਾਰਟੀਆਂ ਉੱਭਰੀਆਂ। ਅੱਸੀ ਦੇ ਦਹਾਕੇ ਵਿੱਚ ਉੱਭਰੀ ਬਹੁਜਨ ਸਮਾਜ ਪਾਰਟੀ ਕੋਲ ਹੁਣ ਤਬਦੀਲੀ ਦਾ ਕੋਈ ਫ਼ਲਸਫ਼ਾ ਜਾਂ ਵਿਚਾਰ ਨਹੀਂ ਹੈ। ਸਾਹਿਤ, ਸੱਭਿਆਚਾਰ ਜਾਂ ਪ੍ਰਕਾਸ਼ਨ ਦੇ ਖੇਤਰ ਵਿੱਚ ਘੱਟ ਜਾਂ ਘੱਟ ਆਰਥਿਕ ਸਰੋਤ ਹੋ ਸਕਦੇ ਹਨ, ਪਰ ਜ਼ਿਕਰਯੋਗ ਪਹਿਲਕਦਮੀ ਲਈ ਉਹ ਕਦੇ ਅੱਗੇ ਨਹੀਂ ਆਉਂਦੀ। ਇੱਕ ਸਮਾਂ ਸੀ ਜਦੋਂ ਡਾ. ਅੰਬੇਡਕਰ ਹੋਵੇ ਜਾਂ ਏਥੋਂ ਤੱਕ ਲੋਹੀਆ ਹੋਵੇ, ਸਭ ਲਿਖਤਾਂ, ਬਹਿਸਾਂ ਅਤੇ ਪ੍ਰਕਾਸ਼ਨਾਂ ਰਾਹੀਂ ਆਪਣੀ ਰਾਜਨੀਤੀ ਅਤੇ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਵਿਚ ਸਰਗਰਮ ਰਹਿੰਦੇ ਸੀ, ਪਰ ਉਸ ਦੇ ਅਖੌਤੀ ਸਮਰਥਕਾਂ ਕੋਲ ਨਾ ਤਾਂ ਅਜਿਹੀ ਸੂਝ ਹੈ ਅਤੇ ਨਾ ਹੀ ਉਹ ਇੰਨੀ ਵੱਡੀ ਚਰਚਾ ਨੂੰ ਅੱਗੇ ਵਧਾਉਣ ਵਿੱਚ ਦਿਲਚਸਪੀ ਹੈ। ਮਹਾਰਾਸ਼ਟਰ, ਕਰਨਾਟਕ, ਕੇਰਲ ਅਤੇ ਤਾਮਿਲਨਾਡੂ ਇਸ ਦੇ ਅਪਵਾਦ ਹਨ। ਉੱਥੇ ਵਿਸ਼ਿਆਂ 'ਤੇ ਚਰਚਾ ਹੁੰਦੀ ਰਹਿੰਦੀ ਹੈ, ਪਰ ਹਿੰਦੀ ਖੇਤਰ ਵਿੱਚ ਦਲਿਤਾਂ ਅਤੇ ਪੱਛੜੇ ਵਰਗ ਦੀਆਂ ਬਹੁਤੀਆਂ ਪਾਰਟੀਆਂ, ਜਥੇਬੰਦੀਆਂ ਅਤੇ ਉਨ੍ਹਾਂ ਦੇ ਵੱਡੇ ਆਗੂ ਫਿਰਕੂ ਸੱਤਾ ਸ਼ਕਤੀ ਦੇ ਇਸ ਗੁੱਸੇ ਨੂੰ ਵੰਡਣ ਤੋਂ ਡਰੇ ਹੋਏ ਹਨ। ਉਹ ਚੋਣਾਂ ਵਿੱਚ ਕਦੇ ਆਪਣੀ ਮਰਜ਼ੀ ਅਨੁਸਾਰ ਅਤੇ ਕਦੇ ਸੱਤਾ ਵਿੱਚ ਬੈਠੇ ਲੋਕਾਂ ਦੀ ਇੱਛਾ ਅਨੁਸਾਰ ਮੌਕਾਪ੍ਰਸਤ ਗਠਜੋੜ ਦੀ ਰਾਜਨੀਤੀ ਖੇਡ ਕੇ ਉਹ ਕੁਝ ਹਾਸਲ ਕਰ ਲੈਂਦੇ ਹਨ ਅਤੇ ਕਦੇ ਸਭ ਕੁਝ ਗੁਆ ਲੈਂਦੇ ਹਨ। ਸਮਾਜ ਅੰਦਰ ਕੋਈ ਵੱਡਾ ਗਠਜੋੜ ਬਣਾਉਣ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ। ਇਸ ਲਈ ਸਮਾਜ, ਸਾਹਿਤ ਅਤੇ ਸੱਭਿਆਚਾਰ ਸਮੁੱਚਾ ਇਲਾਕਾ ਹਾਕਮਾਂ ਜਾਂ ਉਨ੍ਹਾਂ ਦੇ ਅਨਪੜ੍ਹ-ਪੜ੍ਹੇ-ਲਿਖੇ ਜਾਂ ਕੱਟੜ ਹਿੰਦੂਤਵੀ ਨੁਮਾਇੰਦਿਆਂ ਲਈ ਖਾਲੀ ਕਰ ਦਿੱਤਾ ਗਿਆ ਹੈ। ਕੁਝ ਅਜਿਹੇ ਸਮੂਹ ਨਿਸ਼ਚਿਤ ਤੌਰ 'ਤੇ ਹਾਸ਼ੀਏ 'ਤੇ ਸਰਗਰਮ ਦਿਖਾਈ ਦਿੰਦੇ ਹਨ, ਜਿਨ੍ਹਾਂ ਦੀ ਅਗਵਾਈ ਅਖੌਤੀ ਅਗਾਂਹਵਧੂ ਜਾਂ ਉਦਾਰਵਾਦੀ ਲੋਕ ਕਰਦੇ ਹਨ, ਪਰ ਅੱਜ ਵੀ ਉਨ੍ਹਾਂ ਦਾ ਵੱਡਾ ਹਿੱਸਾ ਉੱਚ ਜਾਤੀ ਅਤੇ ਜਗੀਰੂ ਗਲਬੇ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੈ। ਉਹ ਜਿਸ ਸਮਾਜਿਕ ਪਿਛੋਕੜ ਤੋਂ ਆਉਂਦੀਆਂ ਹਨ, ਉਨ੍ਹਾਂ ਦੀਆਂ ਵਧੇਰੇ ਸ਼੍ਰੇਣੀਆਂ ਪੂਰੀ ਤਰ੍ਹਾਂ ਸੰਪਰਦਾਇਕਤਾ ਅਤੇ ਕਾਰਪੋਰੇਟਵਾਦ ਦੀਆਂ ਤਾਨਾਸ਼ਾਹੀ ਸ਼ਕਤੀਆਂ ਦੀਆਂ ਝੰਡਾਬਰਦਾਰ ਬਣ ਚੁੱਕੀਆਂ ਹਨ। ਹਾਲਾਤ ਇੰਨੇ ਮਾੜੇ ਹਨ ਕਿ ਕਈ ਹਿੰਦੀ ਲੇਖਕ, ਕਵੀ ਅਤੇ ਪੱਤਰਕਾਰ ਜੋ ਲੰਮੇ ਸਮੇਂ ਤੋਂ ਪ੍ਰਗਤੀਸ਼ੀਲ ਘੇਰੇ ਵਿੱਚ ਗਿਣੇ ਜਾਂਦੇ ਸਨ, ਉਹ ਅੱਜ ਖੁੱਲ੍ਹੇਆਮ ਤਾਨਾਸ਼ਾਹ ਅਤੇ ਕਾਰਪੋਰੇਟ-ਫਿਰਕੂ ਤਾਕਤ ਦੇ ਗੀਤ ਗਾਉਂਦੇ ਨਜ਼ਰ ਆਉਂਦੇ ਹਨ।

ਇਹ ਸਭ ਇਸ ਲਈ ਹੋਇਆ ਹੈ, ਕਿਉਂਕਿ ਸਮਤਾ ਅਤੇ ਸਮਾਜਿਕ ਨਿਆਂ ਦੇ ਦਰਸ਼ਨ ਤੇ ਪਿਛੋਕੜ ਨੂੰ ਲੈ ਕੇ ਉੱਚ ਵਰਣ ਪਿਛੋਕੜ 'ਚੋਂ ਆਏ ਬਹੁਤੇ ਸਾਹਿਤਕਾਰਾਂ ਅਤੇ ਲੇਖਕਾਂ ਵਿੱਚ ਵਿਚਾਰਧਾਰਕ ਸਪੱਸ਼ਟਤਾ ਨਹੀਂ ਰਹੀ ਅਤੇ ਅੱਜ ਵੀ ਨਹੀਂ ਹੈ। ਉਹ ਕਲਾਸ ਟਰਾਂਸਫਰ ਬਾਰੇ ਗੱਲ ਕਰਦੇ ਹਨ, ਪਰ ਦਿਲ ਟਰਾਂਸਪਲਾਂਟ ਦੀ ਕਦੇ ਨਹੀਂ! ਇਸ ਤਰ੍ਹਾਂ ਸਿਰਫ਼ ਉਨ੍ਹਾਂ ਦਾ ਬਾਹਰੀ ਸਰੀਰ ਬਦਲਦਾ ਹੈ, ਇਸ 'ਚ ਵਧੇਰੇ ਕਰਕੇ ਦਿਲ ਤੇ ਦਿਮਾਗ ਨਹੀਂ ਬਦਲਦੇ। ਉਹਨਾਂ ਦਾ ਸਾਰਾ ਅਗਾਂਹਵਧੂਵਾਦ ਆਪਣੇ ਆਪ ਨੂੰ 'ਸੈਕੂਲਰ' ਜਾਂ ਹਿੰਦੂਤਵਵਾਦੀ ਦੇ ਮੁਸਲਿਮ ਵਿਰੋਧੀ ਆਲੋਚਨਾ ਨੂੰ ਸਾਬਤ ਕਰਨ ਤੱਕ ਸੀਮਤ ਰਹਿੰਦਾ ਹੈ। ਇਸ ਲਈ ਸਿਰਫ਼ ਉਹ ਹੀ ਦੋਸ਼ੀ ਨਹੀਂ ਹਨ। ਖੱਬੇਪੱਖੀ ਸਮਾਜਵਾਦੀ ਪਾਰਟੀਆਂ ਵਿੱਚੋਂ ਨਿਕਲੀਆਂ ਧਾਰਾਵਾਂ ਅਤੇ ਕਾਂਗਰਸ ਵੀ ਦੋਸ਼ੀ ਹਨ। ਭਾਵੇਂ ਕਾਂਗਰਸ ਖੱਬੇ-ਪੱਖੀਆਂ ਅਤੇ ਸਮਾਜਵਾਦੀਆਂ ਵਾਂਗ ਸੁਧਾਰਵਾਦੀ ਹੋਣ ਦਾ ਦਾਅਵਾ ਕਰਦੀ ਰਹੀ ਹੋਵੇ, ਪਰ ਉਸ ਨੇ ਹਮੇਸ਼ਾ ਸੰਵਿਧਾਨ ਪ੍ਰਤੀ ਆਪਣੀ ਵਚਨਬੱਧਤਾ ਬਣਾਈ ਰੱਖੀ। (ਐਮਰਜੈਂਸੀ ਦੇ ਕੁਝ ਮਹੀਨੇ ਨੂੰ ਛੱਡ ਕੇ) ਦੁਹਰਾਇਆ ਗਿਆ ਹੈ। ਭਾਰਤ ਦਾ ਸੰਵਿਧਾਨ ਆਖਰਕਾਰ ਕਾਂਗਰਸ ਦੀ ਸੋਚ ਨਾਲ ਹੀ ਬਣਿਆ ਹੈ। ਬਹੁਤ ਸਾਰੇ ਅੰਬੇਡਕਰਵਾਦੀ ਸਮੇਤ ਦੇਸ਼-ਵਿਦੇਸ਼ ਦੇ ਜ਼ਿਆਦਾਤਰ ਲੋਕ ਇਹ ਸਮਝਦੇ ਹਨ ਕਿ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਹੈ। ਪੂਰਾ ਸੰਵਿਧਾਨ ਉਸ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਲਿਖਿਆ ਗਿਆ ਹੈ, ਪਰ ਇਹ ਸਹੀ ਨਹੀਂ ਹੈ। ਅੰਬੇਡਕਰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਸਨ, ਪਰ ਸਾਡਾ ਸੰਵਿਧਾਨ ਮੂਲ ਰੂਪ ਵਿੱਚ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਲਿਖਿਆ ਗਿਆ ਸੀ, ਕਿਉਂਕਿ ਸੰਵਿਧਾਨ ਸਭਾ ਵਿੱਚ ਕਾਂਗਰਸ ਕੋਲ ਨਾ ਸਿਰਫ਼ ਬਹੁਮਤ ਹੀ ਨਹੀਂ, ਪਰਚੰਡ ਬਹੁਮਤ ਸੀ। ਕਮਿਊਨਿਸਟਾਂ ਅਤੇ ਸਮਾਜਵਾਦੀਆਂ ਦੇ ਬਾਈਕਾਟ ਕਾਰਨ ਭਾਰਤੀ ਸੁਤੰਤਰਤਾ ਅੰਦੋਲਨ ਦੀਆਂ ਹੋਰ ਪ੍ਰਮੁੱਖ ਧਾਰਾਵਾਂ ਨੂੰ ਸੰਵਿਧਾਨ ਸਭਾ ਵਿੱਚ ਨੁਮਾਇੰਦਗੀ ਨਹੀਂ ਦਿੱਤੀ ਗਈ। ਕਾਂਗਰਸ ਅੰਦਰ ਵੱਖ-ਵੱਖ ਧਾਰਾਵਾਂ ਦੇ ਲੋਕਾਂ ਦਾ ਦਬਦਬਾ ਸੀ। ਇਸ ਲਈ ਡਾ. ਅੰਬੇਡਕਰ ਹੋਵੇ ਜਾਂ ਸੰਵਿਧਾਨ ਸਭਾ ਲਈ ਚੁਣੇ ਗਏ ਕੁਝ ਹੋਰ ਉੱਘੇ ਬੁੱਧੀਜੀਵੀ ਹੋਣ, ਉਹ ਸੰਵਿਧਾਨ ਦੇ ਖਰੜੇ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਨਹੀਂ ਕਰ ਸਕਦੇ ਸਨ। ਜਵਾਹਰ ਲਾਲ ਨਹਿਰੂ ਅਤੇ ਕੁਝ ਹੋਰ ਕਾਂਗਰਸੀ ਨੇਤਾਵਾਂ ਦੇ ਸਹਿਯੋਗ ਅਤੇ ਸਮਰਥਨ ਨਾਲ ਅੰਬੇਡਕਰ ਨੇ ਸੰਵਿਧਾਨ ਦੇ ਖਰੜੇ ਨੂੰ ਜ਼ਰੂਰ ਪ੍ਰਭਾਵਿਤ ਕੀਤਾ। ਪ੍ਰਸਤਾਵਨਾ ਵਿੱਚ ਉਹ ਵਿਚਾਰਾਂ, ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਆਜ਼ਾਦੀ ਦੇ ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਅਤੇ ਸਨਮਾਨ ਅਤੇ ਬਰਾਬਰੀ ਅਤੇ ਮੌਕੇ ਦੀ ਭਾਈਚਾਰਕ ਸਾਂਝ ਨਾਲ ਮਹਾਨ ਮਾਨਵੀ ਕਦਰਾਂ-ਕੀਮਤਾਂ ਨੂੰ ਸ਼ਾਮਲ ਕਰਨ ਵਿੱਚ ਸਫ਼ਲ ਹੋਏ, ਪਰ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਦਰਜ ਬਹੁਤ ਸਾਰੀਆਂ ਗੱਲਾਂ ਉਹ ਜਾਂ ਹੋਰ ਸਮਾਨਤਾਵਾਦੀ-ਬੁਨਿਆਦੀ ਅਧਿਕਾਰਾਂ ਵਿੱਚ ਸ਼ਾਮਲ ਕਰਨ ਵਿੱਚ ਉਹਨੂੰ ਜਮਹੂਰੀਅਤ ਵਾਲੀ ਕਾਮਯਾਬੀ ਨਹੀਂ ਮਿਲੀ।

> "ਉਰਮਿਲੇਸ਼ ਹਿੰਦੀ ਦੇ ਲੇਖਕ-ਪੱਤਰਕਾਰ ਹਨ। ਉਸ ਨੇ ਟਾਈਮਜ਼ ਗਰੁੱਪ ਦੇ ਹਿੰਦੀ ਅਖ਼ਬਾਰ 'ਨਵਭਾਰਤ ਟਾਈਮਜ਼' ਨਾਲ ਲੰਮੇ ਸਮੇਂ ਤੱਕ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਹਿੰਦੁਸਤਾਨ ਟਾਈਮਜ਼ ਗਰੁੱਪ ਦੇ ਹਿੰਦੀ ਅਖ਼ਬਾਰ 'ਹਿੰਦੁਸਤਾਨ' ਵਿੱਚ ਵੀ ਕੰਮ ਕੀਤਾ ਹੈ। ਉਹ 2010-12 ਦਰਮਿਆਨ ਰਾਜ ਸਭਾ ਟੀ ਵੀ (ਆਰ ਐੱਸ ਟੀ ਵੀ) ਦੇ ਸੰਸਥਾਪਕ ਕਾਰਜਕਾਰੀ ਸੰਪਾਦਕ ਵੀ ਰਹੇ। ਇਨ੍ਹੀਂ ਦਿਨੀਂ ਉਹ Urmilesh Samvad ਦੇ ਨਾਂਅ ਨਾਲ ਆਪਣਾ ਯੂ-ਟਿਊਬ ਚੈਨਲ ਚਲਾ ਰਹੇ ਹਨ।"



ਇਹ ਮਹਿਜ਼ ਇਤਫ਼ਾਕ ਨਹੀਂ ਹੈ ਕਿ ਬਾਬਾ ਸਾਹਿਬ ਨੇ ਆਪਣੀ ਤਰਫ਼ੋਂ ਭਾਰਤ ਦੇ ਸੰਵਿਧਾਨ ਦਾ ਨਿੱਜੀ ਖਰੜਾ ਵੀ ਤਿਆਰ ਕੀਤਾ ਹੈ। ਇਹ ਉਸ ਦੇ ਦੋਸਤਾਂ ਅਤੇ ਸੰਵਿਧਾਨ ਸਭਾ ਦੇ ਕੁਝ ਮਹੱਤਵਪੂਰਨ ਮੈਂਬਰਾਂ ਵਿੱਚ ਵੰਡਿਆ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਡਾਕਟਰ ਅੰਬੇਡਕਰ ਦੇ ਉਸ ਖਰੜੇ ਦਾ ਸਿਰਲੇਖ ਸੀ-ਸੰਯੁਕਤ ਰਾਜ ਭਾਰਤ ਦਾ ਸੰਵਿਧਾਨ! ਇਸ ਸਿਰਲੇਖ ਦੇ ਤਹਿਤ, ਭਾਰਤ ਦੇ ਸੰਘੀ ਅਤੇ ਜਮਹੂਰੀ ਸੁਭਾਅ ਦੀ ਵਧੇਰੇ ਭਾਵਨਾ ਹੈ। ਬਾਬਾ ਸਾਹਿਬ ਨੇ ਆਪਣੇ ਪ੍ਰਸਤਾਵਿਤ ਖਰੜਾ ਸੰਵਿਧਾਨ ਵਿੱਚ ਅਜਿਹੀਆਂ ਅਨੇਕ ਅਨੁਛੇਦਾਂ ਨੂੰ ਸ਼ਾਮਲ ਕੀਤਾ, ਜਿਹੜੇ ਸਾਡੇ ਸੰਵਿਧਾਨ ਦੇ ਮੁਕਾਬਲੇ ਲੋਕਤੰਤਰ, ਸਮਾਨਤਾ, ਭਾਈਚਾਰਾ, ਸਮਾਜਿਕ ਨਿਆਂ ਅਤੇ ਧਰਮ ਨਿਰਪੱਖਤਾ ਨੂੰ ਵਧੇਰੇ ਠੋਸ ਅਤੇ ਮਜ਼ਬੂਤ ਰੂਪ ਵਿੱਚ ਪੇਸ਼ ਕਰਦੇ ਹਨ। ਉਦਾਹਰਣ ਵਜੋਂ, ਅੰਬੇਡਕਰ ਦਾ ਪ੍ਰਸਤਾਵਿਤ ਸੰਵਿਧਾਨ-ਡਰਾਫਟ ਆਰਟੀਕਲ ਦੇ ਸਤਾਰਵੇਂ ਪੈਰੇ ਵਿੱਚ ਕਿਹਾ ਗਿਆ ਹੈ: ਰਾਜ ਕਿਸੇ ਵੀ ਧਰਮ ਨੂੰ ਰਾਜ ਧਰਮ ਵਜੋਂ ਮਾਨਤਾ ਨਹੀਂ ਦੇਵੇਗਾ। ਇਸੇ ਤਰ੍ਹਾਂ, ਧਾਰਾ 2 ਦੇ ਸੈਕਸ਼ਨ 4 ਦੇ ਪਹਿਲੇ ਪੈਰੇ ਵਿੱਚ ਕਿਹਾ ਗਿਆ ਹੈ : ਉਹ ਉਦਯੋਗ ਜੋ ਪ੍ਰਮੁੱਖ ਉਦਯੋਗ ਘੋਸ਼ਿਤ ਕੀਤੇ ਜਾਣ ਵਾਲੇ ਉਦਯੋਗ ਸਾਰੇ ਰਾਜ ਦੀ ਮਲਕੀਅਤ ਵਾਲੇ ਹੋਣਗੇ ਅਤੇ ਰਾਜ ਦੁਆਰਾ ਚਲਾਏ ਜਾਣਗੇ। ਇਸ ਭਾਗ ਦਾ ਪੈਰਾ 3. ਬੀਮਾ ਖੇਤਰ ਨੂੰ ਪੂਰੀ ਤਰ੍ਹਾਂ ਰਾਜ ਦੇ ਨਿਯੰਤਰਣ ਵਿੱਚ ਰੱਖਣ ਦਾ ਪ੍ਰਬੰਧ ਹੈ। ਚੌਥੇ ਪੜਾਅ ਵਿੱਚ ਖੇਤੀਬਾੜੀ ਨੂੰ ਰਾਜ ਉਦਯੋਗ ਦਾ ਦਰਜਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਨੌਂਵੇਂ ਪੈਰੇ ਵਿਚ ਭੂਮੀ ਸੁਧਾਰ ਦੀ ਪੂਰੀ ਨੀਤੀ ਅਤੇ ਕਾਰਜ ਯੋਜਨਾ ਦਰਜ ਕੀਤੀ ਗਈ ਹੈ। ਬਹੁਤ ਸਾਰੀਆਂ ਅਜਿਹੀਆਂ ਵਿਵਸਥਾਵਾਂ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ ਭਾਰਤੀ ਰਾਜਨੀਤੀ ਵਿੱਚ ਖੱਬੇਪੱਖੀਆਂ ਦੇ ਏਜੰਡੇ ਵਜੋਂ ਜਾਣਿਆ ਜਾਂਦਾ ਹੈ, ਉਹ ਸਾਰੇ ਬਾਬਾ ਸਾਹਿਬ ਦੁਆਰਾ ਨਿੱਜੀ ਤੌਰ 'ਤੇ ਪ੍ਰਸਤਾਵਿਤ ਸੰਵਿਧਾਨ ਦੇ ਖਰੜੇ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਹ ਸਮਝਣਾ ਔਖਾ ਨਹੀਂ ਹੈ ਕਿ ਅਜਿਹੀਆਂ ਸਾਰੀਆਂ ਵਿਵਸਥਾਵਾਂ ਵਾਲਾ ਖਰੜਾ ਬਾਬਾ ਸਾਹਿਬ ਦੀ ਇੱਛਾ ਦੇ ਬਾਵਜੂਦ ਸੰਵਿਧਾਨ ਸਭਾ ਵਿੱਚ ਅਧਿਕਾਰਤ ਤੌਰ 'ਤੇ ਪੇਸ਼ ਕਿਉਂ ਨਹੀਂ ਕੀਤਾ ਜਾ ਸਕਿਆ, ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਆਪਣਾ ਇਹ ਖਰੜਾ ਭਾਵੇਂ ਕਿ ਪੇਸ਼ ਨਹੀਂ ਕੀਤਾ, ਪਰ ਇਕੱਠ ਦੇ ਕੁਝ ਗਿਆਨਵਾਨ ਅਤੇ ਸਮਾਨਤਾਵਾਦੀ ਸੋਚ ਵਾਲੇ ਲੋਕਾਂ ਵਿੱਚ ਜ਼ਰੂਰ ਵੰਡਿਆ ਗਿਆ। ਭਾਰਤੀ ਸੰਵਿਧਾਨ ਸਭਾ ਕਦੇ ਵੀ ਅਜਿਹੀਆਂ ਵਿਵਸਥਾਵਾਂ ਵਾਲਾ ਸੰਵਿਧਾਨ ਪਾਸ ਨਹੀਂ ਕਰ ਸਕਦੀ ਸੀ, ਕਿਉਂਕਿ ਇਸ ਵਿੱਚ ਨਹਿਰੂ ਵਰਗੇ ਅਗਾਂਹਵਧੂ ਕਾਂਗਰਸੀ ਹੀ ਨਹੀਂ ਸਨ, ਰੂੜੀਵਾਦੀ ਅਤੇ ਜਗੀਰੂ ਸੋਚ ਵਾਲੇ ਕਾਂਗਰਸੀ ਵੀ ਵੱਡੀ ਗਿਣਤੀ ਵਿੱਚ ਸਨ। ਜਿਹੜੇ ਆਜ਼ਾਦੀ ਸੰਗਰਾਮ ਵਿੱਚ ਆਪਣੇ-ਆਪਣੇ ਜਮਾਤੀ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਚਾਹੁੰਦੇ ਸਨ। ਇਹਨਾਂ ਵਿੱਚੋਂ ਕਈ ਬਹੁਤ ਸ਼ਕਤੀਸ਼ਾਲੀ ਸਨ। ਨਹਿਰੂ ਵਰਗੇ ਮੁਕਾਬਲਤਨ ਉਦਾਰਵਾਦੀ ਸੋਚ ਵਾਲੇ ਨੇਤਾਵਾਂ ਨੂੰ ਅਜਿਹੀ ਜਗੀਰੂ ਅਤੇ ਬ੍ਰਾਹਮਣਵਾਦੀ ਮਾਨਸਿਕਤਾ ਦੇ ਕਾਂਗਰਸੀ ਘਾਗ ਆਗੂਆਂ ਨਾਲ ਸਮਝੌਤਾ ਕਰਨਾ ਪੈਂਦਾ ਸੀ। ਅਜਿਹੇ ਹੀ ਇਕ ਸਮਝੌਤੇ ਤਹਿਤ ਉਸ ਨੇ ਆਪਣੇ ਦੋਸਤ ਨਰਿੰਦਰ ਦੇਵ ਦੇ ਖ਼ਿਲਾਫ਼ ਕਾਂਗਰਸ ਵੱਲੋਂ ਚੋਣ ਲੜਨ ਵਾਲੇ ਇੱਕ ਵਿਵਾਦਤ ਬਾਬੇ ਨੂੰ ਉਮੀਦਵਾਰ ਵਜੋਂ ਸਵੀਕਾਰ ਕਰਨਾ ਪਿਆ। ਆਚਾਰੀਆ ਨਰੇਂਦਰ ਦੇਵ ਚੋਣ ਹਾਰ ਗਏ। ਅਯੁੱਧਿਆ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਸਮਝੌਤਾ ਕਰਨਾ ਪਿਆ ਸੀ। ਗੋਬਿੰਦ ਬੱਲਭ ਪੰਤ ਵਰਗੇ ਸੱਜੇਪੱਖੀ ਅਤੇ ਉਹਨਾਂ ਨੂੰ ਸਮਾਜਿਕ ਤੌਰ 'ਤੇ ਤੰਗ ਸੋਚ ਵਾਲੇ ਨੇਤਾ ਤੋਂ ਬਹੁਤ ਸਾਰੀਆਂ ਗੈਰ-ਵਾਜਬ ਗੱਲਾਂ ਸਵੀਕਾਰ ਕਰਨੀਆਂ ਪਈਆਂ। ਉਹਨਾਂ ਦਿਨਾਂ ਵਿੱਚ ਰਾਜਨੀਤੀ ਅਤੇ ਸਮਾਜ ਦੇ ਅੰਦਰੂਨੀ ਵਿਰੋਧਾਭਾਸ ਏਨੇ ਉਲਝੇ ਹੋਏ ਸਨ ਕਿ ਇਨ੍ਹਾਂ ਸਾਰਿਆਂ ਦਾ ਹੱਲ ਕੋਈ ਇੱਕ ਆਗੂ ਨਹੀਂ ਕਰ ਸਕਿਆ। ਕਾਂਗਰਸ ਵਰਗੀ ਪਾਰਟੀ ਤੋਂ ਇਹ ਬਿਲਕੁਲ ਸੰਭਵ ਨਹੀਂ ਸੀ। ਇਨ੍ਹਾਂ ਅਣਸੁਲਝੀਆਂ ਵਿਰੋਧਤਾਈਆਂ ਦੇ ਨਾਲ ਹੀ ਅਸੀਂ 1947 ਵਿੱਚ ਆਜ਼ਾਦੀ ਪ੍ਰਾਪਤ ਕੀਤੀ ਸੀ।

ਸ਼ਾਇਦ ਇਹ ਸਭ ਦੇਖ ਕੇ ਸਿਆਸਤ ਅਤੇ ਸਾਹਿਤ ਦੇ ਇੱਕ ਵਰਗ ਵੱਲੋਂ ਆਵਾਜ਼ ਉਠਾਈ ਗਈ ਸੀ ਕਿ ਇਹ ਆਜ਼ਾਦੀ ਝੂਠੀ ਹੈ, ਪਰ ਆਜ਼ਾਦੀ ਝੂਠੀ ਨਹੀਂ ਸੀ। ਆਜ਼ਾਦ ਭਾਰਤ ਵਿੱਚ ਅਸੀਂ ਰਾਜ ਸੱਤਾ, ਰਾਜਨੀਤੀ, ਆਰਥਿਕਤਾ ਅਤੇ ਸਮਾਜਿਕ ਢਾਂਚੇ ਨੂੰ ਜਿਹੜਾ ਆਕਾਰ ਦੇਣਾ ਸ਼ੁਰੂ ਕੀਤਾ, ਉਸੇ ਵਿੱਚ ਹੀ ਗੜਬੜ ਸੀ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਆਪਣੀ ਇੱਛਾ ਦੇ ਬਾਵਜੂਦ ਹਿੰਦੂ ਕੋਡ ਬਿੱਲ ਪਾਸ ਨਹੀਂ ਕਰਵਾ ਸਕਿਆ ਅਤੇ ਇਸ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਸਹਿਮਤੀ ਬਣ ਗਈ। ਸੰਵਿਧਾਨ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ ਹਾਂ-ਪੱਖੀ ਕਾਰਵਾਈ ਦੀ ਪਹਿਲ ਕਰਨ ਦੇ ਸੰਵਿਧਾਨਕ ਭਰੋਸੇ (ਧਾਰਾ 340) ਦੇ ਬਾਵਜੂਦ ਸਮਾਜਿਕ ਅਤੇ ਸਿੱਖਿਆ ਦੇ ਰੂਪ 'ਚ ਪੱਛੜੇ ਵਰਗਾਂ ਦੇ ਹਿੱਤ 'ਚ ਹਾਂ-ਪੱਖੀ ਕਾਰਵਾਈ ਕਰਨ ਲਈ ਸਮੇਂ ਸਿਰ ਕੋਈ ਕਮਿਸ਼ਨ ਨਹੀਂ ਬਣ ਸਕਿਆ। ਬਾਅਦ ਵਿੱਚ ਕਾਕਾ ਕਾਲੇਲਕਰ ਦੀ ਅਗਵਾਈ ਹੇਠ ਬਣੇ ਕਮਿਸ਼ਨ ਨੇ ਅਰਥਹੀਣ ਰਿਪੋਰਟ ਦੇ ਕੇ ਵਿਵਾਦ ਖੜ੍ਹਾ ਕਰ ਦਿੱਤਾ ਕਿ ਧਾਰਾ 340 ਦਾ ਟੀਚਾ ਹਾਸਲ ਕਰਨਾ ਸੰਭਵ ਨਹੀਂ ਹੋ ਸਕਿਆ। ਅਸਲ ਵਿੱਚ ਕਾਂਗਰਸ ਅਤੇ ਮੰਤਰੀ ਮੰਡਲ ਵਿੱਚ ਪੱਛੜੇ ਹੋਏ ਵਰਗਾਂ ਦੀ ਹਾਂ ਪੱਖੀ ਕਾਰਵਾਈ ਦੇ ਵਿਸ਼ੇ 'ਤੇ ਭਾਰੀ ਵਿਰੋਧ ਸੀ। ਕਾਕਾ ਕਾਲੇਲਕਰ ਕਮਿਸ਼ਨ ਦੀ ਰਿਪੋਰਟ 'ਚ ਕਾਂਗਰਸ ਦੇ ਅੰਦਰਲੇ ਵਿਚਾਰਾਂ ਦਾ ਪ੍ਰਗਟਾਵਾ ਨਜ਼ਰ ਆਉਂਦਾ ਦਿਖਾਈ ਦਿੰਦਾ ਹੈ। ਅੰਬੇਡਕਰ ਨੇ ਅਕਤੂਬਰ 1951 ਵਿੱਚ ਅਸਤੀਫਾ ਦੇ ਦਿੱਤਾ। ਸੰਭਵ ਤੌਰ 'ਤੇ ਉਸ ਅਸਤੀਫੇ ਦਾ ਦਬਾਅ ਕੰਮ ਕਰ ਰਿਹਾ ਸੀ ਕਿ ਨਹਿਰੂ ਸਰਕਾਰ ਨੇ ਜਨਵਰੀ, 1953 ਵਿਚ ਕਾਕਾ ਕਾਲੇਲਕਰ ਕਮਿਸ਼ਨ ਦਾ ਗਠਨ ਕੀਤਾ, ਪਰ ਇਸ ਕਮਿਸ਼ਨ ਦੀ ਬਣਤਰ ਵਿੱਚ ਖਾਸ ਕਰਕੇ ਇਸ ਦੇ ਮੈਂਬਰਾਂ ਦੀ ਚੋਣ ਵਿੱਚ ਗੰਭੀਰ ਬੇਨਿਯਮੀਆਂ ਹੋਈਆਂ। ਬਾਬਾ ਸਾਹਿਬ ਨੇ ਸਰਕਾਰ ਦਾ ਰਵੱਈਆ ਸਮਝ ਲਿਆ ਸੀ। ਉਨ੍ਹਾਂ ਦੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਤਿੰਨ-ਚਾਰ ਮੁੱਖ ਕਾਰਨ ਸਨ :

ਇਨ੍ਹਾਂ ਵਿੱਚ ਦੋ ਪਹਿਲੂ-ਹਿੰਦੂ ਕੋਡ ਬਿੱਲ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਕਮਿਸ਼ਨ ਦੀ ਸਿਰਜਣਾ ਬਹੁਤ ਮਹੱਤਵਪੂਰਨ ਸਨ। ਜੇਕਰ ਨਹਿਰੂ ਮੰਤਰੀ ਮੰਡਲ ਨੇ ਹਿੰਦੂ ਕੋਡ ਬਿੱਲ ਅਤੇ ਸਮਾਜਿਕ-ਵਿਦਿਅਕ ਤੌਰ 'ਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੇ ਸਵਾਲ 'ਤੇ ਸਮੇਂ ਸਿਰ ਸਕਾਰਾਤਮਕ ਫੈਸਲਾ ਲਿਆ ਹੁੰਦਾ ਤਾਂ ਸ਼ਾਇਦ ਡਾ: ਅੰਬੇਡਕਰ ਸਰਕਾਰ ਵਿੱਚ ਪੂਰੀ ਅਣਦੇਖੀ ਦੇ ਬਾਵਜੂਦ ਨਹਿਰੂ ਮੰਤਰੀ ਮੰਡਲ ਤੋਂ ਅਸਤੀਫਾ ਨਾ ਦਿੰਦੇ।

ਇਸ ਤੋਂ ਪਹਿਲਾਂ ਦੀ ਇੱਕ ਘਟਨਾ ਵੀ ਬਹੁਤ ਧਿਆਨ ਦੇਣਯੋਗ ਹੈ, ਜੋ ਇਹ ਦਰਸਾਉਂਦੀ ਹੈ ਕਿ ਆਜ਼ਾਦ ਭਾਰਤ ਦੇ ਪਹਿਲੇ ਦਹਾਕੇ ਦੇ ਮੁੱਢ 'ਚ ਸਾਡੇ ਸਮਾਜ ਵਿੱਚ ਜਿੰਨੀ ਖੁਸ਼ੀ, ਮਿਠਾਸ ਅਤੇ ਭਾਈਚਾਰਾ ਹੋਣਾ ਚਾਹੀਦਾ ਸੀ, ਉਹ ਬਿਲਕੁਲ ਨਹੀਂ ਸੀ। ਇਸ ਦੇ ਉਲਟ ਸਮਾਜ ਅਤੇ ਰਾਜਨੀਤੀ ਦੀਆਂ ਅਣਸੁਲਝੀਆਂ ਵਿਰੋਧਤਾਈਆਂ ਨੇ ਦੇਸ਼ ਦੇ ਸਮਾਜਿਕ ਜੀਵਨ ਨੂੰ ਬੇਹੱਦ ਕੌੜਾ, ਜ਼ਹਿਰੀਲਾ, ਬੇਇਨਸਾਫ਼ੀ ਅਤੇ ਨਫ਼ਰਤ ਨਾਲ ਭਰ ਦਿੱਤਾ ਸੀ। ਰਾਜਨੀਤੀ ਦੀ ਮੁੱਖ ਧਾਰਾ ਵਿੱਚ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਦੇ ਹਾਵੀ ਹੋਣ ਕਾਰਨ ਇਹ ਮਾਹੌਲ ਹੋਰ ਵੀ ਜ਼ਹਿਰੀਲਾ ਹੋ ਗਿਆ ਸੀ। ਇਸ ਮਾਹੌਲ ਵਿਚ ਸੰਘ ਦੇ ਪੜ੍ਹੇ-ਲਿਖੇ ਹਿੰਦੂ ਮਹਾਂਸਭਾਈ ਨੱਥੂ ਰਾਮ ਗੋਡਸੇ ਅਤੇ ਉਸ ਦੇ ਕੁਝ ਕੱਟੜਪੰਥੀ ਦੋਸਤਾਂ ਨੇ ਮਿਲ ਕੇ ਮਹਾਤਮਾ ਗਾਂਧੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦੁਨੀਆ ਭਰ ਵਿੱਚ ਮਹਾਤਮਾ ਨੂੰ ਭਾਰਤ ਦਾ ਸਭ ਤੋਂ 'ਵੱਡਾ ਅਤੇ ਵਿਚਾਰਵਾਨ ਹਿੰਦੂ' ਕਿਹਾ ਗਿਆ। ਉਸ ਨੂੰ ਕੱਟੜਪੰਥੀਆਂ ਨੇ ਇਹ ਕਹਿ ਕੇ ਮਾਰ ਦਿੱਤਾ ਸੀ ਕਿ ਉਹ ਮੁਸਲਮਾਨਾਂ ਅਤੇ ਪਾਕਿਸਤਾਨ ਦਾ ਪੱਖ ਲੈ ਰਿਹਾ ਹੈ!

ਕਾਂਗਰਸ ਸ਼ੁਰੂ ਤੋਂ ਹੀ ਗੱਠਜੋੜ ਵਰਗੀ ਸਿਆਸੀ ਪਾਰਟੀ ਸੀ। ਬਹੁਤ ਸਾਰੇ ਬਦਲਾਅ ਦੇ ਬਾਵਜੂਦ ਇਹ ਅੱਜ ਵੀ ਲੰਗੜੇ ਗਠਜੋੜ ਵਰਗਾ ਸੰਗਠਨ ਹੈ, ਜਿਸ ਵਿਚ ਕੁਲੀਨ ਅਤੇ ਉੱਚ ਜਾਤੀ ਦੇ ਹਿੰਦੂ ਨੇਤਾ ਜ਼ਿਆਦਾ ਪ੍ਰਭਾਵਸ਼ਾਲੀ ਹਨ। ਹੁਣ ਰਾਹੁਲ ਗਾਂਧੀ ਉਸ ਪਾਰਟੀ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ, ਪਰ ਆਪਣੀ ਮਾਨਸਿਕਤਾ ਨੂੰ ਬਦਲੇ ਬਿਨਾਂ ਸਿਰਫ ਆਪਣੇ ਸਰੀਰ ਨੂੰ ਬਦਲਣ ਨਾਲ ਕਿੰਨਾ ਕੁ ਬਦਲ ਜਾਵੇਗੀ? ਉਂਜ, ਮੈਂ ਆਜ਼ਾਦੀ ਦੀ ਲੜਾਈ ਅਤੇ ਆਜ਼ਾਦੀ ਪ੍ਰਾਪਤੀ ਤੋਂ ਤੁਰੰਤ ਬਾਅਦ ਦੇ ਦੌਰ ਦੀ ਗੱਲ ਕਰ ਰਿਹਾ ਸੀ। ਉਹਨਾਂ ਦਿਨਾਂ ਵਿੱਚ ਵੱਖ-ਵੱਖ ਵਿਚਾਰਾਂ ਵਾਲੇ ਲੋਕਾਂ ਨੂੰ ਕਾਂਗਰਸ ਵਿੱਚ ਸ਼ਾਮਲ ਕੀਤਾ ਗਿਆ। ਇਹ ਉਸ ਦੀ ਤਾਕਤ ਅਤੇ ਕਮਜ਼ੋਰੀ ਦੋਵੇਂ ਸੀ। ਇਸ ਸ਼ਕਤੀ ਦੁਆਰਾ ਉਸ ਨੇ ਅਜ਼ਾਦੀ ਦੇ ਸੰਘਰਸ਼ ਨੂੰ ਇਸ ਦੇ ਲੋੜੀਂਦੇ ਟੀਚੇ ਤੱਕ ਪਹੁੰਚਾਇਆ, ਪਰ ਸਿਰਫ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਹੀ ਉਹ ਭਾਰਤ ਨੂੰ ਇੱਕ ਤਾਕਤਵਰ, ਖੁਸ਼ਹਾਲ, ਆਤਮ-ਨਿਰਭਰ, ਬਰਾਬਰੀ ਵਾਲਾ ਅਤੇ ਨਿਆਂ ਅਧਾਰਤ ਦੇਸ਼ ਨਹੀਂ ਬਣਾ ਸਕੀ। ਇਸ ਨੇ ਬਹੁਤ ਲੋੜੀਂਦੇ ਰੈਡੀਕਲ ਸਮਾਜਿਕ-ਆਰਥਿਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਜਾਤ-ਆਧਾਰਤ ਮੁੱਦਿਆਂ ਨੂੰ ਹੱਲ ਕਰਨ ਤੋਂ ਲਗਾਤਾਰ ਪਰਹੇਜ਼ ਕੀਤਾ। ਹਾਕਮ ਜਮਾਤਾਂ ਅਤੇ ਉਹਨਾਂ ਦੇ ਬੌਧਿਕ ਨੁਮਾਇੰਦੇ ਦੇਸ਼ ਦੀ ਬਹੁਗਿਣਤੀ ਆਬਾਦੀ ਦੇ ਵੱਡੇ ਹਿੱਸੇ ਨੂੰ ਰਾਜਨੀਤਿਕ ਅਤੇ ਸਮਾਜਿਕ ਨਿਆਂ ਅਧਾਰਤ ਪ੍ਰਣਾਲੀ ਤੋਂ ਸਮਾਜ ਦੇ ਵਰਗਾਂ ਨੂੰ ਲਗਾਤਾਰ ਵਾਂਝੇ ਰੱਖ ਰਹੇ ਹਨ। ਡਾ. ਅੰਬੇਡਕਰ ਨੇ ਵਾਰ-ਵਾਰ ਦੇਸ਼ ਅਤੇ ਇਸ ਦੇ ਸਿਖਰਲੇ ਆਗੂਆਂ ਨੂੰ ਚੇਤਾਵਨੀ ਦਿੱਤੀ ਕਿ ਇਸ ਰੂਪ ਵਿੱਚ 'ਜਾਤ-ਪਾਤ' ਕਾਇਮ ਰੱਖ ਕੇ ਅਸੀਂ ਭਾਰਤ ਨੂੰ ਤਬਾਹ ਕਰ ਦੇਵਾਂਗੇ। ਅਸਲ ਅਰਥਾਂ ਵਿਚ ਜਮਹੂਰੀਅਤ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਬਾਬਾ ਸਾਹਿਬ ਨੇ ਵੀ ਕਿਹਾ ਸੀ ਕਿ 'ਜਾਤ-ਪਾਤ ਨੂੰ ਕਾਇਮ ਰੱਖਦੇ ਹੋਏ' ਭਾਰਤ ਇੱਕ ਰਾਸ਼ਟਰ ਵੀ ਨਹੀਂ ਬਣ ਸਕਦਾ। ਜਾਤ ਹਿੰਦੂਆਂ ਨੂੰ ਇੱਕ ਅਸਲੀ ਸਮਾਜ ਜਾਂ ਰਾਸ਼ਟਰ ਬਣਾਉਣ ਤੋਂ ਰੋਕਦੀ ਹੈ। ਜਾਤ ਅੰਤ ਵਿੱਚ ਸਮਾਜ ਵਿਰੋਧੀ ਭਾਵਨਾਵਾਂ ਅਤੇ ਵਿਚਾਰ ਹੈ। (Annihilation of Caste ਤੋਂ)।

ਅੱਜ ਵਾਂਗ ਉਸ ਸਮੇਂ ਦੀ ਸਿਆਸਤ ਵੀ ਜਮਾਤਾਂ, ਜਾਤਾਂ ਅਤੇ ਉਹਨਾਂ ਦੇ ਕੁਝ ਤਾਕਤਵਰ ਧੜਿਆਂ ਦੇ ਸਵਾਰਥੀ ਹਿੱਤਾਂ ਤੋਂ ਲਗਾਤਾਰ ਉਲਝੀ ਰਹੀ। ਇਹ ਸਰਕਾਰ ਦੇ ਕਈ ਫੈਸਲਿਆਂ ਵਿੱਚ ਝਲਕਦਾ ਹੈ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਲੋਕਤੰਤਰ ਦੀ ਸਵੇਰ ਹੋਣ 'ਤੇ ਹੀ ਕੇਂਦਰ ਸਰਕਾਰ ਨੇ ਤਿੰਨ ਰਾਜ ਸਰਕਾਰਾਂ ਨੂੰ 'ਬਰਖ਼ਾਸਤ' ਕਰ ਦਿੱਤਾ ਸੀ। ਜਿਸ ਦਾ ਅਸੀਂ ਇਸ ਲੇਖ ਵਿਚ ਪਹਿਲਾਂ ਜ਼ਿਕਰ ਕੀਤਾ ਹੈ। ਇਹਨਾਂ ਵਿੱਚੋਂ ਦੋ ਰਾਜ-ਜੰਮੂ ਅਤੇ ਕਸ਼ਮੀਰ ਅਤੇ ਕੇਰਲ ਦੀਆਂ ਸਰਕਾਰਾਂ ਨੂੰ ਉਹਨਾਂ ਦੇ ਪ੍ਰਗਤੀਸ਼ੀਲ ਸਮਾਜਿਕ-ਆਰਥਿਕ ਪ੍ਰੋਗਰਾਮਾਂ ਕਾਰਨ ਭੋਗ ਪਾ ਦਿੱਤਾ ਗਿਆ। 1953 ਵਿੱਚ ਪੰਜਾਬ ਦੀ ਤਤਕਾਲੀ ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ ਦੀ ਸਰਕਾਰ ਨੂੰ ਵੀ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਹ 8 ਰਾਜ ਸ਼ਾਹੀ ਪਰਵਾਰਾਂ ਦੁਆਰਾ ਨਿਯੰਤਰਿਤ ਸੂਬਿਆਂ ਦੀ ਇਕ ਸੰਯੁਕਤ ਸਰਕਾਰ ਸੀ। ਇਸ ਲਈ ਜੰਮੂ-ਕਸ਼ਮੀਰ ਅਤੇ ਕੇਰਲ ਦੀਆਂ ਸਰਕਾਰਾਂ ਦੀ ਬਰਖ਼ਾਸਤੀ ਦੇ ਉਨ੍ਹਾਂ ਦੇ ਸੰਦਰਭ ਥੋੜ੍ਹੇ ਵੱਖਰੇ ਹਨ।

ਪਰ ਇਹ ਸਾਰੇ ਘਟਨਾਕ੍ਰਮ ਆਜ਼ਾਦੀ ਤੋਂ ਬਾਅਦ ਦੇ ਸਿਆਸੀ ਦ੍ਰਿਸ਼ ਅਤੇ ਇਸ ਨੂੰ ਚਲਾਉਣ ਵਾਲੀਆਂ ਤਾਕਤਾਂ ਦੀ ਸੋਚ ਵੱਲ ਇਸ਼ਾਰਾ ਮਿਲਦਾ ਹੈ। ਭਾਰਤ ਅਤੇ ਇਸ ਦਾ ਲੋਕਤੰਤਰ ਅੱਜ ਜਿੱਥੇ ਖੜ੍ਹਾ ਹੈ, ਉਸ ਵਿੱਚੋਂ ਅਤੀਤ ਦੀਆਂ ਗ਼ਲਤੀਆਂ ਦੀ ਭੂਮਿਕਾ ਤੋਂ ਇਨਕਾਰ ਕਰਨਾ ਇਤਿਹਾਸ ਨਾਲ ਬੇਇਨਸਾਫ਼ੀ ਹੋਵੇਗੀ, ਪਰ ਇਹ ਕਹਿਣ ਵਾਲੇ ਇਹ ਵੀ ਕਹਿ ਸਕਦੇ ਹਨ ਕਿ ਅਤੀਤ ਵਿੱਚ ਕੁਝ ਬਿਹਤਰ ਨੀਤੀਆਂ ਅਤੇ ਯਤਨਾਂ ਸਦਕਾ ਹੀ ਅੱਜ ਭਾਰਤ ਵਿੱਚ ਜਮਹੂਰੀਅਤ ਦਾ ਢਾਂਚਾ ਰਸਮੀ ਤੌਰ 'ਤੇ ਕਾਇਮ ਹੈ। ਭਾਵੇਂ ਉਸ ਦੀਆਂ ਸਾਰੀਆਂ ਸੰਵਿਧਾਨਕ ਅਤੇ ਸਰਕਾਰੀ ਸੰਸਥਾਵਾਂ ਨੂੰ ਲੋਕਤੰਤਰ ਅਤੇ ਸਮਾਜਿਕ ਨਿਆਂ ਦੇ ਸੰਵਿਧਾਨਕ ਸਿਧਾਂਤਾਂ ਨਾਲ ਪੂਰੀ ਤਰ੍ਹਾਂ ਕੱਟ-ਵੱਢ ਕਰਕੇ ਕਾਰਪੋਰੇਟ ਅਤੇ ਹਿੰਦੂਤਵੀ ਜ਼ੁਲਮ ਦੇ 'ਟੂਲਕਿੱਟ' ਵਜੋਂ ਢਾਲ਼ਿਆ ਜਾ ਰਿਹਾ ਹੈ। ਇਹ ਸਭ ਇਸ ਲਈ ਹੋਇਆ ਕਿ ਸਾਡੇ ਦੇਸ਼ ਦੇ ਸੰਚਾਲਕਾਂ ਨੇ ਪਿਛਲੇ ਸੱਤ ਦਹਾਕਿਆਂ ਵਿੱਚ ਸਮਾਜ ਅਤੇ ਸ਼ਾਸਨ ਨੂੰ ਜਮਹੂਰੀ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨਾਲ ਲੈਸ ਨਹੀਂ ਕੀਤਾ। ਬਿਨਾਂ ਸ਼ੱਕ, ਨਹਿਰੂ, ਇੰਦਰਾ ਦੇ ਕੁਝ ਸ਼ੁਰੂਆਤੀ ਯਤਨਾਂ ਤੋਂ ਬਾਅਦ ਇੰਦਰਾ ਗਾਂਧੀ ਦੇ ਦੌਰ ਦੇ ਕੁਝ ਵੱਡੇ ਸਰਕਾਰੀ ਕਦਮ ਹਾਂ-ਪੱਖੀ ਸਨ, ਪਰ ਇਹਨਾਂ ਕਦਮਾਂ ਅਤੇ ਪ੍ਰੋਗਰਾਮਾਂ ਨੂੰ ਤਾਲਮੇਲ ਅਤੇ ਨਿਰੰਤਰਤਾ ਦੀ ਘਾਟ ਜਾਰੀ ਰਹੀ। ਵਾਸਤਵ ਵਿੱਚ ਇਸ ਲਈ ਦੇਸ਼ ਭਰ ਵਿੱਚ ਬੁਨਿਆਦੀ ਜ਼ਮੀਨੀ ਸੁਧਾਰਾਂ ਦੀ ਲੋੜ ਸੀ, ਸਾਰੇ ਵਰਗਾਂ ਲਈ ਬਰਾਬਰ ਸਿੱਖਿਆ ਅਤੇ ਬਰਾਬਰ ਸਿਹਤ ਸੇਵਾਵਾਂ ਦੀ ਵਿਵਸਥਾ ਹੋਣੀ ਚਾਹੀਦੀ ਸੀ। ਜਾਤੀ ਅਤੇ ਵਰਣ ਦੀ ਵਿਵਸਥਾ ਦੇ ਸਿਸਟਮ ਨੂੰ ਹੌਲੀ-ਹੌਲੀ ਕਮਜ਼ੋਰ ਕੀਤਾ ਜਾਣਾ ਚਾਹੀਦਾ ਸੀ ਅਤੇ ਆਖਰਕਾਰ ਬੇਅਸਰ ਕਰ ਦਿੱਤਾ ਜਾਣਾ ਚਾਹੀਦਾ ਸੀ, ਦੇਸ਼ ਦੇ ਵੱਡੇ ਉਦਯੋਗਾਂ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਸੀ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਇਕਸਾਰ ਸੰਵਿਧਾਨਕ ਸੋਚ ਵਾਲੇ ਲੋਕ ਹੋਣੇ ਚਾਹੀਦੇ ਸਨ। ਖੇਤੀ ਸੈਕਟਰ ਨੂੰ ਰਾਜ ਉਦਯੋਗ ਦਾ ਦਰਜਾ ਮਿਲਣਾ ਚਾਹੀਦਾ ਸੀ, ਜਿਵੇਂ ਕਿ ਡਾ: ਅੰਬੇਡਕਰ ਚਾਹੁੰਦੇ ਸਨ। ਸਪੱਸ਼ਟ ਤੌਰ 'ਤੇ ਸੰਵਿਧਾਨ ਵਿੱਚ ਇਹ ਦਰਜ ਹੋਣਾ ਚਾਹੀਦਾ ਸੀ ਕਿ ਭਾਰਤੀ ਸੰਘ ਦਾ ਕੋਈ ਧਰਮ ਨਹੀਂ ਹੋਵੇਗਾ ਅਤੇ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਨਹੀਂ ਉਲਝੇਗੀ। ਸਰਕਾਰ ਕਿਸੇ ਵੀ ਧਰਮ ਪ੍ਰਤੀ ਦੁਸ਼ਮਣੀ ਜਾਂ ਕਿਸੇ ਕਿਸਮ ਦੀ ਸਾਂਝ ਨਹੀਂ ਦਿਖਾਏਗੀ, ਪਰ ਠੋਸ ਰੂਪ ਵਿੱਚ ਅਜਿਹਾ ਹੋ ਨਹੀਂ ਸਕਿਆ। ਯਕੀਨਨ ਅੱਜ ਦੀ ਸਥਿਤੀ ਸਾਡੇ ਸਾਰਿਆਂ ਲਈ ਚਿੰਤਾਜਨਕ ਹੈ। ਇਹ ਗੰਭੀਰ ਆਤਮ ਨਿਰੀਖਣ, ਸਵੈ-ਆਲੋਚਨਾ ਅਤੇ ਸਵੈ-ਸੋਧ ਦੀ ਮੰਗ ਕਰਦਾ ਹੈ, ਪਰ ਇਹ ਸਵਾਲ ਸਾਡੇ ਸਮਕਾਲੀ ਸਾਹਿਤ ਵਿੱਚ ਇਨ੍ਹਾਂ ਸਵਾਲਾਂ ਦੀ ਗੂੰਜ ਕਿੰਨੀ ਕੁ ਹੈ? ਕੀ ਲੋਕ ਇਨ੍ਹਾਂ ਸਵਾਲਾਂ ਬਾਰੇ ਸੋਚਣ ਲਈ ਤਿਆਰ ਹਨ?

— ਸੰਪਰਕ 94170-64350

27-OCT-PAGE-5.qxd 10/26/2024 10:55 PM Page 1



# ਕਿਸਾਨੀ ਮੰਗਾਂ ਨੂੰ ਲੈ ਕੇ ਮੋਗਾ-ਫਿਰੋਜ਼ਪੁਰ ਮਾਰਗ 'ਤੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ

## ਕਿਸਾਨਾਂ ਨੇ ਚਾਰ ਨੈਸ਼ਨਲ ਹਾਈਵੇ ਕੀਤੇ ਜਾਮ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਸ਼ਨੀਵਾਰ ਪੰਜਾਬ ਵਿੱਚ ਚਾਰ ਨੈਸ਼ਨਲ ਹਾਈਵੇ ਜਾਮ ਕੀਤੇ ਗਏ। ਚੰਡੀਗੜ੍ਹ ਫਿਰੋਜ਼ਪੁਰ ਨੈਸ਼ਨਲ ਹਾਈਵੇ ਡਗਰੂ ਕੋਲ ਜਾਮ ਕੀਤਾ ਗਿਆ। ਬਲਦੇਵ ਸਿੰਘ ਜ਼ੀਰਾ ਤੇ ਮਲਕੀਤ ਸਿੰਘ ਗੁਲਾਮੀ ਵਾਲਾ, ਚਮਕੌਰ ਸਿੰਘ ਅਸਮਾਨ ਵਾਲਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕਿਸਾਨਾਂ ਦਾ ਝੋਨਾ ਲਗਾਤਾਰ ਮੰਡੀਆਂ ਵਿੱਚ ਰੁਲ ਰਿਹਾ ਹੈ। ਨਮੀ ਚੈੱਕ ਕਰਨ ਦੇ ਨਾਮ 'ਤੇ ਕਿਸਾਨਾਂ ਦੀ ਫਸਲ ਲੁਟੀ ਜਾ ਰਹੀ। ਸ਼ੈਲਰ ਮਾਲਕ ਨਮੀ ਦਾ ਬਹਾਨਾ ਬਣਾ ਕੇ ਝੋਨਾ ਲਵਾਉਣ ਤੋਂ ਮਨਕਰ ਹੋ ਰਹੇ ਆ, ਜਿਸ ਨਾਲ ਮੰਡੀਆਂ ਨੱਕੋ ਨੱਕ ਭਰ ਗਈਆਂ ਹਨ, ਲੈਫਟਿੰਗ ਦਾ ਪ੍ਰਬੰਧ ਵੀ ਅਜੇ ਤੱਕ ਨਾ-ਮਾਤਰ ਹੀ ਹੈ। ਕਿਸਾਨਾਂ ਨੂੰ ਕਈ ਕਈ ਦਿਨ ਮੰਡੀਆਂ ਵਿੱਚ ਰੁਲਣਾ ਪੈ ਰਿਹਾ ਹੈ। ਡਾਇਆ ਖਾਦ ਕਿਸਾਨਾਂ ਦੀ ਦੂਜੀ ਵੱਡੀ ਮੁਸ਼ਕਲ ਬਣੀ ਹੋਈ, ਸਹਿਕਾਰੀ ਸੁਸਾਇਟੀਆਂ ਵਿੱਚ ਲਾਗਤ ਅਨੁਸਾਰ ਖਾਦ ਨਹੀਂ ਪਹੁੰਚੀ। ਵੱਡੇ ਮਗਰਮੱਛ ਖਾਦ ਦੀ ਜਮ੍ਹਾਂਖੋਰੀ ਕਰ ਰਹੇ ਹਨ, ਛੋਟੇ ਡੀਲਰਾਂ ਕੋਲ ਵੀ ਖਾਦ ਨਹੀਂ ਭੇਜੀ ਜਾ ਰਹੀ ਤਾਂ ਜੋ ਫਾਲਤੂ ਸਾਮਾਨ ਕਿਸਾਨਾਂ ਸਿਰ ਮੜ੍ਹਿਆ ਜਾਵੇ। ਇਸ ਤੋਂ ਬਿਨਾਂ ਸਾਧਨ ਵਿਹੂਣੇ ਕਿਸਾਨਾਂ ਤੇ ਪਰਾਲੀ ਸਾੜਨ ਦੇ ਪਰਚੇ ਦਰਜ ਕੀਤੇ ਜਾ ਰਹੇ ਹਨ। ਇਨ੍ਹਾਂ ਸਾਰੀਆਂ ਮੰਗਾਂ ਦੇ ਹੱਲ ਅੱਜ ਅਣਮਿੱਥੇ ਸਮੇਂ ਦੇ ਧਰਨੇ ਸ਼ੁਰੂ ਕੀਤੇ ਗਏ ਹਨ। ਇਹ ਉਦੋਂ ਤੱਕ ਜਾਰੀ ਰਹਿਣਗੇ। ਲੋਕਾਂ ਨੂੰ ਅਪੀਲ ਕਰਦੇ ਹੋਏ ਆਗੂਆਂ ਨੇ ਆਖਿਆ ਕਿ ਕਿਸਾਨ ਹਰ ਵਰਗ ਨਾਲ ਮੁਸ਼ਕਲ ਸਮੇ ਡੱਟ ਕੇ ਖੜਾ ਹੈ। ਅੱਜ ਜਦੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਰੋਲਿਆ ਜਾ ਰਿਹਾ ਹੈ ਤੇ ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਕਿਸਾਨਾਂ ਦੇ ਨਾਲ ਖੜਨ। ਅੱਜ ਸਟੇਜ ਦੀ ਕਾਰਵਾਈ ਗੁਰਭਾਗ ਸਿੰਘ ਮਰੂੜ ਨੇ ਸੰਭਾਲੀ। ਅੱਜ ਦੇ ਧਰਨੇ ਨੂੰ ਲੋਕ ਸੰਗਰਾਮ ਮੋਰਚੇ ਦੇ ਆਗੂ ਦਰਸ਼ਨ ਸਿੰਘ ਤੂਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਛਿੰਦਰ ਸਿੰਘ, ਲਖਵੀਰ ਸਿੰਘ ਦੌਧਰ ਬੀ ਕੇ ਯੂ ਅਜ਼ਾਦ, ਪਰਮਜੀਤ ਕੌਰ ਮੁਦਕੀ, ਜਗਰਾਜ ਸਿੰਘ ਫੇਰੋਕੇ, ਗੁਰਪ੍ਰੀਤ ਸਿੰਘ ਫਰੀਦੇਵਾਲਾ, ਲਾਭ ਸਿੰਘ ਰੋਡੇ, ਜਗਮੋਹਨ ਸਿੰਘ ਕੰਗ ਨੇ ਸੰਬੋਧਨ ਕੀਤਾ।

# ਸਾਂਝਾ ਅਧਿਆਪਕ ਮੋਰਚਾ ਵੱਲੋਂ ਸਿੱਖਿਆ ਅਧਿਕਾਰੀਆਂ ਤੇ ਚੋਣ ਕਮਿਸ਼ਨ ਨੂੰ ਮੰਗ ਪੱਤਰ

## ਲੈਕਚਰਾਰਾਂ ਨੂੰ ਦੂਰ-ਦੁਰਾਡੇ ਸਟੇਸ਼ਨ ਦੇਣ ਦਾ ਕੀਤਾ ਸਖਤ ਵਿਰੋਧ



ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਆਗੂ ਮੰਗ ਪੱਤਰ ਦਿੰਦੇ ਹੋਏ।

**ਜਲਾਲਾਬਾਦ (ਜੀਤ ਕੁਮਾਰ)**
ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਆਗੂਆਂ ਸੁਰਿੰਦਰ ਕੁਮਾਰ ਪੁਆਰੀ, ਬਲਜੀਤ ਸਿੰਘ ਸਲਾਣਾ, ਬਾਜ ਸਿੰਘ ਖਹਿਰਾ, ਸੁਰਿੰਦਰ ਕੰਬੋਜ ਤੇ ਸੁਖਵਿੰਦਰ ਸਿੰਘ ਚਾਹਲ ਦੀ ਅਗਵਾਈ ਵਿੱਚ ਡਾਇਰੈਕਟਰ ਸਕੂਲ ਸਿੱਖਿਆ ਸੈਕੰਡਰੀ ਤੇ ਐਲੀਮੈਂਟਰੀ ਨੂੰ ਸਿੱਖਿਆ ਮੰਤਰੀ ਦੇ ਨਾਲ ਹੋਈ 22 ਅਗਸਤ ਦੀ ਮੀਟਿੰਗ ਦੇ ਫੈਸਲੇ ਨਾ ਲਾਗੂ ਕਰਨ ਦੇ ਰੋਸ ਵਜੋਂ ਰੋਸ ਪੱਤਰ ਦੇਣ ਦੇ ਲਈ ਮਿਲਿਆ, ਜਿਸ ਵਿੱਚ ਦੋਨਾਂ ਡੀ.ਐੱਸ.ਈ. ਨਾਲ ਸਿੱਖਿਆ ਨੀਤੀ 2020 ਤਹਿਤ ਮਿਡਲ ਸਕੂਲਾਂ ਦੀ ਮਰਜਿੰਗ ਸਬੰਧੀ ਮੋਰਚੇ ਵੱਲੋਂ ਰੋਸ ਦਰਜ ਕੀਤਾ ਅਤੇ ਸਿੱਖਿਆ ਮੰਤਰੀ ਦੇ ਇਸ ਬਿਆਨ ਦੀ ਸਖਤ ਨਿੰਦਿਆ ਕੀਤੀ। ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਹੋਈਆਂ ਲੈਕਚਰਾਰਾਂ ਦੀਆਂ ਪ੍ਰਮੋਸ਼ਨਾਂ ਵਿੱਚ ਵਿਭਾਗ ਨੇ ਆਪਣੀ ਮਨਮਾਨੀ ਨਾਲ ਅਧਿਆਪਕਾਂ ਨੂੰ ਦੂਰ-ਦੁਰਾਡੇ ਸਟੇਸ਼ਨ ਦਿੱਤੇ ਗਏ, ਜਿਸ ਕਾਰਨ ਪੂਰੇ ਅਧਿਆਪਕ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅਧਿਆਪਕ ਮੋਰਚੇ ਵੱਲੋਂ ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਸਬੰਧੀ, 2018 ਤੋਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ, ਸੀ ਐਂਡ ਵੀ ਤੋਂ ਮਾਸਟਰ ਕਾਡਰ ਤਰੱਕੀਆਂ, 873 ਡੀਪੀਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ ਸਬੰਧੀ, ਪੰਚਾਇਤੀ ਚੋਣਾਂ ਵਿੱਚ ਅਧਿਆਪਕਾਂ ਦੀ ਹੋਈ ਖੱਜਲ ਖੁਆਰੀ ਸਬੰਧੀ ਸਿੱਖਿਆ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਕੋਈ ਨੋਟਿਸ ਨਹੀਂ ਲਿਆ। ਜਿਸ ਕਾਰਨ ਅਧਿਆਪਕ ਵਰਗ ਵਿੱਚ ਵਿੱਚ ਭਾਰੀ ਰੋਸ ਹੈ। ਉਪਰੋਕਤ ਮੰਗਾਂ ਤੋਂ ਇਲਾਵਾ ਬਹੁਤ ਅਜਿਹੀਆਂ ਮੰਗਾਂ ਹਨ, ਜਿਸ ਪ੍ਰਤੀ ਵਿਭਾਗ ਸੁਹਿਰਦ ਨਹੀਂ ਹੈ, ਜਿਸ ਕਾਰਨ ਸਾਂਝੇ ਅਧਿਆਪਕ ਮੋਰਚੇ ਵੱਲੋਂ ਫੈਸਲਾ ਕੀਤਾ ਗਿਆ ਕਿ 24 ਨਵੰਬਰ 2024 ਨੂੰ ਸਿੱਖਿਆ ਮੰਤਰੀ ਦੇ ਪਿੰਡ ਵੱਡੀ ਗਿਣਤੀ ਵਿੱਚ ਅਧਿਆਪਕ ਰੋਸ ਪ੍ਰਦਰਸ਼ਨ ਕਰਨਗੇ ਤਾਂ ਜੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ।

ਉਪਰੰਤ ਅਧਿਆਪਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਵਫਦ ਨੇ ਪੰਜਾਬ ਰਾਜ ਚੋਣ ਕਮਿਸ਼ਨ ਨਾਲ ਹੋਈ ਮੀਟਿੰਗ ਵਿੱਚ ਪੰਚਾਇਤ ਚੋਣਾਂ ਤੋਂ ਪਹਿਲਾਂ 1 ਅਕਤੂਬਰ ਨੂੰ ਪੋਲਿੰਗ ਪਾਰਟੀਆਂ ਦੀ ਸੁਰੱਖਿਆ ਸਬੰਧੀ ਸੁਝਾਵਾਂ ਸਮੇਤ ਮੰਗ ਪੱਤਰ ਦਿੱਤਾ ਗਿਆ ਤੇ ਜ਼ਿਲ੍ਹਾ ਰਿਟਰਨਿੰਗ ਅਫਸਰਾਂ ਨੂੰ ਵੀ 4 ਅਕਤੂਬਰ ਨੂੰ ਮੰਗ ਪੱਤਰ ਦੇਣ ਦੇ ਬਾਵਜੂਦ ਪੰਜਾਬ ਦੇ ਸਮੁੱਚੇ ਚੋਣ ਪ੍ਰਸ਼ਾਸਨ ਵੱਲੋਂ ਪੋਲਿੰਗ ਪਾਰਟੀਆਂ ਦੀ ਸੁਰੱਖਿਆ ਸਬੰਧੀ ਦਿੱਤੇ ਗਏ ਸੁਝਾਵਾਂ 'ਤੇ ਅਮਲ ਨਾ ਕਰਕੇ ਪੋਲਿੰਗ ਪਾਰਟੀਆਂ ਦੀ ਜਾਨ ਨੂੰ ਜੋਖਮ ਵਿੱਚ ਪਾਉਣ ਤੇ ਅਨੇਕਾਂ ਥਾਵਾਂ 'ਤੇ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਵਿੱਚ ਪੋਲਿੰਗ ਪਾਰਟੀਆਂ ਨੂੰ ਜਲਾਲਤ, ਧੱਕੇਸ਼ਾਹੀ ਤੇ ਜ਼ੁਲਮ ਸਹਿਣ ਲਈ ਸਮੁੱਚੇ ਚੋਣ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਜ਼ੁੰਮੇਵਾਰ ਠਹਿਰਾਉਂਦਿਆਂ ਭਵਿੱਖ ਵਿੱਚ ਪੋਲਿੰਗ ਪਾਰਟੀਆਂ ਦੀ ਸੁਰੱਖਿਆ, ਮਿਹਨਤਾਨਾ ਤੇ ਖਾਣੇ ਦਾ ਯੋਗ ਪ੍ਰਬੰਧ ਨਾ ਕਰਨ ਦੀ ਸੂਰਤ ਵਿੱਚ ਚੋਣ ਡਿਊਟੀਆਂ ਨਾ ਨਿਭਾਉਣ ਸਬੰਧੀ ਰੋਸ ਪੱਤਰ/ਨੋਟਿਸ ਦਿੱਤਾ ਗਿਆ। ਇਸ ਵਫਦ ਵਿੱਚ ਹਰਜੀਤ ਸਿੰਘ ਜੁਨੇਜਾ, ਗੁਰਬਿੰਦਰ ਸਿੰਘ ਸਸਕੌਰ, ਸੋਮ ਸਿੰਘ, ਹਰੀ ਦੇਵ, ਗੁਰਜੈਪਾਲ ਸਿੰਘ, ਤਰਲੋਚਨ ਸਿੰਘ, ਮਹਾਂਵੀਰ, ਰਵਿੰਦਰ ਪੱਪੀ, ਬਲਵੀਰ ਸਿੰਘ ਕੰਗ, ਮਨੋਹਰ ਸਿੰਘ, ਐਨ ਡੀ ਤਿਵਾੜੀ, ਹਰਪ੍ਰੀਤ ਸਿੰਘ ਸੰਧੂ, ਲਖਵੀਰ ਸਿੰਘ, ਧਰਮਿੰਦਰ ਭੰਗੂ, ਕੁਲਦੀਪ ਸਿੰਘ ਪੱਖੋਵਾਲ, ਰਣਬੀਰ ਸਿੰਘ, ਗੁਰਮੀਤ ਸਿੰਘ ਖਾਲਸਾ, ਕੁਲਦੀਪ ਸਿੰਘ, ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਗੁਰਏਕ ਸਿੰਘ, ਰਜਿੰਦਰ ਰਾਜਨ, ਰਣਜੀਤ ਹਠੂਰ, ਜਗਤਾਰ ਸਿੰਘ ਖਮਾਣੋਂ, ਦਵਿੰਦਰ ਸਿੰਘ ਸਮਾਣਾ, ਚਰਨਜੀਤ ਸਿੰਘ,ਪ੍ਰੇਮਕੁਮਾਰ, ਸਤਵੰਤ ਟੂਰਾ, ਅਵਤਾਰ ਸਿੰਘ ਆਦਿ ਸ਼ਾਮਲ ਸਨ।

# ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਫੂਕੀ ਪੰਜਾਬ ਸਰਕਾਰ ਦੀ ਅਰਥੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬੱਗਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਕ ਅਕਤੂਬਰ ਨੂੰ ਸੰਗਰੂਰ ਵਿਖੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਕੋਠੀ ਦਾ ਘੇਰਾਓ ਕਰਨ ਜਾ ਰਹੀ ਸੀ। ਮੌਕੇ 'ਤੇ ਡਿਪਟੀ ਕਮਿਸ਼ਨਰ ਨੇ ਪਹੁੰਚ ਕੇ 22 ਅਕਤੂਬਰ ਨੂੰ ਪੰਜਾਬ ਸਰਕਾਰ ਨਾਲ ਮੀਟਿੰਗ ਮੁਕਰਰ ਕਰਾਈ ਸੀ। ਲਿਖਤੀ ਚਿੱਠੀ ਮਿਲਣ ਕਰਕੇ ਘਰਾਓ ਕਰਨ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ। 22 ਅਕਤੂਬਰ ਨੂੰ ਜਦੋਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਕਮੇਟੀ ਪੰਜਾਬ ਸਰਕਾਰ ਦੀ ਸਬ-ਕਮੇਟੀ ਦੇ ਨਾਲ ਗੱਲਬਾਤ ਕਰਨ ਲਈ ਚੰਡੀਗੜ੍ਹ ਜਾਣ ਲਈ ਤਿਆਰੀ ਕਰ ਚੁੱਕੇ ਸੀ ਤਾਂ ਫੋਨ ਕਰਕੇ ਫੇਰ ਮੀਟਿੰਗ ਰੱਦ ਕਰ ਦਿੱਤੀ। ਅਫਸੋਸ ਕਿ ਕੋਈ ਬਦਲਵੀਂ ਤਰੀਕ ਵੀ ਨਹੀਂ ਦਿੱਤੀ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਬੀਰ ਸਿੰਘ ਲੱਖਾ ਨੇ ਦੱਸਿਆ ਕਿ ਮਜ਼ਦੂਰ ਜਥੇਬੰਦੀਆਂ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਜਿਵੇਂ ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਮਜ਼ਦੂਰਾਂ ਨੂੰ ਸਸਤੇ ਰੇਟ 'ਤੇ ਦੇਣ, ਡੰਮੀ ਬੋਲੀਆਂ ਰੱਦ ਕਰਾਉਣ, ਲੋੜਵੰਦ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦੇਣ, ਨਰੇਗਾ ਦੇ ਕੰਮ ਦੀ ਦਿਹਾੜੀ ਵਧਾਉਣ ਤੇ 100 ਦਿਨ ਤੋਂ 200 ਦਿਨ ਕੰਮ ਦੇਣ, ਅਲਾਟ ਕੀਤੇ ਪਲਾਟਾਂ ਦੀਆਂ ਰਜਿਸਟਰੀਆਂ ਮਜ਼ਦੂਰਾਂ ਦੇ ਨਾਮ ਕਰਾਉਣ, ਮਜ਼ਦੂਰ ਦੀ ਦਿਹਾੜੀ 700 ਰੁਪਏ ਕਰਾਉਣ ਆਦਿ ਲਈ ਲੜ ਰਹੀਆਂ ਸਨ। ਮਜ਼ਦੂਰ ਜਥੇਬੰਦੀਆਂ ਤਿੰਨ ਸਾਲ ਤੋਂ ਇਨ੍ਹਾਂ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ। ਪੰਜਾਬ ਸਰਕਾਰ ਲਾਰੇ ਤੇ ਲਾਰੇ ਲਾ ਕੇ ਮੰਗਾਂ ਨੂੰ ਅੱਖੋਂ ਪਰੋਖੇ ਕਰ ਰਹੀਆਂ ਹਨ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਦੇ ਇਸ ਰਵੱਈਏ ਖਿਲਾਫ ਭਗਵੰਤ ਮਾਨ ਸਰਕਾਰ ਦੀਆਂ ਅਰਥੀਆਂ ਫੂਕੀਆਂ ਜਾਣ। ਮਜ਼ਦੂਰ ਆਗੂ ਮੁਖਤਿਆਰ ਸਿੰਘ ਦੀ ਅਗਵਾਈ ਵਿੱਚ, ਮੰਡੀ ਮਾਣੂਕੇ ਕਲਾਂ ਵਿਖੇ ਮਜ਼ਦੂਰਾਂ ਨੂੰ ਇਕੱਠੇ ਕਰਕੇ ਭਗਵੰਤ ਮਾਨ ਸਰਕਾਰ ਦੀ ਅਰਥੀ ਫੂਕੀ ਗਈ ਤੇ ਮਜ਼ਦੂਰਾਂ ਦੀ ਲਾਮਬੰਦੀ ਵਧਾ ਕੇ, ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਪ੍ਰਣ ਲਿਆ। ਪੰਜਾਬ ਸਰਕਾਰ ਖਿਲਾਫ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ। ਉੱਥੇ ਹੋਈ ਰੈਲੀ ਨੂੰ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਸੰਬੋਧਨ ਕੀਤਾ।

## ਕਾਤਰਾਂ

### ਭਿਆਨਕ ਸੜਕ ਹਾਦਸੇ 'ਚ ਮੌਤ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸੇਠੀ ਡੇਅਰੀ ਚੌਕ 'ਚ ਬੀਤੇ ਦਿਨ ਇੱਕ ਤੇਜ਼ ਰਫਤਾਰ ਬਾਇਕ ਨੇ ਸਕੂਟੀ ਸਵਾਰ ਨੂੰ ਟੱਕਰ ਮਾਰ ਦਿੱਤੀ, ਟੱਕਰ ਇੰਨੀ ਭਿਆਨਕ ਸੀ ਕਿ ਸਕੂਟੀ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਬਾਇਕ ਸਵਾਰ ਵਿਅਕਤੀ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ।ਦੋਨਾਂ ਨੂੰ ਐਂਬੂਲੈਂਸ ਜ਼ਰੀਏ ਹਸਪਤਾਲ ਭੇਜਿਆ ਗਿਆ।ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ ਬਿਮਲ ਜੈਨ ਨਾਮਕ ਵਿਅਕਤੀ ਗਊਸ਼ਾਲਾ 'ਚ ਗਊਆਂ ਦੀ ਸੇਵਾ ਕਰ ਵਾਪਸ ਆਪਣੀ ਐਕਟਿਵਾ ਸਕੂਟੀ 'ਤੇ ਆ ਰਿਹਾ ਸੀ ਕਿ ਦੂਜੇ ਪਾਸੇ ਤੋਂ ਇੱਕ ਬਾਇਕ ਜੋ ਬਹੁਤ ਤੇਜ਼ ਰਫਤਾਰ ਸੀ ਸਿੱਧੀ ਆ ਕੇ ਐਕਟਿਵਾ ਨਾਲ ਜਾ ਟਕਰਾਈ, ਜਿਸ ਕਾਰਨ ਸਕੂਟੀ ਸਵਾਰ ਤੇ ਬਾਇਕ ਸਵਾਰ ਦੋਨੋਂ ਹੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਿਸ ਦੇ ਚੱਲਦੇ ਸਕੂਟੀ ਸਵਾਰ ਦੀ ਮੌਤ ਹੋ ਗਈ, ਜਦਕਿ ਬਾਇਕ ਸਵਾਰ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ।

### ਸ਼ੋਕ ਸਮਾਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਾਵਰਕਾਮ ਕਾਰਪੋਰੇਸ਼ਨ ਲਿਮ. ਸਮਰਾਲਾ ਸਬ ਡਵੀਜ਼ਨ ਦੇ ਐਡੀਸ਼ਨਲ ਐੱਸ. ਈ. ਇੰਜਨੀਅਰ ਕੰਵਲਪ੍ਰੀਤ ਸਿੰਘ ਸਿੱਧੂ ਦੇ ਪਿਤਾ ਸਵ. ਗੁਰਤੇਜ ਸਿੰਘ ਸਿੱਧੂ (ਸੇਵਾਮੁਕਤ ਇੰਜਨੀਅਰ) ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 27 ਅਕਤੂਬਰ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਸਰਾਭਾ ਨਗਰ ਲੁਧਿਆਣਾ ਵਿਖੇ ਬਾਅਦ ਦੁਪਹਿਰ 1.30 ਤੋਂ 2.30 ਵਜੇ ਤੱਕ ਹੋਵੇਗੀ।

### ਪੱਤਰਕਾਰ ਪਵਨ ਕੰਧਰੀ ਨੂੰ ਸਦਮਾ, ਪਤਨੀ ਦਾ ਦੇਹਾਂਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ, ਫਕੀਰ ਚੰਦ ਸਿਕਰੀ)**-ਪ੍ਰੈੱਸ ਕਲੱਬ ਗੁਰੂ ਹਰਸਹਾਏ ਦੇ ਪ੍ਰਧਾਨ ਪਵਨ ਕੰਧਰੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੀ ਧਰਮਪਤਨੀ ਵੀਨਾ ਰਾਣੀ ਦਾ ਸ਼ੁੱਕਰਵਾਰ ਨੂੰ ਦੇਹਾਂਤ ਹੋ ਗਿਆ।ਉਹ ਬੀਤੇ ਦਿਨਾਂ ਤੋਂ ਚੰਡੀਗੜ੍ਹ ਦੇ ਇਕ ਨਿੱਜੀ ਹਸਪਤਾਲ ਦੇ ਵਿੱਚ ਦਾਖਲ ਸਨ।ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਦੁਪਹਿਰ 1 ਵਜੇ ਗੁਰੂ ਹਰਸਹਾਏ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਜਾਏਗਾ।ਉਨ੍ਹਾਂ ਦੇ ਬੱਚੇ, ਜੋ ਕਿ ਵਿਦੇਸ਼ ਵਿੱਚ ਰਹਿੰਦੇ ਹਨ, ਦੇ ਇੱਥੇ ਪਹੁੰਚਣ 'ਤੇ ਅੱਜ ਸਸਕਾਰ ਕੀਤਾ ਜਾਵੇਗਾ।ਵੀਨਾ ਰਾਣੀ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਰਾਜਨੀਤਕ ਪਾਰਟੀਆਂ, ਸਮਾਜ ਸੇਵੀ ਜਥੇਬੰਦੀਆਂ, ਪੱਤਰਕਾਰ ਭਾਈਚਾਰਾ, ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਕੰਧਾਰੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

### ਸ਼ਹੀਦਾਂ ਦੀ ਯਾਦ 'ਚ ਸਮਾਗਮ ਅੱਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੁਹੱਲਾ ਟੋਡਰ ਮੱਲ ਨਗਰ ਵਿਖੇ ਪੰਜਾ ਸਾਹਿਬ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਬਣੇ ਅਸਥਾਨ ਵਿਖੇ ਸ਼ਹੀਦਾਂ ਦੀ ਯਾਦ 'ਚ ਰਖਵਾਏ ਗਏ ਸ੍ਰੀ ਸਹਿਜ ਪਾਠ ਦੇ ਭੋਗ 27 ਅਕਤੂਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।ਉਪਰੋਕਤ ਜਾਣਕਾਰੀ ਇਸ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਕਸ਼ਮੀਰਾ ਸਿੰਘ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਗੁਰੂ ਕੇ ਬਾਗ ਮੋਰਚੇ ਦੇ ਸਿੱਖ ਕੈਦੀਆਂ ਨੂੰ ਲੰਗਰ ਛਕਾਉਣ ਲਈ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਪੰਜਾ ਸਾਹਿਬ (ਹਸਨ ਅਬਦਾਲ ਪਾਕਿਸਤਾਨ) ਵਿਖੇ ਜੋ ਸ਼ਹੀਦੀ ਦਿੱਤੀ ਸੀ, ਉਨ੍ਹਾਂ ਦੀ ਯਾਦ 'ਚ ਹਰ ਵਰ੍ਹੇ ਇਸ ਅਸਥਾਨ 'ਤੇ ਸਮਾਗਮ ਕਰਵਾਏ ਜਾਂਦੇ ਹਨ।ਬੀਬੀ ਮਨਦੀਪ ਕੌਰ ਨੇ ਦੱਸਿਆ ਕਿ ਇਸ ਮੌਕੇ ਬੱਚਿਆਂ ਦੇ ਗੁਰਮਿਤ ਸਿੱਖਿਆ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

# ਸਾਹਿਤਕ ਮੰਚ ਵੱਲੋਂ ਸਨਮਾਨ ਸਮਾਰੋਹ ਅੱਜ

**ਲਹਿਰਾਗਾਗਾ (ਪਵਨ ਸ਼ਰਮਾ)**-ਸਾਹਿਤਕ ਮੰਚ ਲਹਿਰਾਗਾਗਾ ਵੱਲੋਂ 27 ਅਕਤੂਬਰ ਨੂੰ ਸਵੇਰੇ 11 ਵਜੇ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਵਿਖੇ ਇੱਕ ਸਾਹਿਤਕ ਮਿਲਣੀ, ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦੇ ਹੋਏ ਸਾਹਿਤਕ ਮੰਚ ਦੇ ਸੰਚਾਲਕ ਰਘਬੀਰ ਭੁਟਾਲ ਤੇ ਜਗਦੀਸ਼ ਪਾਪੜਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਜਿੱਥੇ ਵੱਖ ਵੱਖ ਕਵੀਆਂ ਤੇ ਲੇਖਕਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਜਾਣਗੀਆਂ, ਉੱਥੇ ਉੱਘੇ ਨਾਵਲਕਾਰ ਮਾਸਟਰ ਹਰੀ ਸਿੰਘ ਢੁੱਡੀਕੇ ਦੇ ਇਤਿਹਾਸਕ ਨਾਵਲ 'ਬੰਤ ਰਾਮ ਅਲੀਸ਼ੇਰ' ਲੋਕ ਅਰਪਣ ਕੀਤਾ ਜਾਵੇਗਾ।ਇਸ ਪ੍ਰੋਗਰਾਮ ਵਿੱਚ ਉੱਘੇ ਨਾਵਲਕਾਰ ਜਸਵੰਤ ਕੰਵਲ ਦੇ ਪੁੱਤਰ ਸਰਬਜੀਤ ਸਿੰਘ ਢੁੱਡੀਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।ਇਸ ਮੌਕੇ ਮੰਚ ਵੱਲੋਂ ਮਾਸਟਰ ਹਰੀ ਸਿੰਘ ਢੁੱਡੀਕੇ ਦਾ ਵੀ ਸਨਮਾਨ ਕੀਤਾ ਜਾਵੇਗਾ।

# ਸੰਗਰੂਰ ਪੁਲਸ ਵੱਲੋਂ ਟ੍ਰੈਫਿਕ ਲਈ ਬਦਲਵੇਂ ਰੂਟ ਜਾਰੀ

**ਸੰਗਰੂਰ (ਪ੍ਰਵੀਨ ਸਿੰਘ)**-ਐੱਸ ਐੱਸ ਪੀ ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟ੍ਰੈਫਿਕ ਪੁਲਸ ਦੇ ਇੰਚਾਰਜ ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਸੰਗਰੂਰ-ਬਰਨਾਲਾ ਸੜਕ ਉੱਤੇ ਬਡਰੁੱਖਾਂ ਨੇੜੇ ਲੱਗੇ ਧਰਨੇ ਕਾਰਨ ਟ੍ਰੈਫਿਕ ਲਈ ਬਦਲਵੇਂ ਪ੍ਰਬੰਧ ਕੀਤੇ ਗਏ ਹਨ।ਪਵਨ ਕੁਮਾਰ ਨੇ ਦੱਸਿਆ ਕਿ ਪਟਿਆਲਾ ਤੋਂ ਬਰਨਾਲਾ (ਵਾਇਆ ਸੰਗਰੂਰ) ਆਉਣ ਵਾਲੀ ਟ੍ਰੈਫਿਕ ਲਈ ਉਭਾਵਾਲ ਨੇੜਲੇ ਪੁਲ ਕੋਲ ਪੁਲਸ ਵੱਲੋਂ ਬੈਰੀਗੇਟ ਲਾ ਕੇ ਡਾਈਵਰਸ਼ਨ ਦਿੱਤੀ ਗਈ ਹੈ, ਜਿਥੋਂ ਉਭਾਵਾਲ, ਕਿਲ੍ਹਾ ਭਰੀਆਂ, ਲੌਂਗੋਵਾਲ ਤੇ ਬਡਬਰ ਰਾਹੀਂ ਟ੍ਰੈਫਿਕ ਬਰਨਾਲਾ ਵਿਖੇ ਜਾ ਸਕੇਗੀ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਬਠਿੰਡੇ ਜਾਂ ਬਰਨਾਲੇ ਤੋਂ ਆ ਰਹੀ ਟ੍ਰੈਫਿਕ ਲਈ ਮਸਤੂਆਣਾ ਸਾਹਿਬ ਨਜ਼ਦੀਕ ਬੈਰੀਗੇਟ ਲਾ ਕੇ ਉਥੋਂ ਡਾਈਵਰਸ਼ਨ ਦਿੱਤੀ ਗਈ ਹੈ, ਜੋ ਕਿ ਚੰਗਾਲ, ਬੰਗਾਵਾਲੀ ਪਿੰਡਾਂ ਤੋਂ ਹੋ ਕੇ ਧੂਰੀ ਰੋਡ ਉੱਤੇ ਜਾਵੇਗੀ ਅਤੇ ਉਥੋਂ ਪੁਨੀਆ ਟਾਵਰ ਵੱਲ ਆ ਕੇ ਪਟਿਆਲਾ ਰੋਡ ਵੱਲ ਜਾਵੇਗੀ।

# ਵਿਧਾਇਕ, ਡੀ ਸੀ ਤੇ ਐੱਸ ਐੱਸ ਪੀ ਵੱਲੋਂ ਖਰੀਦ ਕੇਂਦਰਾਂ ਦਾ ਦੌਰਾ

## ਅਧਿਕਾਰੀਆਂ ਨੂੰ ਲਿਫਟਿੰਗ 'ਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼



**ਜੈਤੋ (ਸਤੀਸ਼ ਕੁਮਾਰ ਭੀਰੀ)**-ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ, ਲਿਫਟਿੰਗ ਤੇ ਅਦਾਇਗੀ ਆਦਿ ਪ੍ਰਬੰਧਾਂ ਸਬੰਧੀ ਜ਼ਮੀਨੀ ਪੱਧਰ ਤੇ ਜਾਣਕਾਰੀ ਲੈਣ, ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਆਦਿ ਨਾਲ ਗੱਲਬਾਤ ਕਰਨ 'ਤੇ ਮੁਸ਼ਕਲਾਂ ਸੁਣਨ ਲਈ ਵਿਧਾਇਕ ਸ੍. ਅਮੋਲਕ ਸਿੰਘ, ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਤੇ ਐੱਸ.ਐੱਸ.ਪੀ. ਡਾ. ਪ੍ਰੱਗਿਆ ਜੈਨ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਖਰੀਦ ਕੇਂਦਰ ਜੈਤੋ ਸਮੇਤ ਵੱਖ-ਵੱਖ ਖਰੀਦ ਕੇਂਦਰਾਂ ਦਾ ਦੌਰਾ ਕੀਤਾ।ਉਨ੍ਹਾਂ ਕਿਸਾਨਾਂ, ਆੜ੍ਹਤੀਆਂ ਨੂੰ ਯਕੀਨ ਦਿਵਾਇਆ ਕਿ ਲਿਫਟਿੰਗ ਤੇ ਖਰੀਦ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।

ਵਿਧਾਇਕ ਸ੍. ਅਮੋਲਕ ਸਿੰਘ ਨੇ ਇਸ ਮੌਕੇ ਕਿਹਾ ਕਿ ਉੱਚ ਅਧਿਕਾਰੀਆਂ ਨੇ ਤਾਲਮੇਲ ਰਾਹੀਂ ਝੋਨੇ ਦੀ ਖ਼ਰੀਦ, ਲਿਫਟਿੰਗ ਆਦਿ ਨਾਲ ਸੰਬੰਧਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰ ਲਿਆ ਗਿਆ ਹੈ ਤੇ ਇੱਕ ਦੋ ਦਿਨ ਵਿੱਚ ਲਿਫਟਿਗ ਦਾ ਕੰਮ ਹੋਰ ਤੇਜ਼ ਹੋ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਤੇ ਲਿਫਟਿੰਗ ਦਾ ਕੰਮ ਵਿੱਚ ਹੋ ਰਹੀ ਦਿੱਕਤ ਨੂੰ ਵੀ ਦੂਰ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ 115 ਤੋਂ ਵੱਧ ਸੈਲਰਾਂ ਵੱਲੋਂ ਮੰਡੀਆਂ ਵਿੱਚ ਖਰੀਦੇ ਗਏ ਝੋਨੇ ਦੀ ਲਿਫਟਿੰਗ ਸ਼ੁਰੂ ਕਰ ਦਿੱਤੀ ਗਈ ਹੈ ਤੇ ਜਲਦੀ ਹੀ ਖਰੀਦ ਗਏ ਝੋਨੇ ਨੂੰ ਪੂਰੀ ਤਰ੍ਹਾਂ ਚੁੱਕ ਲਿਆ ਜਾਵੇਗਾ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਾ ਝੋਨਾ ਹੀ ਮੰਡੀ ਵਿੱਚ ਲਿਆਉਣ। ਉਨ੍ਹਾਂ ਕਿਹਾ ਕਿ ਕੱਲ੍ਹ ਸ਼ਾਮ ਤੱਕ ਜ਼ਿਲ੍ਹੇ ਵਿੱਚ 2 ਲੱਖ 1 ਹਜ਼ਾਰ 56 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਸੀ, ਜਿਸ ਵਿੱਚੋਂ 1 ਲੱਖ 61 ਹਜ਼ਾਰ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 257 ਕਰੋੜ ਦੇ ਕਰੀਬ ਅਦਾਇਗੀ ਕੀਤੀ ਜਾ ਚੁੱਕੀ ਹੈ।

ਇਸ ਮੌਕੇ ਐੱਸ ਡੀ ਐੱਮ ਸ੍ਰੀ ਸੂਰਜ, ਐੱਸ ਐੱਲ ਗੋਂਦਾਰਾ ਡੀ ਐੱਮ ਵੇਅਰ ਹਾਊਸ, ਸੁਖਵਿੰਦਰ ਕੌਰ ਡੀ ਐੱਮ ਮਾਰਕਫੈੱਡ, ਹਰਪ੍ਰੀਤ ਸਿੰਘ ਏ.ਐੱਫ.ਐੱਸ.ਓ. (ਪਨਗਰੇਨ) ਤੇ ਇੰਸਪੈਕਟਰ ਰਾਜ ਕੁਮਾਰ, ਅਮਨ, ਰਜਨੀਸ਼ ਤੋਂ ਇਲਾਵਾ ਵੱਖ ਵੱਖ ਖਰੀਦ ਏਜੰਸੀਆਂ, ਮੰਡੀ ਬੋਰਡ ਦੇ ਅਧਿਕਾਰੀ ਹਾਜ਼ਰ ਸਨ।

# ਮਾਨ ਸਰਕਾਰ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦੇਣ ਦੇ ਮਾਮਲੇ 'ਚ ਕੇਂਦਰ ਤੇ ਗੁਆਂਢੀ ਰਾਜਾਂ ਤੋਂ ਪਛੜੀ : ਪ ਸ ਸ ਫ

**ਕੋਟਕਪੂਰਾ (ਰਛਪਾਲ ਭੁੱਲਰ)**
ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ , ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਚੇਅਰਮੈਨ ਗੁਰਦੀਪ ਸਿੰਘ ਮੋਤੀ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ, ਅਵਤਾਰ ਸਿੰਘ ਗਗੜਾ, ਸੱਤਿਆਪਾਲ ਗੁਪਤਾ, ਅਵਤਾਰ ਸਿੰਘ ਤਾਰੀ, ਪ੍ਰਿਤਪਾਲ ਸਿੰਘ ਪੰਡੋਰੀ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਜਸਵਿੰਦਰ ਪਾਲ ਉੱਘੀ, ਬਲਜਿੰਦਰ ਸਿੰਘ ਪਟਿਆਲਾ, ਡਿੰਪਲ ਰੁਹੇਲਾ, ਸੰਜੀਵ ਕੁਮਾਰ ਬਠਿੰਡਾ, ਮੇਲਾ ਸਿੰਘ ਪੁੰਨਾਂਵਾਲ, ਸੀਤਾ ਰਾਮ ਸ਼ਰਮਾ, ਜਗਮੋਹਨ ਨੌਲੱਖਾ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਗੁਰਜੀਤ ਸਿੰਘ ਘੋੜੇਵਾਹ, ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾਈ ਆਗੂ ਗੁਰਜੰਟ ਸਿੰਘ ਕੋਕਰੀ, ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਦਰਸ਼ੀ ਕਾਂਤ ਰਾਜਪੁਰਾ, ਪੈਰਾ-ਮੈਡੀਕਲ ਸਟਾਫ ਦੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਮੰਗਵਾਲ, ਪ੍ਰਭਜੀਤ ਸਿੰਘ ਉਪਲ ਨੇ ਦੱਸਿਆ ਕਿ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ, ਰਾਜਸਥਾਨ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਸਮੇਤ ਸਾਰੇ ਗੁਆਂਢੀ ਰਾਜਾਂ ਦੇ ਮੁਲਾਜ਼ਮ ਤੇ ਪੈਨਸ਼ਨਰ 1 ਜੁਲਾਈ 2024 ਤੋਂ 53 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ, ਜਦਕਿ ਪੰਜਾਬ ਰਾਜ ਨੂੰ ਵਿਕਾਸ ਦੀਆਂ ਲੀਹਾਂ 'ਤੇ ਲੈ ਕੇ ਜਾਣ ਦਾ ਢੰਡੋਰਾ ਪਿੱਟਣ ਵਾਲੀ ਭਗਵੰਤ ਮਾਨ ਸਰਕਾਰ ਦੇ ਢਾਈ-ਪੌਣੇ ਤਿੰਨ ਸਾਲਾਂ ਦੇ ਰਾਜਭਾਗ ਦੌਰਾਨ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਹੁਣ ਤੱਕ 38 ਫੀਸਦੀ ਡੀ ਏ ਹੀ ਮਿਲ ਰਿਹਾ ਹੈ, ਜੋਕਿ 1 ਜੁਲਾਈ 2024 ਅਨੁਸਾਰ ਤੇ ਹੁਣ ਤੱਕ 15 ਫੀਸਦੀ ਮਹਿੰਗਾਈ ਭੱਤਾ ਘੱਟ ਮਿਲ ਰਿਹਾ ਹੈ।ਡੀ ਏ ਦੀਆਂ ਕਿਸ਼ਤਾਂ ਨਾ ਮਿਲਣ ਕਰਕੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਰੋਸ ਦਿਨੋਂ ਦਿਨ ਤਿੱਖਾ ਹੋ ਰਿਹਾ ਹੈ ਤੇ ਇਨ੍ਹਾਂ ਸਾਰਿਆਂ ਦੀ ਦੀਵਾਲੀ ਫਿੱਕੀ ਰਹਿਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਇਸ ਵਤੀਰੇ ਦਾ ਢੁੱਕਵਾਂ ਜਵਾਬ ਦੇਣ ਲਈ ਸਮੂਹ ਮੁਲਾਜ਼ਮ ਤੇ ਪੈਨਸ਼ਨਰ 13 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਬਰਨਾਲਾ, ਚੱਬੇਵਾਲ, ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਦੇ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਦਾ ਪੂਰਾ ਮਨ ਬਣਾਈ ਬੈਠੇ ਹਨ ਅਤੇ ਇਨ੍ਹਾਂ ਸਾਰੇ ਹਲਕਿਆਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਝੰਡਾ ਮਾਰਚ ਕਰਨ ਦੇ ਪ੍ਰੋਗਰਾਮ ਉਲੀਕੇ ਜਾ ਚੁੱਕੇ ਹਨ।

## ਪੀ ਆਰ ਟੀ ਸੀ ਮੁਲਾਜ਼ਮਾਂ ਨੂੰ ਮੈਨੇਜਮੈਂਟ ਵੱਲੋ ਦੀਵਾਲੀ ਦਾ ਤੋਹਫਾ

# ਕੱਚੇ ਮੁਲਾਜ਼ਮਾਂ ਦੀ ਤਨਖਾਹ 'ਚ 2500 ਰੁਪਏ ਦਾ ਕੀਤਾ ਵਾਧਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਬੀਤੇ ਦਿਨੀਂ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀਆਰਟੀਸੀ ਦੀ ਪ੍ਰਧਾਨਗੀ ਹੇਠ ਹੋਈ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਮਹਿਕਮੇ ਦੀ ਤਰੱਕੀ ਅਤੇ ਵਾਧੇ ਲਈ ਨਿਵੇਕਲੇ ਤੇ ਅਹਿਮ ਫੈਸਲਿਆਂ 'ਤੇ ਮੋਹਰ ਲਗਾਈ ਗਈ ਹੈ।ਬੋਰਡ ਆਫ ਡਾਇਰੈਕਟਰਜ਼ ਦੀ ਇਸ ਮੀਟਿੰਗ ਵਿੱਚ ਚੇਅਰਮੈਨ ਰਣਜੋਧ ਸਿੰਘ ਹਡਾਣਾ, ਬਲਵਿੰਦਰ ਸਿੰਘ ਝਾੜਵਾਂ ਵਾਈਸ ਚੇਅਰਮੈਨ, ਬਿਕਰਮਜੀਤ ਸਿੰਘ ਸ਼ੇਰਗਿੱਲ ਐੱਮ ਡੀ ਪੀਆਰਟੀਸੀ, ਨਵਦੀਪ ਸ਼ਰਮਾ ਏ ਐੱਮ ਡੀ, ਸੁਖਵਿੰਦਰ ਕੁਮਾਰ ਐਡੀਸ਼ਨਲ ਡਾਇਰੈਕਟਰ, ਬਬੀਤਾ ਗੋਇਲ ਡਾਇਰੈਕਟਰ (ਫਾਇਨਾਂਸ), ਚਰਨਜੀਤ ਸਿੰਘ ਧਾਲੀਵਾਲ ਡਾਇਰੈਕਟਰ, ਰਜਿੰਦਰ ਸਿੰਘ ਰਹਿਲ ਡਾਇਰੈਕਟਰ, ਰਾਕੇਸ਼ ਕੁਮਾਰ ਗਰਗ ਡੀ ਸੀ ਐਫ ਏ, ਰਮਨਜੋਤ ਸਿੰਘ ਪੀ ਏ ਟੂ ਚੇਅਰਮੈਨ, ਬਿਕਰਮਜੀਤ ਸਿੰਘ ਪੀ ਏ ਟੂ ਚੇਅਰਮੈਨ ਮੌਜੂਦ ਸਨ।ਦੱਸਣਯੋਗ ਹੈ ਕਿ ਪੀਆਰਟੀਸੀ ਮਹਿਕਮੇ ਵੱਲੋਂ ਦੀਵਾਲੀ ਦਾ ਤੋਹਫਾ ਦਿੰਦਿਆਂ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚਲੀ ਅਸਮਾਨਤਾ ਨੂੰ ਦੂਰ ਕਰਦਿਆਂ ਉਨ੍ਹਾਂ ਦੀ ਤਨਖਾਹ ਵਿੱਚ 2500 ਰੁਪਏ ਦਾ ਵਾਧਾ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਉਨ੍ਹਾਂ ਦੀ ਨੌਕਰੀ ਦੀ ਮਿਆਦ ਦੇ ਹਿਸਾਬ ਨਾਲ ਦਸ ਤੋਂ ਤੀਹ ਪ੍ਰਤੀਸ਼ਤ ਦਾ ਹੋਰ ਵਾਧਾ ਦਿੱਤਾ ਗਿਆ ਹੈ।ਇਸ ਦੇ ਨਾਲ ਹੀ ਹੋਰ ਪੰਜ ਪ੍ਰਤੀਸ਼ਤ ਦਾ ਵੀ ਹਰ ਸਾਲ ਤਨਖਾਹ ਵਿੱਚ ਵਾਧਾ ਕੀਤੇ ਜਾਣ ਦੀ ਮੰਗ ਨੂੰ ਪ੍ਰਵਾਨਗੀ ਦਿੱਤੀ ਗਈ ਹੈ।ਇਸ ਮੌਕੇ ਚੇਅਰਮੈਨ ਹਡਾਣਾ ਨੇ ਕਿਹਾ ਕਿ ਦੀਵਾਲੀ ਦੇ ਮੁਬਾਰਕ ਮੌਕੇ 'ਤੇ ਮੁਲਾਜ਼ਮਾਂ ਦੀ ਲੰਮੇ ਸਮੇਂ ਤੋਂ ਚਲਦੀ ਆ ਰਹੀ ਮੰਗ ਨੂੰ ਪੂਰਾ ਕਰਨਾ ਮੇਰੇ ਲਈ ਮਾਨ ਵਾਲੀ ਗੱਲ ਹੈ।ਮਹਿਕਮੇ ਨਾਲ ਸੰਬੰਧਤ ਤੇ ਮਹਿਕਮੇ ਦੇ ਵਾਧੇ ਲਈ ਤੱਤਪਰ ਰਹਿਣ ਵਾਲੀਆਂ ਜਥੇਬੰਦੀਆਂ ਵੱਲੋਂ ਮੇਰੇ ਦਫਤਰ ਆ ਕੇ ਕੀਤਾ ਸਨਮਾਨ ਜ਼ਿੰਦਗੀ ਦੀ ਖ਼ੂਬਸੂਰਤ ਯਾਦ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਸੈਂਕੜੇ ਚਿਹਰਿਆਂ 'ਤੇ ਆਈ ਮੁਸਕਾਨ ਮੇਰੇ ਲਈ ਅਸਲ ਦੀਵਾਲੀ ਹੈ।

# ਇਸਲਾਮੀਆ ਸਕੂਲ ਦੀ ਨਵੀਂ ਇਮਾਰਤ ਉਸਾਰੀ ਦਾ ਕੰਮ ਜਲਦ ਹੋਵੇਗਾ ਸ਼ੁਰੂ : ਰਹਿਮਾਨ

## ਸਕੂਲ ਦਾ 100 ਸਾਲਾ ਸਮਾਗਮ ਸਫ਼ਲਤਾਪੂਰਵਕ ਸਮਾਪਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਵਕਫ ਬੋਰਡ ਦੇ ਪ੍ਰਬੰਧ ਅਧੀਨ ਚੱਲਣ ਵਾਲੇ ਸਥਾਨਕ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਦੇ 100 ਸਾਲ ਪੂਰੇ ਹੋਣ 'ਤੇ ਐਡਮਨਿਸਟਰੇਟਰ ਜਨਾਬ ਸ਼ੌਕਤ ਅਹਿਮਦ ਪਰੇ (ਆਈ.ਏ.ਐੱਸ) ਦੀ ਯੋਗ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਤਹਿਤ ਸਥਾਨਕ ਨਿਊ ਰਾਣੀ ਮਹਿਲ ਵਿਖੇ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ 'ਚ ਪੰਜਾਬ ਵਿਧਾਨ ਸਭਾ 'ਚ ਇੱਕੋ ਇੱਕ ਮੁਸਲਿਮ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਗਮ ਦੀ ਪ੍ਰਧਾਨਗੀ ਆਗਰਾ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਤੇ ਸਾਬਕਾ ਪ੍ਰਸ਼ਾਸਕ ਡਾ. ਮਨਜ਼ੂਰ ਅਹਿਮਦ (ਆਈ.ਪੀ.ਐੱਸ.) ਨੇ ਕੀਤੀ।ਪੰਜਾਬ ਵਕਫ਼ ਬੋਰਡ ਦੇ ਸੀ.ਈ.ਓ. ਡਾ. ਮੁਹੰਮਦ ਅਸਲਮ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਗਮ ਦੀ ਸ਼ੁਰੂਆਤ ਅਰਮਾਨ, ਬਿਲਾਲ, ਮੋਇਨ ਦੀਨ ਤੇ ਸ਼ੋਏਬ ਨੇ ਕੁਰਾਨ ਸ਼ਰੀਫ ਦੀ ਤਿਲਾਵਤ ਤੇ ਅਨੁਵਾਦ ਨਾਲ ਕੀਤੀ। ਇਸ ਤੋਂ ਬਾਅਦ ਸਕੂਲ ਦੀਆਂ ਵਿਦਿਆਰਥਣਾਂ ਆਬਿਦਾ ਨੇ ਹਮਦ ਤੇ ਸ਼ਾਇਨਾ ਨੇ ਨਾਤ ਪੇਸ਼ ਕੀਤੀ। ਸਕੂਲ ਦੇ ਪ੍ਰਿੰਸੀਪਲ ਜਮੀਲ ਮੁਹੰਮਦ ਨੇ ਆਏ ਹੋਏ ਮਹਿਮਾਨਾਂ ਤੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਸਕੂਲ ਦੀਆਂ ਪ੍ਰਾਪਤੀਆਂ ਸਬੰਧੀ ਸਾਲਾਨਾ ਰਿਪੋਰਟ ਪੇਸ਼ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਮਨਜ਼ੂਰ ਅਹਿਮਦ ਨੇ ਕਿਹਾ ਕਿ ਸਕੂਲ 'ਚ ਹੋਈ ਪ੍ਰਗਤੀ ਨੂੰ ਵੇਖ ਕੇ ਉਹ ਬੜਾ ਮਾਣ ਮਹਿਸੂਸ ਕਰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ 'ਚ ਉਰਦੂ ਭਾਸ਼ਾ ਦਾ ਪ੍ਰਸਾਰ ਕਰਨ ਵਾਲੇ ਅਦਾਰੇ ਹੁਣ ਬਹੁਤ ਘੱਟ ਰਹਿ ਗਏ ਹਨ।ਸਾਨੂੰ ਆਪਣੇ ਸੱਭਿਆਚਾਰ ਤੇ ਵਿਰਾਸਤ ਦੀ ਸੁਰੱਖਿਆ ਲਈ ਉਰਦੂ ਭਾਸ਼ਾ ਦੀ ਸੰਭਾਲ ਕਰਨੀ ਪਵੇਗੀ।

ਮੁੱਖ ਮਹਿਮਾਨ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਇਸਲਾਮੀਆ ਸਕੂਲ ਇੱਕ ਲੰਮਾ ਸਫਰ ਤੈਅ ਕਰਕੇ ਇਸ ਮੁਕਾਮ ਤੇ ਪਹੁੰਚਿਆ ਹੈ, ਇਸ ਦੇ ਲਈ ਇੱਥੋਂ ਦੇ ਰਿਟਾਇਰਡ ਅਧਿਆਪਕਾਂ ਦੇ ਯੋਗਦਾਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਹੈੱਡਮਾਸਟਰ ਕਿਫਾਇਤ ਉੱਲ੍ਹਾ ਤੇ ਹੈੱਡ ਮਾਸਟਰ ਮੁਹੰਮਦ ਬਸ਼ੀਰ ਸਾਹਿਬ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੋਵਾਂ ਸ਼ਖਸੀਅਤਾਂ ਨੇ ਇਸ ਸਕੂਲ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਬਹੁਤ ਸੰਘਰਸ਼ ਕੀਤਾ। ਸ੍ਰੀ ਰਹਿਮਾਨ ਨੇ ਸਕੂਲ ਸਮੇਂ ਦੇ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਤੇ ਅਧਿਆਪਕਾਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਜਲਦੀ ਹੀ ਇੱਕ ਸਮਾਗਮ ਕਰਕੇ ਇਨ੍ਹਾਂ ਅਧਿਆਪਕਾਂ ਨੂੰ ਮਾਣ ਸਨਮਾਨ ਦਿੱਤਾ ਜਾਵੇਗਾ। ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਸਕੂਲ ਦੇ ਖਸਤਾ ਹਾਲ ਕਮਰਿਆਂ ਦੇ ਵਿੱਦਿਅਕ ਵਿਕਾਸ ਲਈ 1 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ ਤੇ ਇਸ ਦੀ ਉਸਾਰੀ ਜਲਦ ਸ਼ੁਰੂ ਹੋ ਜਾਵੇਗੀ।

ਮਾਲੇਰਕੋਟਲਾ ਵਿਖੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਇਮਾਰਤ ਅਤੇ ਲਾਇਬ੍ਰੇਰੀ ਲਈ 7 ਕਰੋੜ ਰੁਪਏ ਰੱਖੇ ਗਏ ਹਨ।ਇਸ ਤੋਂ ਇਲਾਵਾ 10 ਕਰੋੜ ਰੁਪਏ ਦੀ ਲਾਗਤ ਨਾਲ 100 ਵਿੱਘੇ ਜ਼ਮੀਨ 'ਚ ਇੱਕ ਮੁਸਲਿਮ ਕਾਲਜ ਦੀ ਸਥਾਪਨਾ ਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਸਕੂਲ ਆਫ ਐਮੀਨੈਂਸ ਦੀ ਤਰਜ 'ਤੇ ਪੰਜਾਬ ਵਕਫ ਬੋਰਡ ਵੱਲੋਂ ਇੱਕ ਮੁਸਲਿਮ ਸਕੂਲ ਆਫ ਐਮੀਨੈਂਸ ਦੀ ਵੀ ਸਥਾਪਨਾ ਕੀਤੀ ਜਾਵੇਗੀ, ਜਿਸ 'ਚ ਵੱਖ ਵੱਖ ਸਕੂਲਾਂ ਦੇ ਮੈਰੀਟੋਰੀਅਸ ਵਿਦਿਆਰਥੀ ਮੈਡੀਕਲ, ਨਾਨ-ਮੈਡੀਕਲ, ਕਾਮਰਸ ਤੇ ਆਰਟਸ ਦੇ ਵਿਸ਼ਿਆਂ ਦੀ ਸਿੱਖਿਆ ਪ੍ਰਾਪਤ ਕਰ ਸਕਣਗੇ।ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਵਕਫ਼ ਬੋਰਡ ਦੇ ਸੀ.ਈ.ਓ ਡਾ. ਮੁਹੰਮਦ ਅਸਲਮ ਨੇ ਸਕੂਲ ਸਟਾਫ ਤੇ 100 ਸਾਲਾ ਸੰਗਠਿਤ ਕਮੇਟੀ ਦੇ ਮੈਂਬਰਾਂ ਨੂੰ ਇਸ ਸ਼ਾਨਦਾਰ ਸਮਾਗਮ ਲਈ ਵਧਾਈ ਦਿੱਤੀ ਅਤੇ ਮਹਿਮਾਨਾਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ।ਇਸ ਤੋਂ ਇਲਾਵਾ ਸਮਾਗਮ ਦੌਰਾਨ ਮੁਹੰਮਦ ਉਵੈਸ (ਐੱਮ ਡੀ ਸਟਾਰ ਇੰਪੈਕਟ), ਹਜ਼ਰਤ ਮੌਲਾਨਾ ਮੁਫਤੀ ਇਰਤਕਾ ਉੱਲ ਹਸਨ ਕਾਂਧਲਵੀ ਮੁਫਤੀ ਏ ਆਜ਼ਮ ਪੰਜਾਬ, ਡਾ. ਮੁਹੰਮਦ ਖਾਲਿਦ, ਅਮਜਦ ਅਲੀ ਚੇਅਰਮੈਨ ਹਰਫ ਚੈਰੀਟੇਬਲ ਟਰੱਸਟ, ਸਾਬਕਾ ਮੰਤਰੀ ਨੁਸਰਤ ਇਕਰਾਮ ਖਾਂ ਬੱਗਾ ਆਦਿ ਨੇ ਵੀ ਅਪਣੇ ਵਿਚਾਰ ਪ੍ਰਗਟ ਕੀਤੇ।

# ਪਟਾਕੇ ਵੇਚਣ ਲਈ ਸਥਾਨ ਕੀਤੇ ਨਿਸਚਿਤ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟਰੇਟ ਡਾਕਟਰ ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਾਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜਿੱਥੇ ਜ਼ਿਲ੍ਹੇ ਵਿੱਚ ਗਰੀਨ ਪਟਾਕੇ ਵੇਚਣ ਤੋਂ ਇਲਾਵਾ ਖਤਰਨਾਕ ਤੇ ਕੈਮੀਕਲ ਪਟਾਕੇ ਵੇਚਣ/ਖਰੀਦਣ/ਸਟੋਰ ਕਰਨ ਤੇ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਹੈ, ਉਥੇ ਹੀ ਉਨ੍ਹਾਂ ਪਟਾਕੇ ਵੇਚਣ ਵਾਸਤੇ ਜ਼ਿਲ੍ਹੇ ਵਿੱਚ ਵੱਖ ਵੱਖ ਸਥਾਨ ਵੀ ਨਿਸ਼ਚਿਤ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਤੈਅ ਕੀਤੇ ਸਥਾਨਾਂ 'ਤੇ ਹੀ ਪਟਾਕੇ (ਗਰੀਨ ਕਰੈਕਰ) ਵੇਚੇ ਤੇ ਖਰੀਦੇ ਜਾ ਸਕਣਗੇ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਬ ਡਵੀਜ਼ਨ ਫਤਿਹਗੜ੍ਹ ਸਾਹਿਬ ਵਿੱਚ ਦੁਸਹਿਰਾ ਗਰਾਊਂਡ ਸਰਹਿੰਦ, ਸਬ ਡਵੀਜ਼ਨ ਅਮਲੋਹ ਲਈ ਆਊਟ ਡੋਰ ਸਟੇਡੀਅਮ ਦੁਸਹਿਰਾ ਗਰਾਊਂਡ ਮੰਡੀ ਗੋਬਿੰਦਗੜ੍ਹ, ਮਾਘੀ ਕਾਲਜ ਅਮਲੋਹ ਦੇ ਸਾਹਮਣੇ ਵਾਲੀ ਖਾਲੀ ਜਗ੍ਹਾ, ਸਬ ਡਵੀਜ਼ਨ ਬਸੀ ਪਠਾਣਾ ਵਿਖੇ ਨਾਮਦੇਵ ਮੰਦਰ ਦੁਸਹਿਰਾ ਗਰਾਊਂਡ ਬਸੀ ਪਠਾਣਾ, ਸਬ ਡਵੀਜ਼ਨ ਖਮਾਣੋਂ ਲਈ ਦੁਸਹਿਰਾ ਗਰਾਊਂਡ ਨੇੜੇ ਕੋਰਟ ਕੰਪਲੈਕਸ ਖਮਾਣੋਂ, ਦੁਸਹਿਰਾ ਗਰਾਊਂਡ ਗਊਸ਼ਾਲਾ ਰੋਡ ਸੰਘੋਲ, ਸਰਕਾਰੀ ਐਲੀਮੈਂਟਰੀ ਸਕੂਲ ਖੇੜੀ ਨੌਧ ਸਿੰਘ ਤੇ ਸਰਕਾਰੀ ਐਲੀਮੈਂਟਰੀ ਸਕੂਲ ਭੜੀ ਵਿਖੇ ਹੀ ਪਟਾਕੇ ਵੇਚੇ 'ਤੇ ਖਰੀਦੇ ਜਾ ਸਕਣਗੇ।

# 'ਖੇਡਾਂ ਵਤਨ ਪੰਜਾਬ ਦੀਆਂ' ਦੇ ਰਾਜ ਪੱਧਰੀ ਮੁਕਾਬਲੇ ਸੰਪੰਨ

## ਲੜਕੀਆਂ ਦੇ ਫੈਂਸਿੰਗ ਮੁਕਾਬਲੇ 'ਚ ਪਵਨਦੀਪ ਕੌਰ ਨੇ ਮਾਰੀ ਬਾਜ਼ੀ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-'ਖੇਡਾਂ ਵਤਨ ਪੰਜਾਬ ਦੀਆਂ-2024' ਤਹਿਤ ਫ਼ਤਹਿਗੜ੍ਹ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਖੇ ਹੋਈਆਂ ਰਾਜ ਪੱਧਰੀ ਖੇਡਾਂ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਈਆਂ।ਇਨ੍ਹਾਂ ਖੇਡਾਂ ਦੇ ਅੰਤਿਮ ਦਿਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

ਇਸ ਮੌਕੇ ਸ੍ਰੀ ਲਿਬੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਫੈਸਲਿਆਂ ਸਦਕਾ ਅੱਜ ਪੰਜਾਬ ਦੇ ਖਿਡਾਰੀ ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ 'ਤੇ ਚੰਗਾ ਨਾਮਣਾ ਖੱਟ ਰਹੇ ਹਨ।ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ ਤੇ ਖੇਡਾਂ ਇੱਕ ਅਜਿਹਾ ਸਾਧਨ ਹਨ, ਜਿਨ੍ਹਾਂ ਨਾਲ ਜੁੜ ਕੇ ਸਾਡੇ ਨੌਜਵਾਨ ਸਮਾਜਿਕ ਲਾਹਣਤਾਂ ਤੋਂ ਦੂਰ ਰਹਿ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸਾਨੂੰ ਖੇਡਾਂ ਨਾਲ ਜ਼ਰੂਰ ਜੁੜਨਾ ਚਾਹੀਦਾ ਹੈ।

ਰਾਜ ਪੱਧਰੀ ਖੇਡਾਂ ਦੇ ਨਤੀਜਿਆਂ ਬਾਰੇ ਜ਼ਿਲ੍ਹਾ ਖੇਡ ਅਫਸਰ, ਗੁਰਦੀਪ ਕੌਰ ਨੇ ਦੱਸਿਆ ਕਿ ਲੜਕਿਆਂ ਦੇ 21 ਸਾਲ ਉਮਰ ਵਰਗ ਵਿੱਚ ਸਾਫਟਬਾਲ ਦਾ ਫਾਇਨਲ ਮੁਕਾਬਲਾ ਲੁਧਿਆਣਾ ਤੇ ਅੰਮ੍ਰਿਤਸਰ ਵਿਚਕਾਰ ਹੋਇਆ, ਜਿਸ ਵਿੱਚ ਅੰਮ੍ਰਿਤਸਰ ਦੀ ਟੀਮ ਨੇ ਲੁਧਿਆਣਾ ਦੀ ਟੀਮ ਨੂੰ 13-6 ਦੇ ਫਰਕ ਨਾਲ ਹਰਾਇਆ।

ਲੜਕੀਆਂ ਦੇ 21-30 ਸਾਲ ਉਮਰ ਵਰਗ ਦਾ ਫਾਇਨਲ ਮੁਕਾਬਲਾ ਲੁਧਿਆਣਾ ਤੇ ਅੰਮ੍ਰਿਤਸਰ ਵਿਚਕਾਰ ਹੋਇਆ, ਜਿਸ ਵਿੱਚ ਅੰਮ੍ਰਿਤਸਰ ਦੀ ਟੀਮ 6-0 ਦੇ ਫਰਕ ਨਾਲ ਜੇਤੂ ਰਹੀ।ਲੜਕਿਆਂ ਦੇ 21-30 ਸਾਲ ਉਮਰ ਵਰਗ ਦਾ ਫਾਇਨਲ ਮੁਕਾਬਲਾ ਜਲੰਧਰ ਤੇ ਅੰਮ੍ਰਿਤਸਰ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਵਿੱਚ ਅੰਮ੍ਰਿਤਸਰ ਦੀ ਟੀਮ 2-0 ਦੇ ਫਰਕ ਨਾਲ ਜੇਤੂ ਰਹੀ।ਲੜਕੀਆਂ ਦੇ 14 ਸਾਲ ਉਮਰ ਵਰਗ ਵਿੱਚ ਫੈਂਸਿੰਗ (ਈਵੈਂਟ ਇੱਪੀ ਟੀਮ) ਦੇ ਮੁਕਾਬਲੇ ਵਿੱਚ ਗੁਰਦਾਸਪੁਰ ਦੀ ਟੀਮ ਪਹਿਲੇ, ਮਾਨਸਾ ਦੂਜੇ, ਤਰਨਤਾਰਨ ਜ਼ਿਲ੍ਹਾ ਤੀਜੇ ਤੇ ਐਸ.ਏ.ਐਸ. ਨਗਰ ਮੋਹਾਲੀ ਦੀ ਟੀਮ ਚੌਥੇ ਸਥਾਨ 'ਤੇ ਰਹੀ।

ਅੰਡਰ-21 ਲੜਕੀਆਂ (ਈਵੈਂਟ ਸੈਬਰ ਵਿਅਕਤੀਗਤ) ਵਿੱਚ ਪਹਿਲਾ ਸਥਾਨ ਪਵਨਦੀਪ ਕੌਰ ਫ਼ਤਹਿਗੜ੍ਹ ਸਾਹਿਬ, ਦੂਜਾ ਸਥਾਨ ਜਸਲੀਨ ਕੌਰ ਫ਼ਤਹਿਗੜ੍ਹ ਸਾਹਿਬ, ਤੀਜਾ ਸਥਾਨ ਗਰੀਸ਼ਕਾ ਪਟਿਆਲਾ ਤੇ ਗੁਰਕੀਰਤ ਬਠਿੰਡਾ ਨੇ ਹਾਸਲ ਕੀਤਾ।

ਅੰਡਰ-14 ਲੜਕੀਆਂ (ਈਵੈਂਟ ਇੱਪੀ ਵਿਅਕਤੀਗਤ) ਵਿੱਚ ਪਹਿਲਾ ਸਥਾਨ ਜੈਪ੍ਰੀਤ ਕੌਰ ਜ਼ਿਲ੍ਹਾ ਫਿਰੋਜ਼ਪੁਰ, ਨਵਿਆ ਜ਼ਿਲ੍ਹਾ ਤਰਨਤਾਰਨ ਨੇ ਦੂਜਾ, ਅਨੁਪ੍ਰੀਤ ਰੰਧਾਵਾ ਜ਼ਿਲ੍ਹਾ ਗੁਰਦਾਸਪੁਰ ਤੇ ਈਸ਼ਿਕਾ ਜ਼ਿਲ੍ਹਾ ਪਟਿਆਲਾ ਨੇ ਤੀਜਾ ਸਥਾਨ ਹਾਸਲ ਕੀਤਾ।ਸਮੂਹ ਫਿਜ਼ੀਕਲ ਐਜੂਕਸ਼ਨ ਦੇ ਅਧਿਆਪਕ ਤੇ ਸਟਾਫ਼ ਨੇ ਖੇਡਾਂ ਦੌਰਾਨ ਆਪਣੀਆਂ ਡਿਊਟੀਆਂ ਬਾਖੂਬੀ ਨਿਭਾਈਆਂ।

# ਝੋਨੇ ਦੀ ਖਰੀਦ ਨਾ ਹੋਣ 'ਤੇ ਭਾਜਪਾ ਵੱਲੋਂ ਸਰਕਾਰ ਖਿਲਾਫ ਨਾਅਰੇਬਾਜ਼ੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਦੇ ਮੰਡਲ ਬੱਸੀ ਪ੍ਰਧਾਨ ਰਾਜੀਵ ਮਲਹੋਤਰਾ ਦੀ ਅਗਵਾਈ ਵਿੱਚ ਬਸੀ ਪਠਾਨਾ ਦੀ ਦਾਣਾ ਮੰਡੀ ਵਿੱਚ ਝੋਨੇ ਦੀ ਖਰੀਦ ਨਾ ਸ਼ੁਰੂ ਹੋਣ ਕਰਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਧਰਨੇ ਵਿੱਚ ਭਾਰਤੀ ਜਨਤਾ ਪਾਰਟੀ ਬਸੀ ਪਠਾਣਾਂ ਦੇ ਇੰਚਾਰਜ ਕੁਲਦੀਪ ਸਿੰਘ ਸਿੱਧੂਪੁਰ ਤੇ ਡਾ. ਹਰਬੰਸ ਲਾਲ ਸਾਬਕਾ ਮੰਤਰੀ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ। ਢੇਰਾਂ ਦੇ ਢੇਰ ਮੰਡੀਆਂ 'ਚ ਝੋਨੇ ਦੇ ਲੱਗ ਗਏ ਹਨ, ਪਰ ਪੰਜਾਬ ਸਰਕਾਰ ਨੂੰ ਇਸ ਗੱਲ ਦਾ ਰਤਾ ਭਰ ਫਰਕ ਨਹੀਂ ਪੈ ਰਿਹਾ।ਅੱਜ ਕਿਸਾਨ, ਮਜ਼ਦੂਰ, ਆੜ੍ਹਤੀ ਸਾਰੇ ਪੰਜਾਬ ਸਰਕਾਰ ਤੋਂ ਦੁਖੀ ਹੋਏ ਪਏ ਹਨ।ਜੇਕਰ ਆਉਣ ਵਾਲੇ ਕੁਝ ਦਿਨਾਂ ਵਿੱਚ ਪੂਰੀ ਸਖਤੀ ਨਾਲ ਝੋਨੇ ਦੀ ਖਰੀਦ ਸ਼ੁਰੂ ਨਾ ਹੋਈ ਤਾਂ ਅਸੀਂ ਸੜਕਾਂ ਬੰਦ ਕਰਵਾ ਕੇ ਹੋਰ ਵੀ ਤੇਜ਼ ਧਰਨੇ ਮੁਜ਼ਹਾਰੇ ਕਰਨ ਲਈ ਮਜਬੂਰ ਹੋਵਾਂਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਜਰਨਲ ਸਕੱਤਰ ਓਮ ਗੌਤਮ, ਨੌਜਵਾਨ ਆਗੂ ਗੁਰਕੀਰਤ ਸਿੰਘ ਬੇਦੀ, ਸੋਹਣ ਲਾਲ ਮੈਨਰੋ, ਜਸਵੀਰ ਸਿੰਘ ਜੱਸੀ ਨੰਦਪੁਰ ਕਲੌੜ, ਸੁਰਿੰਦਰ ਸਿੰਘ, ਕੁਲਦੀਪ ਪਾਠਕ, ਤਰੁਣ ਸੇਠੀ, ਰਾਜੇਸ਼ ਗੌਤਮ, ਹਰਮੇਸ਼ ਸ਼ਰਮਾ, ਹਰੀਸ਼ ਥਰੇਜਾ, ਸ਼ਿੰਦਰ ਸਿੰਘ, ਕੇ ਕੇ ਵਰਮਾ, ਬਲਵਿੰਦਰ ਸਿੰਘ ਗੋਗੀ ਬਹਾਦਰਗੜ੍ਹ, ਰਜਿੰਦਰ ਸ਼ਰਮਾ ਧੂੰਦਾ, ਦੀਪ ਬੱਸੀ, ਨਰਵੀਰ ਧੀਮਾਨ, ਵਸੀਮ ਮਹੁੰਮਦ, ਗੁਰਦੀਪ ਸਿੰਘ ਭਾਗਨਪੁਰ ਪ੍ਰੈੱਸ ਸਕੱਤਰ ਪੰਜਾਬ ਆਦਿ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਟਾਕੇ ਵੇਚਣ ਲਈ ਥਾਵਾਂ ਨਿਰਧਾਰਤ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ ਸ੍ਰੀ ਵਿਨੀਤ ਕੁਮਾਰ ਨੇ ਦੀਵਾਲੀ ਤੇ ਗੁਰਪੁਰਬ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਪਟਾਕਿਆਂ ਦੀ ਵਿਕਰੀ ਲਈ ਥਾਵਾਂ ਨਿਰਧਾਰਤ ਕੀਤੀਆਂ ਹਨ।ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਪਟਾਕੇ ਵਿਕਰੇਤਾਵਾਂ ਵੱਲੋਂ ਫਰੀਦਕੋਟ ਵਿੱਚ ਨਹਿਰੂ ਸਟੇਡੀਅਮ ਵਿਖੇ, ਕੋਟਕਪੂਰਾ ਵਿਖੇ ਡਾ. ਹਰੀ ਸਿੰਘ ਸੇਵਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਦੇ ਗਰਾਊਂਡ ਤੇ ਜੈਤੋ ਵਿਖੇ ਤਹਿਸੀਲ ਕੰਪਲੈਕਸ ਦੇ ਅੱਗੇ ਖਾਲੀ ਪਈ ਜਗ੍ਹਾ ਵਿੱਚ ਪਟਾਕੇ ਵੇਚੇ ਜਾ ਸਕਦੇ ਹਨ।ਉਨ੍ਹਾਂ ਕਿਹਾ ਕਿ ਪਟਾਕਿਆਂ ਦੀ ਵਿਕਰੀ ਸਿਰਫ ਉਸ ਲਾਇਸੰਸ ਸ਼ੁਦਾ ਵਿਕਰੇਤਾ ਵੱਲੋਂ ਹੀ ਕੀਤੀ ਜਾ ਸਕਦੀ ਹੈ, ਜਿਸ ਨੂੰ ਦਫ਼ਤਰ ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ ਵੱਲੋਂ ਆਰਜ਼ੀ ਲਾਇਸੰਸ ਜਾਰੀ ਕੀਤਾ ਗਿਆ ਹੋਵੇ।ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਰਜ਼ੀ ਲਾਇਸੰਸ ਪ੍ਰਾਪਤ ਕਰਨ ਲਈ ਚਾਹਵਾਨ ਬਿਨੈਕਾਰ ਦੀਆਂ ਦਰਖਾਸਤਾਂ ਪ੍ਰਾਪਤ ਕਰਨ ਲਈ ਪ੍ਰੈੱਸ ਨੋਟ ਜਾਰੀ ਕੀਤਾ ਗਿਆ ਸੀ।ਸਮਾਂ ਸੀਮਾਂ ਦੌਰਾਨ ਵੱਖ-ਵੱਖ ਬਿਨੈਕਾਰਾਂ ਦੀਆਂ ਦਰਖਾਸਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਚਾਰਨ ਉਪਰੰਤ ਜ਼ਿਲ੍ਹਾ ਫਰੀਦਕੋਟ ਵਿੱਚ ਕੁੱਲ 24 ਆਰਜ਼ੀ ਲਾਇਸੰਸ ਜਾਰੀ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਨਿਰਧਾਰਤ ਜਗ੍ਹਾ ਤੋਂ ਇਲਾਵਾ ਹੋਰ ਕਿਸੇ ਜਗ੍ਹਾ 'ਤੇ ਪਟਾਕੇ ਵੇਚਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਆਰੀਅਨਜ਼ ਲਾਅ ਦੇ ਵਿਦਿਆਰਥੀਆਂ ਵੱਲੋਂ ਹਾਈ ਕੋਰਟ ਦਾ ਦੌਰਾ




**ਰਾਜਪੁਰਾ (ਰਮੇਸ਼ ਕਟਾਰੀਆ)**-ਆਰੀਅਨਜ਼ ਕਾਲਜ ਆਫ਼ ਲਾਅ, ਰਾਜਪੁਰਾ, ਨੇੜੇ ਚੰਡੀਗੜ੍ਹ ਦੁਆਰਾ ਐੱਲ ਐੱਲ ਬੀ ਤੇ ਬੀ ਏ-ਐੱਲ ਐੱਲ ਬੀ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਡੋਮੇਨ ਦੇ ਗਿਆਨ ਵਿੱਚ ਵਾਧਾ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਆਰੀਅਨਜ਼ ਲਾਅ ਦੇ ਸੈਂਕੜੇ ਵਿਦਿਆਰਥੀਆਂ ਨੇ ਟਰਾਇਲ, ਨਿਆਂ ਲਈ ਵੱਖ-ਵੱਖ ਪ੍ਰਕਿਰਿਆਵਾਂ ਸਿੱਖੀਆਂ।ਵਿਦਿਆਰਥੀਆਂ ਨੂੰ ਐਡਵੋਕੇਟ ਜਸਦੇਵ ਸਿੰਘ ਬਰਾੜ ਪ੍ਰਧਾਨ ਬਾਰ ਐਸੋਸੀਏਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨਾਲ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ।ਉਨ੍ਹਾਂ ਵਿਦਿਆਰਥੀਆਂ ਨੂੰ ਇਕਾਗਰ ਤੇ ਦ੍ਰਿੜ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਹੇਠਲੀ ਅਦਾਲਤਾਂ ਤੋਂ ਵਕੀਲ ਵਜੋਂ ਆਪਣਾ ਅਭਿਆਸ ਸ਼ੁਰੂ ਕਰਨ।ਐਡਵੋਕੇਟ ਸੰਨੀ ਨਾਮਦੇਵ ਖਜ਼ਾਨਚੀ ਬਾਰ ਐਸੋਸੀਏਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੀ ਹਾਜ਼ਰ ਸਨ।ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਨਿਆਂ ਦੀਆਂ ਵੱਖ-ਵੱਖ ਸੰਸਥਾਵਾਂ ਦੇ ਕੰਮਕਾਜ ਤੋਂ ਜਾਣੂ ਕਰਵਾਉਣਾ ਤੇ ਲੋਕਾਂ ਨੂੰ ਜਲਦੀ ਪ੍ਰਸ਼ਾਸਨਕ ਨਿਆਂ ਦੇਣ ਲਈ ਉੱਚ ਅਦਾਲਤ ਦੀਆਂ ਪ੍ਰਕਿਰਿਆਵਾਂ ਤੇ ਪ੍ਰਕਿਰਿਆਵਾਂ ਨੂੰ ਸਿੱਖਣਾ ਸੀ।ਵਿਦਿਆਰਥੀਆਂ ਨੇ ਅਦਾਲਤੀ ਕਾਰਵਾਈ ਦਾ ਨਰੀਖਣ ਕਰਨ ਲਈ ਵੱਖ-ਵੱਖ ਕਚਹਿਰੀਆਂ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡਾ: ਪ੍ਰੀਤਿਕਾ, ਸ਼੍ਰੀਮਤੀ ਜੋਤੀ, ਫੈਕਲਟੀ, ਆਰੀਅਨਜ਼ ਕਾਲਜ ਆਫ਼ ਲਾਅ ਵੀ ਮੌਜੂਦ ਸਨ।